**Reo-Bankowned Properties**

From San Jose to Sacramento

JASSI GILL Broker/Owner

Ph:510-304-9292

**Refinance Now**

@ZERO COST

Call Sukhi Gill:510-207-9067



Jassi Gill

CA DRE Lic.#01180969 CA DRE# 00966763

**Hardeep S.Rai**

ਇੰਮੇਗਰੇਸ਼ਨ ਵਕੀਲ Attorney-at-Law

• ਨੌਂਵੀਂ ਸਰਕਟ ਕੋਰਟ • ਬੋਰਡ ਆਫ ਇੰਮੀਗ੍ਰੇਸ਼ਨ ਅਪੀਲਾਂ

• ਇੰਮੀਗ੍ਰੇਸ਼ਨ ਕੋਰਟ ਦੇ ਕੇਸ • ਫੈਮਿਲੀ ਪਟੀਸ਼ਨਾ

• ਲੇਬਰ ਦੇ ਕੇਸ • ਡਿਪੋਰਟੇਸ਼ਨ ਦੇ ਕੇਸ • ਅਮੇਰਿਕਨ ਅੰਬੈਸੀ ਦੇ ਕੇਸ • ਬੈਂਕਰਪਸੀ

SAN FRANCISCO TEL: 415.693.9131 FAX. 415.693.9135

rai@hsrai.com www.hsrai.com

Fremont TEL: 510-791-1111 FAX: 510-791-1119

**Kuldip Singh Dhariwal**

Attorney At Law

ਇਮੀਗਰੇਸ਼ਨ ਸੇਵਾਵਾਂ

ਫੈਮਿਲੀ ਲਾਅ

Tel : (510) 744-1280

Fax: (510) 744-4192



ਕੁਲਦੀਪ ਸਿੰਘ ਧਾਰੀਵਾਲ

3100 Mowry Ave. #303, Fremont, CA 94538

E-mail: kuldipdhariwal@yahoo.com



Fourteenth Year of Publication ਕੈਲੀਫੋਰਨੀਆ ਐਡੀਸ਼ਨ Price 50¢

Email:punjabtimes1@sbcglobal.net

www.punjabtimesusa.com

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 14, Issue 23, June 8th, 2013 20451 N Plum Grove Rd. Palatine, IL 60074 Ph:847-359-0746, Fax:847-705-9388


# ਸ਼ਹੀਦੀ ਯਾਦਗਾਰ 'ਤੇ ਫਿਰ ਭਖੀ ਸਿਆਸਤ

## ਸਾਰੀਆਂ ਧਿਰਾਂ ਆਪੋ-ਆਪਣੇ ਪੈਂਤੜੇ 'ਤੇ ਅੜੀਆਂ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਸਾਕਾ ਨੀਲਾ ਤਾਰਾ ਦੀ ਯਾਦਗਾਰ ਬਾਰੇ ਵਿਵਾਦ ਕਰ ਕੇ ਸਿੱਖ ਸਿਆਸਤ ਇਕ ਵਾਰ ਫਿਰ ਭਖ ਗਈ ਹੈ। ਸ਼੍ਰੋਮਣੀ ਅਕਾਲੀ ਦਲ ਦੀ ਭਾਈਵਾਲ ਭਾਰਤੀ ਜਨਤਾ ਪਾਰਟੀ ਅਤੇ ਕਾਂਗਰਸ ਸਣੇ ਕੁਝ ਹੋਰ ਸਿਆਸੀ ਧਿਰਾਂ ਵੱਲੋਂ ਸਾਕਾ ਨੀਲਾ ਤਾਰਾ ਯਾਦਗਾਰ ਦਾ ਲਗਾਤਾਰ ਵਿਰੋਧ ਕਰਨ ਕਰ ਕੇ ਸਿੱਖਾਂ ਦੇ ਗਰਮਖਿਆਲ ਧੜੇ ਫਿਰ ਸਰਗਰਮ ਹੋ ਗਏ ਹਨ। ਇਸ ਵਿਰੋਧ ਦੇ ਜਵਾਬ ਵਿਚ ਅਹਿਮ ਪਹਿਲਕਦਮੀ ਦਮਦਮੀ ਟਕਸਾਲ ਨੇ ਵਿਖਾਈ ਹੈ।

ਖਾੜਕੂ ਲਹਿਰ ਦੇ ਦੌਰ ਵਿਚ ਸਿੱਖ ਸਿਆਸਤ ਅੰਦਰ ਧੁਰਾ ਬਣੀ ਦਮਦਮੀ ਟਕਸਾਲ ਤਕਰੀਬਨ 15 ਵਰ੍ਹੇ ਖਾਮੋਸ਼ ਰਹਿਣ ਤੋਂ ਬਾਅਦ ਮੁੜ ਸਰਗਰਮ ਹੋਈ ਹੈ। ਸਿੱਖ ਮਸਲਿਆਂ ਵਿਚ ਦਖ਼ਲ ਦੇਣ ਵਾਲਿਆਂ ਨੂੰ ਕਰਾਰਾ ਜਵਾਬ ਦੇਣ ਲਈ ਦਮਦਮੀ ਟਕਸਾਲ ਨੇ ਘੱਲੂਘਾਰਾ ਦਿਹਾੜੇ ਸਬੰਧੀ ਆਪਣੇ ਹੈਡਕੁਆਰਟਰ ਮਹਿਤਾ ਚੌਕ ਵਿਖੇ ਸਮਾਗਮ ਕੀਤਾ। ਪਿਛਲੇ ਤਕਰੀਬਨ 15 ਸਾਲਾਂ ਵਿਚ ਪਹਿਲੀ ਵਾਰ ਹੋਇਆ ਕਿ ਇਸ ਸਮਾਗਮ ਦੀ ਤਿਆਰੀ ਲਈ ਵਿਆਪਕ ਪੱਧਰ 'ਤੇ ਸਰਗਰਮੀ ਵਿੱਢੀ ਗਈ। ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਖਾਲਸਾ ਦਾ ਕਹਿਣਾ ਹੈ ਕਿ ਯਾਦਗਾਰ ਨੂੰ ਲੈ ਕੇ ਅਰੰਭ ਹੋਇਆ ਵਿਵਾਦ ਮੰਦਭਾਗਾ ਹੈ ਜੋ ਕੁਝ ਰਾਜਸੀ ਧਿਰਾਂ ਵੱਲੋਂ ਸ਼ੁਰੂ ਕੀਤਾ ਗਿਆ ਜਿਨ੍ਹਾਂ ਵਿਚ ਕੁਝ ਹਿੰਦੂ ਜਥੇਬੰਦੀਆਂ ਵੀ ਸ਼ਾਮਲ ਹਨ। ਉਨ੍ਹਾਂ ਆਖਿਆ ਕਿ ਹਿੰਦੂ ਜਥੇਬੰਦੀਆਂ ਨੂੰ ਸਿੱਖਾਂ ਦੇ ਇਸ ਨਿਰੋਲ ਧਾਰਮਿਕ ਮਾਮਲੇ ਵਿਚ ਦਖਲ ਨਹੀਂ ਦੇਣਾ ਚਾਹੀਦਾ। ਯਾਦਗਾਰ ਦਾ ਨਾਂ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਦੇ ਨਾਂ 'ਤੇ ਰੱਖੇ ਜਾਣ ਦਾ ਸਮਰਥਨ ਕਰਦਿਆਂ ਉਨ੍ਹਾਂ ਆਖਿਆ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸਮੁੱਚੀ ਕੌਮ ਵੱਲੋਂ ਸੰਤ ਭਿੰਡਰਾਂਵਾਲਿਆਂ ਨੂੰ ਸ਼ਹੀਦ ਕਰਾਰ ਦਿੱਤਾ ਗਿਆ ਹੈ। ਫਿਰ ਹੁਣ ਉਨ੍ਹਾਂ ਦੇ ਨਾਂ 'ਤੇ ਯਾਦਗਾਰ ਹੋਣ ਦਾ ਵਿਵਾਦ ਬੇਲੋੜਾ ਹੈ।



ਇਸ ਤੋਂ ਇਲਾਵਾ ਹੋਰ ਗਰਮਖਿਆਲ ਜਥੇਬੰਦੀਆਂ ਵੱਲੋਂ ਸਿੱਖਾਂ ਦੇ ਸਾਂਝੇ ਮਸਲਿਆਂ 'ਤੇ ਮੰਚ ਤਿਆਰ ਕਰਨ ਦੀ ਪਹਿਲਕਦਮੀ ਕੀਤੀ ਜਾ ਰਹੀ ਹੈ। ਜ਼ਿਕਰਯੋਗ ਹੈ ਕਿ ਸਾਕਾ ਨੀਲਾ ਤਾਰਾ ਦੀ ਯਾਦਗਾਰ ਬਾਰੇ ਵਿਵਾਦ, ਭਾਈ ਬਲਵੰਤ ਸਿੰਘ ਰਾਜੋਆਣਾ ਤੇ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਫਾਂਸੀ ਦੇ ਮਾਮਲੇ ਅਤੇ ਸਿੱਖ ਕਤਲੇਆਮ ਦੇ ਦੋਸ਼ੀਆਂ ਦੀ ਰਿਹਾਈ ਨੇ ਸਿੱਖਾਂ ਦੇ ਮਨਾਂ ਵਿਚ ਦੇਸ਼ ਦੀ ਹਕੂਮਤ ਖ਼ਿਲਾਫ਼ ਰੋਸ ਵਧਾ ਦਿੱਤਾ ਹੈ। ਇਨ੍ਹਾਂ ਸਾਰਿਆਂ ਮਾਮਲਿਆਂ ਵਿਚੋਂ ਜੂਨ 1984 ਵਿਚ ਹੋਏ ਸਾਕਾ ਨੀਲਾ ਤਾਰਾ ਦੇ ਸਿੱਖ ਸ਼ਹੀਦਾਂ ਦੀ ਯਾਦਗਾਰ ਅਹਿਮ ਹੈ। ਪਹਿਲਾਂ ਤਾਂ ਕਈ ਵਰ੍ਹੇ ਇਹ ਯਾਦਗਾਰ ਦੀ ਉਸਾਰੀ ਨੂੰ ਸ਼੍ਰੋਮਣੀ ਕਮੇਟੀ ਨੇ ਹੀ ਠੰਢੇ ਬਸਤੇ ਵਿਚ ਪਾਈ ਰੱਖਿਆ, ਪਰ ਵੱਖ-ਵੱਖ ਸਿੱਖ ਜਥੇਬੰਦੀਆਂ ਦੇ ਦਬਾਅ ਕਾਰਨ ਪਿਛਲੇ ਵਰ੍ਹੇ ਇਸ ਯਾਦਗਾਰ ਦੀ ਉਸਾਰੀ ਸ਼ੁਰੂ ਹੋਈ। ਇਸੇ ਦੌਰਾਨ ਕਾਂਗਰਸ ਤੇ ਭਾਜਪਾ ਸਣੇ ਕਈ ਸਿਆਸੀ ਧਿਰਾਂ ਨੇ ਇਸ ਯਾਦਗਾਰ ਦਾ ਵਿਰੋਧ ਕੀਤਾ ਤੇ ਸੱਤਾਧਾਰੀ ਸ਼੍ਰੋਮਣੀ ਅਕਾਲੀ ਦਲ ਨੇ ਚੁੱਪ ਧਾਰੀ ਰੱਖੀ। ਬਾਅਦ ਵਿਚ ਯਾਦਗਾਰ ਨੂੰ ਸਿਰਫ ਗੁਰਦੁਆਰੇ ਦੇ ਰੂਪ ਵਿਚ ਉਸਾਰਨ ਦਾ ਫੈਸਲਾ ਹੋਇਆ।

ਪਿਛਲੇ ਮਹੀਨੇ ਜਦੋਂ ਇਹ ਯਾਦਗਾਰ ਤਿਆਰ ਹੋ ਗਈ ਤਾਂ ਕਾਂਗਰਸ ਸਣੇ ਕਈ ਗ਼ੈਰ ਸਿੱਖ ਧਿਰਾਂ ਨੇ ਇਸ 'ਤੇ ਸੰਤ ਜਰਨੈਲ ਸਿੰਘ ਭਿੰਡਰਾਵਾਲੇ ਦਾ ਨਾਂ ਉਕਰਨ ਦਾ ਵਿਰੋਧ ਕੀਤਾ। ਸ਼੍ਰੋਮਣੀ ਅਕਾਲੀ ਦਲ ਨੇ ਫਿਰ ਖਮੋਸ਼ੀ ਬਰਕਰਾਰ ਰੱਖੀ, ਪਰ ਨਾਲ ਹੀ ਸ਼੍ਰੋਮਣੀ ਕਮੇਟੀ ਦੇ ਜ਼ਰੀਏ ਯਾਦਗਾਰ ਤੋਂ ਸੰਤ ਭਿੰਡਰਾਵਾਲੇ ਦਾ ਨਾਂ ਮਿਟਾਉਣ ਦੀ ਕੋਸ਼ਿਸ਼ ਕੀਤੀ। ਇਸ ਤੋਂ ਬਾਅਦ ਅਕਾਲੀ ਦਲ ਨਾਲ ਮਿਲ ਕੇ ਚੱਲ ਰਹੀ ਦਮਦਮੀ ਟਕਸਾਲ ਵੀ ਬਾਗੀ ਹੋ ਗਈ ਤੇ ਹੋਰ ਸਿੱਖ ਜਥੇਬੰਦੀਆਂ ਵੀ ਯਾਦਗਾਰ ਦਾ ਨਾ ਬਦਲਣ ਵਿਰੁਧ ਡਟ ਗਈਆਂ। ਇਸ ਸ਼ਹੀਦੀ ਯਾਦਗਾਰ ਦੀ ਉਸਾਰੀ ਲਈ ਪਿਛਲੇ ਵਰ੍ਹੇ ਮਈ ਮਹੀਨੇ ਵਿਚ ਟੱਕ ਲਾਇਆ ਗਿਆ ਸੀ ਤੇ ਨੀਂਹ ਪੱਥਰ 6 ਜੂਨ ਨੂੰ ਰੱਖਿਆ ਗਿਆ ਸੀ।

ਸ਼੍ਰੋਮਣੀ ਕਮੇਟੀ ਵੱਲੋਂ ਯਾਦਗਾਰ ਦੀ ਉਸਾਰੀ ਦੀ ਸੇਵਾ ਦਮਦਮੀ ਟਕਸਾਲ ਨੂੰ ਸੌਂਪੀ ਗਈ ਜਿਸ ਨੇ ਤੈਅ ਸਮੇਂ ਤੋਂ ਪਹਿਲਾਂ ਹੀ ਉਸਾਰੀ ਦਾ ਕਾਰਜ ਮੁਕੰਮਲ ਕਰ ਲਿਆ ਤੇ 27 ਅਪਰੈਲ ਨੂੰ ਵਿਸ਼ਾਲ ਸਮਾਗਮ ਦੌਰਾਨ ਇਸ ਦਾ ਪ੍ਰਬੰਧ ਸ਼੍ਰੋਮਣੀ ਕਮੇਟੀ ਨੂੰ ਸੌਂਪ ਦਿੱਤਾ ਪਰ ਇਸ ਸਮਾਗਮ ਦੌਰਾਨ ਹੀ ਉਸ ਵੇਲੇ ਵਿਵਾਦ ਸ਼ੁਰੂ ਹੋ ਗਿਆ ਜਦੋਂ ਇਸ ਯਾਦਗਾਰ ਦਾ ਨਾਂ ਦਮਦਮੀ ਟਕਸਾਲ ਦੇ ਉਸ ਵੇਲੇ ਦੇ ਮੁਖੀ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਦੇ ਨਾਂ 'ਤੇ ਰੱਖਿਆ ਗਿਆ।

ਸ਼੍ਰੋਮਣੀ ਕਮੇਟੀ ਵੱਲੋਂ ਇਸ ਮਾਮਲੇ ਵਿਚ ਦਮਦਮੀ ਟਕਸਾਲ ਕੋਲ ਸਖ਼ਤ ਵਿਰੋਧ ਪ੍ਰਗਟ ਕੀਤਾ ਗਿਆ। ਸ਼੍ਰੋਮਣੀ ਕਮੇਟੀ ਦੇ ਕਰਮਚਾਰੀਆਂ ਵੱਲੋਂ ਉਸੇ ਰਾਤ ਪਰਿਕਰਮਾ ਵਿਚ ਸਥਾਪਤ ਕੀਤੇ ਗਏ ਯਾਦਗਾਰ ਦੇ ਇਤਿਹਾਸ ਸਬੰਧੀ ਬੋਰਡ ਨੂੰ ਹਟਾਉਣ ਦਾ ਯਤਨ ਕੀਤਾ ਗਿਆ ਜਿਸ ਦਾ ਦਮਦਮੀ ਟਕਸਾਲ ਦੇ ਕਾਰਕੁਨਾਂ ਨੇ ਵਿਰੋਧ ਕੀਤਾ। ਇਸ ਪਿਛੋਂ ਸ਼੍ਰੋਮਣੀ ਕਮੇਟੀ ਨੇ ਯਾਦਗਾਰ

(ਬਾਕੀ ਸਫਾ 6 'ਤੇ)

# ਸ਼੍ਰੋਮਣੀ ਕਮੇਟੀ ਨੇ ਮੁੜ ਵਿੱਢੀ ਹਰਜਾਨੇ ਦੀ ਲੜਾਈ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਜੂਨ 1984 ਵਿਚ ਸਾਕਾ ਨੀਲਾ ਤਾਰਾ ਦੌਰਾਨ ਭਾਰਤੀ ਫੌਜੀ ਵੱਲੋਂ ਦਰਬਾਰ ਸਾਹਿਬ ਕੰਪਲੈਕਸ ਵਿਚ ਕੀਤੇ ਗਏ ਨੁਕਸਾਨ ਦਾ ਕੇਂਦਰ ਸਰਕਾਰ ਕੋਲੋਂ ਇਕ ਹਜ਼ਾਰ ਕਰੋੜ ਰੁਪਏ ਦਾ ਹਰਜਾਨਾ ਵਸੂਲਣ ਲਈ ਸ਼੍ਰੋਮਣੀ ਕਮੇਟੀ ਨੇ ਮੁੜ ਕਾਨੂੰਨੀ ਲੜਾਈ ਵਿੱਢੀ ਹੈ। ਸ਼੍ਰੋਮਣੀ ਕਮੇਟੀ ਨੇ ਇਕ ਵਾਰ ਪੈਰ ਪਿਛਾਂਹ ਖਿੱਚ ਲਏ ਸਨ ਪਰ ਸਿੱਖ ਜਥੇਬੰਦੀਆਂ ਦੇ ਤਿੱਖੇ ਵਿਰੋਧ ਕਾਰਨ ਕਾਨੂੰਨੀ ਲੜਾਈ ਜਾਰੀ ਰੱਖਣ ਦਾ ਫੈਸਲਾ ਕੀਤਾ ਗਿਆ ਹੈ ਤੇ ਦਿੱਲੀ ਹਾਈ ਕੋਰਟ ਵਿਚ ਚੱਲ ਰਹੇ ਕੇਸ ਸਬੰਧੀ ਦਸ ਕਰੋੜ ਰੁਪਏ ਦੀ ਅਗਾਊਂ ਅਦਾਲਤੀ ਫੀਸ ਜਮ੍ਹਾਂ ਕਰਵਾ ਦਿੱਤੀ ਗਈ ਹੈ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਨੇ ਹਰਜਾਨਾ ਕੇਸ ਸਬੰਧੀ ਅਦਾਲਤ ਵਿਚ 10 ਕਰੋੜ ਰੁਪਏ ਦੀ ਅਗਾਊਂ ਅਦਾਲਤੀ ਫੀਸ ਜਮ੍ਹਾਂ ਕਰਵਾ ਦਿੱਤੀ ਹੈ। ਇਹ ਫੀਸ ਜਮ੍ਹਾਂ ਕਰਾਉਣ ਮਗਰੋਂ ਕੇਸ ਮੁੜ ਸ਼ੁਰੂ ਹੋ ਗਿਆ ਹੈ ਤੇ ਅਦਾਲਤ ਨੇ ਇਸ ਮਾਮਲੇ ਦੀ ਅਗਲੀ ਸੁਣਵਾਈ ਇਸ

(ਬਾਕੀ ਸਫਾ 6 'ਤੇ)


**REAL ESTATE & HOME LOANS**

ਮਨਟੀਕਾ, ਟਰੇਸੀ, ਲੇਥਰੋਪ, ਸਟਾਕਟਨ, ਲੋਡਾਈ, ਪੈਟਰਸਨ, ਲਵਿੰਗਸਟਨ, ਮਰਸਡ, ਮਡੇਰਾ, ਮੋਡੈਸਟੋ, ਟਰਲੌਕ ਆਦਿ ਸ਼ਹਿਰਾਂ 'ਚ ਬੈਂਕ ਨੂੰ ਮੁੜੇ ਘਰ ਖਰੀਦਣ ਲਈ ਕਾਲ ਕਰੋ।



- Low Interest Rate
- 3.5% Down Payment
- Free Credit Report
- Free Pre-Approval

ਸਾਡੀ ਆਪਣੀ ਮਾਰਗੇਜ਼ ਕੰਪਨੀ ਹੈ।

Successful Shortsale ਲਈ ਅੱਜ ਹੀ ਕਾਲ ਕਰੋ!

AMAN HUNDAL Broker / Associate MBA · SFR · CDPE

Century 21 M&M and Associates

209.918.6464

ahundal@c21mm.com

605 Standiford Ave, Ste D · Modesto, CA 95350

Fresh Sweets, Snacks & Food
Catering with portable Tandoor
for up to 10000 guests
Lunch - Dinner - Take Out - Banquets

Toll Free 1-866-FOR-RAJA
www.rajasweets.com
msbains@rajasweets.com

ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ

Raja SWEETS & CATERING

AUTHORIZED CATERER FOR MAJOR 5-STAR HOTELS

Follow us on:

Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111

Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345

ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਾਰਟੀ ਲਈ ਦਸ ਹਜ਼ਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।



Call Makhan Bains or Ravinder Singh for your next Party 1-866-FOR RAJA www.RajaSweets.com

**Law Office of Manpreet S. Gahra**

>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜ਼ਨਸ ਲਾਅ

Criminal Defense (DUI, simple battery, domestic violence, immigration post-conviction relief)



Manpreet S. Gahra Attorny At Law

Berkeley Office
2161 Shattuck Ave., 304, Berkeley
Ph:510-841-4582 Fax:510-217-6847

Sacramento Office
Call For Appointment
Ph:916-924-1617
Email: manpreet@gahralaw.com

# ਸਨਅਤਕਾਰਾਂ 'ਤੇ ਮਿਹਰਬਨ ਹੋਈ ਅਕਾਲੀ-ਭਾਜਪਾ ਸਰਕਾਰ

ਚੰਡੀਗੜ੍ਹ: ਭਾਜਪਾ ਦੇ ਦਬਾਅ ਹੇਠ ਪੰਜਾਬ ਸਰਕਾਰ ਨੇ ਸੂਬੇ ਦੇ ਉਦਯੋਗਪਤੀਆਂ ਨੂੰ ਖੁੱਲ੍ਹੇ ਗੱਫੇ ਦਿੱਤੇ ਹਨ। ਰਾਜ ਵਿਚ ਅਕਾਲੀ ਦਲ-ਭਾਜਪਾ ਸਰਕਾਰ ਦੇ ਦੂਜੇ ਕਾਰਜਕਾਲ ਦੇ 15 ਮਹੀਨਿਆਂ ਬਾਅਦ ਬੇਪਰਦ ਕੀਤੀ ਗਈ ਇਸ ਨੀਤੀ ਵਿਚ ਸੂਚਨਾ ਤਕਨਾਲੋਜੀ, ਫੂਡ ਪ੍ਰਾਸੈਸਿੰਗ ਸਨਅਤ ਤੇ ਬਰਾਮਦਮੁਖੀ ਉਦਯੋਗਾਂ ਲਈ ਭਰਵੀਆਂ ਰਿਆਇਤਾਂ ਸ਼ਾਮਲ ਹਨ। ਸਨਅਤਾਂ ਦੀ ਕਾਰਗੁਜ਼ਾਰੀ ਸੁਧਾਰਨ ਹਿੱਤ ਉਨ੍ਹਾਂ ਨੂੰ ਵੈਟ ਤੇ ਸੀਐਸਟੀ ਦਾ ਵੱਡਾ ਹਿੱਸਾ 7 ਤੋਂ 13 ਸਾਲਾਂ ਤੱਕ ਦੇ ਅਰਸੇ ਤੱਕ ਆਪਣੇ ਕੋਲ ਰੱਖਣ ਦੀ ਖੁੱਲ੍ਹ ਦਿੱਤੀ ਗਈ ਹੈ। ਇਸ ਨੀਤੀ ਵਿਚ ਜਿੱਥੇ ਮੋਟਾ ਨਿਵੇਸ਼ ਕਰਨ ਵਾਲਿਆਂ ਲਈ ਵਿਸ਼ੇਸ਼ ਰਿਆਇਤਾਂ ਹਨ, ਉਥੇ ਇਕ ਕਰੋੜ ਤੋਂ ਵੱਧ ਨਿਵੇਸ਼ ਕਰਨ ਵਾਲੀਆਂ ਛੋਟੀਆਂ ਯੂਨਿਟਾਂ ਲਈ ਵੀ ਰਿਆਇਤਾਂ ਦੀ ਵਿਵਸਥਾ ਹੈ।

ਰਾਜ ਵਿਚ ਪਹਿਲਾਂ ਤੋਂ ਸਥਾਪਤ ਸਨਅਤਾਂ ਨੂੰ ਭਾਵੇਂ ਨਵੀਂ ਨੀਤੀ ਦੇ ਘੇਰੇ ਤੋਂ ਬਾਹਰ ਰੱਖਿਆ ਗਿਆ ਹੈ, ਫਿਰ ਵੀ ਉਨ੍ਹਾਂ ਲਈ ਵੀ ਕੁਝ ਵਿਸ਼ੇਸ਼ ਰਿਆਇਤਾਂ ਦਾ ਪ੍ਰਬੰਧ ਕੀਤਾ ਗਿਆ ਹੈ। ਮੋਟੇ ਤੌਰ 'ਤੇ ਵੈਟ ਤੇ ਸੀਐਸਟੀ ਦਾ ਹਿੱਸਾ ਆਪਣੇ ਕੋਲ ਰੱਖਣ ਦੀ ਛੋਟ ਨਵੀਆਂ ਸਨਅਤੀ ਇਕਾਈਆਂ ਲਈ ਹੈ। ਇੰਜ ਹੀ ਨਵੀਆਂ ਯੂਨਿਟਾਂ ਨੂੰ ਬਿਜਲੀ ਡਿਊਟੀ, ਸਟੈਂਪ ਡਿਊਟੀ ਤੇ ਪ੍ਰਾਪਰਟੀ ਟੈਕਸ ਤੋਂ 100 ਫੀਸਦੀ ਛੋਟ ਮਿਲੇਗੀ। ਫੂਡ ਪ੍ਰਾਸੈਸਿੰਗ ਸਨਅਤਾਂ ਨੂੰ ਮੰਡੀ ਫੀਸ ਤੋਂ ਛੋਟ ਦਿੱਤੀ ਜਾਵੇਗੀ ਜਦੋਂਕਿ ਖੇਤੀ ਮਸ਼ੀਨਰੀ ਬਣਾਉਣ ਵਾਲੀਆਂ ਸਨਅਤਾਂ 'ਤੇ ਵੈਟ ਟੈਕਸ ਨਹੀਂ ਲੱਗੇਗਾ।

ਉਪ ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਵਿਚ ਕੋਈ ਵੀ ਬਾਹਰਲੀ ਕੰਪਨੀ ਉਦਯੋਗ ਲਾਉਣ ਲਈ ਤਿਆਰ ਨਹੀਂ ਸੀ ਕਿਉਂਕਿ ਕੇਂਦਰ ਸਰਕਾਰ ਵੱਲੋਂ ਸਨਅਤੀ ਰਿਆਇਤਾਂ ਗੁਆਂਢੀ ਰਾਜਾਂ ਨੂੰ ਦਿੱਤੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਇਸ ਨੀਤੀ ਤਹਿਤ ਸੱਚਮੁੱਚ ਸਿੰਗਲ ਵਿੰਡੋ ਸਿਸਟਮ ਸ਼ੁਰੂ ਕੀਤਾ ਜਾਵੇਗਾ ਤੇ ਹੁਣ ਇਸ ਸਿੰਗਲ ਵਿੰਡੋ ਵਿਚ ਹੋਰ ਸੈਂਕੜੇ ਵਿੰਡੋ ਨਹੀਂ ਹੋਣਗੀਆਂ। ਇਸ ਨੀਤੀ ਤਹਿਤ ਕੋਈ ਵੀ ਉਦਯੋਗ ਲਾਉਣ ਦਾ ਚਾਹਵਾਨ ਘਰ ਬੈਠਿਆਂ ਹੀ ਆਨ ਲਾਈਨ ਅਪਲਾਈ ਕਰ ਸਕਦਾ ਹੈ ਤੇ ਉਸ ਨੂੰ ਉਦਯੋਗ ਲਾਉਣ ਦੀ ਪ੍ਰਵਾਨਗੀ ਘਰ ਬੈਠਿਆਂ ਹੀ ਮਿਲੇਗੀ।

ਕਾਂਗਰਸ ਕਮੇਟੀ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਨੇ ਪੰਜਾਬ ਦੀ ਨਵੀਂ ਸਨਅਤੀ ਨੀਤੀ ਨੂੰ ਸਿਰੇ ਤੋਂ ਨਕਾਰਦਿਆਂ ਕਿਹਾ ਹੈ ਕਿ ਇਹ ਨੀਤੀ ਪੰਜਾਬ ਦੀ ਸਨਅਤ ਲਈ ਤਬਾਹੀ ਲੈ ਕੇ ਆਏਗੀ। ਉਨ੍ਹਾਂ ਕਿਹਾ ਕਿ ਅਕਾਲੀ ਭਾਜਪਾ ਸਰਕਾਰ ਨੇ ਸਨਅਤੀ ਨੀਤੀ ਬਾਰੇ ਬਹੁਤ ਦਾਅਵੇ ਕੀਤੇ ਸਨ ਪਰ ਇਸ ਨੂੰ ਤਿਆਰ ਕਰਨ ਨੂੰ ਇਸ ਨੇ 6 ਸਾਲਾਂ ਦਾ ਸਮਾਂ ਲਾ ਦਿੱਤਾ। ਇਸ ਦੇ ਬਾਵਜੂਦ ਨੀਤੀ ਵਿਚ ਸੂਬੇ ਦੀ ਸਨਅਤ ਲਈ ਕੁਝ ਨਹੀਂ ਬਲਕਿ ਉਲਟਾ ਟੈਕਸਾਂ ਦਾ ਭਾਰੀ ਬੋਝ ਪਾਇਆ ਗਿਆ ਹੈ। ਜਦੋਂਕਿ ਸਨਅਤ ਪਹਿਲਾਂ ਹੀ ਕੱਚੇ ਮਾਲ 'ਤੇ ਲੱਗੇ ਟੈਕਸਾਂ ਕਾਰਨ ਕਰੜੇ ਮੁਕਾਬਲੇ ਦਾ ਸਾਹਮਣਾ ਕਰ ਰਹੀ ਹੈ।




*To Advertise with Punjab Times Call: 847-359-0746*
*Fax:847-705-9388, e-mail:punjabtimes1@sbcglobal.net*
*Visit us on the web:wwwpunjabtimesusa.com*




## Truck Stop for Sale or Lease

**Well Known to Punjabi Community and Very Successful Truck Stop at I-70 Exit 123 at Spiceland, Indiana**









**For Lease:** Includes C-Store with Diesel and Gas and Beer & Wine License.

**For Sale:** Includes C-Store with Diesel and Gas; Indian Restaurant with Liquor & Beer Bar; Truck Repair and Wash.

Property 10 acres.




"Restaurant" and "Truck Repair & Wash" are having long-term lease with Positive cash flow.

*No Goodwill For Business, For Further information: Please contact:*

**Gurinder Singh (317) 308-1050** or Hoosierfuel@gmail.com

# ਗੁਰਦੁਆਰਾ ਸਾਹਿਬ ਐਲ-ਸੋਬਰਾਂਟੇ

## ਸੰਗਤ ਵਲੋਂ ਜਨਰਲ ਬਾਡੀ ਮੀਟਿੰਗ ਦਾ ਐਲਾਨ

## ਮੀਟਿੰਗ 23 ਜੂਨ 2013 ਨੂੰ



ਗੁਰੂ ਪਿਆਰੀ ਸਾਧ ਸੰਗਤ ਜੀ,

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਿਹ॥

ਆਪ ਜੀ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਗੁਰਦੁਆਰਾ ਸਾਹਿਬ ਦੀ ਸੀਨੀਅਰ ਸੰਗਤ (ਇਕ ਫੋਰਮ ਦੇ ਰੂਪ ਵਿਚ) ਪਿਛਲੇ ਇਕ ਸਾਲ ਤੋਂ ਗੁਰਦੁਆਰਾ ਸਾਹਿਬ ਅੰਦਰ ਸ਼ਾਂਤੀ, ਇਕਸੁਰਤਾ ਅਤੇ ਅਧਿਆਤਮਕ ਮਾਹੌਲ ਬਰਕਰਾਰ ਰੱਖਣ ਦੀ ਨਿਰੰਤਰ ਕੋਸ਼ਿਸ਼ ਕਰਦੀ ਆ ਰਹੀ ਹੈ।

ਇਸੇ ਮਨੋਰਥ ਨਾਲ 5 ਮਈ 2013 ਨੂੰ (ਐਤਵਾਰ ਦੇ ਦੀਵਾਨ ਵਿਚ) ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਇਕ ਨੋਟਿਸ ਅਤੇ ਪਟੀਸ਼ਨ ਰਾਹੀਂ ਬੇਨਤੀ ਕੀਤੀ ਗਈ ਸੀ ਕਿ ਗੁਰਦੁਆਰਾ ਬਾਈਲਾਅਜ਼ ਅਨੁਸਾਰ 10 ਦਿਨ ਦੇ ਅੰਦਰ ਅੰਦਰ ਜਨਰਲ ਬਾਡੀ ਦੀ ਮੀਟਿੰਗ ਬੁਲਾਈ ਜਾਵੇ।

ਗੁਰਦੁਆਰਾ ਸਾਹਿਬ ਦੇ ਜਨਰਲ ਸਕੱਤਰ ਸ. ਚਰਨਜੀਤ ਸਿੰਘ ਸਮਰਾ ਨੇ ਇਹ ਦਸਤਾਵੇਜ਼ ਪ੍ਰਾਪਤ ਹੋਣ ਦੀ ਤਸਦੀਕ ਸਾਰੀ ਸੰਗਤ ਦੇ ਸਾਹਮਣੇ ਕੀਤੀ। ਉਨ੍ਹਾਂ ਸੰਗਤ ਨਾਲ ਵਾਅਦਾ ਕੀਤਾ ਕਿ ਉਹ ਪ੍ਰਬੰਧਕ ਕਮੇਟੀ ਨਾਲ ਇਸ ਮਸਲੇ ਉਤੇ ਵਿਚਾਰ ਕਰਕੇ ਇਕ-ਦੋ ਹਫਤਿਆਂ ਵਿਚ ਸੰਗਤ ਨੂੰ ਇਸ ਬਾਰੇ ਜਾਣਕਾਰੀ ਦੇਣਗੇ।

ਸੰਗਤ ਨੇ ਪ੍ਰਬੰਧਕ ਕਮੇਟੀ ਦੇ ਜੁਆਬ ਲਈ ਦੋ ਹਫਤਿਆਂ ਤੋਂ ਵੱਧ ਇੰਤਜ਼ਾਰ ਕੀਤਾ ਪ੍ਰੰਤੂ ਕਮੇਟੀ ਨੇ ਕੋਈ ਜਵਾਬ ਨਹੀਂ ਦਿੱਤਾ ਸਗੋਂ ਜਾਣ-ਬੁੱਝ ਕੇ ਆਪਣੀ ਇਸ ਜ਼ਿੰਮੇਵਾਰੀ ਤੋਂ ਮੂੰਹ ਮੋੜੀ ਰੱਖਿਆ ਅਤੇ ਬਾਈਲਾਅਜ਼ ਅਨੁਸਾਰ ਸੰਗਤ ਦਾ ਨੋਟਿਸ ਮਿਲਣ ਪਿਛੋਂ ਦਸ ਦਿਨ ਦੇ ਅੰਦਰ ਜਨਰਲ ਬਾਡੀ ਮੀਟਿੰਗ ਨਹੀਂ ਬੁਲਾਈ ਜੋ ਕਿ ਗੁਰਦੁਆਰਾ ਸਾਹਿਬ ਦੇ ਬਾਈਲਾਅਜ਼ ਦੀ ਗੰਭੀਰ ਉਲੰਘਣਾ ਹੈ।

ਆਖਰ ਸੰਗਤ ਨੇ 25 ਮਈ ਨੂੰ ਮੀਟਿੰਗ ਕੀਤੀ। ਪੂਰੇ ਮਸਲੇ 'ਤੇ ਸੋਚ-ਵਿਚਾਰ ਪਿਛੋਂ ਫੈਸਲਾ ਕੀਤਾ ਕਿ ਹੁਣ ਬਾਈਲਾਅਜ਼ ਦੇ ਆਰਟੀਕਲ 5 ਦੇ ਤਹਿਤ ਸਿੱਧਾ ਸੰਗਤ ਵਲੋਂ ਜਨਰਲ ਬਾਡੀ ਦੀ ਮੀਟਿੰਗ ਬੁਲਾਈ ਜਾਵੇ ਅਤੇ ਇਸ ਦੀ ਸੂਚਨਾ ਕਮੇਟੀ ਅਤੇ ਪੂਰੀ ਸੰਗਤ ਨੂੰ ਦਿੱਤੀ ਜਾਵੇ।

ਸੰਗਤ ਦਾ ਫੈਸਲਾ ਇਕ ਪੱਤਰ (ਅਸੀਂ ਇਹ ਪੱਤਰ ਸਮੂਹ ਸੰਗਤ ਵਿਚ ਵੰਡ ਰਹੇ ਹਾਂ) ਰਾਹੀਂ ਗੁਰਦੁਆਰਾ ਸਾਹਿਬ ਦੇ ਜਨਰਲ ਸਕੱਤਰ ਸ. ਚਰਨਜੀਤ ਸਿੰਘ ਸਮਰਾ ਅਤੇ ਖਜ਼ਾਨਚੀ ਸ. ਕੁਲਵਿੰਦਰ ਸਿੰਘ ਪੰਨੂ ਨੂੰ 27 ਮਈ 2013 ਨੂੰ (ਸੋਮਵਾਰ ਦੇ ਖਾਸ ਦੀਵਾਨ ਸਮੇਂ) ਗੁਰਦੁਆਰਾ ਸਾਹਿਬ ਦੇ ਦਫਤਰ ਵਿਚ ਦਿੱਤਾ ਗਿਆ। ਇਸ ਪੱਤਰ ਮੁਤਾਬਕ ਸੰਗਤ ਵਲੋਂ ਜਨਰਲ ਬਾਡੀ ਦੀ ਮੀਟਿੰਗ 23 ਜੂਨ 2013 ਨੂੰ (ਐਤਵਾਰ ਦੇ ਦੀਵਾਨ ਵਿਚ) ਸਿੱਧੇ ਤੌਰ 'ਤੇ ਮੁੱਖ ਦਰਬਾਰ ਹਾਲ ਵਿਚ ਸਵੇਰੇ 11:30 ਤੋਂ ਬਾਅਦ ਦੁਪਹਿਰ 1:30 ਵਜੇ ਤੱਕ ਬੁਲਾਈ ਜਾ ਰਹੀ ਹੈ।

ਸ. ਪੰਨੂ (ਖਜ਼ਾਨਚੀ) ਨੇ ਸਮੁੱਚੀ ਕਮੇਟੀ ਦੀ ਤਰਫੋਂ 27 ਮਈ 2013 ਨੂੰ ਸੰਗਤ ਨੂੰ ਇਕ ਪੱਤਰ ਦਿੱਤਾ। ਇਸ ਪੱਤਰ ਉਤੇ ਤਾਰੀਖ 17 ਮਈ 2013 ਦੀ ਪਾਈ ਹੋਈ ਹੈ। ਇਹ ਪੱਤਰ ਸੰਗਤ ਵਲੋਂ 23 ਜੂਨ 2013 ਨੂੰ ਜਨਰਲ ਬਾਡੀ ਦੀ ਮੀਟਿੰਗ ਬੁਲਾਏ ਜਾਣ ਸਬੰਧੀ ਦਿੱਤੇ ਗਏ ਪੱਤਰ ਦੇ ਬਦਲੇ ਵਿਚ ਦਿੱਤਾ ਗਿਆ ਹੈ। ਇਹ ਪੱਤਰ ਸੰਗਤ ਦੇ 5 ਮਈ ਨੂੰ ਦਿਤੇ ਪੱਤਰ ਦੇ ਜੁਆਬ ਵਿਚ ਤਿਆਰ ਕੀਤਾ ਗਿਆ ਜਾਪਦਾ ਹੈ ਅਤੇ ਕਮੇਟੀ ਦੀ ਚਿੱਠੀ ਵਿਚ ਇਹ ਗੱਲ ਖਾਸ ਤੌਰ 'ਤੇ ਸਪਸ਼ਟ ਕੀਤੀ ਗਈ ਹੈ ਕਿ ਕਮੇਟੀ ਮੁਕੱਦਮੇਬਾਜ਼ੀ ਦੇ ਖਰਚੇ ਦਾ ਵੇਰਵਾ ਸੰਗਤ ਨੂੰ ਨਹੀਂ ਦੇ ਸਕਦੀ। ਇਹ ਪੱਤਰ (ਅਸਲ ਅੰਗਰੇਜ਼ੀ ਅਤੇ ਪੰਜਾਬੀ ਅਨੁਵਾਦ) ਪੂਰੀ ਸੰਗਤ ਵਿਚ ਵੰਡਿਆ ਜਾ ਰਿਹਾ ਹੈ।

ਇਸ ਪੱਤਰ ਦਾ ਕੋਈ ਮਾਇਨਾ ਨਹੀਂ ਬਣਦਾ ਅਤੇ ਇਹ ਕਮੇਟੀ ਵਲੋਂ ਜਾਣ-ਬੁੱਝ ਕੇ ਮੂਲ ਮੁੱਦੇ ਤੋਂ ਮੂੰਹ ਮੋੜਨ ਦਾ ਯਤਨ ਹੈ।

### ਸਾਧ ਸੰਗਤ ਨੂੰ ਅਪੀਲ

- ਇਹ ਸਮਾਂ ਏਕਾ ਦਿਖਾਉਣ ਅਤੇ ਗੁਰਦੁਆਰਾ ਸਾਹਿਬ ਨੂੰ ਦਰਪੇਸ਼ ਮੂਲ ਮੁੱਦਿਆਂ ਦੇ ਹੱਲ ਕਰਨ ਤੇ ਹਰ ਕੀਮਤ 'ਤੇ ਅਮਨ-ਅਮਾਨ ਬਣਾਈ ਰੱਖਣ ਦਾ ਹੈ।
- ਅਸੀਂ ਗੁਰੂ ਘਰ ਦੀ ਸੰਗਤ ਵਜੋਂ ਆ ਰਹੀ ਜਨਰਲ ਬਾਡੀ ਮੀਟਿੰਗ ਵਿਚ ਵਧ ਚੜ੍ਹ ਕੇ ਹਿੱਸਾ ਲਈਏ ਅਤੇ ਗੁਰਦੁਆਰਾ ਸਾਹਿਬ ਦਾ ਪ੍ਰਬੰਧ ਸਹੀ ਤਰੀਕੇ ਨਾਲ ਚਲਾਉਣ ਦਾ ਢੰਗ-ਤਰੀਕਾ ਕਾਇਮ ਕਰੀਏ।
- ਸੰਗਤ ਨੂੰ ਲਾਜ਼ਮੀ ਤੌਰ 'ਤੇ ਅਮਨ-ਅਮਾਨ, ਏਕਤਾ, ਸੁਰੱਖਿਆ, ਅਨੁਸਾਸ਼ਨ ਅਤੇ ਜਮਹੂਰੀ ਕੀਮਤਾਂ ਨੂੰ ਬਰਕਰਾਰ ਰੱਖਦਿਆਂ ਆਪਣੇ ਮੂਲ ਨਿਸ਼ਾਨਿਆਂ ਦੀ ਪੂਰਤੀ ਲਈ ਵਿਆਪਕ ਯੋਜਨਾ ਬਣਾਉਣੀ ਪਵੇਗੀ।
- ਸਾਧ ਸੰਗਤ ਨੂੰ ਬੇਨਤੀ ਹੈ ਕਿ ਆਪ 23 ਜੂਨ ਐਤਵਾਰ ਨੂੰ 11:30 ਵਜੇ ਹਾਜ਼ਰ ਹੋ ਕੇ ਆਪਣੀ ਏਕਤਾ ਦਾ ਸਬੂਤ ਦਿਓ।

ਜੇ ਕਿਸੇ ਦਾ ਕੋਈ ਸਵਾਲ ਹੈ ਤਾਂ ਹੇਠ ਲਿਖੇ ਫੋਨ ਨੰਬਰਾਂ 'ਤੇ ਸੰਪਰਕ ਕੀਤਾ ਜਾਵੇ

**510-837-8872, 510-502-8490 ਅਤੇ 925-451-1397**

### ਗੁਰੂ ਪੰਥ ਦੇ ਦਾਸ

ਪਰਮਜੀਤ ਸਿੰਘ ਗਾਹਰਾ, ਆਈ ਪੀ ਸਿੰਘ, ਸੁਰਜੀਤ ਸਿੰਘ, ਕੁੰਦਨ ਸਿੰਘ ਹੁੰਦਲ, ਤਰਲੋਚਨ ਸਿੰਘ, ਗੁਰਦਿਆਲ ਐਸ ਕਲੇਰ, ਐਸ ਐਸ ਢਿੱਲੋਂ, ਹਰਦਿਆਲ ਸਿੰਘ ਦਿਓਲ, ਕੁਲਦੀਪ ਸਿੰਘ ਸਿੱਧੂ, ਮਨਜੀਤ ਸਿੰਘ ਔਲਖ, ਗੁਰਪਾਲ ਸਿੰਘ ਗਿੱਲ, ਪਰਦੀਪ ਸਿੰਘ ਸੈਣੀ...।

*Paid Advt.*

# ਸੈਨ ਮਟੀਓ ਗੁਰਦੁਆਰਾ ਸਾਹਿਬ ਦੀ ਪਹਿਲੀ ਵਰ੍ਹੇਗੰਢ 9 ਨੂੰ

**ਸੈਨ ਫਰਾਂਸਿਸਕੋ:** ਗੁਰਦੁਆਰਾ ਸੈਨ ਫਰਾਂਸਿਸਕੋ ਦੀ ਸਥਾਪਨਾ ਦੀ ਪਹਿਲੀ ਵਰ੍ਹੇਗੰਢ ਸੰਗਤਾਂ ਵਲੋਂ ਆਉਂਦੀ 9 ਜੂਨ ਨੂੰ ਮਨਾਈ ਜਾ ਰਹੀ ਹੈ। ਇਹ ਗੁਰਦੁਆਰਾ ਸੈਨ ਫਰਾਂਸਿਸਕੋ ਦੀਆਂ ਸੰਗਤਾਂ ਦੀ ਲੋੜ ਨੂੰ ਮੁੱਖ ਰੱਖ ਕੇ ਬਣਾਇਆ ਗਿਆ ਹੈ। ਗੁਰਦੁਆਰਾ ਬਣਾਉਣ ਲਈ ਜਦੋਂ ਪੈਸੇ ਦੀ ਆਪਸੀ ਮਿਲਵਰਤੋਂ ਦੌਰਾਨ ਸ. ਮਾਹਲ ਦੀ ਮੁਲਾਕਾਤ ਸੈਨ ਮਟੀਓ ਵਿਚ ਯਹੂਦੀ ਭਾਈਚਾਰੇ ਦੇ ਆਗੂ ਬਲੇਅਰ ਬਰਾਊਨ ਨਾਲ ਹੋਈ। ਗੱਲਬਾਤ ਦੌਰਾਨ ਸਿੱਖ ਭਾਈਚਾਰੇ ਲਈ ਧਾਰਮਿਕ ਸਥਾਨ ਬਣਾਉਣ ਦੀ ਗੱਲ ਤੁਰੀ ਤਾਂ ਸ੍ਰੀ ਬਰਾਊਨ ਨੇ ਯਹੂਦੀ ਧਾਰਮਿਕ ਸਥਾਨ ਦੀ ਵਰਤੋਂ ਕਰਨ ਲਈ




*ਗੁਰਦੁਆਰਾ ਸੈਨ ਫਰਾਂਸਿਸਕੋ ਦੇ ਪ੍ਰਬੰਧਕ ਯਹੂਦੀ ਨੁਮਾਇੰਦਿਆਂ ਨਾਲ*

ਦੀ ਤੰਗੀ ਆਈ ਤਾਂ ਸੈਨ ਮਟੀਓ ਦੀ ਯਹੂਦੀ ਸੰਗਤ ਨੇ ਇਸ ਲਈ ਮਾਲੀ ਮਦਦ ਦਿੱਤੀ।

ਸੈਨ ਮਟੀਓ ਦੇ ਸਿੱਖ ਪਤਵੰਤਿਆਂ ਅਪਾਰ ਸਿੰਘ, ਜਗਤਇੰਦਰ ਸਿੰਘ ਅਤੇ ਮੇਹਰ ਸਿੰਘ ਮਾਹਲ ਨੇ ਇਸ ਗੁਰੂ ਘਰ ਦੀ ਸਥਾਪਨਾ ਲਈ ਕਾਫੀ ਯਤਨ ਕੀਤੇ ਪਰ ਉਨ੍ਹਾਂ ਪਾਸ ਇਕ ਕਿਰਾਏ ਦੀ ਬਿਲਡਿੰਗ ਲੈਣ ਲਈ ਵੀ ਪੈਸੇ ਨਹੀਂ ਸਨ। ਸ. ਮਾਹਲ ਦੀ ਬੇਟੀ ਐਰਾਗੌਨ ਹਾਈ ਸਕੂਲ ਦੀ ਵਿਦਿਆਰਥਣ ਸੀ ਜਿਥੇ ਬੱਚਿਆਂ ਦੇ ਮਾਪਿਆਂ ਸਿੱਖ ਭਾਈਚਾਰੇ ਨੂੰ ਪੇਸ਼ਕਸ਼ ਕੀਤੀ। ਪਿਛਲੇ ਸਾਲ 15 ਅਪਰੈਲ ਤੋਂ ਧਾਰਮਿਕ ਪ੍ਰੋਗਰਾਮ ਅਰੰਭੇ ਗਏ, ਜਿਸ ਪਿਛੋਂ ਸੰਗਤ ਵਲੋਂ ਦਿੱਤੀ ਗਈ ਮਾਇਆ ਨਾਲ ਕਰੀਬ ਇਕ ਲੱਖ ਡਾਲਰ ਇਕੱਠੇ ਹੋ ਗਏ। ਸੰਗਤ ਹਰ ਮਹੀਨੇ ਸੈਨ ਮਟੀਓ ਵਿਚ 1700 ਐਲਾਮੀਡਾ ਡੀ ਲਾਸ ਪੁਲਗਾਸ ਵਿਖੇ ਜੁੜਦੀ ਹੈ। ਹੋਰ ਜਾਣਕਾਰੀ ਲਈ ਮੇਹਰ ਸਿੰਘ ਮਾਹਲ ਨਾਲ ਫੋਨ 650-520-5797 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਸ਼ਾਇਰ ਸੁਰਜੀਤ ਜੱਜ ਅਤੇ ਇਲਿਆਸ ਘੁੰਮਣ ਨਾਲ ਮਿਲਣੀ 8 ਨੂੰ

**ਨਿਊਆਰਕ (ਬਿਊਰੋ):** ਵਿਸ਼ਵ ਪੰਜਾਬੀ ਸਾਹਿਤ ਅਕਾਦਮੀ (ਵਿਪਸਾ) ਵਲੋਂ ਭਾਰਤ ਤੋਂ ਆਏ ਸ਼ਾਇਰ ਸੁਰਜੀਤ ਜੱਜ ਅਤੇ ਪਾਕਿਸਤਾਨ ਤੋਂ ਅਮਰੀਕਾ ਫੇਰੀ ਤੇ ਆਏ ਇਲਿਆਸ ਘੁੰਮਣ ਨਾਲ ਇਕ ਮਿਲਣੀ 8 ਜੂਨ ਸਨਿਚਰਵਾਰ ਨੂੰ ਸ਼ਾਮ 5:30 ਵਜੇ ਤੋਂ 9:00 ਵਜੇ ਤੱਕ ਮਹਿਰਾਨ ਰੈਸਟੋਰੈਂਟ ਵਿਚ ਹੋਵੇਗੀ।

ਵਿਪਸਾ ਨੇ ਸਾਹਿਤਕਾਰਾਂ ਤੇ ਸਾਹਿਤ ਪ੍ਰੇਮੀਆਂ ਨੂੰ ਇਸ ਸਾਹਿਤਕ ਮਿਲਣੀ ਵਿਚ ਸ਼ਾਮਲ ਹੋਣ ਦਾ ਖੁੱਲ੍ਹਾ ਸੱਦਾ ਦਿੱਤਾ ਹੈ। ਹੋਰ ਜਾਣਕਾਰੀ ਲਈ ਫੋਨ 925-392-8906 ਜਾਂ 925-313-0281 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਮੁਸ਼ਰਫ਼ 'ਤੇ ਚੱਲੇਗਾ ਦੇਸ਼ ਧਰੋਹ ਦਾ ਮੁਕੱਦਮਾ

**ਲਾਹੌਰ:** ਪਾਕਿਸਤਾਨ ਵਿਚ ਨਵਾਜ਼ ਸ਼ਰੀਫ਼ ਦੀ ਅਗਵਾਈ ਵਾਲੀ ਸਰਕਾਰ ਸਾਬਕਾ ਫੌਜੀ ਸ਼ਾਸਕ ਪਰਵੇਜ਼ ਮੁਸ਼ਰਫ ਖ਼ਿਲਾਫ਼ ਦੇਸ਼ ਧਰੋਹ ਦੇ ਦੋਸ਼ਾਂ ਹੇਠ ਮੁਕੱਦਮਾ ਚਲਾਉਣ ਲਈ ਤਿਆਰ ਹੈ।

ਇਸ ਤੋਂ ਪਹਿਲਾਂ 11 ਮਈ ਨੂੰ ਦੇਸ਼ ਵਿਚ ਆਮ ਚੋਣਾਂ ਕਰਵਾਉਣ ਵਾਲੀ ਨਿਗਰਾਨ ਸਰਕਾਰ ਨੇ ਮੁਸ਼ਰਫ ਖ਼ਿਲਾਫ਼ ਕੇਸ ਚਲਾਉਣ ਤੋਂ ਨਾਂਹ ਕਰ ਦਿੱਤੀ ਸੀ। ਸਰਕਾਰ ਦਾ ਕਹਿਣਾ ਸੀ ਕਿ ਸੰਵਿਧਾਨ ਉਸ ਨੂੰ ਅਜਿਹਾ ਕਰਨ ਦੀ ਆਗਿਆ ਨਹੀਂ ਦਿੰਦਾ ਪਰ ਹੁਣ ਪੀ ਐਮ ਐਲ-ਐਨ ਨੇ ਮੁਸ਼ਰਫ ਖ਼ਿਲਾਫ਼ ਕੇਸ ਚਲਾਉਣ ਦਾ ਫੈਸਲਾ ਕੀਤਾ ਹੈ ਜਿਸ ਨੇ 1999 ਵਿਚ ਨਵਾਜ਼ ਸ਼ਰੀਫ਼ ਦੀ ਅਗਵਾਈ ਵਾਲੀ ਸਰਕਾਰ ਦਾ ਤਖ਼ਤਾ ਪਲਟ ਦਿੱਤਾ ਸੀ।



*ਗੁਰਦੁਆਰਾ ਫਰੀਮਾਂਟ ਵਿਚ ਇਲਿਆਸ ਘੁੰਮਣ ਦਾ ਸਨਮਾਨ ਕਰਦੇ ਹੋਏ ਪ੍ਰਬੰਧਕ*

# ਸਿੱਖ ਆਪਣੇ ਇਤਿਹਾਸਕ ਵਿਰਸੇ ਦੀ ਸੰਭਾਲ ਕਰਨ-ਇਲਿਆਸ ਘੁੰਮਣ

**ਫਰੀਮਾਂਟ (ਬਿਊਰੋ):** ਪਾਕਿਸਤਾਨੀ ਲੇਖਕ ਇਲਿਆਸ ਘੁੰਮਣ, ਜੋ ਪਾਕਿਸਤਾਨ ਵਿਚਲੇ ਗੁਰਦੁਆਰਾ ਸਾਹਿਬਾਨ ਅਤੇ ਸਿੱਖ ਇਤਿਹਾਸਕ ਥਾਂਵਾਂ ਬਾਰੇ ਖੋਜ ਕਰ ਰਹੇ ਹਨ, ਪਿਛਲੇ ਦਿਨੀਂ ਗੁਰਦੁਆਰਾ ਸਾਹਿਬ ਸਿਲੀਕਾਨ ਵੈਲੀ-ਸੈਂਟਾ ਕਲਾਰਾ ਅਤੇ ਗੁਰਦੁਆਰਾ ਫਰੀਮਾਂਟ ਵਿਚ ਸੰਗਤਾਂ ਦੇ ਰੂਬਰੂ ਹੋਏ। ਉਨ੍ਹਾਂ ਦੱਸਿਆ ਕਿ ਵੰਡ ਤੋਂ ਬਾਦ ਸਾਰੇ ਗੁਰਦੁਆਰੇ ਲਗਭਗ ਬੰਦ ਹੋ ਚੁੱਕੇ ਸਨ ਤੇ ਬਹੁਤ ਸਾਰੇ ਗੁਰਦੁਆਰਿਆਂ ਉਤੇ ਨਾਜਾਇਜ਼ ਕਬਜ਼ੇ ਹੋ ਚੁੱਕੇ ਸਨ ਪਰ ਕਾਨੂੰਨੀ ਤੌਰ 'ਤੇ ਕਿਸੇ ਵੀ ਗੁਰਦੁਆਰੇ ਦੀ ਜਾਇਦਾਦ ਖਰੀਦੀ ਜਾਂ ਵੇਚੀ ਨਹੀਂ ਜਾ ਸਕਦੀ। ਪਾਕਿਸਤਾਨੀ ਤੇ ਭਾਰਤੀ ਨੇਤਾਵਾਂ-ਲਿਆਕਤ ਅਲੀ ਤੇ ਜਵਾਹਰ ਲਾਲ ਨਹਿਰੂ ਵਿਚਾਲੇ ਹੋਏ ਸਮਝੌਤੇ ਅਨੁਸਾਰ ਕਿਸੇ ਵੀ ਧਾਰਮਿਕ ਅਸਥਾਨ ਦੀ ਜਾਇਦਾਦ ਉਤੇ ਕਬਜ਼ਾ ਨਹੀਂ ਹੋ ਸਕਦਾ।

ਜਨਾਬ ਘੁੰਮਣ ਨੇ ਸਿੱਖ ਸੰਗਤਾਂ ਨੂੰ ਬੇਨਤੀ ਕੀਤੀ ਕਿ ਉਨ੍ਹਾਂ ਨੂੰ ਪਾਕਿਸਤਾਨ ਵਿਚ ਵੀ ਕਾਨੂੰਨੀ ਤੌਰ 'ਤੇ ਆਪਣੇ ਹੱਕ ਛੱਡਣੇ ਨਹੀਂ ਚਾਹੀਦੇ ਅਤੇ ਪਾਕਿਸਤਾਨ ਵਿਚਲੇ ਇਤਿਹਾਸਕ ਗੁਰਦੁਆਰਿਆਂ ਅਤੇ ਆਪਣੇ ਅਮੀਰ ਵਿਰਸੇ ਦੀ ਰਾਖੀ ਲਈ ਅੱਗੇ ਆਉਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਪਾਕਿਸਤਾਨੀ ਹਕੂਮਤ ਤੇ ਉਥੋਂ ਦੇ ਲੋਕ ਸਿੱਖਾਂ ਨੂੰ ਦਿਲੋਂ ਪਿਆਰ ਕਰਦੇ ਹਨ। ਪਾਕਿਸਤਾਨ ਵਿਚ ਛੇ ਸਿੱਖ ਗੁਰੂ ਸਾਹਿਬਾਨ ਨਾਲ ਸਬੰਧਤ ਇਤਿਹਾਸਕ ਸਥਾਨ ਹਨ।

ਜ਼ਿਕਰਯੋਗ ਹੈ ਕਿ ਜਨਾਬ ਘੁੰਮਣ ਪਾਕਿਸਤਾਨ ਵਿਚਲੇ ਇਤਿਹਾਸਕ ਸਿੱਖ ਗੁਰਦੁਆਰਿਆਂ ਤੋਂ ਇਲਾਵਾ ਵੱਖ ਵੱਖ ਵਿਸ਼ਿਆਂ 'ਤੇ 25 ਕਿਤਾਬਾਂ ਲਿਖ ਚੁਕੇ ਹਨ ਤੇ ਪਿਛਲੇ 3 ਦਹਾਕਿਆਂ ਤੋਂ ਪਾਕਿਸਤਾਨ ਵਿਚਲੇ ਇਤਿਹਾਸਕ ਗੁਰਦੁਆਰਿਆਂ ਬਾਰੇ ਖੋਜ ਕਰ ਰਹੇ ਹਨ। ਹੁਣ ਤੱਕ ਉਹ 170 ਤੋਂ ਵੱਧ ਗੁਰਦੁਆਰਿਆਂ ਬਾਰੇ ਇਤਿਹਾਸਕ ਸਮਗਰੀ ਇਕਠੀ ਕਰ ਚੁੱਕੇ ਹਨ।

ਗੁਰਦੁਆਰਾ ਸਿਲੀਕਾਨ ਵੈਲੀ ਅਤੇ ਗੁਰਦੁਆਰਾ ਫਰੀਮਾਂਟ ਵਿਚ ਜਨਾਬ ਇਲਿਆਸ ਘੁੰਮਣ ਨੂੰ ਸਿਰੋਪਾਓ ਦੇ ਕੇ ਉਨ੍ਹਾਂ ਦਾ ਮਾਣ ਸਤਿਕਾਰ ਕੀਤਾ ਗਿਆ। ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਯਾਦਗਾਰੀ ਪਲੇਕ ਦੇ ਕੇ ਉਨ੍ਹਾਂ ਦਾ ਸਨਮਾਨ ਕੀਤਾ ਗਿਆ।

# ਕਲਾਸੀਕਲ ਗਾਇਕ ਸੁਰਿੰਦਰ ਖਾਨ ਨਾਲ ਇਕ ਸੁਰੀਲੀ ਸ਼ਾਮ

**ਫਰਿਜ਼ਨੋ (ਬਿਊਰੋ):** ਫਰਿਜ਼ਨੋ ਦੇ ਕਲਾ ਪ੍ਰੇਮੀਆਂ, ਕੁਝ ਸਾਹਿਤਕ ਅਤੇ ਸਭਿਆਚਾਰਕ ਸੰਸਥਾਵਾਂ ਦੇ ਸਹਿਯੋਗ ਨਾਲ ਕਲਾਸੀਕਲ ਗਾਇਕ ਸੁਰਿੰਦਰ ਖਾਨ ਨਾਲ ਸਥਾਨਕ ਦੀ ਮੰਗ 'ਤੇ ਪੰਜਾਬੀ ਸ਼ਾਇਰ ਸ਼ਿਵ ਕੁਮਾਰ ਬਟਾਲਵੀ ਦੀਆਂ ਰਚਨਾਵਾਂ ਤੋਂ ਇਲਾਵਾ ਜਗਜੀਤ ਤੇ ਚਿਤਰਾ ਦੀਆਂ ਗਾਈਆਂ ਗਜ਼ਲਾਂ ਤੇ ਗੀਤ ਪੇਸ਼ ਕੀਤੇ।



'ਇੰਡੀਆ ਓਵਨ' ਰੈਸਟੋਰੈਂਟ ਵਿਚ ਇਕ ਸੰਗੀਤਮਈ ਸ਼ਾਮ ਦਾ ਅਯੋਜਨ ਕੀਤਾ ਗਿਆ ਜਿਸ ਵਿਚ ਸੁਰਿੰਦਰ ਖਾਨ ਨੇ ਮਹਿਫਲ ਆਗਾਜ ਪਰਮਾਤਮਾ ਨੂੰ ਸਿਜ਼ਦਾ ਕਰਦਿਆਂ 'ਆਉ ਸਿਜ਼ਦਾ ਕਰ ਲੇ ਅੱਜ ਕੋ, ਕਲ੍ਹ ਕਾ ਪਤਾ ਨਹੀਂ' ਨਗਮੇ ਨਾਲ ਕੀਤਾ।

ਇਸ ਉਪਰੰਤ ਖਾਨ ਨੇ ਮਹਿਫਲ ਵਿਚ ਹਾਜਰ ਪ੍ਰਸਿਧ ਸ਼ਾਇਰ ਹਰਜਿੰਦਰ ਕੰਗ ਦੇ ਗੀਤ, 'ਦੋਵੇਂ ਰੁਸ ਬੈਠੇ ਤਾਂ ਮਨਾਊ ਕੌਣ ਵੇ' ਤੋਂ ਇਲਾਵਾ ਅਸ਼ਰਫ ਗਿੱਲ ਅਤੇ ਸੰਤੋਖ ਮਿਨਹਾਸ ਦੀਆਂ ਰਚਨਾਵਾਂ ਗਾ ਕੇ ਸਰੋਤਿਆਂ ਨੂੰ ਮੋਹਿਤ ਕੀਤਾ। ਪਾਕਿਸਤਾਨੀ ਗਾਇਕ ਗੁਲਾਮ ਅਲੀ ਨੂੰ ਆਪਣਾ ਆਦਰਸ਼ ਮੰਨਣ ਵਾਲੇ ਖਾਨ ਨੇ ਉਰਦੂ ਗਜ਼ਲਾਂ ਗਾਉਣ ਤੋਂ ਬਾਅਦ ਸਰੋਤਿਆਂ

ਇਸ ਤੋਂ ਇਲਾਵਾ ਖਾਨ ਨੇ ਛੱਲਾ, ਜਿੰਦੂਆ, ਜੁਗਨੀ ਅਤੇ ਮਸ਼ਹੂਰ ਲੋਕ ਗੀਤ 'ਬੋਲ ਮਿੱਟੀ ਦਿਆ ਬਾਵਿਆ' ਪੇਸ਼ ਕਰਕੇ ਹਾਜ਼ਰੀਨ ਨੂੰ ਨੱਚਣ ਅਤੇ ਝੂਮਣ ਲਈ ਮਜ਼ਬੂਰ ਕਰ ਦਿੱਤਾ।

ਫਰਿਜ਼ਨੋ ਵਿਚ ਇਸ ਸਾਲ ਦੀ ਸੰਜੀਦਾ ਗਾਇਕੀ ਦੀ ਇਹ ਪਹਿਲੀ ਮਹਿਫਲ ਸੀ ਜਿਸ ਵਿਚ ਹੋਰਨਾਂ ਤੋਂ ਇਲਾਵਾ ਖਾਨ ਦੇ ਕਰੀਬੀ ਦੋਸਤ ਅਤੇ ਰੇਡੀਓ ਹੋਸਟ ਜਸਵੰਤ ਮਹਿਮੀ, ਪੀ ਸੀ ਏ ਦੇ ਮੈਂਬਰ, ਸ਼ਹੀਦ ਭਗਤ ਸਿੰਘ ਸਪੋਰਟਸ ਕਲੱਬ ਦੇ ਨਾਜਰ ਸਿੰਘ ਸਹੋਤਾ, ਹਾਕਮ ਸਿੰਘ ਢਿੱਲੋਂ, ਰੇਡੀਓ ਹੋਸਟ ਬਲਬੀਰ ਸਿੰਘ ਢਿੱਲੋਂ, ਪ੍ਰਮੋਦ ਕੁਮਾਰ, ਸੁਖਬੀਰ ਭੰਡਾਲ, ਵਿਕੀ ਸਰਾਂ ਹਾਜ਼ਰ ਸਨ।

# ਇੰਡੋ ਯੂ ਐਸ ਹੈਰੀਟੇਜ ਐਸੋਸੀਏਸ਼ਨ ਵਲੋਂ ਗਦਰੀ ਮੇਲਾ 20 ਅਕਤੂਬਰ ਨੂੰ

**ਫਰਿਜ਼ਨੋ (ਬਿਊਰੋ):** ਇੰਡੋ ਯੂ ਐਸ ਹੈਰੀਟੇਜ ਐਸੋਸੀਏਸ਼ਨ ਵਲੋਂ ਗਦਰ ਲਹਿਰ ਦੀ ਸੌਵੀਂ ਵਰ੍ਹੇਗੰਢ ਨੂੰ ਸਮਰਪਿਤ ਗਦਰੀ ਮੇਲਾ 20 ਅਕਤੂਬਰ ਨੂੰ ਰੋਡਿੰਗ ਪਾਰਕ ਦੇ ਖੁਲ੍ਹੇ ਮੈਦਾਨ ਵਿਚ ਕਰਵਾਇਆ ਜਾਵੇਗਾ। ਇਸ ਸਬੰਧੀ ਫੈਸਲਾ ਜਥੇਬੰਦੀ ਦੀ ਸਭਾ ਦੇ ਪ੍ਰਧਾਨ ਪ੍ਰਿੰ. ਪ੍ਰੀਤਮ ਸਿੰਘ ਨਾਹਲ ਦੀ ਪ੍ਰਧਾਨਗੀ ਹੇਠ ਜਥੇਬੰਦੀ ਦੇ ਕੇਂਦਰੀ ਦਫਤਰ ਬਰਾੜ ਫਾਰਮ ਵਿਚ ਹੋਈ ਇਕ ਮੀਟਿੰਗ ਵਿਚ ਲਿਆ ਗਿਆ।

ਇਸ ਮੀਟਿੰਗ ਵਿਚ ਸਭਾ ਵਲੋਂ ਕਰਵਾਏ ਜਾਂਦੇ ਸਾਲਾਨਾ ਪ੍ਰੋਗਰਾਮਾਂ ਦੀ ਰੂਪ ਰੇਖਾ ਬਾਰੇ ਭਰਵਾਂ ਵਿਚਾਰ-ਵਟਾਂਦਰਾ ਕੀਤਾ ਗਿਆ। ਇਸ ਮੀਟਿੰਗ ਵਿਚ ਪ੍ਰਧਾਨ ਪ੍ਰਿੰ. ਨਾਹਲ ਤੋਂ ਇਲਾਵ ਸਕੱਤਰ ਸੰਤੋਖ ਸਿੰਘ ਮਿਨਹਾਸ, ਸਾਧੂ ਸਿੰਘ ਸੰਘਾ, ਗੁਰਦੀਪ ਸਿੰਘ ਨਿੱਜਰ, ਨਿਰਮਲ ਸਿੰਘ ਧਨੌਲਾ, ਮਨਜੀਤ ਕੁਲਾਰ, ਰਾਜਿੰਦਰ ਬਰਾੜ, ਮਨਧੀਰ ਤੁੰਗ, ਅਵਤਾਰ ਗੋਂਦਾਰਾ, ਬਿਕਰਮਜੀਤ ਕਾਹਲੋਂ, ਹੈਰੀ ਮਾਨ, ਸੰਤੋਖ ਢਿਲੋਂ ਅਤੇ ਸੁਲਖਣ ਗਿੱਲ ਸ਼ਾਮਲ ਹੋਏ।

ਜਥੇਬੰਦੀ ਦੇ ਪ੍ਰਧਾਨ ਪ੍ਰਿੰ. ਨਾਹਲ ਨੇ ਕਿਹਾ ਕਿ ਮੇਲਾ ਖੁੱਲ੍ਹੇ ਮੈਦਾਨ ਵਿਚ ਕਰਵਾਉਣ ਦਾ ਫੈਸਲਾ ਹਾਲ ਵਿਚ ਆਉਂਦੀ ਸਾਊਂਡ ਦੀ ਸਮੱਸਿਆ ਕਰਕੇ ਕੀਤਾ ਗਿਆ ਹੈ। ਪ੍ਰੋਗਰਾਮ ਦੀ ਤਿਆਰੀ ਲਈ ਸਭਾ ਵਲੋਂ ਮੇਲੇ ਤੋਂ ਪਹਿਲਾਂ ਦੋ ਇਕੱਠ ਕਰਨ ਦਾ ਫੈਸਲਾ ਕੀਤਾ ਗਿਆ ਹੈ। ਪਹਿਲਾ ਪ੍ਰੋਗਰਾਮ 8 ਜੂਨ ਨੂੰ ਪਰਿਵਾਰਕ ਮਿਲਣੀ ਦੇ ਰੂਪ ਵਿਚ ਹੋਏਗਾ ਜਿਸ ਦਾ ਮਨੋਰਥ ਪਰਿਵਾਰਾਂ ਦੀ ਆਪਸੀ ਸਾਂਝ ਨੂੰ ਪੱਕਿਆਂ ਕਰਨਾ ਅਤੇ ਬੱਚਿਆਂ ਵਿਚ ਸਮਾਜਕ ਸਰੋਕਾਰਾਂ ਦੀ ਜਾਗ ਲਾਉਣਾ ਹੈ। ਦੂਸਰਾ ਪ੍ਰੋਗਰਾਮ ਹਰ ਸਾਲ ਵਾਂਗ 'ਪੰਜਾਬੀ ਚੇਤਨਾ ਦਿਵਸ' ਮਨਾਉਣ ਲਈ 8 ਅਗਸਤ ਨੂੰ ਸੈਮੀਨਾਰ ਅਤੇ ਕਵੀ ਦਰਬਾਰ ਕਰਵਾਇਆ ਜਾਵੇਗਾ। ਇਸ ਵਿਚ ਕਵਿਤਾ ਪਾਠ ਦੇ ਨਾਲ ਨਾਲ ਗਦਰ ਲਹਿਰ ਸਬੰਧੀ ਵਿਚਾਰ-ਚਰਚਾ ਵੀ ਛੇੜੀ ਜਾਵੇਗੀ।

# ਇਰਾਕ ਵਿਚ ਮਈ ਦੌਰਾਨ 1000 ਮੌਤਾਂ

**ਬਗਦਾਦ:** ਇਰਾਕ ਵਿਚ ਫਿਰਕੂ ਹਿੰਸਾ ਦੌਰਾਨ ਮਈ ਮਹੀਨੇ ਵਿਚ 1000 ਤੋਂ ਵੱਧ ਲੋਕ ਮਾਰੇ ਗਏ ਹਨ। ਸੰਯੁਕਤ ਰਾਸ਼ਟਰ ਮੁਤਾਬਕ ਇਕ ਮਹੀਨੇ ਵਿਚ 1045 ਲੋਕ ਮਾਰੇ ਗਏ ਤੇ 2397 ਲੋਕ ਜ਼ਖ਼ਮੀ ਹੋਏ ਹਨ। 2006 ਤੇ 2007 ਦੌਰਾਨ ਜਦੋਂ ਹਿੰਸਾ ਸਿਖਰ 'ਤੇ ਸੀ, ਹਰ ਮਹੀਨੇ ਮਾਰੇ ਜਾਣ ਵਾਲੇ ਲੋਕਾਂ ਦੀ ਗਿਣਤੀ 1000 ਹੁੰਦੀ ਸੀ। ਪਿਛਲੇ ਸਮੇਂ ਦੌਰਾਨ ਇਹ ਗਿਣਤੀ ਘਟ ਗਈ ਸੀ ਪਰ ਹੁਣ ਇਹ ਗਿਣਤੀ ਫਿਰ ਵਧਦੀ ਜਾ ਰਹੀ ਹੈ।

# ਚਾਰਟਰ ਸਕੂਲ ਦੇ ਬੱਚਿਆਂ ਦਾ ਸਭਿਆਚਾਰਕ ਪ੍ਰੋਗਰਾਮ

**ਸੈਕਰਾਮੈਂਟੋ (ਬਿਊਰੋ):** ਸੈਕਰਾਮੈਂਟੋ ਵੈਲੀ ਚਾਰਟਰ ਸਕੂਲ ਵਲੋਂ ਆਪਣਾ ਦੂਜਾ ਪੰਜਾਬੀ ਸਾਲਾਨਾ ਸਮਾਗਮ ਲੰਘੀ ਮਈ 29 ਨੂੰ ਕੀਤਾ ਗਿਆ ਜਿਸ ਵਿਚ ਸ਼ਬਦ ਗਾਇਨ, ਕਵਿਤਾ ਪਾਠ, ਨਾਟਕ ਤੇ ਲੋਕ ਨਾਚ ਪੇਸ਼ ਕੀਤੇ ਗਏ। ਕਵਿਤਾਵਾਂ ਪੰਜਾਬ ਦੀਆਂ ਰੁੱਤਾਂ, ਦੇਸੀ ਮਹੀਨਿਆਂ, ਬਹਾਰਾਂ, ਤਾਰਿਆਂ ਅਤੇ ਬਸੰਤ ਰੁਤ ਬਾਰੇ ਸਨ।

ਬੱਚਿਆਂ ਵਲੋਂ ਪੇਸ਼ ਕੀਤੇ ਗਏ ਨਾਟਕ 'ਕੀ ਖਾਈਏ ਕੀ ਨਾ ਖਾਈਏ' ਵਿਚ ਅਵਨੀਤ ਸਿੱਧੂ, ਸਰਜੋਤ ਸਿੰਘ ਤੇ ਸਿਮਰਨ ਡੌਡ ਨੇ ਅਦਾਕਾਰੀ ਕੀਤੀ। ਨਾਟਕ ਬਾਜ਼ਾਰੀ ਖਾਣੇ ਬੱਚਿਆਂ ਦੀ ਸਿਹਤ ਲਈ ਖ਼ਰਾਬ ਹੁੰਦੇ ਹਨ ਅਤੇ ਫ਼ਲ ਤੇ ਘਰ ਤਿਆਰ ਕੀਤੇ ਖਾਣੇ ਚੰਗੇ ਹੁੰਦੇ ਹਨ, ਬਾਰੇ ਸੀ। ਨਾਟਕ 'ਸਾਡਾ ਪਾਰਸ ਸਾਡਾ ਪਾਤਸ਼ਾਹ' ਮਹਾਰਾਜਾ ਰਣਜੀਤ ਸਿੰਘ ਦੇ ਆਪਣੀ ਪਰਜਾ ਪ੍ਰਤੀ ਅਥਾਹ ਪਿਆਰ ਬਾਰੇ ਸੀ ਜਿਸ ਵਿਚ ਟ੍ਰੈਜ਼ਯਰ ਅਸਵੈਡੋ, ਲੈਜ਼ਲੀ ਅਸਵੈਡੋ, ਕਰਨਵੀਰ ਸਿੰਘ, ਅਮਨਪ੍ਰੀਤ ਬਾਗੜੀ, ਹਰਨੂਰ ਸਿੰਘ, ਜੈਜ਼ਮਿਨ, ਮਨਰਾਜ ਤੇ ਹੰਸਪ੍ਰੀਤ ਨੇ ਸੁੰਦਰ ਅਦਾਕਾਰੀ ਕੀਤੀ। ਕਾਵਿ-ਨਾਟਕ 'ਫੁੱਲ ਦਾ ਸੁਨੇਹਾ' ਗੁਰਨੂਰ, ਗਗਨ ਕੌਰ ਤੇ ਅਮਨੀਤ ਨੇ ਪੇਸ਼ ਕੀਤਾ। ਚੌਥੀ ਜਮਾਤ ਦੇ ਬੱਚਿਆਂ ਨੇ ਨਾਟਕ 'ਪੰਜਾਬੀ ਢਾਬਾ' ਪੇਸ਼ ਕੀਤਾ। ਅੰਕਿਤ, ਸਰਤਾਜ, ਦਮਨਪ੍ਰੀਤ ਅਤੇ ਅਰਪਨਪ੍ਰੀਤ ਤੇ ਸਿਮਰਨ ਨੇ ਭੰਗੜਾ ਪੇਸ਼ ਕੀਤਾ। ਅਮਨਦੀਪ, ਅਰਮਾਨ, ਪਾਵਿਤ, ਅਮਨਪ੍ਰੀਤ, ਮਨਪ੍ਰੀਤ, ਰੁਮੀਤ, ਜੈਸਮੀਨ, ਸਿਮਰਨ, ਹਰਵਿੰਦਰ ਅਤੇ ਮਨਵੀਰ ਨੇ ਕਵਿਤਾਵਾਂ ਸੁਣਾਈਆਂ।



*ਪ੍ਰੋਗਰਾਮ 'ਚ ਹਿੱਸਾ ਲੈਣ ਵਾਲੇ ਬੱਚੇ*

# ਭਾਰਤ ਅਤੇ ਥਾਈਲੈਂਡ ਵਿਚਾਲੇ ਸੱਤ ਸਮਝੌਤੇ

**ਬੈਂਕਾਕ:** ਭਾਰਤ ਤੇ ਥਾਈਲੈਂਡ ਨੇ ਹਵਾਲਗੀ ਇਕਰਾਰਨਾਮੇ ਸਮੇਤ ਕੁੱਲ ਮਿਲਾ ਕੇ ਸੱਤ ਸਮਝੌਤਿਆਂ 'ਤੇ ਸਹੀ ਪਾਈ ਹੈ। ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੇ ਥਾਈਲੈਂਡ ਦੌਰੇ ਦੌਰਾਨ ਦੋਵੇਂ ਮੁਲਕਾਂ ਵਿਚ ਹੋਏ ਸਮਝੌਤਿਆਂ ਵਿਚ ਕਾਲੇ ਧਨ ਨੂੰ ਚਿੱਟਾ ਬਣਾਉਣ ਖਿਲਾਫ਼ ਸਖ਼ਤ ਕਦਮ ਚੁੱਕਣਾ ਤੇ ਦਹਿਸ਼ਤਗਰਦੀ ਲਈ ਫੰਡਿੰਗ ਨੂੰ ਰੋਕਣਾ ਵੀ ਸ਼ਾਮਲ ਹੈ। ਦੋਵੇਂ ਧਿਰਾਂ ਸਜ਼ਾਯਾਫ਼ਤਾ ਕੈਦੀਆਂ ਦੇ ਤਬਾਦਲੇ ਤੋਂ ਇਲਾਵਾ ਪੁਲਾੜ ਤਕਨਾਲੋਜੀ ਤੇ ਸਿੱਖਿਆ ਸਹਿਯੋਗ ਵਧਾਉਣ ਲਈ ਵੀ ਰਾਜ਼ੀ ਹੋਈਆਂ ਹਨ।

ਇਹ ਸਮਝੌਤੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਤੇ ਉਨ੍ਹਾਂ ਦੇ ਥਾਈਲੈਂਡ ਹਮਰੁਤਬਾ ਯਿੰਗਲੁਕ ਸ਼ਿਨਾਵਤਰਾ ਵਿਚਾਲੇ ਹੋਈ ਲੰਬੀ-ਚੌੜੀ ਗੱਲਬਾਤ ਪਿੱਛੋਂ ਸਿਰੇ ਚੜ੍ਹੇ ਹਨ। ਭਾਰਤ ਤੇ ਥਾਈਲੈਂਡ ਦਰਮਿਆਨ ਹੋਈ ਸਪੁਰਦਗੀ ਸੰਧੀ ਨੂੰ ਚਿਰਾਂ ਤੋਂ ਉਡੀਕਿਆ ਜਾ ਰਿਹਾ ਸੀ ਤੇ ਇਸ ਲਈ ਦੋਵੇਂ ਮੁਲਕਾਂ ਦਰਮਿਆਨ 20 ਸਾਲ ਪਹਿਲਾਂ ਜ਼ੋਰਦਾਰ ਗੱਲਬਾਤ ਹੋਈ ਸੀ। ਇਸ ਰਾਹੀਂ ਭਾਰਤ ਦਾਊਦ ਇਬਰਾਹੀਮ ਦੇ ਇਕ ਸਾਥੀ ਮੁੰਨਾ ਝਿੰਗਾਦਾ ਨੂੰ ਹਾਸਲ ਕਰਨ ਤੋਂ ਇਲਾਵਾ ਉੱਤਰ-ਪੂਰਬ ਦੀਆਂ ਅਤਿਵਾਦੀ ਤੇ ਬਾਗ਼ੀ ਲਹਿਰਾਂ ਨੱਥ ਪਾਉਣ ਦਾ ਚਾਹਵਾਨ ਹੈ।

ਦੋਵੇਂ ਪ੍ਰਧਾਨ ਮੰਤਰੀਆਂ ਨੇ ਦੁਵੱਲੇ ਹਵਾਲਗੀ ਇਕਰਾਰਨਾਮੇ ਦੇ ਸਿਰੇ ਚੜ੍ਹਨ ਦਾ ਸਵਾਗਤ ਕੀਤਾ ਹੈ ਕਿਉਂਕਿ ਇਸ ਨਾਲ ਦੁਵੱਲੇ ਸਹਿਯੋਗ ਨੂੰ ਕਾਨੂੰਨੀ ਆਧਾਰ ਮਿਲੇਗਾ। ਕਾਲੇ ਧਨ ਨੂੰ ਚਿੱਟਾ ਬਣਾਉਣ ਖਿਲਾਫ਼ ਸਮਝੌਤਾ ਭਾਰਤ ਦੀ ਫਾਇਨਾਂਸ਼ਲ ਇੰਟੈਲੀਜੈਂਸ ਯੂਨਿਟ ਤੇ ਥਾਈਲੈਂਡ ਦੀ ਐਂਟੀ ਮਨੀ ਲਾਂਡਰਿੰਗ ਆਰਗੇਨਾਈਜ਼ੇਸ਼ਨ ਵਿਚਾਲੇ ਹੋਇਆ ਹੈ। ਇਸ ਤਹਿਤ ਦੋਵੇਂ ਧਿਰਾਂ ਇਸ ਮੁਤੱਲਕ ਖੁਫ਼ੀਆ ਸੂਚਨਾਵਾਂ ਦਾ ਵਟਾਂਦਰਾ ਕਰਨਗੀਆਂ ਤੇ ਦਹਿਸ਼ਤਗਰਦੀ ਲਈ ਹੋਣ ਵਾਲੀ ਫੰਡਿੰਗ ਨੂੰ ਵੀ ਨੱਥ ਪਾਉਣਗੀਆਂ।

ਇਸ ਦੇ ਨਾਲ ਹੀ ਸਾਂਝੇ ਬਿਆਨ ਰਾਹੀਂ ਦੋਵੇਂ ਧਿਰਾਂ ਨੇ ਦੁਵੱਲੇ ਮੁਕਤ ਵਪਾਰ ਸਮਝੌਤੇ ਬਾਰੇ ਗੱਲਬਾਤ ਵੀ ਛੇਤੀ ਹੀ ਸਿਰੇ ਚੜ੍ਹ ਜਾਣ ਦੀ ਉਮੀਦ ਜ਼ਾਹਰ ਕੀਤੀ ਹੈ। ਇਸ ਦੇ ਨਾਲ ਹੀ ਭਾਰਤ ਨੇ ਥਾਈ ਵਾਸੀਆਂ ਨਾਲ ਲੋਕਾਂ ਦੇ ਸਿੱਧੇ ਸੰਪਰਕ ਨੂੰ ਹੁਲਾਰਾ ਦੇਣ ਲਈ ਥਾਈਲੈਂਡ ਦੀ ਥੰਮਾਸਾਤ ਯੂਨੀਵਰਸਿਟੀ ਵਿਚ ਹਿੰਦੀ ਚੇਅਰ ਸਥਾਪਤ ਕਰਨ ਦਾ ਐਲਾਨ ਕੀਤਾ ਹੈ। ਇਹ ਚੇਅਰ ਭਾਰਤੀ ਅਧਿਐਨ 'ਚ ਬੀਏ ਪ੍ਰੋਗਰਾਮ ਪੇਸ਼ ਕਰੇਗੀ।

## ਡਾ. ਮਨਮੋਹਨ ਸਿੰਘ ਪੰਜਵੀਂ ਵਾਰ ਬਣੇ ਰਾਜ ਸਭਾ ਮੈਂਬਰ

**ਗੁਹਾਟੀ:** ਪ੍ਰਧਾਨ ਮੰਤਰੀ ਮਨਮੋਹਨ ਸਿੰਘ ਲਗਾਤਾਰ ਪੰਜਵੀਂ ਵਾਰ ਰਾਜ ਸਭਾ ਦੇ ਮੈਂਬਰ ਬਣ ਗਏ ਹਨ। ਕਾਂਗਰਸ ਨੇ ਆਸਾਮ ਵਾਲੀਆਂ ਦੋਵੇਂ ਰਾਜ ਸਭਾ ਸੀਟਾਂ ਉਤੇ ਜਿੱਤ ਹਾਸਲ ਕਰ ਲਈ ਹੈ। ਡਾ. ਮਨਮੋਹਨ ਸਿੰਘ ਨੂੰ ਪਹਿਲੀ ਪਸੰਦ ਵਾਲੀਆਂ 49 ਵੋਟਾਂ ਮਿਲੀਆਂ। ਕਾਂਗਰਸ ਦੇ ਦੂਜੇ ਉਮੀਦਵਾਰ ਨੂੰ ਪਹਿਲੀ ਪਸੰਦ ਵਾਲੀਆਂ 42 ਵੋਟਾਂ ਹਾਸਲ ਹੋਈਆਂ। ਆਸਾਮ ਤੋਂ ਕੁੱਲ ਸੱਤ ਰਾਜ ਸਭਾ ਮੈਂਬਰਾਂ ਵਿਚੋਂ ਪੰਜ ਮੈਂਬਰ ਕਾਂਗਰਸ ਦੇ ਹੋ ਗਏ ਹਨ।

## ਨਕਸਲੀ ਹਮਲੇ ਪਿੱਛੇ ਕਾਂਗਰਸੀ ਆਗੂਆਂ ਦਾ ਹੱਥ!

**ਨਵੀਂ ਦਿੱਲੀ:** ਕੌਮੀ ਜਾਂਚ ਏਜੰਸੀ ਐਨਆਈਏ ਨੇ ਕਿਹਾ ਕਿ ਛੱਤੀਸਗੜ੍ਹ ਵਿਚ 25 ਮਈ ਨੂੰ ਹੋਏ ਨਕਸਲੀਆਂ ਦੇ ਹਮਲੇ ਤੋਂ ਪਹਿਲਾਂ ਕਾਂਗਰਸੀ ਨੇਤਾਵਾਂ ਦੇ ਕਾਫ਼ਲੇ ਦੇ ਰਸਤੇ ਵਿਚ ਤਬਦੀਲੀ ਸਬੰਧੀ ਨਕਸਲੀਆਂ ਨੂੰ ਜਾਣਕਾਰੀ ਸੂਬੇ ਦੇ ਚਾਰ ਕਾਂਗਰਸੀ ਨੇਤਾਵਾਂ ਨੇ ਹੀ ਮੁਹੱਈਆ ਕੀਤੀ ਸੀ। ਐਨਆਈਏ ਨੇ ਟੈਲੀਫੋਨ ਕਾਲ ਦੇ ਵੇਰਵਿਆਂ ਦੇ ਆਧਾਰ 'ਤੇ ਆਪਣੀ ਮੁੱਢਲੀ ਰਿਪੋਰਟ ਵਿਚ ਉਪਰੋਕਤ ਖੁਲਾਸਾ ਕੀਤਾ ਹੈ ਪਰ ਏਜੰਸੀ ਨੇ ਕਾਫ਼ਲੇ ਦੇ ਕਿਸੇ ਵੀ ਨੇਤਾ ਦੇ ਹਮਲੇ ਦੀ ਸਾਜ਼ਿਸ਼ ਵਿਚ ਸ਼ਾਮਲ ਹੋਣ ਬਾਰੇ ਕੋਈ ਸਪੱਸ਼ਟ ਵੇਰਵਾ ਨਹੀਂ ਦਿੱਤਾ। ਐਨਆਈਏ ਦੇ ਸੂਤਰਾਂ ਨੇ ਦੱਸਿਆ ਕਿ ਮੁੱਢਲੀ ਜਾਂਚ ਵਿਚ ਹੀ ਨਕਸਲੀਆਂ ਵੱਲੋਂ ਸੂਬਾ ਕਾਂਗਰਸ ਪ੍ਰਧਾਨ ਨੰਦ ਕੁਮਾਰ ਪਟੇਲ ਤੇ ਉਨ੍ਹਾਂ ਦੇ ਪੁੱਤਰ ਨੂੰ ਨਿਸ਼ਾਨਾ ਬਣਾ ਕੇ ਉਨ੍ਹਾਂ ਦੀ ਹੱਤਿਆ ਕਰਨ ਦੀ ਘਟਨਾ ਨੇ ਇਸ ਮਾਮਲੇ ਵਿਚ ਸਾਜ਼ਿਸ਼ ਰਚੇ ਜਾਣ ਦੇ ਸ਼ੱਕ ਨੂੰ ਹੋਰ ਪੱਕਾ ਕਰ ਦਿੱਤਾ ਹੈ। ਇਸ ਘਟਨਾ ਦੇ ਤੁਰੰਤ ਪਿੱਛੋਂ ਇਸ ਵਿਚ ਰਾਜਨੀਤਕ ਸਾਜ਼ਿਸ਼ ਦੇ ਸ਼ੱਕ ਦੇ ਕਾਰਨ ਇਹ ਮਾਮਲਾ ਐਨਆਈਏ ਨੂੰ ਸੌਂਪ ਦਿੱਤਾ ਗਿਆ।

ਐਨਆਈ.ਏ ਮਜ਼ਬੂਤ ਸਬੂਤ ਦੇ ਆਧਾਰ 'ਤੇ ਇਸ ਮਾਮਲੇ ਵਿਚ ਕਈ ਸਾਜ਼ਿਸ਼ਾਂ ਦੇ ਖੁਲਾਸਿਆਂ ਦੀ ਤਿਆਰ ਕੀਤੀ ਗਈ ਰਿਪੋਰਟ ਛੇਤੀ ਹੀ ਗ੍ਰਹਿ ਮੰਤਰਾਲੇ ਨੂੰ ਸੌਂਪ ਦੇਵੇਗਾ। ਉਨ੍ਹਾਂ ਦੱਸਿਆ ਕਿ ਨਕਸਲੀਆਂ ਨੂੰ ਕੇਵਲ ਨੇਤਾਵਾਂ ਦੇ ਰਸਤੇ ਵਿਚ ਕੀਤੀ ਗਈ ਤਬਦੀਲੀ ਬਾਰੇ ਹੀ ਜਾਣਕਾਰੀ ਨਹੀਂ ਸੀ, ਸਗੋਂ ਉਨ੍ਹਾਂ ਦੀ ਸੁਰੱਖਿਆ ਲਈ ਤਾਇਨਾਤ ਪੁਲਿਸ ਕਰਮਚਾਰੀਆਂ ਦੇ ਹਥਿਆਰਾਂ ਬਾਰੇ ਵੀ ਪਤਾ ਸੀ।

## ਮਨਮੋਹਨ ਵੱਲੋਂ ਵਜਾਰਤ 'ਚ ਫੇਰਬਦਲ ਦੀ ਤਿਆਰੀ

**ਨਵੀਂ ਦਿੱਲੀ:** ਕੇਂਦਰੀ ਮੰਤਰੀ ਮੰਡਲ ਦਾ ਵਿਸਥਾਰ ਤੇ ਫੇਰਬਦਲ ਅਗਲੇ 15 ਦਿਨਾਂ ਵਿਚ ਹੋ ਸਕਦਾ ਹੈ। ਸੂਤਰਾਂ ਦਾ ਕਹਿਣਾ ਹੈ ਕਿ ਇਸ ਹਫਤੇ ਮੰਤਰੀ ਮੰਡਲ ਦਾ ਵਿਸਥਾਰ ਤੇ ਇਸ ਵਿਚ ਲੋੜੀਂਦਾ ਫੇਰਬਦਲ ਹੋ ਸਕਦਾ ਹੈ। ਯੂਪੀਏ-2 ਸਰਕਾਰ ਵਿਚ ਇਹ ਆਖਰੀ ਹਿਲਜੁੱਲ ਹੋਵੇਗੀ ਕਿਉਂਕਿ ਲੋਕ ਸਭਾ ਚੋਣਾਂ ਵਿਚ ਸਾਲ ਤੋਂ ਵੀ ਘੱਟ ਸਮਾਂ ਰਹਿ ਗਿਆ ਹੈ। ਡਾ. ਮਨਮੋਹਨ ਸਿੰਘ ਨੇ ਸੰਕੇਤ ਦਿੱਤਾ ਹੈ ਕਿ ਖਾਲੀ ਥਾਵਾਂ ਭਰਨ ਲਈ ਮੰਤਰੀ ਮੰਡਲ ਵਿਚ ਫੇਰਬਦਲ ਜਲਦੀ ਹੋ ਸਕਦਾ ਹੈ।

ਜਪਾਨ ਤੇ ਥਾਈਲੈਂਡ ਤੋਂ ਵਾਪਸ ਆਉਂਦਿਆਂ ਉਨ੍ਹਾਂ ਕਿਹਾ ਕਿ ਕੁਝ ਥਾਵਾਂ ਖਾਲੀ ਪਈਆਂ ਹਨ। ਉਨ੍ਹਾਂ ਨੂੰ ਭਰਨ ਦਾ ਵਿਚਾਰ ਕੀਤਾ ਜਾ ਰਿਹਾ ਹੈ। ਜ਼ਿਕਰਯੋਗ ਹੈ ਕਿ ਪਵਨ ਕੁਮਾਰ ਬਾਂਸਲ ਦੇ ਭਤੀਜੇ ਦੇ ਰਿਸ਼ਵਤ ਕਾਂਡ ਵਿਚ ਫਸਣ ਮਗਰੋਂ ਉਨ੍ਹਾਂ ਨੇ ਮਈ ਦੇ ਸ਼ੁਰੂ ਵਿਚ ਰੇਲ ਮੰਤਰੀ ਦੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਸੀ ਤੇ ਕੋਲਾ ਘੁਟਾਲੇ ਬਾਰੇ ਸੀਬੀਆਈ ਦੀ ਜਾਂਚ ਰਿਪੋਰਟ ਦੇਖਣ ਦੇ ਮਾਮਲੇ ਦਚ ਕਾਨੂੰਨ ਮੰਤਰੀ ਅਸ਼ਵਨੀ ਕੁਮਾਰ ਨੂੰ ਵੀ ਜਾਣਾ ਪਿਆ ਸੀ। ਰੇਲਵੇ ਮੰਤਰਾਲੇ ਦਾ ਸੜਕਾਂ ਤੇ ਹਾਈਵੇਜ਼ ਮੰਤਰਾਲੇ ਦੇ ਮੰਤਰੀ ਸੀਪੀ ਜੋਸ਼ੀ ਨੂੰ ਵਧੀਕ ਚਾਰਜ ਦਿੱਤਾ ਗਿਆ ਸੀ ਤੇ ਕਾਨੂੰਨ ਮੰਤਰਾਲਾ ਟੈਲੀਕਾਮ ਮੰਤਰੀ ਕਪਿਲ ਸਿੱਬਲ ਨੂੰ ਸੌਂਪਿਆ ਗਿਆ ਸੀ।

ਯੂ ਪੀ ਏ ਸਰਕਾਰ ਤੋਂ ਹਮਾਇਤ ਵਾਪਸ ਲੈ ਗਈਆਂ ਡੀ ਐਮ ਕੇ ਤੇ ਟੀ ਐਮ ਸੀ ਵੱਲੋਂ ਖਾਲੀ ਕੀਤੀਆਂ ਸੀਟਾਂ ਵੀ ਹਾਲੇ ਭਰੀਆਂ ਜਾਣੀਆਂ ਬਾਕੀ ਹਨ। ਡੀ ਐਮ ਕੇ ਦੇ 5 ਮੰਤਰੀ ਇਸ ਸਾਲ 20 ਮਾਰਚ ਨੂੰ ਅਸਤੀਫਾ ਦੇ ਗਏ ਸਨ ਜਿਸ ਮਗਰੋਂ ਕੇਂਦਰੀ ਮੰਤਰੀ ਮੰਡਲ ਵਿਚ ਕੋਈ ਵਿਸਥਾਰ ਜਾਂ ਫੇਰਬਦਲ ਨਹੀਂ ਹੋਇਆ। ਉਹ ਵਿੱਤ, ਵਣਜ ਤੇ ਸਨਅਤਾਂ, ਸਿਹਤ ਤੇ ਪਰਿਵਾਰ ਭਲਾਈ ਤੇ ਸਮਾਜਿਕ ਨਿਆਂ ਵਿਭਾਗਾਂ ਦੇ ਰਾਜ ਮੰਤਰੀ ਸਨ।

## ਅਦਾਕਾਰਾ ਜੀਆ ਖ਼ਾਨ ਵੱਲੋਂ ਖੁਦਕੁਸ਼ੀ

**ਮੁੰਬਈ:** 'ਨਿਸ਼ਬਦ' ਤੇ 'ਗਜਨੀ' ਵਰਗੀਆਂ ਫਿਲਮਾਂ ਵਿਚ ਯਾਦਗਾਰੀ ਕਿਰਦਾਰ ਨਿਭਾਉਣ ਵਾਲੀ ਬਾਲੀਵੁੱਡ ਅਦਾਕਾਰਾ ਨਫੀਸਾ ਖ਼ਾਨ ਉਰਫ਼ ਜੀਆ ਖ਼ਾਨ ਨੇ ਆਪਣੇ ਫਲੈਟ ਵਿਚ ਫਾਹਾ ਲੈ ਕੇ ਖੁਦਕੁਸ਼ੀ ਕਰ ਲਈ। ਉਹ 25 ਵਰ੍ਹਿਆਂ ਦੀ ਸੀ। ਪੁਲਿਸ ਨੇ ਇਸ ਬਾਰੇ ਘਰੇਲੂ ਨੌਕਰਾਂ ਤੋਂ ਇਲਾਵਾ



ਅਦਾਕਾਰ ਜੋੜੇ ਅਦਿੱਤਿਆ ਪੰਚੋਲੀ ਤੇ ਜ਼ਰੀਨਾ ਵਹਾਬ ਦੇ ਪੁੱਤਰ ਸੂਰਜ ਪੰਚੋਲੀ ਤੋਂ ਪੁੱਛਗਿੱਛ ਕੀਤੀ ਹੈ ਜਿਸ ਨੂੰ ਉਸ ਨੇ ਆਖਰੀ ਫੋਨ ਕੀਤਾ ਸੀ।

ਅੱਜਕੱਲ੍ਹ ਫਿਲਮਾਂ ਨਾ ਮਿਲਣ ਕਾਰਨ ਨਿਰਾਸ਼ ਬਰਤਾਨੀਆ ਵਿਚ ਜਨਮੀ ਜੀਆ ਦੇ ਖੁਦਕੁਸ਼ੀ ਦੇ ਕਾਰਨਾਂ ਦਾ ਪਤਾ ਨਹੀਂ ਲੱਗ ਸਕਿਆ। ਉਸ ਦੀ ਲਾਸ਼ ਸਭ ਤੋਂ ਪਹਿਲਾਂ ਉਸ ਦੀ ਮਾਂ ਰਜ਼ੀਆ ਖ਼ਾਨ ਨੇ ਲਟਕਦੀ ਦੇਖੀ ਤੇ ਉਸ ਨੂੰ ਹਸਪਤਾਲ ਲਿਜਾਇਆ ਗਿਆ। ਜੀਆ 2007 ਵਿਚ ਰਾਮ ਗੋਪਾਲ ਵਰਮਾ ਦੀ ਫਿਲਮ 'ਨਿਸ਼ਬਦ' ਤੋਂ ਸੁਰਖੀਆਂ ਵਿਚ ਆਈ ਸੀ ਜਦੋਂ ਉਸ ਨੇ ਆਪਣੇ ਪਿਉ ਦੀ ਉਮਰ ਦੇ ਵਿਅਕਤੀ ਦੇ ਪਿਆਰ ਵਿਚ ਫਸੀ ਅੱਲ੍ਹੜ ਕੁੜੀ ਦਾ ਕਿਰਦਾਰ ਨਿਭਾਇਆ ਸੀ ਤੇ ਵਡੇਰੀ ਉਮਰ ਦੇ ਵਿਅਕਤੀ ਦੇ ਕਿਰਦਾਰ ਵਿਚ ਅਮਿਤਾਭ ਬੱਚਨ ਸੀ। ਅੱਜ-ਕੱਲ੍ਹ ਉਹ ਫਿਲਮਾਂ ਨਾ ਮਿਲਣ ਕਾਰਨ ਨਿਰਾਸ਼ ਸੀ ਤੇ ਇੰਟੀਰੀਅਰ ਡਿਜ਼ਾਈਨਿੰਗ ਵਿਚ ਹੱਥ ਅਜ਼ਮਾਉਣ ਉਤੇ ਵਿਚਾਰ ਕਰ ਰਹੀ ਸੀ।


**Short Sale Specialist**

**Selling HUD homes anywhere in California**



**Sohanpreet (Sam) Chahal**
CA Lic. 01504071
**Realtor/Notary Public**
email:samchahal@hotmail.com

| Just Sold | Listing |
|---|---|
| 7 Derow Ct., Sacramento, CA 95833 **$40,000.00** | 2519 Tornado Way, Rancho Cordova, CA 95670 **$105,000** |
| 2625 Hayden Brook Ave., Stockton, CA 95212 **$141,500** | 4545 Valley Hi Dr., Sacramento, CA 95823 **$140,000** |
| | 2430 Yreka Ave, Sacramento, CA 95822 **$63,000** |

*Call: Sohanpreet 'Sam' Chahal*
**@916-612-5773**
visit: www.hudhomestore.com
Serving from Bay Area to Sacramento

**Multi-Million Dollars Producer-2007, 2008 & 2009**

ਜੇਕਰ ਤੁਸੀਂ ਪਹਿਲੀ ਵਾਰ ਘਰ ਖਰੀਦ ਰਹੇ ਹੋ ਜਾਂ ਫਿਰ ਵੱਡਾ ਘਰ ਅਪਗਰੇਡ ਕਰ ਰਹੇ ਹੋ, ਜਾਂ ਤੁਸੀਂ ਇਨਵੈਸਟਮੈਂਟ ਪ੍ਰਾਪਰਟੀ ਲੈਣਾ ਚਾਹੁੰਦੇ ਹੋ ਤਾਂ ਅੱਜ ਹੀ ਕਾਲ ਕਰੋ

**Golden State Realty**

Sacramento Office: 9912 Kapalua Ln., Elk Grove, CA 95624
Tel: 916-612-5773 Fax: 916-689-5707





**Punjab Times**
**Established in 2000**
**13th Year in Publication**
Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@sbcglobal.net
www.punjabtimesusa.com
**Editor:**
Amolak Singh Jammu
**Astt. Editors:**
Jaspreet Kaur
Kuljeet Singh
**Graphics:**
Mandeep Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Bay Area**
Charanjit Singh Pannu
408-608-4961

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 95 ਡਾਲਰ,**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਨਗਰ ਨਿਗਮ ਚੋਣਾਂ:ਹਰਿਆਣਾ 'ਚ ਕਾਂਗਰਸ ਦਾ ਦਬਦਬਾ ਬਰਕਰਾਰ

**ਚੰਡੀਗੜ੍ਹ:** ਹਰਿਆਣਾ ਦੇ ਸੱਤ ਨਗਰ ਨਿਗਮਾਂ ਦੀਆਂ ਚੋਣਾਂ ਵਿਚ ਜਿੱਤ ਦੇ ਦਾਅਵੇ ਕਰਨ ਵਾਲੀਆਂ ਦੋਵੇਂ ਪਾਰਟੀਆਂ ਭਾਰਤੀ ਜਨਤਾ ਪਾਰਟੀ ਤੇ ਇੰਡੀਅਨ ਨੈਸ਼ਨਲ ਲੋਕ ਦਲ ਦੀ ਕਿਸਮਤ ਨਹੀਂ ਚਮਕੀ ਤੇ ਹਾਕਮ ਧਿਰ ਕਾਂਗਰਸ ਦੀ ਹਮਾਇਤ ਪ੍ਰਾਪਤ ਆਜ਼ਾਦ ਉਮੀਦਵਾਰਾਂ ਨੇ ਦੋਵਾਂ ਨੂੰ ਪਛਾੜ ਦਿੱਤਾ ਹੈ। ਚੋਣ ਨਤੀਜਿਆਂ ਅਨੁਸਾਰ ਛੇ ਵਿਚ ਕਾਂਗਰਸ ਤੇ ਇਕ ਵਿਚ ਭਾਰਤੀ ਜਨਤਾ ਪਾਰਟੀ ਤੇ ਇੰਡੀਅਨ ਨੈਸ਼ਨਲ ਲੋਕ ਦਲ ਦਾ ਮੇਅਰ ਬਣਨ ਦੇ ਆਸਾਰ ਹਨ।

ਕੁੱਲ 144 ਵਾਰਡਾਂ 'ਚੋਂ ਭਾਜਪਾ ਨੂੰ 25, ਇਨੈਲੋ ਨੂੰ 16 ਸੀਟਾਂ 'ਤੇ ਜਿੱਤ ਹਾਸਲ ਹੋਈ ਹੈ। ਬਾਕੀ ਵਾਰਡਾਂ ਵਿਚ ਆਜ਼ਾਦ ਉਮੀਦਵਾਰ ਜਿੱਤੇ। ਆਜ਼ਾਦਾਂ ਵਿਚ ਹਰਿਆਣਾ ਜਨਹਿਤ ਕਾਂਗਰਸ ਦੀ ਹਮਾਇਤ ਪ੍ਰਾਪਤ ਤਿੰਨ ਉਮੀਦਵਾਰ ਹਿਸਾਰ ਵਿਚ ਜਿੱਤੇ ਹਨ। ਬਾਕੀ ਆਜ਼ਾਦਾਂ ਵਿਚ ਬਹੁਤੇ ਕਾਂਗਰਸ ਪਾਰਟੀ ਹਮਾਇਤੀ ਹਨ। ਨਗਰ ਨਿਗਮ ਚੋਣਾਂ ਵਿਚ ਭਾਰਤੀ ਜਨਤਾ ਪਾਰਟੀ ਦੇ ਮੁਕਾਬਲੇ ਇੰਡੀਅਨ ਨੈਸ਼ਨਲ ਲੋਕ ਦਲ ਦੀ ਹਾਲਤ ਬਿਹਤਰ ਰਹੀ ਹੈ ਕਿਉਂਕਿ ਭਾਜਪਾ ਨੂੰ ਸ਼ਹਿਰਾਂ ਦੀ ਤੇ ਲੋਕ ਦਲ ਨੂੰ ਪਿੰਡਾਂ ਦੀ ਪਾਰਟੀ ਕਿਹਾ ਜਾਂਦਾ ਹੈ।

ਇੰਡੀਅਨ ਨੈਸ਼ਨਲ ਲੋਕ ਦਲ ਨੇ ਸ਼ਹਿਰਾਂ ਦੇ 16 ਵਾਰਡਾਂ ਵਿਚ ਜਿੱਤ ਹਾਸਲ ਕਰ ਕੇ ਸ਼ਹਿਰਾਂ ਵੱਲ ਨੂੰ ਪੈਰ ਪਸਾਰਨ ਦੇ ਸੰਕੇਤ ਦਿੱਤੇ ਹਨ। ਇਹ ਹਰਿਆਣਾ ਦੀਆਂ ਅਗਲੀਆਂ ਚੋਣਾਂ ਤੇ ਰਾਜਨੀਤੀ ਲਈ ਕਾਫੀ ਅਹਿਮ ਹੈ। ਭਾਜਪਾ ਦਾ ਹਿਸਾਰ ਵਿਚ ਖਾਤਾ ਵੀ ਨਹੀਂ ਖੁੱਲ੍ਹ ਸਕਿਆ ਜਦੋਂਕਿ ਇਸ ਦੀ ਭਾਈਵਾਲ ਪਾਰਟੀ ਹਰਿਆਣਾ ਜਨਹਿਤ ਕਾਂਗਰਸ ਦੇ ਤਿੰਨ ਕੌਂਸਲਰ ਜਿੱਤ ਗਏ ਹਨ। ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਨੇ ਚੋਣ ਨਤੀਜਿਆਂ 'ਤੇ ਟਿੱਪਣੀ ਕਰਦਿਆਂ ਕਿਹਾ ਹੈ ਕਿ ਵਿਰੋਧੀ ਧਿਰ ਦੇ ਆਗੂ ਨਿਗਮ ਚੋਣਾਂ ਨੂੰ ਲੋਕ ਸਭਾ ਚੋਣਾਂ ਲਈ ਸੈਮੀ ਫਾਈਨਲ ਦੱਸ ਰਹੇ ਸਨ ਤੇ ਹੁਣ ਵਿਰੋਧੀ ਪਾਰਟੀਆਂ ਸੈਮੀ ਫਾਈਨਲ ਵਿਚ ਹਾਰ ਗਈਆਂ ਹਨ ਤੇ ਅਗਲਾ ਮੈਚ ਹੋਣ ਤੋਂ ਪਹਿਲਾਂ ਹੀ ਮੈਦਾਨ ਵਿਚੋਂ ਬਾਹਰ ਹੋ ਗਈਆਂ ਹਨ।

# ਮਨਮੋਹਨ ਵੱਲੋਂ ਵਜ਼ਾਰਤ 'ਚ ਫੇਰਬਦਲ ਦੀ ਤਿਆਰੀ

**ਨਵੀਂ ਦਿੱਲੀ:** ਕੇਂਦਰੀ ਮੰਤਰੀ ਮੰਡਲ ਦਾ ਵਿਸਥਾਰ ਤੇ ਫੇਰਬਦਲ ਅਗਲੇ 15 ਦਿਨਾਂ ਵਿਚ ਹੋ ਸਕਦਾ ਹੈ। ਸੂਤਰਾਂ ਦਾ ਕਹਿਣਾ ਹੈ ਕਿ ਇਸ ਹਫਤੇ ਮੰਤਰੀ ਮੰਡਲ ਦਾ ਵਿਸਥਾਰ ਤੇ ਇਸ ਵਿਚ ਲੋੜੀਂਦਾ ਫੇਰਬਦਲ ਹੋ ਸਕਦਾ ਹੈ।

ਯੂਪੀਏ-2 ਸਰਕਾਰ ਵਿਚ ਇਹ ਆਖਰੀ ਹਿਲਜੁਲ ਹੋਵੇਗੀ ਕਿਉਂਕਿ ਲੋਕ ਸਭਾ ਚੋਣਾਂ ਵਿਚ ਸਾਲ ਤੋਂ ਵੀ ਘੱਟ ਸਮਾਂ ਰਹਿ ਗਿਆ ਹੈ। ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਸੰਕੇਤ ਦਿੱਤਾ ਹੈ ਕਿ ਖਾਲੀ ਥਾਵਾਂ ਭਰਨ ਲਈ ਮੰਤਰੀ ਮੰਡਲ ਵਿਚ ਫੇਰਬਦਲ ਜਲਦੀ ਹੋ ਸਕਦਾ ਹੈ।

ਜਪਾਨ ਤੇ ਥਾਈਲੈਂਡ ਤੋਂ ਵਾਪਸ ਆਉਂਦਿਆਂ ਉਨ੍ਹਾਂ ਕਿਹਾ ਕਿ ਕੁਝ ਥਾਵਾਂ ਖਾਲੀ ਪਈਆਂ ਹਨ। ਉਨ੍ਹਾਂ ਨੂੰ ਭਰਨ ਦਾ ਵਿਚਾਰ ਕੀਤਾ ਜਾ ਰਿਹਾ ਹੈ। ਜ਼ਿਕਰਯੋਗ ਹੈ ਕਿ ਪਵਨ ਕੁਮਾਰ ਬਾਂਸਲ ਦੇ ਭਤੀਜੇ ਦੇ ਰਿਸ਼ਵਤ ਕਾਂਡ ਵਿਚ ਫਸਣ ਮਗਰੋਂ ਉਨ੍ਹਾਂ ਨੇ ਮਈ ਦੇ ਸ਼ੁਰੂ ਵਿਚ ਰੇਲ ਮੰਤਰੀ ਦੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਸੀ ਤੇ ਕੋਲਾ ਘੁਟਾਲੇ ਬਾਰੇ ਸੀਬੀਆਈ ਦੀ ਜਾਂਚ ਰਿਪੋਰਟ ਦੇਖਣ ਦੇ ਮਾਮਲੇ ਦਚ ਕਾਨੂੰਨ ਮੰਤਰੀ ਅਸ਼ਵਨੀ ਕੁਮਾਰ ਨੂੰ ਵੀ ਜਾਣਾ ਪਿਆ ਸੀ। ਰੇਲਵੇ ਮੰਤਰਾਲੇ ਦਾ ਸੜਕਾਂ ਤੇ ਹਾਈਵੇਜ਼ ਮੰਤਰਾਲੇ ਦੇ ਮੰਤਰੀ ਸੀਪੀ ਜੋਸ਼ੀ ਨੂੰ ਵਧੀਕ ਚਾਰਜ ਦਿੱਤਾ ਗਿਆ ਸੀ ਤੇ ਕਾਨੂੰਨ ਮੰਤਰਾਲਾ ਟੈਲੀਕਾਮ ਮੰਤਰੀ ਕਪਿਲ ਸਿੱਬਲ ਨੂੰ ਸੌਂਪਿਆ ਗਿਆ ਸੀ।

ਯੂ ਪੀ ਏ ਸਰਕਾਰ ਤੋਂ ਹਮਾਇਤ ਵਾਪਸ ਲੈ ਗਈਆਂ ਡੀ ਐਮ ਕੇ ਤੇ ਟੀ ਐਮ ਸੀ ਵੱਲੋਂ ਖਾਲੀ ਕੀਤੀਆਂ ਸੀਟਾਂ ਵੀ ਹਾਲੇ ਭਰੀਆਂ ਜਾਣੀਆਂ ਬਾਕੀ ਹਨ। ਡੀ ਐਮ ਕੇ ਦੇ 5 ਮੰਤਰੀ ਇਸ ਸਾਲ 20 ਮਾਰਚ ਨੂੰ ਅਸਤੀਫਾ ਦੇ ਗਏ ਸਨ ਜਿਸ ਮਗਰੋਂ ਕੇਂਦਰੀ ਮੰਤਰੀ ਮੰਡਲ ਵਿਚ ਕੋਈ ਵਿਸਥਾਰ ਜਾਂ ਫੇਰਬਦਲ ਨਹੀਂ ਹੋਇਆ। ਉਹ ਵਿੱਤ, ਵਣਜ ਤੇ ਸਨਅਤਾਂ, ਸਿਹਤ ਤੇ ਪਰਿਵਾਰ ਭਲਾਈ ਤੇ ਸਮਾਜਿਕ ਨਿਆਂ ਵਿਭਾਗਾਂ ਦੇ ਰਾਜ ਮੰਤਰੀ ਸਨ।

# ਸ਼ਹੀਦੀ ਯਾਦਗਾਰ 'ਤੇ ਫਿਰ ਭਖੀ ਸਿਆਸਤ

'ਚ ਲਾਈ ਘਤੀ ਜਿਸ 'ਚ ਸੰਤ ਭਿੰਡਰਾਂਵਾਲਿਆਂ ਦੀ ਤਸਵੀਰ ਸੀ, ਹਟਾ ਦਿੱਤੀ। ਇਸੇ ਤਰ੍ਹਾਂ ਯਾਦਗਾਰ ਵਿਚ ਸੰਤ ਭਿੰਡਰਾਂਵਾਲਿਆਂ ਦੇ ਨਾਂ ਵਾਲੀ ਰੱਖੀ ਗੋਲਕ ਵੀ ਹਟਾ ਦਿੱਤੀ ਗਈ ਤੇ ਟਕਸਾਲ ਨੂੰ ਯਾਦਗਾਰ ਵਿਖੇ ਅਖੰਡ ਪਾਠਾਂ ਦੀ ਬੁਕਿੰਗ ਬੰਦ ਕਰਨ ਲਈ ਆਦੇਸ਼ ਦਿੱਤੇ ਗਏ।

ਸ਼੍ਰੋਮਣੀ ਕਮੇਟੀ ਦਾ ਕਹਿਣਾ ਹੈ ਕਿ ਇਹ ਯਾਦਗਾਰ ਗੁਰਦੁਆਰੇ ਦੇ ਰੂਪ ਵਿਚ ਬਣਾਈ ਗਈ ਹੈ ਜੋ ਸਮੂਹ ਸ਼ਹੀਦਾਂ ਨੂੰ ਸਮਰਪਿਤ ਹੈ ਤੇ ਇਹ ਕਿਸੇ ਇਕ ਦੇ ਨਾਂ 'ਤੇ ਨਹੀਂ ਹੋਣੀ ਚਾਹੀਦੀ। ਇਸ ਲਈ ਸ਼ਹੀਦੀ ਯਾਦਗਾਰ ਦੇ ਬਾਹਰ ਉਕਰਿਆ ਨਾਂ, ਇਸ ਸਬੰਧੀ ਲਾਇਆ ਗਿਆ ਇਤਿਹਾਸ ਬੋਰਡ ਆਦਿ ਹਟਾਏ ਜਾਣੇ ਚਾਹੀਦੇ ਹਨ। ਦੂਜੇ ਪਾਸੇ ਟਕਸਾਲ ਨੇ ਇਸ ਦਾ ਸਖ਼ਤ ਵਿਰੋਧ ਕੀਤਾ। ਸਿੱਟੇ ਵਜੋਂ ਦੋਵਾਂ ਸਿੱਖ ਸੰਸਥਾਵਾਂ ਵਿਚ ਆਪਸੀ ਵਿਰੋਧ ਲਗਾਤਾਰ ਵਧਦਾ ਗਿਆ ਤੇ ਦੂਰੀਆਂ ਵਧ ਗਈਆਂ ਹਨ। ਇਸ ਵੇਲੇ ਇਹ ਮਾਮਲਾ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੇ ਵਿਚਾਰ ਅਧੀਨ ਹੈ।

ਇਸ ਬਾਰੇ ਸਿੱਖ ਯੂਥ ਫੈਡਰੇਸ਼ਨ-ਭਿੰਡਰਾਂਵਾਲਾ ਦਾ ਕਹਿਣਾ ਹੈ ਕਿ ਸ਼੍ਰੋਮਣੀ ਕਮੇਟੀ ਤੇ ਅਕਾਲ ਤਖ਼ਤ ਨੇ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਨੂੰ ਸ਼ਹੀਦ ਐਲਾਨਿਆ ਹੋਇਆ ਹੈ। ਉਨ੍ਹਾਂ ਦੀ ਤਸਵੀਰ ਕੇਂਦਰੀ ਸਿੱਖ ਅਜਾਇਬਘਰ ਵਿਚ ਇਸ ਆਧਾਰ 'ਤੇ ਹੀ ਲਾਈ ਗਈ ਹੈ। ਯਾਦਗਾਰ ਦਾ ਨਾਂ ਸੰਤ ਭਿੰਡਰਾਂਵਾਲਾ ਦੇ ਨਾਂ 'ਤੇ ਹੀ ਰਹਿਣਾ ਚਾਹੀਦਾ ਹੈ।

ਇਸ ਦੌਰਾਨ ਖਾਲੜਾ ਮਿਸ਼ਨ ਤੇ ਪੰਜਾਬ ਮਨੁੱਖੀ ਅਧਿਕਾਰ ਸੰਗਠਨ ਦੇ ਆਗੂਆਂ ਨੇ ਵੀ ਅਕਾਲ ਤਖ਼ਤ ਦੇ ਜਥੇਦਾਰ ਨੂੰ ਅਪੀਲ ਕੀਤੀ ਹੈ ਕਿ ਯਾਦਗਾਰ ਦੇ ਨਾਂ ਨਾਲ ਕੋਈ ਛੇੜਛਾੜ ਨਾ ਕੀਤੀ ਜਾਵੇ। ਉਨ੍ਹਾਂ ਅਪੀਲ ਕੀਤੀ ਕਿ ਅਕਾਲ ਤਖ਼ਤ ਤੋਂ ਹੁਕਮਨਾਮਾ ਜਾਰੀ ਕਰ ਕੇ ਸਰਕਾਰ ਨੂੰ ਆਦੇਸ਼ ਦਿੱਤਾ ਜਾਵੇ ਕਿ ਛੇ ਜੂਨ ਨੂੰ ਸਾਕਾ ਨੀਲਾ ਤਾਰਾ ਦੀ ਬਰਸੀ ਮੌਕੇ ਅਤੇ ਪਹਿਲੀ ਨਵੰਬਰ ਨੂੰ ਸਿੱਖ ਨਸਲਕੁਸ਼ੀ ਸਬੰਧੀ ਪੰਜਾਬ ਵਿਧਾਨ ਸਭਾ ਵਿਚ ਝੰਡਾ ਨੀਵਾਂ ਕਰ ਕੇ ਦੁੱਖ ਦਾ ਪ੍ਰਗਟਾਵਾ ਕੀਤਾ ਜਾਵੇ ਅਤੇ ਝੂਠੇ ਪੁਲਿਸ ਮੁਕਾਬਲਿਆਂ ਲਈ ਜ਼ਿੰਮੇਵਾਰ ਪੁਲਿਸ ਅਧਿਕਾਰੀਆਂ ਨੂੰ ਦਿੱਤੀਆਂ ਤਰੱਕੀਆਂ ਵਾਪਸ ਲਈਆਂ ਜਾਣ।

# ਭਾਰਤ ਦੀ ਵਿਕਾਸ ਦਰ ਨੂੰ ਜ਼ਬਰਦਸਤ ਝਟਕਾ

**ਨਵੀਂ ਦਿੱਲੀ:** ਖੇਤੀਬਾੜੀ, ਪੈਦਾਵਾਰੀ ਤੇ ਖਣਨ ਸੈਕਟਰਾਂ ਦੀ ਮਾੜੀ ਕਾਰਗੁਜ਼ਾਰੀ ਨੇ ਸਾਲ 2012-13 ਦੌਰਾਨ ਦੇਸ਼ ਦੀ ਵਿਕਾਸ ਦਰ ਨੂੰ ਪੰਜ ਫੀਸਦੀ 'ਤੇ ਲੈ ਆਂਦਾ ਹੈ ਜਿਹੜੀ ਪਿਛਲੇ ਇਕ ਦਹਾਕੇ ਦੌਰਾਨ ਸਭ ਤੋਂ ਘੱਟ ਹੈ। ਹਾਲਾਂਕਿ ਉਮੀਦ ਜ਼ਾਹਰ ਕੀਤੀ ਜਾ ਰਹੀ ਹੈ ਕਿ ਭਾਰਤੀ ਰਿਜ਼ਰਵ ਬੈਂਕ ਵੱਲੋਂ ਅਰਥਚਾਰੇ ਨੂੰ ਹੁਲਾਰਾ ਦੇਣ ਲਈ ਬੈਂਕ ਵਿਆਜ ਦਰਾਂ ਘਟਾਈਆਂ ਜਾਣਗੀਆਂ। ਬੀਤੀ 31 ਮਾਰਚ ਨੂੰ ਖ਼ਤਮ ਹੋਏ ਮਾਲੀ ਸਾਲ ਦੀ ਆਖਰੀ ਤਿਮਾਹੀ ਦੌਰਾਨ ਇਹ ਦਰ 4.8 ਫੀਸਦੀ ਰਹੀ ਜੋ ਇਸ ਤੋਂ ਪਿਛਲੇ ਤਿਮਾਹੀ ਵਿਚ ਹੋਰ ਵੀ ਘੱਟ ਭਾਵ 4.7 ਫੀਸਦੀ ਸੀ। ਉਂਜ, ਕੇਂਦਰੀ ਵਿੱਤ ਮੰਤਰੀ ਪੀ. ਚਿਦੰਬਰਮ ਨੇ ਵਿਕਾਸ ਅੰਕੜਿਆਂ ਨੂੰ ਉਮੀਦ ਮੁਤਾਬਕ ਹੀ ਦੱਸਿਆ ਹੈ।

ਮਾਲੀ ਸਾਲ 2012-13 ਦੇ ਰਾਜਕੋਸ਼ੀ ਘਾਟੇ ਵਿਚ ਕਮੀ ਆਉਣ ਉਤੇ ਤਸੱਲੀ ਜ਼ਾਹਿਰ ਕਰਦਿਆਂ ਚਿਦੰਬਰਮ ਨੇ ਕਿਹਾ ਕਿ ਸਰਕਾਰ ਵੱਲੋਂ ਮਾਲੀਆ ਵਧਾਉਣ ਉਤੇ ਧਿਆਨ ਦਿੱਤਾ ਜਾਵੇਗਾ ਤਾਂ ਕਿ ਚਾਲੂ ਮਾਲੀ ਸਾਲ ਦੌਰਾਨ ਘਾਟੇ ਦੀ ਦਰ ਨੂੰ ਕੁੱਲ ਘਰੇਲੂ ਪੈਦਾਵਾਰ ਦੇ 4.8 ਫੀਸਦੀ ਤੱਕ ਲਿਆਂਦਾ ਜਾ ਸਕੇ। ਉਨ੍ਹਾਂ ਕਿਹਾ ਕਿ ਉਹ ਖਰਚਿਆਂ ਨੂੰ ਜਬਰੀ ਘਟਾਉਣਾ ਨਹੀਂ ਚਾਹੁੰਦੇ। ਇਸ ਕਾਰਨ ਮਾਲੀਆ ਵਧਾਉਣਾ ਪਵੇਗਾ।

ਉਨ੍ਹਾਂ ਰਾਜਕੋਸ਼ੀ ਘਾਟੇ ਦੇ ਸੋਧੇ ਹੋਏ ਅੰਕੜੇ 5.2 ਫੀਸਦੀ ਤੋਂ ਵੀ ਘਟ ਕੇ 4.9 ਫੀਸਦੀ ਰਹਿਣ ਦਾ ਸਿਹਰਾ ਟੈਕਸ ਦੀ ਵਾਧੂ ਵਸੂਲੀ ਤੇ ਖਰਚਿਆਂ ਵਿਚ ਕਟੌਤੀ ਦੇ ਪ੍ਰਬੰਧਾਂ ਨੂੰ ਦਿੱਤਾ। ਉਨ੍ਹਾਂ ਕਿਹਾ ਕਿ ਕਈ ਮੰਤਰਾਲੇ ਸੋਧੇ ਹੋਏ ਅੰਕੜਿਆਂ ਮੁਤਾਬਕ ਮਿਲੇ ਪੈਸੇ ਖਰਚ ਨਹੀਂ ਸਕੇ। ਇਸੇ ਤਰ੍ਹਾਂ ਟੈਕਸਾਂ ਦੀ ਵਸੂਲੀ ਤੋਂ ਵੀ ਤਕਰੀਬਨ ਸੱਤ ਹਜ਼ਾਰ ਕਰੋੜ ਰੁਪਏ ਦਾ ਵਾਧੂ ਮਾਲੀਆ ਮਿਲਿਆ। ਇਸ ਸਦਕਾ ਇਹ (2012-13) ਵਿਚ ਘਟ ਕੇ 4.9 ਫੀਸਦੀ ਰਹਿ ਗਿਆ।

ਸੀਐਸਓ ਵੱਲੋਂ ਵਿਕਾਸ ਬਾਰੇ ਅੰਕੜੇ ਜਾਰੀ ਕੀਤੇ ਜਾਣ ਪਿੱਛੋਂ ਯੋਜਨਾ ਕਮਿਸ਼ਨ ਦੇ ਡਿਪਟੀ ਚੇਅਰਮੈਨ ਮੌਂਟੇਕ ਸਿੰਘ ਆਹਲੂਵਾਲੀਆ ਨੇ ਕਿਹਾ ਕਿ ਅਰਥਚਾਰਾ ਹੇਠਲਾ ਪੱਧਰ ਛੋਹ ਚੁੱਕਿਆ ਹੈ ਪਰ ਹਾਲੇ ਵੀ ਇਸ ਦੇ ਮਜ਼ਬੂਤੀ ਨਾਲ ਉਭਰਨ ਬਾਰੇ ਕੁਝ ਨਹੀਂ ਕਿਹਾ ਜਾ ਸਕਦਾ। ਜਦੋਂ ਪਿਛਲੀ ਤਿਮਾਹੀ ਦੀ ਵਿਕਾਸ ਦਰ ਘਟ ਕੇ 4.8 ਫੀਸਦੀ ਉਤੇ ਆ ਗਈ ਹੋਵੇ ਤਾਂ ਇਸ ਨੂੰ ਛੇ ਫੀਸਦੀ ਉਤੇ ਲਿਆਉਣਾ ਚੁਣੌਤੀਪੂਰਨ ਹੋਵੇਗਾ। ਭਾਰਤ ਦੀ ਵਿਕਾਸ ਦਰ ਮਾਲੀ ਸਾਲ 2011-12 ਦੌਰਾਨ 6.2 ਫੀਸਦੀ ਰਹੀ ਸੀ। ਅੰਕੜਿਆਂ ਮੁਤਾਬਕ ਪਿਛਲੇ ਸਾਲ 2012-13 ਦੀ ਪਹਿਲੀ, ਦੂਜੀ ਤੇ ਤੀਜੀ ਤਿਮਾਹੀ ਦੌਰਾਨ ਇਹ ਤਰਤੀਬਵਾਰ 5.4 ਫੀਸਦੀ, 5.2 ਤੇ 4.7 ਫੀਸਦੀ ਤੇ ਆਖਰੀ ਤਿਮਾਹੀ ਵਿਚ 4.8 ਫੀਸਦੀ ਰਹੀ ਸੀ।

# ਸ਼੍ਰੋਮਣੀ ਕਮੇਟੀ ਨੇ ਮੁੜ ਵਿੱਢੀ ਹਰਜਾਨੇ ਦੀ ਲੜਾਈ

ਵਰ੍ਹੇ ਅਕਤੂਬਰ ਮਹੀਨੇ ਤੈਅ ਕੀਤੀ ਹੈ। ਉਨ੍ਹਾਂ ਦੱਸਿਆ ਕਿ ਅਦਾਲਤ ਨੇ ਇਸ ਬਾਰੇ ਕੇਂਦਰ ਸਰਕਾਰ ਤੇ ਪੰਜਾਬ ਸਰਕਾਰ ਨੂੰ ਨੋਟਿਸ ਵੀ ਜਾਰੀ ਕੀਤੇ ਹਨ। ਸ਼੍ਰੋਮਣੀ ਕਮੇਟੀ ਇਸ ਮਾਮਲੇ ਵਿਚ ਨਿਆਂ ਪ੍ਰਾਪਤੀ ਲਈ ਆਖਰੀ ਦਮ ਤਕ ਲੜੇਗੀ ਤੇ ਲੋੜ ਪਈ ਤਾਂ ਸੁਪਰੀਮ ਕੋਰਟ 'ਚ ਵੀ ਜਾਵੇਗੀ। ਇਸ ਕੇਸ ਦੀ ਪੈਰਵਾਈ ਦਿੱਲੀ ਦੇ ਵਕੀਲ ਏ. ਪੀ. ਐਸ. ਆਹਲੂਵਾਲੀਆ ਨੂੰ ਸੌਂਪੀ ਗਈ ਹੈ।

ਇਸ ਤੋਂ ਪਹਿਲਾਂ ਇਸੇ ਵਰ੍ਹੇ ਮਾਰਚ ਮਹੀਨੇ ਵਿਚ ਸ਼੍ਰੋਮਣੀ ਕਮੇਟੀ ਨੇ ਦਿੱਲੀ ਹਾਈ ਕੋਰਟ ਵਿਚ ਹਲਫੀਆ ਬਿਆਨ ਦਾਇਰ ਕਰ ਕੇ ਇਹ ਕੇਸ ਵਾਪਸ ਲੈਣ ਦਾ ਫੈਸਲਾ ਕਰ ਲਿਆ ਸੀ, ਪਰ ਮਗਰੋਂ ਮੁੜ ਵਿਚਾਰ ਕਰਦਿਆਂ ਕਮੇਟੀ ਨੇ ਸਿੱਖ ਵਕੀਲਾਂ ਦਾ ਪੈਨਲ ਬਣਾਇਆ ਜਿਸ ਨੇ ਸਮੁੱਚੀ ਹਾਲਤ ਦੀ ਸਮੀਖਿਆ ਕਰਨ ਮਗਰੋਂ ਸ਼੍ਰੋਮਣੀ ਕਮੇਟੀ ਨੂੰ ਇਹ ਕੇਸ ਲੜਨ ਦੀ ਸਿਫਾਰਸ਼ ਕੀਤੀ ਜਿਸ ਦੇ ਆਧਾਰ 'ਤੇ ਸ਼੍ਰੋਮਣੀ ਕਮੇਟੀ ਨੇ ਇਕ ਹਜ਼ਾਰ ਕਰੋੜ ਰੁਪਏ ਦੇ ਹਰਜਾਨੇ ਸਬੰਧੀ ਕੇਸ ਵਿਚ ਦਸ ਕਰੋੜ ਰੁਪਏ ਦੀ ਅਗਾਊਂ ਅਦਾਲਤੀ ਫੀਸ ਜਮ੍ਹਾਂ ਕਰਾਈ ਹੈ।

ਜ਼ਿਕਰਯੋਗ ਹੈ ਕਿ ਇਸ ਹਰਜਾਨੇ ਸਬੰਧੀ ਕੇਸ ਸ਼੍ਰੋਮਣੀ ਕਮੇਟੀ ਦੇ ਮਰਹੂਮ ਪ੍ਰਧਾਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਵੱਲੋਂ 1985 ਵਿਚ ਅੰਮ੍ਰਿਤਸਰ ਦੀ ਅਦਾਲਤ ਵਿਚ ਦਾਇਰ ਕੀਤਾ ਗਿਆ ਸੀ ਜੋ ਮਗਰੋਂ ਦਿੱਲੀ ਹਾਈ ਕੋਰਟ ਵਿਚ ਤਬਦੀਲ ਹੋ ਗਿਆ। ਇਸ ਦਾਅਵੇ ਰਾਹੀਂ ਸ਼੍ਰੋਮਣੀ ਕਮੇਟੀ ਨੇ ਸਾਕਾ ਨੀਲਾ ਤਾਰਾ ਸਮੇਂ ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿਚ ਹੋਏ ਜਾਨੀ ਮਾਲੀ ਨੁਕਸਾਨ ਲਈ ਕੇਂਦਰ ਸਰਕਾਰ ਨੂੰ ਜ਼ਿੰਮੇਵਾਰ ਠਹਿਰਾਉਂਦਿਆਂ ਇਸ ਨੁਕਸਾਨ ਲਈ ਇਕ ਹਜ਼ਾਰ ਕਰੋੜ ਰੁਪਏ ਦੇ ਹਰਜਾਨੇ ਦੀ ਮੰਗ ਕੀਤੀ ਸੀ। ਲੰਮੇ ਸਮੇਂ ਮਗਰੋਂ ਇਸ ਮਾਮਲੇ ਵਿਚ ਹੁਣ ਦਿੱਲੀ ਦੀ ਅਦਾਲਤ ਨੇ ਜਨਵਰੀ ਮਹੀਨੇ ਵਿਚ ਸ਼੍ਰੋਮਣੀ ਕਮੇਟੀ ਨੂੰ ਹਦਾਇਤ ਕੀਤੀ ਸੀ ਕਿ ਉਹ ਆਪਣੇ ਹਰਜਾਨੇ ਸਬੰਧੀ ਦਾਅਵੇ ਬਾਰੇ ਲੋੜੀਂਦੀ ਅਦਾਲਤੀ ਫੀਸ ਅੱਠ ਹਫਤਿਆਂ ਵਿਚ 15 ਮਾਰਚ ਤਕ ਜਮ੍ਹਾਂ ਕਰਾਏ ਤਾਂ ਜੋ ਅਗਲੀ ਕਾਰਵਾਈ ਹੋ ਸਕੇ, ਪਰ ਸ਼੍ਰੋਮਣੀ ਕਮੇਟੀ ਵੱਲੋਂ ਤੈਅ ਸਮੇਂ ਵਿਚ ਅਦਾਲਤੀ ਫੀਸ ਜਮ੍ਹਾਂ ਨਹੀਂ ਕਰਾਈ ਗਈ ਸੀ; ਸਗੋਂ ਸ਼੍ਰੋਮਣੀ ਕਮੇਟੀ ਨੇ 10 ਕਰੋੜ ਰੁਪਏ ਦੀ ਅਦਾਲਤੀ ਫੀਸ ਅਜਾਈਂ ਜਾਣ ਦੇ ਡਰ ਕਾਰਨ ਇਹ ਕੇਸ ਵਾਪਸ ਲੈਣ ਲਈ ਫੈਸਲਾ ਕਰ ਲਿਆ ਸੀ ਪਰ ਇਸ ਮਾਮਲੇ ਵਿਚ ਸਿੱਖ ਕੌਮ ਦੀਆਂ ਭਾਵਨਾਵਾਂ ਨੂੰ ਦੇਖਦਿਆਂ ਸ਼੍ਰੋਮਣੀ ਕਮੇਟੀ ਨੇ ਆਪਣਾ ਫੈਸਲਾ ਬਦਲ ਲਿਆ।

## ਮੁਸ਼ੱਰਫ਼ 'ਤੇ ਚੱਲੇਗਾ ਦੇਸ਼ ਧਰੋਹ ਦਾ ਮੁਕੱਦਮਾ

**ਲਾਹੌਰ:** ਪਾਕਿਸਤਾਨ ਵਿਚ ਨਵਾਜ਼ ਸ਼ਰੀਫ ਦੀ ਅਗਵਾਈ ਵਾਲੀ ਸਰਕਾਰ ਸਾਬਕਾ ਫੌਜੀ ਸ਼ਾਸਕ ਪਰਵੇਜ਼ ਮੁਸ਼ੱਰਫ ਖ਼ਿਲਾਫ਼ ਦੇਸ਼ ਧਰੋਹ ਦੇ ਦੋਸ਼ਾਂ ਹੇਠ ਮੁਕੱਦਮਾ ਚਲਾਉਣ ਲਈ ਤਿਆਰ ਹੈ।

ਇਸ ਤੋਂ ਪਹਿਲਾਂ 11 ਮਈ ਨੂੰ ਦੇਸ਼ ਵਿਚ ਆਮ ਚੋਣਾਂ ਕਰਵਾਉਣ ਵਾਲੀ ਨਿਗਰਾਨ ਸਰਕਾਰ ਨੇ ਮੁਸ਼ੱਰਫ ਖ਼ਿਲਾਫ਼ ਕੇਸ ਚਲਾਉਣ ਤੋਂ ਨਾਂਹ ਕਰ ਦਿੱਤੀ ਸੀ। ਪਰ ਹੁਣ ਪੀ ਐਮ ਐਲ-ਐਨ ਨੇ ਸਾਬਕਾ ਫੌਜ ਮੁਖੀ ਖ਼ਿਲਾਫ਼ ਕੇਸ ਚਲਾਉਣ ਦਾ ਫੈਸਲਾ ਕੀਤਾ ਹੈ ਜਿਸ ਨੇ 1999 ਵਿਚ ਨਵਾਜ਼ ਸ਼ਰੀਫ ਦੀ ਅਗਵਾਈ ਵਾਲੀ ਸਰਕਾਰ ਦਾ ਤਖ਼ਤਾ ਪਲਟ ਦਿੱਤਾ ਸੀ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿੱਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਢਿੱਲੋਂ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਰਿੰਦਰ ਸਿੰਘ ਗਿੱਲ
ਹੈਪੀ ਹੀਰ
ਯਾਦਵਿੰਦਰ ਸਿੰਘ ਰਿੰਪੀ

# ਹੁਣ ਮਨੁੱਖ ਵਾਂਗ ਤੁਰੇਗਾ ਰੋਬੋਟ

**ਵਾਸ਼ਿੰਗਟਨ:** ਵਿਗਿਆਨੀਆਂ ਨੇ ਹੁਣ ਇਕ ਅਜਿਹਾ ਰੋਬੋਟ ਤਿਆਰ ਕੀਤਾ ਹੈ ਜੋ ਮਨੁੱਖ ਦੀ ਤਰ੍ਹਾਂ ਹੀ ਚੱਲ ਸਕੇਗਾ ਤੇ ਹੁਣ ਤਕ ਦੇ ਤਿਆਰ ਰੋਬੋਟ ਦੇ ਮੁਕਾਬਲੇ ਵਿਚ ਇਹ ਮਨੁੱਖ ਦੀ ਪੈਦਲ ਚਾਲ ਦੀ ਇਕ ਤਰ੍ਹਾਂ ਨਕਲ ਕਰੇਗਾ। ਰੋਬੋਟ ਦੀ ਤੁਰਨ ਸਮਰੱਥਾ ਸੀਮਤ ਹੋਣ ਕਰਕੇ ਵਿਗਿਆਨੀਆਂ ਲਈ ਇਹ ਸਭ ਤੋਂ ਵੱਡੀ ਚੁਣੌਤੀ ਸੀ। ਉਹ ਲੰਬੇ ਸਮੇਂ ਤੋਂ ਇਕ ਅਜਿਹਾ ਰੋਬੋਟ ਤਿਆਰ ਕਰਨ ਵਿਚ ਲੱਗੇ ਸਨ ਜੋ ਵਧੇਰੇ ਕੁਦਰਤੀ ਢੰਗ ਨਾਲ ਤੁਰ ਸਕੇ। ਹਿਊਮਨੋਇਡ ਰੋਬੋਟਿਕਸ ਇੰਸਟੀਚਿਊਟ (ਵਾਸੇਦਾ ਯੂਨੀਵਰਸਿਟੀ ਜਾਪਾਨ) ਨੇ ਇਸ ਨਵੇਂ ਬੋਰੋਟ ਵਾਬੀਅਨ ਦੋ ਆਰ (ਵਾਸੇਦਾ ਬਾਈਪੈਡਲ ਹਿਊਮਨੌਇਡ-ਨੰਬਰ 2 ਰੀਫਾਈਂਡ) ਦਾ ਨਾਂ ਦਿੱਤਾ ਹੈ। ਇਸ ਦਾ ਲੱਕ ਤੋਂ ਉਪਰਲਾ ਹਿੱਸਾ ਕਾਫੀ ਲਚਕਦਾਰ ਹੈ ਤੇ ਗੋਡੇ ਵੀ ਵਧੇਰੇ ਲਚਕੀਲੇ ਹਨ। ਵਾਬੀਅਨ-2 ਆਰ ਦੇ ਪੈਰਾਂ ਨੂੰ ਵੀ ਮਨੁੱਖ ਦੇ ਪੈਰਾਂ ਦੀ ਤਰ੍ਹਾਂ ਡਿਜ਼ਾਈਨ ਕੀਤਾ ਗਿਆ ਹੈ।

# ਆਸਟਰੇਲੀਆ ਵਿਚ ਭਾਰਤੀਆਂ ਨੇ ਚੀਨੀਆਂ ਨੂੰ ਪਛਾੜਿਆ

**ਮੈਲਬਰਨ:** ਆਸਟਰੇਲੀਆ ਵਿਚ ਪੱਕੇ ਵੱਸਣ ਵਾਲੇ ਪਰਵਾਸੀਆਂ ਦੇ ਮਾਮਲੇ ਵਿਚ ਭਾਰਤ ਨੇ ਪਹਿਲੀ ਵਾਰ ਚੀਨ ਨੂੰ ਪਛਾੜ ਕੇ ਪਹਿਲੀ ਥਾਂ ਹਾਸਲ ਕਰ ਲਈ ਹੈ। ਇਹ ਗੱਲ ਸਰਕਾਰੀ ਰਿਪੋਰਟ ਵਿਚ ਕਹੀ ਗਈ ਹੈ। ਆਸਟਰੇਲੀਆ ਦੇ ਪਰਵਾਸ ਰੁਝਾਨ ਬਾਰੇ ਇਹ ਰਿਪੋਰਟ ਸਾਲ 2011-12 ਲਈ ਇਮੀਗਰੇਸ਼ਨ ਮੰਤਰੀ ਬਰੈਡਨ ਓਕੋਂਨਰ ਨੇ ਜਾਰੀ ਕੀਤੀ।

ਇਸ ਵਿਚ ਕਿਹਾ ਗਿਆ ਹੈ ਕਿ ਸਾਲ 2011-12 ਦੌਰਾਨ ਆਸਟਰੇਲੀਆ ਵਿਚ ਪੱਕੇ ਵੱਸਣ ਵਾਲੇ ਭਾਰਤੀ ਪਰਵਾਸੀਆਂ ਦੀ ਗਿਣਤੀ 29018 ਰਹੀ ਜੋ ਪਿਛਲੇ ਸਾਲ ਦੇ ਮੁਕਾਬਲੇ 12.7 ਫੀਸਦੀ ਵੱਧ ਹੈ। ਚੀਨ ਇਸ ਮਾਮਲੇ ਵਿਚ ਦੂਜੇ ਨੰਬਰ ਉੱਤੇ ਰਿਹਾ ਜਿਸ ਦੇ ਆਸਟਰੇਲੀਆ ਵਿਚ ਪਰਵਾਸੀਆਂ ਦੀ ਗਿਣਤੀ ਪਿਛਲੇ ਸਾਲ ਦੀ 29546 ਦੀ ਥਾਂ ਘਟ ਕੇ 25509 ਰਹਿ ਗਈ।

ਸ੍ਰੀ ਓਕੋਂਨਰ ਨੇ ਕਿਹਾ ਕਿ ਏਸ਼ੀਆ ਤੇਜ਼ੀ ਨਾਲ ਆਸਟਰੇਲੀਆ ਲਈ ਪੱਕੇ ਪਰਵਾਸੀਆਂ ਦਾ ਵਸੀਲਾ ਬਣਦਾ ਜਾ ਰਿਹਾ ਹੈ। ਰਿਪੋਰਟ ਵਿਚ 2011-12 ਦੌਰਾਨ ਆਸਟਰੇਲੀਆ ਵਿਚ ਪਰਵਾਸ ਸਬੰਧੀ ਵਿਆਪਕ ਵਿਸ਼ਲੇਸ਼ਣ ਤੇ ਵੇਰਵੇ ਦਿੱਤੇ ਗਏ ਹਨ। ਇਸ ਵਿਚ ਸਾਫ ਤਸਵੀਰ ਪੇਸ਼ ਕੀਤੀ ਗਈ ਕਿ ਆਸਟਰੇਲੀਆ ਵਿਚ ਕਿਵੇਂ ਏਸ਼ੀਆਈ ਪਰਵਾਸੀਆਂ ਦਾ ਦਬਦਬਾ ਵਧ ਰਿਹਾ ਹੈ ਤੇ ਇਸ ਪੱਖੋਂ ਇਹ ਏਸ਼ੀਆਈ ਸਦੀ ਸਾਬਤ ਹੋ ਸਕਦੀ ਹੈ।

ਇਸ ਵਿਚ ਕਿਹਾ ਗਿਆ ਹੈ ਕਿ ਇਸ ਪੱਖੋਂ ਸਭ ਤੋਂ ਵੱਧ ਯੋਗਦਾਨ ਦੇਣ ਵਾਲੇ ਦੇਸ਼ ਭਾਰਤ ਅਤੇ ਚੀਨ ਹੀ ਹਨ। ਸ੍ਰੀ ਓਕੋਂਨਰ ਨੇ ਕਿਹਾ ਕਿ "ਇਸ ਪੱਖੋਂ ਯੋਗਦਾਨ ਦੇਣ ਵਾਲੇ ਚੋਟੀ ਦੇ 10 ਮੁਲਕਾਂ ਵਿਚੋਂ ਸੱਤ ਏਸ਼ੀਆਈ ਹਨ। ਸਾਲ 1996 ਤੋਂ 2011 ਦਰਮਿਆਨ ਆਸਟਰੇਲੀਆ ਵਿਚ ਪਰਵਾਸੀਆਂ ਦੀ ਗਿਣਤੀ 40 ਫੀਸਦੀ ਵਧ ਕੇ 60 ਲੱਖ ਤਕ ਪੁੱਜ ਗਈ ਹੈ।

# ਇੰਟਰਨੈਟ ਵਰਤਣ ਵਾਲੇ ਮੁਸਲਮਾਨ ਪੱਛਮੀ ਸਭਿਆਚਾਰ ਪ੍ਰਤੀ ਨਰਮ

**ਵਾਸ਼ਿਗਟਨ:** ਇਕ ਤਾਜ਼ਾ ਸਰਵੇ ਵਿਚ ਸਾਹਮਣੇ ਆਇਆ ਹੈ ਕਿ ਅਮਰੀਕਾ ਤੋਂ ਬਾਹਰ ਰਹਿੰਦੇ ਮੁਸਲਮਾਨਾਂ ਵਿਚੋਂ ਉਨ੍ਹਾਂ ਦਾ ਪੱਛਮੀ ਸਭਿਆਚਾਰ ਪ੍ਰਤੀ ਵਧੇਰੇ ਹਾਂਪੱਖੀ ਰਵੱਈਆ ਹੋ ਸਕਦਾ ਹੈ ਜਿਹੜੇ ਇੰਟਰਨੈੱਟ ਦੀ ਵਰਤੋਂ ਕਰਦੇ ਹਨ। ਇਹ ਸਰਵੇ ਪੀਊ ਰਿਸਰਚ ਸੈਂਟਰ ਵੱਲੋਂ ਹਾਲ ਹੀ ਵਿਚ ਕਰਵਾਇਆ ਗਿਆ ਹੈ।

ਇਹ ਸਰਵੇ 39 ਮੁਲਕਾਂ ਵਿਚ ਕਰਵਾਇਆ ਗਿਆ ਜਿਸ ਵਿਚ ਸਾਹਮਣੇ ਆਇਆ ਕਿ ਜਵਾਬ ਦੇਣ ਵਾਲੇ ਲੋਕਾਂ ਵਿਚੋਂ ਤਕਰੀਬਨ 18 ਫੀਸਦੀ ਘਰ, ਸਕੂਲ ਜਾਂ ਦਫਤਰ ਵਿਚ ਇਟਰਨੈਟ ਦੀ ਵਰਤੋਂ ਕਰਦੇ ਹਨ। ਅਫਰੀਕੀ, ਏਸ਼ਿਆਈ, ਪੂਰਬੀ ਤੇ ਮੱਧ ਪੂਰਬੀ ਮੁਲਕਾਂ ਵਿਚ ਕਰਵਾਏ ਗਏ ਇਸ ਸਰਵੇ ਮੁਤਾਬਕ ਇੰਟਰਨੈੱਟ ਦੀ ਵਰਤੋਂ ਦੇ ਪੱਧਰ ਵਿਚ ਵੀ ਭਾਰੀ ਫਰਕ ਪਾਇਆ ਗਿਆ। ਇਕ ਪਾਸੇ ਜਿਥੇ ਅਫਗਾਨਿਸਤਾਨ ਵਿਚ ਦੋ ਫੀਸਦੀ ਲੋਕ ਇੰਟਰਨੈਟ ਦੀ ਵਰਤੋਂ ਕਰਦੇ ਪਾਏ ਗਏ ਉਥੇ ਕੋਸੋਵੋ 'ਚ ਇਹ ਦਰ 59% ਤੱਕ ਸੀ।

ਸਰਵੇ ਵਿਚ ਸਾਹਮਣੇ ਆਇਆ ਕਿ ਇੰਟਰਨੈੱਟ ਦੀ ਵਰਤੋਂ ਕਰਨ ਵਾਲੇ ਮੁਸਲਮਾਨਾਂ ਵੱਲੋਂ ਪੱਛਮੀ ਫਿਲਮਾਂ, ਸੰਗੀਤ ਤੇ ਟੈਲੀਵਿਜ਼ਨ ਨੂੰ ਪਸੰਦ ਕੀਤੇ ਜਾਣ ਦੀ ਵੱਧ ਸੰਭਾਵਨਾ ਪਾਈ ਗਈ। ਪੀਊ ਨੇ ਇਸ ਬਾਰੇ ਕਿਹਾ ਹੈ ਕਿ ਇਹ ਲੋਕ ਕੁੱਲ ਮਿਲਾ ਕੇ ਇਹ ਸ਼ਿਕਾਇਤ ਵੀ ਘੱਟ ਕਰਦੇ ਹਨ ਕਿ ਪੱਛਮੀ ਮਨੋਰੰਜਨ ਸਾਧਨਾਂ ਕਾਰਨ ਉਨ੍ਹਾਂ ਦੇ ਸਭਿਆਚਾਰ ਵਿਚ ਵਿਗਾੜ ਆ ਰਿਹਾ ਹੈ। ਇਹ ਰਿਪੋਰਟ ਸੰਸਥਾ ਦੀ ਵੈਬਸਾਈਟ ਪੀਊਫੋਰਮ ਡਾਟ ਆਰਗ 'ਤੇ ਵੀ ਪਾਈ ਗਈ ਹੈ।

# ਭਾਈ ਪਿੰਦਰਪਾਲ ਸਿੰਘ ਦਾ ਗੋਲਡ ਮੈਡਲ ਨਾਲ ਸਨਮਾਨ

**ਐਲ ਸਬਰਾਂਟੇ (ਬਿਊਰੋ):** ਗੁਰੂਘਰ ਐਲ ਸਬਰਾਂਟੇ 'ਚ ਸ੍ਰੀ ਗੁਰੂ ਅਮਰਦਾਸ ਦਾ ਪ੍ਰਕਾਸ਼ ਦਿਵਸ ਭਾਰੀ ਸ਼ਰਧਾ ਅਤੇ ਧੂਮਧਾਮ ਨਾਲ ਮਨਾਇਆ ਗਿਆ, ਜਿਸ ਵਿਚ ਭਾਰੀ ਗਿਣਤੀ ਵਿਚ ਸੰਗਤਾਂ ਨੇ ਹਾਜ਼ਰੀ ਲਗਵਾਈ। ਜਿੱਥੇ ਪੰਥ ਦੇ ਮਹਾਨ ਕੀਰਤਨੀਏ, ਢਾਡੀ ਅਤੇ ਪੰਥਕ ਬੁਲਾਰਿਆਂ ਨੇ ਸੰਗਤਾਂ



ਨੂੰ ਸੰਬੋਧਨ ਕੀਤਾ, ਉਥੇ ਪੰਥ ਦੇ ਮਹਾਨ ਕਥਾਵਾਚਕ ਭਾਈ ਸਾਹਿਬ ਭਾਈ ਪਿੰਦਰਪਾਲ ਸਿੰਘ ਨੇ ਸਾਹਿਬ ਸ੍ਰੀ ਗੁਰੂ ਅਮਰਦਾਸ ਜੀ ਦੇ ਸੇਵਾ ਅਤੇ ਸਿਮਰਨ ਦੇ ਸੁਮੇਲ ਨੂੰ ਸੰਗਤਾਂ ਨਾਲ ਸਾਂਝਾ ਕੀਤਾ। ਉਨ੍ਹਾਂ ਦੱਸਿਆ ਕਿ ਸੇਵਾ ਦੇ ਨਾਲ ਸਿੱਖ ਨੂੰ ਆਪਣਾ ਜੀਵਨ ਅਤੇ ਚਿੱਤ ਵੀ ਵਾਹਿਗੁਰੂ ਦੇ ਆਸ਼ੇ ਮੁਤਾਬਕ ਢਾਲਣਾ ਚਾਹੀਦਾ ਹੈ।

ਸਿਰੋਪਾਓ ਦੀ ਮਹੱਤਤਾ ਦੱਸਦਿਆਂ ਉਨ੍ਹਾਂ ਕਿਹਾ ਕਿ ਅੱਜ ਬੈਠਿਆਂ ਦੇ ਗਲਾਂ ਵਿਚ ਸਿਰੋਪਾਓ ਪਾਉਣ ਦਾ ਰਿਵਾਜ਼ ਬਣਦਾ ਜਾ ਰਿਹਾ ਹੈ, ਜੋ ਕਿ ਸਿੱਖੀ ਕਦਰਾਂ ਕੀਮਤਾਂ ਦੇ ਬਿਲਕੁਲ ਉਲਟ ਹੈ। ਸਿਰੋਪਾਓ ਗੁਰੂ ਦੀ ਬਖਸ਼ਿਸ਼ ਨਾਲ ਮਿਲਦਾ ਹੈ, ਜਿਸ ਦਾ ਆਖਰੀ ਅਰਥ ਸਿਰ ਤੋਂ ਲੈ ਕੇ ਪੈਰਾਂ ਤੱਕ ਢੱਕਣਾ ਹੁੰਦਾ ਹੈ। ਉਨ੍ਹਾਂ ਕਿਹਾ ਕਿ ਸਾਹਿਬ ਸ੍ਰੀ ਗੁਰੂ ਅਮਰਦਾਸ ਜੀ ਨੇ 12 ਸਾਲ ਸੇਵਾ ਕੀਤੀ ਅਤੇ ਉਨ੍ਹਾਂ ਨੂੰ 12 ਸਿਰੋਪਾਓ ਪ੍ਰਾਪਤ ਹੋਏ। ਸਿੱਖੀ ਦਾ ਘਰ ਗੁਰੂ ਅਮਰਦਾਸ ਦਾ ਘਰ ਹੈ।

ਕਥਾ ਉਪਰੰਤ ਉਨ੍ਹਾਂ ਦਾ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਜੈਕਾਰਿਆਂ ਦੀ ਗੂੰਜ ਵਿਚ ਗੋਲਡ ਮੈਡਲ ਨਾਲ ਸਨਮਾਨ ਕੀਤਾ ਗਿਆ। ਉਪਰੰਤ ਗੁਰੂਘਰ ਦੇ ਸਕੱਤਰ ਸ. ਚਰਨਜੀਤ ਸਿੰਘ ਸਮਰਾ ਨੇ ਸੰਗਤਾਂ ਦਾ ਧੰਨਵਾਦ ਕੀਤਾ।


Are You Tired Of All Treatments?
Try Homeopathic Natural Medicines (HNM)

Gurdip Singh Sandhu
Homeopathic Practitioner/Consultant
DHMS-Gold Medalist, BAMS, MDEh.- India
1188 E Santa Clara St., San Jose, CA 95116

Homeopathic natural medicines supply


Gurdip Singh Sandhu

Well Experienced as:
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577

EX Member:
The California Homeopathic Society
National Center For Homeopathy- USA

Ph:(408) 687-1899
(408) 729-6691
Fax:(408)292-6200
Email: Homeomdicine@yahoo.com
Website: www.Homeopathyatoz.com
Toll Free: 1-877-OK-HOMEO (1-877-654-6636)



ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
National Truck Driving School
ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ
ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



Call For Special Price
Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058
1816 Main Ave., Secramento CA, 95838



Reliable and Experienced Real Estate Professional
ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ
ਗੁਰਬੰਸ ਸਿੰਘ ਗਿੱਲ, ਫੋਨ: 209-815-1869

*Bay Area *Tracy *Manteca * Lathrop * Weston Ranch *Stockton *Lodi *Elk Grove *Sacramento *Modesto *Turlock *Brentwood *Antioch *Oakley *Discovery Bay

We Specialize in Bankowned, Foreclosure and Short Sale Homes

For Sale & Purchase of Residential, Commercial Property and AG-Land

ਘਰ ਖਰੀਦਣ ਦੇ ਚਾਹਵਾਨਾਂ ਲਈ ਖੁਸ਼ਖਬਰੀ
ਹੁਣ ਵਿਆਜ ਦਰਾਂ ਬਹੁਤ ਹੀ ਘੱਟ ਹਨ
ਬਦਾਮਾਂ ਦੇ ਖੇਤ ਖਰੀਦਣ ਅਤੇ ਵੇਚਣ ਲਈ ਸੰਪਰਕ ਕਰੋ
ਗੁਰਬੰਸ ਗਿੱਲ, ਫੋਨ: 209-815-1869


Gurbans Singh Gill
Realtor
DRE#01227109
15 Years Experiance in Real Estate
e-mail: gurbans@gotracy.com
Fax: 209-836-0706
www.gotracy.com

Rent 'ਤੇ ਘਰ ਲੈਣਾ ਹੋਵੇ ਜਾਂ Rent 'ਤੇ ਘਰ ਦੇਣਾ ਹੋਵੇ

REALTY WORLD Millennium

Gurbans Gill 209-815-1869

# ਸਾਬਕਾ ਪੁਲਿਸ ਮੁਖੀ ਨੇ ਖੋਲ੍ਹੀ ਨਸ਼ਿਆਂ ਦੇ ਸੌਦਾਗਰਾਂ ਦੀ ਪੋਲ

## *ਸਿਆਸੀ ਆਗੂ ਵੀ ਤਸਕਰੀ ਵਿਚ ਸ਼ਾਮਲ*

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਪੁਲਿਸ ਦੇ ਸੇਵਾਮੁਕਤ ਡਾਇਰੈਕਟਰ ਜਨਰਲ ਤੇ ਨਸ਼ਿਆਂ ਖ਼ਿਲਾਫ਼ ਮੁਹਿੰਮ ਕਾਰਨ ਚਰਚਾ ਵਿਚ ਰਹੇ ਸ਼ਸ਼ੀ ਕਾਂਤ ਨੇ ਨਸ਼ਿਆਂ ਦੇ ਸੌਦਾਗਰਾਂ ਦੀ ਪੋਲ ਖੋਲ੍ਹੀ ਹੈ। ਸਿਆਸੀ ਆਗੂਆਂ ਦੀ ਨਸ਼ਿਆਂ ਦੀ ਤਸਕਰੀ ਵਿਚ ਸ਼ਮੂਲੀਅਤ ਦੇ ਖੁਲਾਸੇ ਨੇ ਸਰਕਾਰ ਨੂੰ ਭਾਜੜਾਂ ਪਾ ਦਿੱਤੀਆਂ ਹਨ। ਸ੍ਰੀ ਸ਼ਸ਼ੀ ਕਾਂਤ ਨੇ ਅਹਿਮ ਖ਼ੁਲਾਸੇ ਕਰਦਿਆਂ ਕਿਹਾ ਕਿ ਪੰਜਾਬ ਅੰਦਰ ਨਸ਼ਿਆਂ ਦੀ ਤਸਕਰੀ ਨਾਲ ਕੁਝ ਅਹਿਮ ਸਿਆਸੀ ਆਗੂਆਂ ਦੇ ਤਾਰ ਵੀ ਜੁੜੇ ਹੋਏ ਹਨ। ਉਨ੍ਹਾਂ ਦਾਅਵਾ ਕੀਤਾ ਕਿ ਖਾੜਕੂ ਲਹਿਰ ਦੇ ਦੌਰ ਵੇਲੇ ਪਾਕਿਸਤਾਨ ਤੋਂ ਹਥਿਆਰਾਂ ਦੇ ਨਾਲ ਨਸ਼ੀਲੇ ਪਦਾਰਥ ਵੀ ਆਉਣੇ ਸ਼ੁਰੂ ਹੋਏ ਸਨ ਪਰ ਉਸ ਸਮੇਂ ਕਿਸੇ ਵੀ ਖਾੜਕੂ ਗਰੁੱਪ ਨੇ ਨਸ਼ੀਲੇ ਪਦਾਰਥ ਪੰਜਾਬ ਵਿਚ ਰੱਖੇ ਜਾਂ ਵੇਚੇ ਨਹੀਂ, ਸਗੋਂ ਦੱਸੇ ਗਏ ਅਗਲੇ ਸਥਾਨਾਂ ਉਪਰ ਹੀ ਭੇਜ ਦਿੱਤੇ ਜਾਂਦੇ ਰਹੇ ਹਨ ਤੇ ਸਿਰਫ ਹਥਿਆਰਾਂ ਦੀ ਹੀ ਉਹ ਵਰਤੋਂ ਕਰਦੇ ਰਹੇ ਸਨ।



ਜਿਉਂ ਹੀ 1991-92 ਤੋਂ ਖਾੜਕੂ ਲਹਿਰ ਮੱਠੀ ਪੈ ਗਈ ਤਾਂ ਪਾਕਿਸਤਾਨ ਵਿਚ ਬਚੇ ਖਾੜਕੂਆਂ ਤੇ ਪੰਜਾਬ ਵਿਚ ਉੱਭਰੇ ਨਵੇਂ ਤਸਕਰਾਂ ਨੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਦਾ ਧੰਦਾ ਸ਼ੁਰੂ ਕਰ ਦਿੱਤਾ ਤੇ ਹੌਲੀ-ਹੌਲੀ ਸਿਆਸਤਦਾਨਾਂ ਨੇ ਆਪਣੇ ਸਵਾਰਥ ਲਈ ਅਜਿਹੇ ਲੋਕਾਂ ਦੀ ਪੁਸ਼ਤਪਨਾਹੀ ਕਰਨੀ ਸ਼ੁਰੂ ਕਰ ਦਿੱਤੀ। ਇਸ ਤੋਂ ਬਾਅਦ ਹੀ ਪੰਜਾਬ ਅੰਦਰ ਨਾਰਕੋ ਪਾਲੇਟਿਕਸ (ਨਸ਼ਿਆਂ ਦੀ ਸਿਆਸਤ) ਦਾ ਆਰੰਭ ਹੋਇਆ। ਸ੍ਰੀ ਸ਼ਸ਼ੀ ਕਾਂਤ ਅਨੁਸਾਰ ਨਸ਼ਿਆਂ ਦੀ ਤਸਕਰੀ ਵਿਚ ਮਦਦਗਾਰ ਹੋਣ ਵਿਚ ਪੁਲਿਸ ਦੇ ਥਾਣਾ ਮੁਖੀ ਤੋਂ ਐਸ.ਪੀ. ਰੈਂਕ ਦੇ ਅਧਿਕਾਰੀ ਤੱਕ ਕਾਫੀ ਗਿਣਤੀ ਵਿਚ ਸ਼ਾਮਲ ਹਨ ਪਰ ਪੁਲਿਸ ਅਫ਼ਸਰਸ਼ਾਹੀ ਵਿਚੋਂ ਕੋਈ ਅਫ਼ਸਰ ਇਸ ਕੰਮ ਵਿਚ ਸ਼ਾਮਲ ਨਹੀਂ ਹੈ।

ਉਨ੍ਹਾਂ ਅਨਸਾਰ ਸਰਹੱਦੀ ਰੇਂਜ ਤੇ ਜਲੰਧਰ ਰੇਂਜ ਦੇ ਬਹੁਤ ਸਾਰੇ ਪੁਲਿਸ ਅਧਿਕਾਰੀ ਜਾਇਦਾਦ ਕਾਰੋਬਾਰ ਦੇ ਧੰਦੇ ਵਿਚ ਪਏ ਹੋਏ ਹਨ। ਕਈ ਅਫ਼ਸਰ ਤਾਂ ਅਫ਼ਸਰ ਘੱਟ ਤੇ ਪ੍ਰਾਪਰਟੀ ਡੀਲਰ ਵਧੇਰੇ ਬਣੇ ਹੋਏ ਹਨ। ਪ੍ਰਾਪਰਟੀ ਡੀਲਰਾਂ ਤੇ ਅਜਿਹੇ ਅਧਿਕਾਰੀਆਂ ਦੇ ਨਾਪਾਕ ਗਠਜੋੜ ਵੱਲੋਂ ਪਰਵਾਸੀ ਪੰਜਾਬੀਆਂ ਦੀਆਂ ਜਾਇਦਾਦਾਂ ਉਪਰ ਵੀ ਕਬਜ਼ੇ ਕੀਤੇ ਜਾਂਦੇ ਹਨ ਤੇ ਕਈ ਝਗੜੇ ਵਾਲੀਆਂ ਮਹਿੰਗੀਆਂ ਜਾਇਦਾਦਾਂ ਉੱਪਰ ਅੱਖ ਰੱਖੀ ਜਾਂਦੀ ਹੈ। ਸਾਲ ਕੁ ਪਹਿਲਾਂ ਡੀਜੀ.ਪੀ ਦੇ ਅਹੁਦੇ ਤੋਂ ਫਾਰਗ ਹੋਏ ਤੇ ਪੰਜਾਬ ਤੇ ਦਿੱਲੀ ਵਿਚ ਖ਼ੁਫ਼ੀਆ ਵਿਭਾਗ ਦੇ ਚੋਟੀ ਦੇ ਅਫ਼ਸਰ ਵਜੋਂ ਕੰਮ ਕਰ ਚੁੱਕੇ ਸ਼ਸ਼ੀ ਕਾਂਤ ਨੇ ਖ਼ੁਲਾਸਾ ਕੀਤਾ ਕਿ ਪੰਜਾਬ ਅੰਦਰ ਵੱਡੇ ਫਾਰਮ ਹਾਊਸਾਂ ਵਿਚ ਹੁੰਦੀਆਂ ਰੇਵ ਪਾਰਟੀਆਂ ਵਿਚ ਨਸ਼ੀਲੇ ਪਦਾਰਥਾਂ ਦਾ ਸੇਵਨ ਆਮ ਹੁੰਦਾ ਹੈ ਤੇ ਇਨ੍ਹਾਂ ਪਾਰਟੀਆਂ ਵਿਚ ਵੱਡੇ ਘਰਾਂ ਦੇ ਕਾਕੇ, ਕਾਕੀਆਂ ਤੇ ਹੋਰ ਲੋਕ ਸ਼ਾਮਲ ਹੁੰਦੇ ਹਨ। ਪੰਜਾਬ ਬਾਰੇ ਹੁਣ ਤੱਕ ਕੀਤੇ ਗਏ ਕਈ ਸਰਵੇਖਣਾਂ ਵਿਚ ਇਹ ਗੱਲ ਸਾਹਮਣੇ ਆਉਂਦੀ ਰਹੀ ਹੈ ਕਿ ਪੰਜਾਬ ਦੇ 70 ਫੀਸਦੀ ਨੌਜਵਾਨ ਕਿਸੇ ਨਾ ਕਿਸੇ ਰੂਪ ਵਿਚ ਨਸ਼ਿਆਂ ਦਾ ਸੇਵਨ ਕਰਦੇ ਹਨ। 60 ਫੀਸਦੀ ਦੇ ਕਰੀਬ ਸਕੂਲੀ ਬੱਚੇ ਵੀ ਕਿਸੇ ਨਾ ਕਿਸੇ ਸਮੇਂ ਨਸ਼ਿਆਂ ਦਾ ਸੇਵਨ ਕਰ ਚੁੱਕੇ ਹਨ। ਉਨ੍ਹਾਂ ਦੱਸਿਆ ਕਿ ਪਹਿਲਾਂ ਬਾਹਰੋਂ ਨਸ਼ੀਲੇ ਪਦਾਰਥ ਆਉਣ ਦਾ ਰਸਤਾ ਮੁੰਬਈ ਹੀ ਸੀ ਪਰ ਹੁਣ ਦੇਸ਼ ਅੰਦਰ ਅਨੇਕਾਂ ਨਾਕੇ ਇਸ ਹਮਲੇ ਖੁੱਲ੍ਹ ਚੁੱਕੇ ਹਨ। ਜੰਮੂ-ਕਸ਼ਮੀਰ ਰਾਹੀਂ ਨਸ਼ੀਲੇ ਪਦਾਰਥ ਹਿਮਾਚਲ ਪਹੁੰਚ ਰਹੇ ਹਨ।

ਨਿਪਾਲ ਤੋਂ ਉਤਰਾਖੰਡ ਦੇ ਤਰਾਈ ਖੇਤਰ ਤੇ ਬਿਹਾਰ ਵਿਚ ਬਕਸਰ ਰਾਹੀਂ ਇਹ ਧੰਦਾ ਸ਼ੁਰੂ ਹੋ ਗਿਆ ਹੈ। ਮੀਆਂਮਾਰ, ਬਰਮਾ ਤੋਂ ਬੰਗਲਾਦੇਸ਼ ਤੇ ਫਿਰ ਪੱਛਮੀ ਬੰਗਾਲ ਵਿਚ ਨਸ਼ੀਲੇ ਪਦਾਰਥ ਪੁੱਜਣ ਦਾ ਰਸਤਾ ਖੁੱਲ੍ਹ ਗਿਆ ਹੈ। ਉਨ੍ਹਾਂ ਦੱਸਿਆ ਕਿ ਪਾਕਿਸਤਾਨ ਤੋਂ ਸਰਹੱਦ ਰਾਹੀਂ ਨਸ਼ੀਲੇ ਪਦਾਰਥ ਬੇਰੋਕ-ਟੋਕ ਆਉਂਦੇ ਹਨ। ਬੀਐਸਐਫ ਦੇ ਅਨੇਕਾਂ ਅਧਿਕਾਰੀ ਤੇ ਕਰਮਚਾਰੀ ਇਸ ਸਮੇਂ ਤਸਕਰਾਂ ਨਾਲ ਮਿਲੀਭੁਗਤ ਦੇ ਦੋਸ਼ਾਂ ਹੇਠ ਜੇਲ੍ਹਾਂ ਵਿਚ ਬੰਦ ਹਨ। ਜਦ ਕਦੇ ਰੌਲਾ ਪੈਂਦਾ ਹੈ ਤਾਂ ਬੀਐਸਐਫ ਬਰਾਮਦਗੀ ਦਿਖਾ ਦਿੰਦੀ ਹੈ, ਨਹੀਂ ਤਾਂ ਚੁੱਪ-ਚਾਪ ਇਹ ਧੰਦਾ ਚਲਦਾ ਰਹਿੰਦਾ ਹੈ। ਉਨ੍ਹਾਂ ਸੰਕੇਤ ਦਿੱਤਾ ਕਿ ਅੰਮ੍ਰਿਤਸਰ, ਫਿਲੌਰ ਤੇ ਫਿਰੋਜ਼ਪੁਰ ਵਿਚ ਪਿਛਲੇ ਸਮੇਂ ਵਿਚ ਫੜੇ ਗਏ ਲੋਕਾਂ ਦੀ ਸਿਆਸਤਦਾਨਾਂ ਵੱਲੋਂ ਪੁਸ਼ਤਪਨਾਹੀ ਕਰਨ ਦੇ ਸਬੂਤ ਸਾਹਮਣੇ ਆਏ ਹਨ।

## ਨਸ਼ਿਆਂ ਦੇ ਦਰਿਆ ਠੱਲ੍ਹਣ ਲਈ ਸੁਹਿਰਦ ਨਹੀਂ ਸਰਕਾਰ

**ਚੰਡੀਗੜ੍ਹ :(ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਵਿਚ ਵਗ ਰਹੇ ਸ਼ਰਾਬ ਦੇ ਦਰਿਆ ਨੂੰ ਠੱਲ੍ਹ ਪਾਉਣ ਲਈ ਪੰਜਾਬ ਸਰਕਾਰ ਗੰਭੀਰ ਨਹੀਂ। ਸ਼ਰਾਬ ਦਾ ਦੌਰ ਰੋਕਣ ਲਈ ਅੱਗੇ ਆ ਰਹੀਆਂ ਸਮਾਜ ਸੇਵੀ ਸੰਸਥਾਵਾਂ ਤੇ ਪੰਚਾਇਤਾਂ ਦੇ ਰਾਹ ਵਿਚ ਸਰਕਾਰ ਲਗਾਤਾਰ ਅੜਿੱਕਾ ਬਣ ਰਹੀ ਹੈ। ਦੂਜੇ ਪਾਸੇ ਸ਼ਰਾਬ ਦੇ ਠੇਕਿਆਂ ਦੀ ਗਿਣਤੀ ਲਗਾਤਾਰ ਵਧਦੀ ਜਾ ਰਹੀ ਹੈ ਜਿਸ ਦੀ ਪੁਸ਼ਟੀ ਸਰਕਾਰੀ ਅੰਕੜੇ ਕਰਦੇ ਹਨ।

ਸੂਚਨਾ ਅਧਿਕਾਰ ਐਕਟ ਤਹਿਤ ਐਕਸਾਈਜ਼ ਵਿਭਾਗ ਤੋਂ ਹਾਸਲ ਸੂਚਨਾ ਅਨੁਸਾਰ ਇਸ ਵਾਰ ਜ਼ਿਲ੍ਹਾ ਸੰਗਰੂਰ ਵਿਚ ਸ਼ਰਾਬ ਦੇ 35 ਠੇਕੇ ਨਵੇਂ ਖੋਲ੍ਹ ਦਿੱਤੇ ਗਏ ਹਨ। ਖਾਸ ਗੱਲ ਹੈ ਕਿ ਜ਼ਿਲ੍ਹੇ ਦੀਆਂ 43 ਪੰਚਾਇਤਾਂ ਨੇ ਪੰਚਾਇਤੀ ਰਾਜ ਐਕਟ ਤਹਿਤ ਮਤੇ ਪਾਸ ਕਰਕੇ ਆਬਕਾਰੀ ਵਿਭਾਗ ਨੂੰ ਭੇਜੇ ਸਨ ਕਿ ਉਨ੍ਹਾਂ ਦੇ ਪਿੰਡ ਵਿਚ ਸ਼ਰਾਬ ਦਾ ਠੇਕਾ ਨਾ ਖੋਲ੍ਹਿਆ ਜਾਵੇ ਪਰ ਸਰਕਾਰ ਨੇ ਇਨ੍ਹਾਂ ਪੰਚਾਇਤਾਂ ਨੂੰ ਸ਼ਾਬਾਸ਼ ਤਾਂ ਕੀ ਦੇਣੀ ਸੀ, ਉਲਟਾ ਛੋਟੇ-ਮੋਟੇ ਇਤਰਾਜ਼ ਲਾ ਕੇ 43 ਵਿਚੋਂ 27 ਪੰਚਾਇਤਾਂ ਦੇ ਮਤੇ ਰੱਦ ਕਰ ਦਿੱਤੇ ਗਏ।

ਭਾਵੇਂ ਵਿਭਾਗ ਦਾ ਕਹਿਣਾ ਹੈ ਕਿ ਨੌਂ ਪਿੰਡਾਂ ਵਿਚੋਂ ਸ਼ਰਾਬ ਦੇ ਠੇਕੇ ਬੰਦ ਕੀਤੇ ਹਨ ਪਰ ਸਮਾਜ ਸੇਵੀ ਆਗੂਆਂ ਮੁਤਾਬਕ ਜ਼ਿਲ੍ਹੇ ਵਿਚੋਂ ਸਿਰਫ਼ ਦੋ ਪਿੰਡਾਂ ਬਟੂਹਾ ਤੇ ਰੁੜਕੀ ਕਲਾਂ ਦੇ ਮਤੇ ਪ੍ਰਵਾਨ ਕਰਦਿਆਂ ਇਨ੍ਹਾਂ ਪਿੰਡਾਂ ਦੇ ਠੇਕੇ ਹੀ ਬੰਦ ਕੀਤੇ ਹਨ। ਇਨ੍ਹਾਂ ਵਿਚੋਂ ਸੱਤ ਪਿੰਡ ਉਹ ਹਨ ਜਿਨ੍ਹਾਂ ਨੇ ਮਤੇ ਪਾਸ ਕੀਤੇ ਸਨ ਪਰ ਸ਼ਰਾਬ ਦੇ ਠੇਕੇ ਇਨ੍ਹਾਂ ਪਿੰਡਾਂ ਵਿਚ ਪਹਿਲਾਂ ਹੀ ਬੰਦ ਸੀ। ਇਸ ਤੋਂ ਇਲਾਵਾ ਸੱਤ ਪਿੰਡਾਂ ਵਿਚੋਂ ਸ਼ਰਾਬ ਦੇ ਠੇਕੇ ਪਿੰਡ ਤੋਂ ਬਾਹਰ ਤਬਦੀਲ ਕੀਤੇ ਹਨ।

ਇਸ ਤੋਂ ਵੱਧ ਸਿੱਤਮ ਦੀ ਗੱਲ ਇਹ ਹੈ ਕਿ ਤਿੰਨ ਉਨ੍ਹਾਂ ਪਿੰਡਾਂ ਚੰਗਾਲ, ਜਾਤੀਮਾਜਰਾ ਤੇ ਭਰੂਰ ਵਿਚ ਵੀ ਸ਼ਰਾਬ ਦੇ ਠੇਕੇ ਖੋਲ੍ਹ ਦਿੱਤੇ ਗਏ ਹਨ। ਇਨ੍ਹਾਂ ਪਿੰਡਾਂ ਵਿਚ ਪਿਛਲੇ ਤਿੰਨ ਸਾਲਾਂ ਤੋਂ ਠੇਕੇ ਬੰਦ ਸਨ। ਇਨ੍ਹਾਂ ਵਿਚੋਂ ਚੰਗਾਲ ਉਹ ਪਿੰਡ ਹੈ ਜੋ ਸ਼ਰਾਬ ਮੁਕਤ ਹੋਣ ਕਾਰਨ ਆਮਿਰ ਖ਼ਾਨ ਦੇ ਟੀਵੀ ਸ਼ੋਅ 'ਸੱਤਿਆਮੇਵ ਜਯਤੇ' ਵਿਚ ਪੂਰੀ ਦੁਨੀਆਂ ਵਿਚ ਪ੍ਰਸਿੱਧ ਹੋਇਆ ਸੀ। ਆਮੀਰ ਖਾਨ ਨੇ ਵੀਡੀਓ ਕਾਨਫਰੰਸ ਰਾਹੀਂ ਪੰਚਾਇਤ ਤੇ ਲੋਕਾਂ ਨਾਲ ਸਿੱਧੀ ਗੱਲਬਾਤ ਵੀ ਕੀਤੀ ਸੀ ਪਰ ਹੈਰਾਨਗੀ ਦੀ ਗੱਲ ਕਿ ਚੰਗਾਲ ਪਿੰਡ ਵਿਚ ਵੀ ਇਸ ਵਾਰ ਸ਼ਰਾਬ ਦਾ ਠੇਕਾ ਖੋਲ੍ਹ ਦਿੱਤਾ ਗਿਆ ਹੈ।

ਜਿਨ੍ਹਾਂ ਪਿੰਡਾਂ ਵਿਚੋਂ ਸਿਰਫ਼ 10 ਬੋਤਲਾਂ ਨਾਜਾਇਜ਼ ਸ਼ਰਾਬ ਵਿਕਣ ਦਾ ਕੇਸ ਸੀ, ਉਨ੍ਹਾਂ ਪਿੰਡਾਂ ਦੀਆਂ ਪੰਚਾਇਤਾਂ ਦੇ ਮਤੇ ਰੱਦ ਕਰਦਿਆਂ ਠੇਕੇ ਖੋਲ੍ਹੇ ਗਏ ਹਨ। ਇਨ੍ਹਾਂ ਪਿੰਡਾਂ ਵਿਚ ਹੁਣ 10 ਨਾਜਾਇਜ਼ ਬੋਤਲਾਂ ਦੀ ਬਜਾਏ ਸਾਲ ਭਰ ਦੇ ਅਲਾਟ ਕੀਤੇ ਕੋਟੇ ਤਹਿਤ 10 ਤੋਂ 50 ਹਜ਼ਾਰ ਤੱਕ ਸ਼ਰਾਬ ਦੀਆਂ ਬੋਤਲਾਂ ਜਾਇਜ਼ ਤੌਰ 'ਤੇ ਵਿਕਣਗੀਆਂ।

ਹਾਸਲ ਜਾਣਕਾਰੀ ਅਨੁਸਾਰ ਪਿੰਡ ਈਨਾ ਬਾਜਵਾ ਲਈ 40 ਹਜ਼ਾਰ ਬੋਤਲਾਂ, ਕਾਂਝਲਾ ਲਈ 40 ਹਜ਼ਾਰ, ਕਾਤਰੋਂ ਲਈ 25 ਹਜ਼ਾਰ, ਉਭਾਵਾਲ ਲਈ 49 ਹਜ਼ਾਰ, ਘਾਬਦਾਂ ਲਈ 20 ਹਜ਼ਾਰ, ਕੁੰਨਰਾਂ ਲਈ 10 ਹਜ਼ਾਰ, ਲੱਡਾ ਲਈ 35 ਹਜ਼ਾਰ ਬੋਤਲਾਂ ਦਾ ਕੋਟਾ ਅਲਾਟ ਕੀਤਾ ਗਿਆ ਹੈ।

## ਪੰਜਾਬ ਕਾਂਗਰਸ ਵੱਲੋਂ ਅਕਾਲੀਆਂ ਦੀ ਸੋਨੀਆ ਕੋਲ ਸ਼ਿਕਾਇਤ

**ਚੰਡੀਗੜ੍ਹ:** ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਨੇ ਦਿੱਲੀ ਵਿਚ ਯੂਪੀਏ ਦੀ ਚੇਅਰਪਰਸਨ ਸੋਨੀਆ ਗਾਂਧੀ ਨਾਲ ਮੁਲਾਕਾਤ ਕਰਕੇ ਪੰਜਾਬ ਵਿਚ ਫੈਲੇ ਸਆਸੀ ਅਤਿਵਾਦ, ਅਸੁਰੱਖਿਆ ਤੇ ਅਕਾਲੀ ਭਾਜਪਾ ਸਰਕਾਰ ਵੱਲੋਂ ਕੀਤੇ ਜਾ ਰਹੇ ਭ੍ਰਿਸ਼ਟਾਚਾਰ ਬਾਰੇ ਜਾਣਕਾਰੀ ਦਿੱਤੀ। ਸ. ਬਾਜਵਾ ਅਨੁਸਾਰ ਉਨ੍ਹਾਂ ਨੇ ਸ੍ਰੀਮਤੀ ਗਾਂਧੀ ਨੂੰ ਦੱਸਿਆ ਕਿ ਅਕਾਲੀ ਭਾਜਪਾ ਸਰਕਾਰ ਭ੍ਰਿਸ਼ਟਾਚਾਰ ਵਿਚ ਡੁੱਬ ਚੁੱਕੀ ਹੈ ਤੇ ਕੇਂਦਰ ਸਰਕਾਰ ਵੱਲੋਂ ਵੱਖ-ਵੱਖ ਵਿਕਾਸ ਸਕੀਮਾਂ ਤੇ ਸਮਾਜਿਕ ਭਲਾਈ ਲਈ ਭੇਜੇ ਫੰਡਾਂ ਵਿਚ ਘਪਲੇ ਕਰ ਰਹੀ ਹੈ।

### ਕੇਂਦਰੀ ਫੰਡਾਂ ਵਿਚ ਘੁਟਾਲੇ ਦਾ ਦੋਸ਼

ਉਨ੍ਹਾਂ ਦੋਸ਼ ਲਾਇਆ ਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਭ੍ਰਿਸ਼ਟ ਮੰਤਰੀਆਂ ਨੂੰ ਸ਼ਹਿ ਦੇ ਰਹੇ ਹਨ। ਹਾਲ ਹੀ ਵਿਚ ਸਾਹਮਣੇ ਆਏ ਦੋ ਮਾਮਲਿਆਂ ਵਿਚ ਪਸ਼ੂ ਪਾਲਣ ਮੰਤਰੀ ਗੁਲਜ਼ਾਰ ਸਿੰਘ ਰਣੀਕੇ ਤੇ ਸਿੱਖਿਆ ਮੰਤਰੀ ਸਿਕੰਦਰ ਸਿੰਘ ਮਲੂਕਾ ਸਿੱਧੇ ਤੌਰ 'ਤੇ ਕੇਂਦਰੀ ਫੰਡਾਂ ਦੇ ਘਪਲੇ ਵਿਚ ਸ਼ਾਮਲ ਸਨ ਪਰ ਮੁੱਖ ਮੰਤਰੀ ਨੇ ਰਣੀਕੇ ਨੂੰ ਕਲੀਨ ਚਿੱਟ ਦੇ ਦਿੱਤੀ। ਸਰਵ ਸਿੱਖਿਆ ਅਭਿਆਨ ਤਹਿਤ ਆਏ ਕਰੋੜਾਂ ਰੁਪਏ ਦੇ ਫੰਡਾਂ ਦੀ ਸ. ਮਲੂਕਾ ਵੱਲੋਂ ਦੁਰਵਰਤੋਂ ਕੀਤੀ ਗਈ ਹੈ ਪਰ ਮੁੱਖ ਮੰਤਰੀ ਨੇ ਇਸ ਮੰਤਰੀ ਨੂੰ ਬਚਾਉਣ ਲਈ ਹਾਈ ਕੋਰਟ ਦੇ ਸੇਵਾਮੁਕਤ ਜੱਜ ਏ.ਕੇ. ਜਿੰਦਲ ਨੂੰ ਜਾਂਚ ਸੌਂਪੀ ਹੈ ਤੇ ਮੰਤਰੀ ਨੂੰ ਬਚਾਉਣ ਲਈ ਕੁਝ ਜੂਨੀਅਰ ਅਫਸਰਾਂ ਨੂੰ ਬਲੀ ਦਾ ਬੱਕਰਾ ਬਣਾਇਆ ਜਾ ਰਿਹਾ ਹੈ। ਉਨ੍ਹਾਂ ਸ੍ਰੀਮਤੀ ਗਾਂਧੀ ਨੂੰ ਕੇਂਦਰੀ ਫੰਡਾਂ ਵਿਚ ਘੁਟਾਲੇ ਦੀ ਜਾਂਚ ਲਈ ਸਬੰਧਤ ਵਿਭਾਗਾਂ ਨੂੰ ਵਿਸ਼ੇਸ਼ ਟੀਮਾਂ ਭੇਜਣ ਦੀ ਹਦਾਇਤ ਦੇਣ ਲਈ ਕਿਹਾ ਹੈ। ਉਨ੍ਹਾਂ ਕਿਹਾ ਕਿ ਅਕਾਲੀ ਭਾਜਪਾ ਸਰਕਾਰ ਕੇਂਦਰ ਵੱਲੋਂ ਭੇਜੀਆਂ ਗ੍ਰਾਂਟਾਂ ਲਈ ਮੈਚਿੰਗ ਗ੍ਰਾਂਟਾਂ ਮੁਹੱਈਆ ਕਰਵਾਉਣ ਵਿਚ ਵੀ ਅਸਫਲ ਰਹੀ ਹੈ। ਵਿੱਤੀ ਵਿਵਸਥਾ ਠੀਕ ਨਾ ਹੋਣ ਕਾਰਨ ਸੂਬੇ ਦੀ ਅਰਥਵਿਵਸਥਾ ਮਾੜੀ ਹਾਲਤ ਵਿਚ ਪਹੁੰਚ ਚੁੱਕੀ ਹੈ।

ਸੂਬੇ ਵਿਚ ਕਾਨੂੰਨ ਤੇ ਵਿਵਸਥਾ ਦੀ ਹਾਲਤ ਠੀਕ ਨਾ ਹੋਣ ਕਾਰਨ ਹਰ ਕੋਈ ਅਸੁਰੱਖਿਅਤ ਮਹਿਸੂਸ ਕਰ ਰਿਹਾ ਹੈ। ਸੂਬਾ ਸਰਕਾਰ ਨੇ ਕਈ ਸੀਨੀਅਰ ਕਾਂਗਰਸੀ ਆਗੂਆਂ ਦੀ ਸੁਰੱਖਿਆ ਵਾਪਸ ਲੈ ਲਈ ਹੈ। ਉਨ੍ਹਾਂ ਕਿਹਾ ਕਿ ਛੱਤੀਸਗੜ੍ਹ ਵਿਚ ਪਾਰਟੀ ਆਗੂਆਂ 'ਤੇ ਹੋਏ ਹਮਲੇ ਦੀ ਘਟਨਾ ਦੇ ਮੱਦੇਨਜ਼ਰ ਪੰਜਾਬ ਵਿਚ ਕਾਂਗਰਸੀ ਆਗੂਆਂ ਦੀ ਸੁਰੱਖਿਆ ਦਾ ਮੁੱਦਾ ਗੰਭੀਰਤਾ ਨਾਲ ਵਿਚਾਰਨ ਦੀ ਲੋੜ ਹੈ।

## ਅਕਾਲੀ ਬਦਲੇ ਦੀ ਸਿਆਸਤ ਬੰਦ ਕਰਨ: ਕੈਪਟਨ

**ਚੰਡੀਗੜ੍ਹ:** ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਾਂਗਰਸੀ ਵਰਕਰਾਂ ਤੇ ਆਗੂਆਂ ਖ਼ਿਲਾਫ਼ ਪੁਲਿਸ ਦੀ ਦੁਰਵਰਤੋਂ ਕਰ ਰਹੀ ਸੱਤਾਧਾਰੀ ਅਕਾਲੀ ਭਾਜਪਾ ਸਰਕਾਰ ਨੂੰ ਸਖ਼ਤ ਚਿਤਾਵਨੀ ਦਿੱਤੀ ਹੈ। ਉਨ੍ਹਾਂ ਕਿਹਾ ਕਿ ਤਿੰਨ ਪ੍ਰਮੁੱਖ ਕਾਂਗਰਸੀ ਵਰਕਰਾਂ ਨੂੰ ਗੈਰ ਕਾਨੂੰਨੀ ਹਿਰਾਸਤ ਵਿਚ ਰੱਖੇ ਜਾਣ ਨੇ ਕਾਂਗਰਸ ਦੇ ਪੱਖ ਨੂੰ ਸਾਬਤ ਕਰ ਦਿੱਤਾ ਹੈ ਕਿ ਅਕਾਲੀ ਬਦਲੇ ਦੀ ਸਿਆਸਤ ਕਰ ਰਹੇ ਹਨ। ਇਨ੍ਹਾਂ ਕਾਂਗਰਸੀਆਂ ਨੂੰ ਪੰਜਾਬ ਤੇ ਹਰਿਆਣਾ ਹਾਈ ਕੋਰਟ ਵੱਲੋਂ ਨਿਯੁਕਤ ਵਾਰੰਟ ਅਫਸਰ ਨੇ ਛੁਡਵਾਇਆ।

ਉਨ੍ਹਾਂ ਕਿਹਾ ਕਿ ਹਾਈ ਕੋਰਟ ਵੱਲੋਂ ਨਿਯੁਕਤ ਵਾਰੰਟ ਅਫਸਰ ਨੇ ਮਾਰਕੀਟ ਕਮੇਟੀ ਮਲੋਟ ਦੇ ਸਾਬਕਾ ਵਾਈਸ ਚੇਅਰਮੈਨ ਬਲਕਾਰ ਸਿੰਘ ਸਮੇਤ ਦੋ ਹੋਰ ਕਾਂਗਰਸੀਆਂ ਸੁਖਦੇਵ ਸਿੰਘ ਤੇ ਦਲਜੀਤ ਸਿੰਘ ਨੂੰ ਪੁਲਿਸ ਦੀ ਗੈਰਕਾਨੂੰਨੀ ਹਿਰਾਸਤ ਵਿਚੋਂ ਛੁਡਾਇਆ ਹੈ।

# ਹੁਣ ਘੋੜਿਆਂ 'ਤੇ ਸੱਟੇ ਨਾਲ ਖ਼ਜ਼ਾਨਾ ਭਰੇਗੀ ਅਕਾਲੀ-ਭਾਜਪਾ ਸਰਕਾਰ

## *ਰੇਸ ਕੋਰਸ ਲਈ ਕਿਸਾਨਾਂ ਤੋਂ ਖੋਹੀ ਜਾਵੇਗੀ 1200 ਏਕੜ ਜ਼ਮੀਨ*

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਆਰਥਿਕ ਬੋਝ ਥੱਲੇ ਹੇਠ ਦੱਬੀ ਅਕਾਲੀ-ਭਾਜਪਾ ਸਰਕਾਰ ਹੁਣ ਘੋੜਿਆਂ 'ਤੇ ਸੱਟੇ ਨਾਲ ਖ਼ਜ਼ਾਨਾ ਭਰੇਗੀ। ਪੰਜਾਬ ਸਰਕਾਰ ਵੱਲੋਂ ਸੂਬੇ ਵਿਚ ਪਹਿਲਾ ਰੇਸ ਕੋਰਸ ਲੁਧਿਆਣਾ ਜ਼ਿਲ੍ਹੇ ਵਿਚ ਸਥਾਪਤ ਕਰਨ ਦੀ ਯੋਜਨਾ ਹੈ ਜਿਸ ਲਈ ਕਿਸਾਨਾਂ ਤੋਂ 1200 ਏਕੜ ਜ਼ਮੀਨ ਖੋਹੀ ਜਾਵੇਗੀ। ਸੂਤਰਾਂ ਦਾ ਇਹ ਵੀ ਕਹਿਣਾ ਹੈ ਕਿ ਲੁਧਿਆਣਾ ਨੇੜੇ ਸਥਾਪਤ ਹੋਣ ਵਾਲੇ ਸੈਲਾਨੀ ਕੇਂਦਰ ਵਿਚ ਕੈਸੀਨੋ ਖੋਲ੍ਹਣ ਦੀ ਵੀ ਯੋਜਨਾ ਹੈ। ਸਰਕਾਰ ਵੱਲੋਂ ਰੇਸ ਕੋਰਸ ਕਲੱਬ ਸਥਾਪਤ ਕਰਨ ਲਈ ਪਿਛਲੇ ਡੇਢ ਦਹਾਕੇ ਤੋਂ ਯਤਨ ਕੀਤੇ ਜਾ ਰਹੇ ਹਨ। ਕੈਪਟਨ ਅਮਰਿੰਦਰ ਸਿੰਘ ਦੇ ਮੁੱਖ ਮੰਤਰੀ ਹੁੰਦਿਆਂ ਵੀ ਇਹ ਮਾਮਲਾ ਉਠਿਆ ਸੀ ਪਰ ਉਸ ਸਮੇਂ ਸ਼੍ਰੋਮਣੀ ਅਕਾਲੀ ਦਲ ਨੇ ਇਸ ਪ੍ਰਾਜੈਕਟ ਦਾ ਵਿਰੋਧ ਕੀਤਾ ਸੀ ਜਿਸ ਕਾਰਨ ਸਰਕਾਰ ਨੇ ਫ਼ੈਸਲਾ ਵਾਪਸ ਲੈ ਲਿਆ ਸੀ।

ਹੁਣ ਪੰਜਾਬ ਸਰਕਾਰ ਵੱਲੋਂ ਸੂਬੇ ਦੇ ਲੋਕਾਂ ਨੂੰ ਲਾਟਰੀਆਂ ਖੇਡਣ ਤੇ ਸੱਟੇ ਨਾਲ ਜੋੜਨ ਲਈ ਦੋ ਵੱਡੇ ਫ਼ੈਸਲੇ ਲਏ ਗਏ ਹਨ। ਇਕ ਫੈਸਲਾ ਆਨਲਾਈਨ ਲਾਟਰੀ ਦਾ ਹੈ ਜਿਸ ਤੋਂ ਮੁੱਢਲੇ ਤੌਰ 'ਤੇ 200 ਕਰੋੜ ਰੁਪਏ ਦੀ ਸਾਲਾਨਾ ਆਮਦਨ ਹੋਵੇਗੀ। ਇਸੇ ਤਰ੍ਹਾਂ ਰੇਸ ਕੋਰਸ ਦੇ ਸਥਾਪਤ ਹੋਣ ਨੂੰ ਬੇਸ਼ੱਕ ਤਿੰਨ ਸਾਲ ਲੱਗ ਸਕਦੇ ਹਨ ਪਰ ਸਰਕਾਰ ਵੱਲੋਂ ਇਹ ਫ਼ੈਸਲਾ ਮਾਲੀ ਹਾਲਤ ਸੁਧਾਰਨ ਲਈ ਲਿਆ ਗਿਆ ਹੈ। ਸਰਕਾਰ ਵੱਲੋਂ ਪਹਿਲੀ ਵਾਰੀ ਘੋੜਿਆਂ 'ਤੇ ਸੱਟੇ ਨੂੰ ਕਾਨੂੰਨੀ ਰੂਪ ਦੇਣ ਦਾ ਰਾਹ ਖੋਲ੍ਹਿਆ ਗਿਆ ਹੈ।

ਪੰਜਾਬ ਸਰਕਾਰ ਵੱਲੋਂ ਪਹਿਲਾ ਰੇਸ ਕੋਰਸ ਲੁਧਿਆਣਾ ਜ਼ਿਲ੍ਹੇ ਵਿਚ ਬਣਾਉਣ ਦੀ ਯੋਜਨਾ ਹੈ। ਸੂਤਰਾਂ ਅਨੁਸਾਰ ਸਰਕਾਰ ਵੱਲੋਂ ਇਸ ਪ੍ਰਾਜੈਕਟ ਨੂੰ ਸਿਰੇ ਚਾੜ੍ਹਨ ਦਾ ਜ਼ਿੰਮਾ ਪੰਜਾਬ ਬੁਨਿਆਦੀ ਢਾਂਚਾ ਵਿਕਾਸ ਬੋਰਡ (ਪੀਆਈਡੀਬੀ) ਨੂੰ ਦਿੱਤਾ ਗਿਆ ਹੈ। ਬੋਰਡ ਵੱਲੋਂ ਲੁਧਿਆਣਾ ਜ਼ਿਲ੍ਹੇ ਦੇ ਕਸਬਾ ਮਾਛੀਵਾੜਾ ਨੇੜੇ ਹੈਦਰ ਨਗਰ, ਮੱਤੇਵਾੜਾ, ਸੇਖੂਵਾਲ ਆਦਿ ਅੱਧੀ ਦਰਜਨ ਪਿੰਡਾਂ ਦੀ ਜ਼ਮੀਨ ਦੀ ਨਿਸ਼ਾਨਦੇਹੀ ਕਰ ਲਈ ਗਈ ਹੈ।




ਬੋਰਡ ਦੇ ਅਧਿਕਾਰੀਆਂ ਮੁਤਾਬਕ ਇਨ੍ਹਾਂ ਪਿੰਡਾਂ ਵਿਚ ਪੰਚਾਇਤਾਂ ਤੇ ਹੋਰ ਸਰਕਾਰੀ ਵਿਭਾਗਾਂ ਦੀ ਕਰੀਬ 1200 ਏਕੜ ਜ਼ਮੀਨ ਹੈ ਜਿੱਥੇ ਰੇਸ ਕੋਰਸ ਤੇ ਸੈਰ ਸਪਾਟੇ ਦੀਆਂ ਹੋਰ ਥਾਵਾਂ ਨੂੰ ਵਿਕਸਤ ਕੀਤਾ ਜਾਵੇਗਾ। ਪੰਜਾਬ ਮੰਤਰੀ ਮੰਡਲ ਵੱਲੋਂ ਰੇਸ ਕੋਰਸ ਐਕਟ ਦੇ ਖ਼ਰੜੇ ਨੂੰ ਪ੍ਰਵਾਨਗੀ ਦੇ ਦਿੱਤੀ ਗਈ ਹੈ। ਇਸ ਖ਼ਰੜੇ 'ਤੇ ਵਿਧਾਨ ਸਭਾ ਦੀ ਮੋਹਰ ਲੱਗਣ ਤੋਂ ਬਾਅਦ ਘੋੜਿਆਂ ਦੀ ਦੌੜ 'ਤੇ ਸੱਟਾ ਲਾਉਣਾ ਪੰਜਾਬ ਵਿਚ ਕਾਨੂੰਨੀ ਤੌਰ 'ਤੇ ਜਾਇਜ਼ ਮੰਨਿਆ ਜਾਵੇਗਾ। ਮੰਤਰੀ ਮੰਡਲ ਵਿਚ ਕਾਨੂੰਨ ਦੇ ਖ਼ਰੜੇ ਦਾ ਏਜੰਡਾ ਗ੍ਰਹਿ ਵਿਭਾਗ ਵੱਲੋਂ ਪੇਸ਼ ਕੀਤਾ ਗਿਆ ਸੀ ਜਦਕਿ ਰੇਸ ਕੋਰਸ ਤੇ ਸੈਲਾਨੀ ਕੇਂਦਰ ਪੀਆਈਡੀਬੀ ਨੇ ਬਣਾਉਣਾ ਹੈ।

ਵਿੱਤ ਵਿਭਾਗ ਦੇ ਸੂਤਰਾਂ ਦਾ ਕਹਿਣਾ ਹੈ ਕਿ ਲੁਧਿਆਣਾ ਨੇੜਲੇ ਸੈਲਾਨੀ ਕੇਂਦਰ ਤੇ ਰੇਸ ਕੋਰਸ ਤੋਂ ਸਰਕਾਰ ਨੂੰ ਮੁੱਢਲੇ ਤੌਰ 'ਤੇ 200 ਕਰੋੜ ਰੁਪਏ ਤੋਂ ਜ਼ਿਆਦਾ ਦੀ ਆਮਦਨ ਹੋਣ ਦਾ ਅਨੁਮਾਨ ਹੈ। ਲੁਧਿਆਣਾ ਜ਼ਿਲ੍ਹੇ ਦੇ ਹੈਦਰ ਨਗਰ, ਮੱਤੇਵਾੜਾ, ਸੇਖੂਵਾਲ ਆਦਿ ਪਿੰਡਾਂ ਦੀ ਜ਼ਮੀਨ 'ਤੇ ਬਣਨ ਵਾਲੇ ਇਸ ਵਿਸ਼ਵ ਪੱਧਰੀ ਸੈਲਾਨੀ ਕੇਂਦਰ ਵਿਚ ਰੇਸ ਕੋਰਸ, ਗੋਲਫ਼ ਕੋਰਸ, ਪੰਜ ਤਾਰਾ ਹੋਟਲ, ਐਮਿਊਜ਼ਮੈਂਟ ਪਾਰਕ, ਜੰਗਲਾਤ ਹੱਬ ਤੇ ਹੋਰ ਅਤਿ ਆਧੁਨਿਕ ਸਹੂਲਤਾਂ ਦਿੱਤੇ ਜਾਣ ਦਾ ਪ੍ਰਸਤਾਵ ਹੈ। ਇਨ੍ਹਾਂ ਪਿੰਡਾਂ ਦੀਆਂ ਪੰਚਾਇਤਾਂ ਨੇ ਸੈਲਾਨੀ ਕੇਂਦਰ ਸਥਾਪਤ ਕਰਨ ਲਈ ਜ਼ਮੀਨ ਦੇਣ ਲਈ ਹਾਮੀ ਭਰ ਦਿੱਤੀ ਹੈ।

ਇਨ੍ਹਾਂ ਪਿੰਡਾਂ ਵਿਚ ਪਸ਼ੂ ਪਾਲਣ ਵਿਭਾਗ ਦੇ ਬਾਗਬਾਨੀ ਵਿਭਾਗਾਂ ਦੀਆਂ ਜ਼ਮੀਨਾਂ ਵੀ ਹਨ। ਇਹ ਵਿਭਾਗ ਵੀ ਜ਼ਮੀਨ ਦੇਣ ਲਈ ਰਾਜ਼ੀ ਹੈ। ਇਸ ਪ੍ਰਾਜੈਕਟ ਲਈ ਸਰਕਾਰ ਵੱਲੋਂ ਨਿੱਜੀ ਭਾਈਵਾਲਾਂ ਨੂੰ ਜ਼ਮੀਨ ਮੁਹੱਈਆ ਕਰਵਾਈ ਜਾਵੇਗੀ ਤੇ ਉਸਾਰੀ 'ਤੇ ਖਰਚਾ ਪ੍ਰਾਈਵੇਟ ਕੰਪਨੀਆਂ ਵੱਲੋਂ ਕੀਤਾ ਜਾਵੇਗਾ। ਲੁਧਿਆਣਾ ਦੀ ਹੱਦ ਦੁਆਬੇ ਨਾਲ ਲੱਗਦੀ ਹੋਣ ਕਾਰਨ ਐਨਆਰਆਈ ਯਾਤਰੀਆਂ ਲਈ ਵੀ ਇਲਾਕਾ ਖਿੱਚ ਦਾ ਕੇਂਦਰ ਹੋਵੇਗਾ। ਅਧਿਕਾਰੀਆਂ ਦਾ ਦੱਸਣਾ ਹੈ ਕਿ ਲੁਧਿਆਣਾ ਜ਼ਿਲ੍ਹੇ ਦੇ ਪਿੰਡਾਂ ਦੀ ਚੋਣ ਇਸ ਕਰਕੇ ਕੀਤੀ ਗਈ ਕਿਉਂਕਿ ਇਨ੍ਹਾਂ ਪਿੰਡਾਂ ਵਿਚ ਪੰਚਾਇਤਾਂ ਤੇ ਸਰਕਾਰੀ ਵਿਭਾਗਾਂ ਦੀ ਵਾਧੂ ਜ਼ਮੀਨ ਪਈ ਹੈ। ਸਤਲੁਜ ਦਰਿਆ ਦੇ ਕੰਢੇ 'ਤੇ ਪਿੰਡ ਵਸੇ ਹੋਣ ਕਾਰਨ ਸੈਲਾਨੀ ਕੇਂਦਰ ਦੀ ਦਿੱਖ ਪ੍ਰਭਾਵਸ਼ਾਲੀ ਤੇ ਕੁਦਰਤੀ ਹੋਵੇਗੀ। ਇਹ ਇਲਾਕਾ ਪੰਜਾਬ ਦੇ ਐਨ ਵਿਚਾਲੇ ਵੀ ਪੈਂਦਾ ਹੈ।

# Matrimonials

### ਕੰਨਿਆ ਦੀ ਲੋੜ ਹੈ

ਜੱਟ ਸਿੱਖ ਇਲੈਕਟਰੀਕਲ ਇੰਜੀਨੀਅਰ, ਉਮਰ 26 ਸਾਲ, ਕੱਦ 5'-7" ਅਮਰੀਕੀ ਸਿਟੀਜ਼ਨ ਲੜਕੇ ਲਈ ਅਮਰੀਕਾ ਰਹਿੰਦੀ ਪ੍ਰੋਫੈਸ਼ਨਲ ਜੱਟ ਸਿੱਖ ਲੜਕੀ ਦੀ ਲੋੜ ਹੈ। ਸਟੱਡੀ ਵੀਜ਼ੇ 'ਤੇ ਆਈ ਲੜਕੀ 'ਤੇ ਵੀ ਵਿਚਾਰ ਹੋ ਸਕਦੀ ਹੈ। ਸੰਪਰਕ ਕਰੋ: 209-675-5441

*(22-4)*

ਜੱਟ ਸਿੱਖ ਅਮਰੀਕਾ ਵਿਚ ਜੰਮੇ-ਪਲੇ ਸੁਹਣੇ-ਸੁਣੱਖੇ ਉਮਰ 30 ਸਾਲ ਕੱਦ 6 ਫੁਟ, ਖੱਬੀ ਲੱਤ ਵਿਚ ਥੋੜੇ ਨੁਕਸ ਵਾਲੇ ਲੜਕੇ ਲਈ ਅਮਰੀਕਾ/ਕੈਨੇਡਾ ਜੰਮੀ/ਪਲੀ ਲੜਕੀ ਚਾਹੀਦੀ ਹੈ। ਸੰਪਰਕ ਕਰੋ: ਫੋਨ 925-778-0353

*(21-1)*

ਜੱਟ ਸਿੱਖ ਚੀਮਾ, ਅਮਰੀਕੀ ਗਰੀਨ ਕਾਰਡ ਹੋਲਡਰ, ਨਾਨ ਡਰਿੰਕਰ, 29 ਸਾਲ, ਕੱਦ 5'-10", ਡਿਪਲੋਮਾ ਇਲੈਕਟ੍ਰਿਕਲ ਇੰਜੀਨੀਅਰਿੰਗ ਲੜਕੇ ਲਈ ਲੜਕੀ ਦੀ ਲੋੜ ਹੈ। ਐਲ ਵੀ ਐਨ ਜਾਂ ਆਰ ਐਨ ਨੂੰ ਤਰਜ਼ੀਹ। ਸੰਪਰਕ ਕਰੋ: 559-719-8489

*(21-4)*

ਜੱਟ ਸਿੱਖ ਉਮਰ 23 ਸਾਲ, ਕੱਦ 6'-1", ਅਮਰੀਕਾ ਰਹਿੰਦੇ ਪਲੱਸ-2 ਲੜਕੇ ਲਈ ਕੈਨੇਡਾ/ਅਮਰੀਕਾ ਦੀ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਲੜਕੀ ਦੀ ਲੋੜ ਹੈ। ਲੜਕੇ ਦੀ ਭੈਣ ਅਮਰੀਕਾ ਵਿਚ ਸੈਟਲਡ ਹੈ। ਸੰਪਰਕ ਕਰੋ: 513-787-4237

*(20-4)*

Suitable US/Canadian citizen or green card holder girls sought for 2 Sikh Tonk Kashtria brothers, elder 27, 5'6" B Sc computer app. working in Govt. job. The younger 26, 5'-8", degree in Automobile Engg. working as Senior service advisor with Hyundai India. Parents are well settled in Ludhiana and retired. Most of the relatives well settled in US, Canada & Australia. Contact: ijmukker@yahoo.com

*(21-4)*


*To Advertise with*

***Punjab Times***

***Call: 847-359-0746***

***Fax:847-705-9388***


## ਭਾਰਤ 'ਤੇ ਅਤਿਵਾਦੀ ਹਮਲੇ ਦਾ ਖ਼ਤਰਾ ਬਰਕਰਾਰ

**ਵਾਸ਼ਿੰਗਟਨ:** ਭਾਰਤ ਨੂੰ ਵਿਦੇਸ਼ੀ ਅਤਿਵਾਦੀ ਜਥੇਬੰਦੀਆਂ ਦੇ ਹਮਲਿਆਂ ਦਾ ਖਤਰਾ ਲਗਾਤਾਰ ਬਣਿਆ ਹੋਇਆ ਹੈ ਤੇ ਮੁੱਖ ਖਤਰਾ ਲਸ਼ਕਰ-ਏ-ਤੋਇਬਾ ਤੋਂ ਹੈ। ਭਾਰਤ-ਪਾਕਿਸਤਾਨ ਸਬੰਧਾਂ ਨੂੰ ਸੁਖਾਵੇਂ ਕਰਨ ਵਿਚ ਮੁੱਖ ਅੜਿੱਕਾ ਪਾਕਿਸਤਾਨ ਵਿਚਲੀਆਂ ਅਤਿਵਾਦੀ ਜਥੇਬੰਦੀਆਂ ਹਨ। ਅਮਰੀਕਾ ਦੇ ਵਿਦੇਸ਼ ਵਿਭਾਗ ਵੱਲੋਂ ਸੰਸਦ ਵਿਚ ਪੇਸ਼ ਅਤਿਵਾਦ 2012 ਬਾਰੇ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਭਾਰਤ ਨੂੰ ਪਾਕਿਸਤਾਨ ਵਿਚਲੀਆਂ ਅਤਿਵਾਦੀ ਜਥੇਬੰਦੀਆਂ, ਵਿਸ਼ੇਸ਼ ਕਰਕੇ ਲਸ਼ਕਰ-ਏ-ਤੋਇਬਾ ਤੋਂ ਹਮਲਿਆਂ ਦਾ ਖਤਰਾ ਬਣਿਆ ਹੋਇਆ ਹੈ ਪਰ ਇਹ ਪਿਛਲੇ ਸਾਲਾਂ ਦੇ ਮੁਕਾਬਲੇ 25% ਖਤਰਾ ਘਟਿਆ ਹੈ।

ਰਿਪੋਰਟ ਵਿਚ ਪ੍ਰਗਟਾਵਾ ਕੀਤਾ ਗਿਆ ਹੈ ਕਿ ਪਿਛਲੇ ਇਕ ਸਾਲ ਵਿਚ ਅਤਿਵਾਦੀ ਹਮਲਿਆਂ ਵਿਚ 805 ਵਿਅਕਤੀ ਮਾਰੇ ਗਏ ਹਨ। ਇਸ ਦੌਰਾਨ ਭਾਰਤ ਸਰਕਾਰ ਦੇਸ਼ ਵਿਚ ਅੰਦਰੂਨੀ ਸੁਰੱਖਿਆ ਨੂੰ ਸਭ ਤੋਂ ਵੱਡਾ ਖਤਰਾ ਮਾਓਵਾਦੀ/ਨਕਸਲੀ ਹਿੰਸਾ ਤੋਂ ਮੰਨਦੀ ਹੈ। ਪਿਛਲੇ ਸਾਲ ਭਾਰਤ ਵਿਚ ਖੱਬੇ ਪੱਖੀ ਹਿੰਸਾ ਵਿਚ ਕੁਝ 364 ਮੌਤਾਂ ਹੋਈਆਂ ਹਨ ਤੇ ਇਨ੍ਹਾਂ ਵਿਚੋਂ ਅੱਸੀ ਫੀਸਦੀ ਕਮਿਊਨਿਸਟ ਪਾਰਟੀ ਆਫ ਇੰਡੀਆ (ਮਾਓਵਾਦੀ) ਜਾਂ ਨਕਸਲੀਆਂ ਵੱਲੋਂ ਕੀਤੀਆਂ ਗਈਆਂ ਹਨ। ਇਸ ਤੋਂ ਇਲਾਵਾ ਜੰਮੂ-ਕਸ਼ਮੀਰ ਵਿਚ ਵੀ ਪਾਕਿਸਤਾਨ ਪੱਖੀ ਅਤਿਵਾਦੀ ਜਥੇਬੰਦੀਆਂ ਵੱਲੋਂ ਹਿੰਸਾ ਜਾਰੀ ਰਹੀ ਹੈ।

# ਅਮਰੀਕਾ ਦੀ ਜੀ ਐਮ ਕਣਕ ਬਾਰੇ ਛਿੜਿਆ ਵਿਵਾਦ

**ਵਾਸ਼ਿੰਗਟਨ:** ਅਮਰੀਕੀ ਖੇਤੀ ਵਿਭਾਗ ਵੱਲੋਂ ਓਰੇਗੌਨ ਸੂਬੇ ਦੇ ਇਕ ਖੇਤ ਵਿਚੋਂ ਜੀ ਐਮ ਕਣਕ ਭਾਵ ਜੈਨੇਟਿਕ ਆਧਾਰ ਉਤੇ ਸੋਧੀ ਹੋਈ ਕਣਕ ਮਿਲਣ ਤੋਂ ਬਾਅਦ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਜ਼ਿਕਰਯੋਗ ਹੈ ਕਿ ਇਸ ਘਟਨਾ ਉਤੇ ਖ਼ਪਤਕਾਰ ਗਰੁੱਪਾਂ ਵੱਲੋਂ ਭਾਰੀ ਇਤਰਾਜ਼ ਕੀਤਾ ਜਾ ਰਿਹਾ ਹੈ ਤੇ ਜਪਾਨ ਨੇ ਵੀ ਅਮਰੀਕਾ ਤੋਂ ਹੋਣ ਵਾਲੀ ਕਣਕ ਦੀ ਕੁਝ ਦਰਾਮਦ ਰੋਕ ਦਿੱਤੀ ਹੈ।

ਅਮਰੀਕੀ ਅਧਿਕਾਰੀਆਂ ਦਾ ਕਹਿਣਾ ਹੈ ਕਿ ਇਸ ਕਣਕ ਦਾ ਕੋਈ ਖ਼ਤਰਾ ਨਹੀਂ ਹੈ ਪਰ ਜਾਂਚ ਦੇ ਸਿੱਟੇ ਸਾਹਮਣੇ ਆਉਣ ਤੋਂ ਬਾਅਦ ਹੀ ਇਨ੍ਹਾਂ ਦਾ ਆਲਮੀ ਬਾਜ਼ਾਰ ਉੱਤੇ ਭਾਰੀ ਅਸਰ ਪੈ ਸਕਦਾ ਹੈ। ਜਾਂਚ ਇਹ ਪਤਾ ਲਾਉਣ ਲਈ ਕੀਤੀ ਜਾ ਰਹੀ ਹੈ ਕਿ ਕੀ ਕਿਤੇ ਹੋਰ ਵੀ ਅਜਿਹੀ ਕਣਕ ਪੈਦਾ ਕੀਤੀ ਗਈ ਹੈ। ਸੈਂਟਰ ਫਾਰ ਫੂਡ ਸੇਫ਼ਟੀ ਵਿਚ ਸਾਇੰਸ ਨੀਤੀ ਵਿਸ਼ਲੇਸ਼ਕ ਬਿੱਲ ਫਰੀਜ਼ ਦਾ ਕਹਿਣਾ ਸੀ ਕਿ ਕੋਈ ਵੀ ਜੀ ਐਮ ਕਣਕ ਲੈਣੀ ਨਹੀਂ ਚਾਹੁੰਦਾ।

ਦੱਸਣਯੋਗ ਹੈ ਕਿ ਦੁਨੀਆਂ ਭਰ ਵਿਚ ਕਿਤੇ ਵੀ ਜੀ ਐਮ ਕਣਕ ਦੀ ਵਪਾਰਕ ਵਰਤੋਂ ਦੀ ਇਜਾਜ਼ਤ ਨਹੀਂ ਹੈ ਪਰ ਅਜਿਹੀ ਕਣਕ ਬੀਤੇ ਅਪਰੈਲ ਮਹੀਨੇ ਓਰੇਗੌਨ ਦੇ ਇਕ ਖੇਤ ਵਿਚ ਬੀਜੀ ਹੋਈ ਪਾਏ ਜਾਣ ਤੋਂ ਭਾਰੀ ਵਿਵਾਦ ਪੈਦਾ ਹੋ ਗਿਆ ਤੇ ਹਕੂਮਤ ਨੂੰ ਇਸ ਦੀ ਜਾਂਚ ਦੇ ਹੁਕਮ ਦੇਣੇ ਪਏ। ਇਸ ਕਾਰਨ ਜਪਾਨ ਨੇ ਅਮਰੀਕਾ ਤੋਂ 25 ਹਜ਼ਾਰ ਟਨ ਕਣਕ ਦੀ ਬਰਾਮਦ ਦਾ ਸੌਦਾ ਰੱਦ ਕਰ ਦਿੱਤਾ। ਯੂਰਪੀ ਯੂਨੀਅਨ ਨੇ ਵੀ ਮੈਂਬਰ ਮੁਲਕਾਂ ਨੂੰ ਕਿਹਾ ਕਿ ਉਹ ਸਬੰਧਤ ਖਿੱਤੇ ਵਿਚੋਂ ਆਉਣ ਵਾਲੀ ਕਣਕ ਦੀ ਜਾਂਚ ਕਰਨ ਤਾਂ ਕਿ ਜੀ ਐਮ ਕਣਕ ਖ਼ਪਤਕਾਰਾਂ ਨੂੰ ਨਾ ਵੇਚੀ ਜਾ ਸਕੇ।


## ਤੰਦੂਰੀਏ, ਕੁੱਕ, ਹੈਲਪਰ ਦੀ ਲੋੜ ਹੈ

ਇੰਡੀਅਨਐਪਲਿਸ ਵਿਚ ਵਧੀਆ ਚਲਦੇ ਇੰਡੀਅਨ ਰੈਸੋਟਰੈਂਟ ਲਈ ਤੰਦੂਰੀਏ, ਕੁੱਕ, ਹੈਲਪਰਾਂ ਅਤੇ ਵੇਟਰਾਂ ਦੀ ਤੁਰੰਤ ਜ਼ਰੂਰਤ ਹੈ

ਚੰਗੀ ਤਨਖਾਹ ਤੇ ਰਿਹਾਇਸ਼ ਮੁਫਤ

ਸੰਪਰਕ ਕਰੋ: ਕੁਲਵਿੰਦਰ ਸਿੰਘ

ਫੋਨ: 317-437-0367



## SUPER TRAVEL

847-676-9090, 773-465-5566

*E-mail: supertravel2003@yahoo.com*

***Lowest Fares With Excellent Service***

*AMERICAN AIR, CONTINENTAL AIR*



*JET AIRWAYS DELTA, AIR INDIA, KLM, LUFTHANSA.*

*For Emergency Call anytime at 847-673-3825*

*EARLY BIRD SALE!!!!*

India $545
London $250



## MRP TRAVEL

*Lowest International and Domestic Fares*

ARC **FLY ANY AIRLINE OF YOUR CHOICE** IATA

*Providing the lowest Airfare, Cruise and Travel Packages to Asia, Africa, Europe, the Middle East and North America*

**408-929-8005**

E-mail:mrptravel@gmail.com
2123 Port Way, San Jose, CA 95133

*CST: 2097308-40*

*Passport & Visa services also available*



Asiana Airlines Emirates KOREAN AIR SINGAPORE AIRLINES CATHAY PACIFIC Lufthansa CHINA AIRLINES

*India Vacation tour package also available.*



## Prince's Barber Shop

**37477 Fremont Blvd, suite C, Fremont, CA 94536**

***Men & Children's Hair Cut***

*Threading
*Custom Text
*Men's Facials
*Hair Coler
*Custom Designing
*Shave &
*Line-ups
*Head Massage

*ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ*



**Business hours:**
**Mon thru Thursday 9am to 8pm**
**Friday, Sat- Sunday- 9am to 7pm**
**(Tuesday Closed)**



***Cell: (510)-677-9942***

***Shop: (510)-505-9605***

*www.princebarbershop.com*



FARMERS INSURANCE GROUP Symbol of Superior Service

FARMERS®

ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ, ਸਹੀ ਰਾਏ ਨਾਲ ਸਹੀ ਇੰਸ਼ੋਰੈਂਸ ਕਵਰੇਜ ਲਓ ਤੇ ਨਿਸ਼ਚਿੰਤ ਹੋ ਜਾਓ

***Auto *Home *Life *Umbrella**

***Business Work Comp.**

**Duabba Insurance Agency**

2450 Peralta Blvd Suite 120, Fremont CA 94536

**Phone: 510-797-7989 Fax: 510-794-7398**

visit us@ farmers.com



**Gurcharan Singh Mann**
**Insurance Agent**
License # 0C 70672

ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿੱਚ ਉਪਲੱਬਧ ਹੈ ਜਿਸਦੀ ਦਫਤਰ ਵਲੋਂ ਮਨਜ਼ੂਰੀ ਹੈ।



## ਦੁਨੀਆ ਭਰ ਵਿਚ ਚੱਲਣ ਵਾਲਾ ਸ਼ਿਕਾਗੋ ਤੋਂ ਪਹਿਲਾ ਪੰਜਾਬੀ ਰੇਡੀਓ

Radio Chann Pardesi

ਸੁਣੋ ਤਾਜ਼ਾ ਖਬਰਾਂ, ਸਿਹਤ ਸਬੰਧੀ ਜਾਣਕਾਰੀ, ਗੁਰਬਾਣੀ, ਹੁਕਮਨਾਮੇ ਦਾ ਸਿੱਧਾ ਪ੍ਰਸਾਰਣ
ਗੀਤ-ਸੰਗੀਤ ਦੇ ਬਹੁਤ ਹੀ ਵਧੀਆ ਪ੍ਰੋਗਰਾਮ
ਅਮਰੀਕਾ ਦੇ ਸਥਾਨਕ ਮਸਲਿਆਂ ਬਾਰੇ ਵਿਚਾਰ-ਚਰਚਾ ਤੇ ਹੋਰ ਬੜਾ ਕੁਝ

ਫੋਨ 832-225-5354 'ਤੇ ਕਾਲ ਕਰਕੇ ਅਤੇ ਵੈਬਸਾਈਟ www.channpardesi.com ਰਾਹੀਂ 24 ਘੰਟੇ 7 ਦਿਨ ਸੁਣੋ

iPhone

ਵਾਜਬ ਕੀਮਤਾਂ 'ਤੇ ਇਸ਼ਤਿਹਾਰ ਦਿਓ ਅਤੇ ਆਪਣਾ ਕਾਰੋਬਾਰ ਵਧਾਓ

RADIO CHANN PARDESI

ਹੋਰ ਜਾਣਕਾਰੀ ਅਤੇ ਰੇਡੀਓ ਸੈਟ ਮੰਗਵਾਉਣ ਲਈ ਇਹਨਾਂ ਨੰਬਰਾਂ ਤੇ ਸੰਪਰਕ ਕਰ ਸਕਦੇ ਹੋ

ਦਰਸ਼ਨ ਬਸਰਾਓ 815-557-4991
ਸਰਵਣ ਟਿਵਾਣਾ 219-670-4579

https://www.facebook.com/ChannPardesiRadio Email : info@channpardesi.com


www.channpardesi.com

# ਬਾਦਲਾਂ ਨੇ ਚੰਡੀਗੜ੍ਹ 'ਤੇ ਪੰਜਾਬ ਦੇ ਹੱਕ ਤੋਂ ਮੂੰਹ ਮੋੜਿਆ

## ਨਿੱਜੀ ਲਾਹੇ ਲਈ 'ਨਵਾਂ ਚੰਡੀਗੜ੍ਹ' ਵਸਾਉਣ ਦਾ ਐਲਾਨ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਵੱਲੋਂ ਨਿੱਜੀ ਹਿੱਤਾਂ ਲਈ ਪੰਜਾਬ ਦੀ ਧਰਤੀ 'ਤੇ ਵਸਾਏ ਸ਼ਹਿਰ ਚੰਡੀਗੜ੍ਹ 'ਤੇ ਆਪਣੇ ਹੱਕ ਨੂੰ ਖੁਦ ਹੀ ਖੋਰਾ ਲਾਇਆ ਜਾ ਰਿਹਾ ਹੈ। ਇਸ ਸ਼ਹਿਰ ਲਈ ਜੱਦੋ-ਜਹਿਦ ਕਰਨ ਵਾਲੇ ਅਕਾਲੀ ਦਲ ਨੇ ਅਜਿਹੇ ਕਈ ਫੈਸਲੇ ਲਏ ਹਨ ਜਿਸ ਨਾਲ ਚੰਡੀਗੜ੍ਹ 'ਤੇ ਪੰਜਾਬ ਦਾ ਦਾਅਵਾ ਕਮਜ਼ੋਰ ਹੋ ਰਿਹਾ ਹੈ। ਪੰਜਾਬ ਸਰਕਾਰ ਵੱਲੋਂ ਪਿਛਲੇ ਕੁਝ ਸਮੇਂ ਵਿਚ ਰਾਜਧਾਨੀ ਚੰਡੀਗੜ੍ਹ ਵਿਚੋਂ ਕਈ ਮਹੱਤਵਪੂਰਨ ਵਿਭਾਗਾਂ ਦੇ ਦਫਤਰਾਂ ਨੂੰ ਮੁਹਾਲੀ ਤਬਦੀਲ ਕਰਨ ਤੇ ਹੁਣ ਲੋਕਲ ਪਲਾਨਿੰਗ ਏਰੀਆ (ਐਲਪੀਏ) ਮੁੱਲਾਂਪੁਰ ਵਿਚ 'ਨਵਾਂ ਚੰਡੀਗੜ੍ਹ' ਵਸਾਉਣ ਦੇ ਫੈਸਲੇ ਨਾਲ ਪੰਜਾਬ ਦੇ ਚੰਡੀਗੜ੍ਹ 'ਤੇ ਹੱਕ ਦੇ ਦਾਅਵੇ ਨੂੰ ਕਾਫੀ ਖੋਰਾ ਲੱਗਣ ਦੀ ਸੰਭਾਵਨਾ ਹੈ।

ਯੂਟੀ ਦੇ ਕਾਂਗਰਸੀ ਤੇ ਭਾਜਪਾ ਆਗੂ ਪਹਿਲਾਂ ਹੀ ਮੰਗ ਕਰਦੇ ਆ ਰਹੇ ਹਨ ਕਿ ਚੰਡੀਗੜ੍ਹ ਦਾ ਕੇਂਦਰੀ ਸ਼ਾਸਤ ਪ੍ਰਦੇਸ਼ ਦਾ ਦਰਜਾ ਬਰਕਰਾਰ ਰੱਖਿਆ ਜਾਵੇ। ਜਨਤਾ ਦਲ (ਯੂਨਾਈਟਿਡ) ਚੰਡੀਗੜ੍ਹ ਤਾਂ ਇਸ ਸ਼ਹਿਰ ਨੂੰ ਦੇਸ਼ ਦੇ ਨਵੇਂ ਸੂਬੇ ਦਾ ਦਰਜਾ ਦੇਣ ਦੀ ਮੰਗ ਕਰਦਿਆਂ ਦਸਤਖ਼ਤੀ ਮੁਹਿੰਮ ਚਲਾ ਰਿਹਾ ਹੈ। ਉਧਰ, ਹਰਿਆਣਾ ਇਸ ਸ਼ਹਿਰ 'ਤੇ ਆਪਣਾ ਦਬਦਬਾ ਵਧਾਉਣ ਲਈ ਹਰ ਹਰਬਾ ਵਰਤ ਰਿਹਾ ਹੈ ਤੇ ਹਰ ਵਿਭਾਗ ਵਿਚ ਹਰਿਆਣਾ ਦੇ ਅਫਸਰ ਕੋਟੇ ਨਾਲੋਂ ਕਿਤੇ ਵੱਧ ਤਾਇਨਾਤ ਹਨ।



ਬੀਤੇ ਦੀਨੀਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਪੰਜਾਬ ਰਿਜ਼ਨਲ ਐਂਡ ਟਾਊਨ ਪਲਾਨਿੰਗ ਐਂਡ ਡਿਵੈਲਪਮੈਂਟ ਬੋਰਡ ਦੀ ਮੀਟਿੰਗ ਵਿਚ ਚੰਡੀਗੜ੍ਹ ਨਾਲ ਲੱਗਦੇ ਪੰਜਾਬ ਦੇ ਖੇਤਰ ਮੁੱਲਾਂਪੁਰ ਵਿਖੇ 1700 ਏਕੜ ਉਪਰ ਇਕ ਮਾਡਲ ਸਿਟੀ 'ਨਵਾਂ ਚੰਡੀਗੜ੍ਹ' ਉਸਾਰਨ ਦਾ ਫੈਸਲਾ ਲਿਆ ਹੈ। ਇਸ ਤੋਂ ਪਹਿਲਾਂ ਪੰਜਾਬ ਸਰਕਾਰ ਵੱਲੋਂ ਚੰਡੀਗੜ੍ਹ ਦੇ ਦਿਲ ਵਜੋਂ ਜਾਣੇ ਜਾਂਦੇ ਸੈਕਟਰ-17 ਸਥਿਤ ਸਿੱਖਿਆ ਵਿਭਾਗ ਦੇ ਕਈ ਦਹਾਕਿਆ ਤੋਂ ਚੱਲਦੇ ਆ ਰਹੇ ਡੀਪੀਆਈ ਦਫਤਰ ਤੇ ਡਾਇਰੈਕਟਰ ਐਸਸੀਈਆਰਟੀ ਤੇ ਸੈਕਟਰ-34 ਸਥਿਤ ਡੀਜੀਐਸਈ ਦੇ ਦਫਤਰ ਮੁਹਾਲੀ ਵਿਖੇ ਤਬਦੀਲ ਕਰ ਦਿੱਤੇ ਗਏ ਹਨ। ਇਸ ਤੋਂ ਇਲਾਵਾ ਸੈਕਟਰ-17 ਸਥਿਤ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਤੇ ਜੰਗਲਾਤ ਵਿਭਾਗ ਸਮੇਤ ਕੁਝ ਹੋਰ ਛੋਟੇ ਵਿਭਾਗ ਵੀ ਮੁਹਾਲੀ ਸ਼ਿਫਟ ਕਰ ਦਿੱਤੇ ਗਏ।

ਹੁਣ ਸੈਕਟਰ-17 ਸਥਿਤ ਪੰਜਾਬ ਮੰਡੀ ਬੋਰਡ ਦੇ ਸ਼ਾਨਦਾਰ ਇਮਾਰਤ ਵਾਲੇ ਦਫਤਰ ਨੂੰ ਵੀ ਮੁਹਾਲੀ ਸ਼ਿਫਟ ਕਰਨ ਦੀ ਤਿਆਰੀ ਕੀਤੀ ਜਾ ਰਹੀ ਹੈ। ਇਸ ਤੋਂ ਇਲਾਵਾ ਪੰਜਾਬ ਦੇ ਸਿੰਜਾਈ ਵਿਭਾਗ ਦੇ ਸਿੰਜਾਈ ਭਵਨ ਤੋਂ ਬਾਹਰਲੇ ਦਫਤਰਾਂ ਨੂੰ ਵੀ ਮੁਹਾਲੀ ਤਬਦੀਲ ਕਰਨ ਦੀ ਤਜਵੀਜ਼ ਹੈ। ਪੰਜਾਬ ਦੇ ਦਫਤਰਾਂ ਨੂੰ ਚੰਡੀਗੜ੍ਹ ਤੋਂ ਤਬਦੀਲ ਕਰਨ ਨਾਲ ਚੰਡੀਗੜ੍ਹ ਯੂ.ਟੀ ਪ੍ਰਸ਼ਾਸਨ ਦੀਆਂ ਇਮਾਰਤਾਂ ਤੋਂ ਪੰਜਾਬ ਦਾ ਕਬਜ਼ਾ ਵੀ ਖਤਮ ਹੋ ਰਿਹਾ ਹੈ। ਦੂਸਰਾ ਇਥੋਂ ਪੰਜਾਬੀ ਮੁਲਾਜ਼ਮ ਵੱਡੀ ਗਿਣਤੀ ਵਿਚ ਮੁਹਾਲੀ ਆਦਿ ਸ਼ਿਫਟ ਹੋ ਰਹੇ ਹਨ। ਮਟਕਾ ਚੌਕ ਵਿਚ ਰੈਲੀਆਂ ਕਰਨ 'ਤੇ ਲਾਈ ਰੋਕ ਕਾਰਨ ਪੰਜਾਬ ਦੀ ਰਾਜਧਾਨੀ ਵਿਚ ਪੰਜਾਬੀਆਂ ਦੀ ਚਹਿਲ-ਪਹਿਲ ਪਹਿਲਾਂ ਹੀ ਫਿੱਕੀ ਪੈ ਚੁੱਕੀ ਹੈ। ਯੂਟੀ ਪ੍ਰਸ਼ਾਸਨ ਵੱਲੋਂ ਇਥੋਂ ਦੇ ਪੰਜਾਬੀ ਪਿੰਡਾਂ ਦੀ ਜ਼ਮੀਨ ਪਹਿਲਾਂ ਹੀ ਕੌਡੀਆਂ ਦੇ ਭਾਅ ਗ੍ਰਹਿਣ ਕਰ ਲਈ ਗਈ ਹੈ। ਪੰਜਾਬ ਸਰਕਾਰ ਦੀ ਚੰਡੀਗੜ੍ਹ ਪ੍ਰਤੀ ਬੇਰੁਖੀ ਦਾ ਸਿੱਟਾ ਹੀ ਹੈ ਕਿ ਚੰਡੀਗੜ੍ਹ ਪ੍ਰਸ਼ਾਸਨ ਨੇ ਦਸਵੀਂ ਵਿਚ ਪੰਜਾਬੀ ਪੜ੍ਹਨ ਵਾਲੇ ਨੌਜਵਾਨਾਂ ਦੇ ਕੰਡਕਟਰ ਦਾ ਲਾਇਸੈਂਸ ਬਣਾਉਣ 'ਤੇ ਹੀ ਪਾਬੰਦੀ ਲਾ ਦਿੱਤੀ ਹੈ।

ਚੰਡੀਗੜ੍ਹ ਪ੍ਰਸ਼ਾਸਨ ਵੱਲੋਂ ਸਰਕਾਰੀ ਭਾਸ਼ਾ ਅੰਗਰੇਜ਼ੀ ਲਾਗੂ ਕਰਕੇ ਪੰਜਾਬੀ ਭਾਸ਼ਾ ਨੂੰ ਪਹਿਲਾਂ ਨੁੱਕਰੇ ਲਾਇਆ ਪਿਆ ਹੈ। ਪੰਜਾਬ ਵਿਧਾਨ ਸਭਾ ਵਿਚ ਸਾਰੇ ਵਿਧਾਇਕਾਂ ਵੱਲੋਂ ਇਕਸੁਰ ਹੋ ਕੇ 15 ਮਾਰਚ, 2010 ਨੂੰ ਯੂ.ਟੀ ਪ੍ਰਸ਼ਾਸਨ ਵਿਚ ਸਰਕਾਰੀ ਭਾਸ਼ਾ ਪੰਜਾਬੀ ਲਾਗੂ ਕਰਨ ਦੇ ਪਾਸ ਕੀਤੇ ਮਤੇ 'ਤੇ ਪਿਛਲੇ ਤਿੰਨ ਸਾਲਾਂ ਤੋਂ ਮੁੱਖ ਮੰਤਰੀ ਸ. ਬਾਦਲ ਵੱਲੋਂ ਧਾਰੀ ਚੁੱਪ ਕਾਰਨ ਪ੍ਰਸ਼ਾਸਨ ਵਿਚ ਪੰਜਾਬੀ ਨੂੰ ਸਰਕਾਰੀ ਭਾਸ਼ਾ ਦਾ ਰੁਤਬਾ ਦੇਣਾ ਤਾਂ ਦੂਰ ਦੀ ਗੱਲ ਉਲਟਾ ਯੂ.ਟੀ ਪ੍ਰਸ਼ਾਸਨ ਨੇ ਸੜਕਾਂ ਤੇ ਜਨਤਕ ਥਾਵਾਂ 'ਤੇ ਲੱਗੇ ਸਾਈਨ ਬੋਰਡਾਂ ਵਿਚੋਂ ਵੀ ਪੰਜਾਬੀ ਭਾਸ਼ਾ ਨੂੰ ਕੱਢਿਆ ਜਾ ਰਿਹਾ ਹੈ। ਪੰਜਾਬ ਸਰਕਾਰ ਵੱਲੋਂ ਚੰਡੀਗੜ੍ਹ ਪ੍ਰਸ਼ਾਸਨ ਕੋਲੋਂ ਰਾਜ ਦੇ ਅਧਿਕਾਰੀਆਂ ਲਈ ਰਿਹਾਇਸ਼ੀ ਕਲੋਨੀ ਬਣਾਉਣ ਲਈ ਯੂ.ਟੀ ਵਿਚ 100 ਏਕੜ ਜ਼ਮੀਨ ਦੇਣ ਦੀ ਕੀਤੀ ਮੰਗ ਨੂੰ ਵੀ ਪ੍ਰਸ਼ਾਸਨ ਨੇ ਠੁਕਰਾ ਦਿੱਤਾ ਸੀ।

ਚੰਡੀਗੜ੍ਹ ਪ੍ਰਸ਼ਾਸਨ ਵਿਚ ਪੰਜਾਬ ਨਾਲ ਹੋ ਰਹੇ ਵਿਤਕਰੇ ਵਿਰੁੱਧ ਰਾਜ ਸਰਕਾਰ ਦੀ ਖਾਮੋਸ਼ੀ ਦਾ ਸਿੱਟਾ ਹੀ ਹੈ ਕਿ ਹੁਣ ਚੰਡੀਗੜ੍ਹ ਪ੍ਰਸ਼ਾਸਨ ਵਿਚ ਪੰਜਾਬ ਦੇ ਅਧਿਕਾਰੀਆਂ ਤੇ ਮੁਲਾਜ਼ਮਾਂ ਦਾ 60 ਫੀਸਦੀ ਡੈਪੂਟੇਸ਼ਨ ਕੋਟਾ ਖੁਰ ਕੇ ਮਸਾਂ ਚਾਰ ਫੀਸਦੀ ਰਹਿ ਗਿਆ ਹੈ। ਇਸ ਸਾਰੇ ਵਰਤਾਰੇ ਦੌਰਾਨ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੱਲੋਂ ਨਾਲ ਲੱਗਦੇ ਮੁੱਲਾਂਪੁਰ ਵਿਚ 'ਨਵਾਂ ਚੰਡੀਗੜ੍ਹ' ਉਸਾਰਨ ਦੇ ਲਏ ਫੈਸਲੇ ਨਾਲ ਚੰਡੀਗੜ੍ਹ ਤੋਂ ਪੰਜਾਬ ਦੇ ਅਧਿਕਾਰ ਨੂੰ ਹੋਰ ਖੋਰਾ ਲੱਗਣ ਦੇ ਆਸਾਰ ਬਣ ਗਏ ਹਨ।

## ਡੇਰਾ ਮੁਖੀ ਨੂੰ ਬਲਾਤਕਾਰ ਦੇ ਦੋਸ਼ ਵਿਚ ਸਜ਼ਾ

**ਗੁਰਦਾਸਪੁਰ:** ਵਧੀਕ ਸੈਸ਼ਨ ਜੱਜ ਬਲਜਿੰਦਰ ਸਿੱਧੂ ਦੀ ਅਦਾਲਤ ਨੇ ਕਾਹਨੂੰਵਾਨ ਇਲਾਕੇ ਦੇ ਇਕ ਪਿੰਡ ਨਾਲ ਸਬੰਧਤ ਡੇਰਾ ਮੁਖੀ ਵੱਲੋਂ ਆਪਣੀ ਇਕ ਪੈਰੋਕਾਰ ਔਰਤ ਨਾਲ ਜਬਰ ਜਨਾਹ ਦੇ ਮਾਮਲੇ ਵਿਚ ਡੇਰਾ ਮੁਖੀ ਤੇ ਉਸ ਦੇ ਦੋ ਪੈਰੋਕਾਰਾਂ ਨੂੰ 7-7 ਵਰ੍ਹਿਆਂ ਦੀ ਕੈਦ ਤੇ 10-10 ਹਜ਼ਾਰ ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ ਹੈ।



ਕਾਹਨੂੰਵਾਨ ਪੁਲਿਸ ਵੱਲੋਂ ਪੀੜਤ ਔਰਤ ਦੇ ਬਿਆਨਾਂ ਉਤੇ ਡੇਰਾ ਮੁਖੀ ਜਾਗੀਰ ਸਿੰਘ ਵਾਸੀ ਸੈਦਪੁਰ ਹਾਰਨੀ ਤੇ ਉਸ ਦੇ ਦੋ ਪੈਰੋਕਾਰਾਂ ਸਤਨਾਮ ਸਿੰਘ ਵਾਸੀ ਜਫਰਵਾਲ ਤੇ ਗੁਰਮੀਤ ਸਿੰਘ ਵਾਸੀ ਜਫਰਵਾਲ ਖਿਲਾਫ਼ ਕੇਸ ਦਰਜ ਕੀਤਾ ਗਿਆ ਸੀ। ਹਾਸਲ ਜਾਣਕਾਰੀ ਮੁਤਾਬਕ ਪੀੜਤ ਔਰਤ ਨੇ ਔਲਾਦ ਨਾ ਹੋਣ ਕਾਰਨ ਬਾਬਾ ਜਾਗੀਰ ਸਿੰਘ ਦੇ ਡੇਰੇ ਜਾਣਾ ਸ਼ੁਰੂ ਕਰ ਦਿੱਤਾ। ਇਕ ਰਾਤ ਅਖੌਤੀ ਬਾਬੇ ਨੇ ਉਸ ਨੂੰ ਜ਼ਬਰਨ ਡੇਰੇ ਉਤੇ ਹੀ ਰੋਕ ਲਿਆ। ਰਾਤ ਨੂੰ ਉਸ ਨੂੰ ਕੋਈ ਦਵਾਈ ਖਾਣ ਲਈ ਦਿੱਤੀ ਗਈ ਜਿਸ ਨੂੰ ਖਾ ਕੇ ਉਹ ਨੀਮ ਬੇਹੋਸ਼ ਹੋ ਗਈ।

ਇਸ ਦੌਰਾਨ ਅਖੌਤੀ ਬਾਬੇ ਵੱਲੋਂ ਉਸ ਨਾਲ ਜਬਰ ਜਨਾਹ ਕੀਤਾ ਗਿਆ। ਔਰਤ ਨੇ ਦੋਸ਼ ਲਾਇਆ ਸੀ ਕਿ ਗੁਰਮੀਤ ਸਿੰਘ ਤੇ ਸਤਨਾਮ ਸਿੰਘ ਨੇ ਵੀ ਅਖੌਤੀ ਬਾਬੇ ਦਾ ਸਾਥ ਦਿੱਤਾ ਸੀ। ਉਸ ਦੇ ਪਤੀ ਨੇ ਪੁਲਿਸ ਦੀ ਸਹਾਇਤਾ ਲੈ ਕੇ ਉਸ ਨੂੰ ਅਖੌਤੀ ਬਾਬੇ ਦੇ ਚੁੰਗਲ ਤੋਂ ਮੁਕਤ ਕਰਵਾਇਆ। ਪੁਲਿਸ ਨੇ ਕੇਸ ਦਰਜ ਕਰਕੇ ਚਲਾਨ ਅਦਾਲਤ ਵਿਚ ਪੇਸ਼ ਕਰ ਦਿੱਤਾ ਸੀ। ਕੇਸ ਦੀ ਸੁਣਵਾਈ ਕਰਦਿਆਂ ਅਦਾਲਤ ਨੇ ਇਨ੍ਹਾਂ ਤਿੰਨਾਂ ਨੂੰ ਦੋਸ਼ੀ ਮੰਨਦਿਆਂ ਸਜ਼ਾ ਸੁਣਾ ਦਿੱਤੀ।

## ਨਸ਼ੇੜੀ ਪਤੀ ਵੱਲੋਂ ਪਤਨੀ ਦਾ ਕਤਲ

**ਮੋਗਾ:** ਸ਼ਰਾਬ ਪੀਣ ਦੇ ਆਦੀ ਇਕ ਵਿਅਕਤੀ ਨੇ ਆਪਣੀ ਪਤਨੀ ਦਾ ਛੁਰਾ ਮਾਰ ਕੇ ਕਤਲ ਕਰ ਦਿੱਤਾ। ਮਿਲੀ ਜਾਣਕਾਰੀ ਮੁਤਾਬਕ ਮ੍ਰਿਤਕ ਰਾਣੀ ਉਰਫ ਬਿੰਬੋ (40) ਵਾਸੀ ਕੋਟ ਈਸੇ ਖਾਂ ਤੇ ਉਸ ਦਾ ਪਤੀ ਬਚਿੱਤਰ ਸਿੰਘ ਜੋ ਕਿ ਸ਼ਰਾਬ ਪੀਣ ਦਾ ਆਦੀ ਸੀ, ਵਿਚਕਾਰ ਅਕਸਰ ਝਗੜਾ ਰਹਿੰਦਾ ਸੀ ਤੇ ਉਸ ਦੀ ਪਤਨੀ ਰਾਣੀ ਆਪਣੇ ਧਰਮਕੋਟ ਰਹਿੰਦੇ ਬੇਟੇ ਸੰਦੀਪ ਸਿੰਘ ਕੋਲ ਜਾ ਕੇ ਰਹਿਣ ਦੀ ਅਕਸਰ ਜਿਦ ਕਰਦੀ ਸੀ।

ਵਾਰਦਾਤ ਵਾਲੇ ਦਿਨ ਬਚਿੱਤਰ ਸਿੰਘ ਜਦ ਸ਼ਰਾਬ ਪੀ ਕੇ ਘਰ ਆਇਆ ਤਾਂ ਉਸ ਨੇ ਝਗੜਾ ਕਰਨਾ ਸ਼ੁਰੂ ਕਰ ਦਿੱਤਾ ਜਿਸ 'ਤੇ ਰਾਣੀ ਨੇ ਰੋਕਿਆ ਤਾਂ ਬਚਿੱਤਰ ਸਿੰਘ ਨੇ ਗੁੱਸੇ ਵਿਚ ਆ ਕੇ ਇਕ ਛੁਰੇ ਨਾਲ ਉਸ 'ਤੇ ਕਈ ਵਾਰ ਕੀਤੇ। ਜ਼ਖ਼ਮੀ ਹਾਲਤ ਵਿਚ ਉਸ ਨੂੰ ਹਸਪਤਾਲ ਲਿਜਾਇਆ ਗਿਆ ਜਿਥੇ ਉਸ ਦੀ ਮੌਤ ਹੋ ਗਈ। ਪੁਲਿਸ ਵੱਲੋਂ ਇਸ ਸਬੰਧੀ ਕੇਸ ਦਰਜ ਕਰ ਲਿਆ ਗਿਆ ਹੈ ਅਤੇ ਅਗਾਂਹ ਇਸ ਬਾਰੇ ਪੁਣ-ਛਾਣ ਕੀਤੀ ਜਾ ਰਹੀ ਹੈ।

## ਨੌਜਵਾਨ ਵੱਲੋਂ ਥਾਣੇ ਸਾਹਮਣੇ ਪ੍ਰੇਮਿਕਾ ਦਾ ਕਤਲ

**ਜਲੰਧਰ:** ਨਾਜਾਇਜ਼ ਸਬੰਧਾਂ ਦੇ ਸ਼ੱਕ ਵਿਚ ਇਕ ਵਿਅਕਤੀ ਨੇ ਪੁਲਿਸ ਥਾਣੇ ਦੇ ਸਾਹਮਣੇ ਦਿਨ-ਦਿਹਾੜੇ ਆਪਣੀ 45 ਸਾਲ ਦੀ ਪ੍ਰੇਮਿਕਾ ਦਾ ਚਾਕੂ ਮਾਰ ਕੇ ਕਤਲ ਕਰ ਦਿੱਤਾ। ਘਟਨਾ ਵਾਲੀ ਥਾਂ 'ਤੇ ਮੌਜੂਦ ਪੁਲਿਸ ਮੁਲਾਜ਼ਮਾਂ ਨੇ ਮੁਲਜ਼ਮ ਨੂੰ ਮੌਕੇ 'ਤੇ ਹੀ ਕਾਬੂ ਕਰ ਲਿਆ। ਮੁਲਜ਼ਮ ਪੂਰਨ ਚੰਦ ਮੁਤਾਬਕ ਉਸ ਦੇ ਤਿੰਨ ਬੱਚੇ ਹਨ ਤੇ ਉਸ ਦਾ ਪਰਿਵਾਰ ਤਿਲਕ ਨਗਰ ਵਿਚ ਰਹਿੰਦਾ ਹੈ।

ਉਸ ਦਾ ਇਕ ਮਿੱਤਰ ਕੈਲਾਸ਼ ਕਪੂਰਥਲਾ ਦੀ ਰਹਿਣ ਵਾਲੀ ਇਕ ਔਰਤ ਨੂੰ ਕੁਝ ਸਾਲ ਪਹਿਲਾਂ ਆਪਣੇ ਨਾਲ ਲੈ ਆਇਆ ਸੀ। ਵੀਨਾ ਨਾਂ ਦੀ ਇਹ ਔਰਤ ਲੁਬਾਣਾ ਕਾਲੋਨੀ, ਲੱਧੇਵਾਲੀ ਵਿਚ ਪੂਰਨ ਚੰਦ ਦੇ ਨਾਲ ਹੀ ਲੋਕਾਂ ਦੇ ਘਰਾਂ ਵਿਚ ਭਾਂਡੇ ਸਾਫ ਕਰਦੀ ਸੀ। ਵੀਨਾ ਨੇ ਕੈਲਾਸ਼ ਨੂੰ ਛੱਡ ਦਿੱਤਾ ਤੇ ਪੂਰਨ ਚੰਦ ਨਾਲ ਰਹਿਣ ਲੱਗੀ। ਪੂਰਨ ਚੰਦ ਵੀ ਵੀਨਾ ਦੇ ਪਿੱਛੇ ਆਪਣੇ ਘਰ ਨਹੀਂ ਸੀ ਜਾਂਦਾ।

ਪੂਰਨ ਚੰਦ ਨੇ ਦੋਸ਼ ਲਾਇਆ ਕਿ ਕੁਝ ਸਮਾਂ ਪਹਿਲਾਂ ਉਸ ਨੂੰ ਪਤਾ ਲੱਗਾ ਕਿ ਵੀਨਾ ਡਾਂਸਰਾਂ ਦੇ ਗਰੁੱਪ ਨਾਲ ਕੰਮ ਕਰਦੀ ਹੈ ਤੇ ਉਸ ਦੇ ਹੋਰਾਂ ਕਈ ਵਿਅਕਤੀਆਂ ਨਾਲ ਨਾਜਾਇਜ਼ ਸਬੰਧ ਹਨ। ਉਸ ਨੇ ਵੀਨਾ ਨੂੰ ਅਜਿਹਾ ਕਰਨ ਤੋਂ ਰੋਕਿਆ ਜਿਸ ਨਾਲ ਦੋਵਾਂ ਵਿਚ ਅਕਸਰ ਝਗੜਾ ਹੋਣ ਲੱਗਾ। ਵੀਨਾ ਨੇ ਪੁਲਿਸ ਥਾਣੇ ਵਿਚ ਪੂਰਨ ਚੰਦ ਖਿਲਾਫ ਤੰਗ ਕਰਨ ਦੇ ਦੋਸ਼ ਲਾ ਕੇ ਸ਼ਿਕਾਇਤ ਵੀ ਦਰਜ ਕਰਵਾਈ ਸੀ।

ਇਸ ਤੋਂ ਗੁੱਸੇ ਵਿਚ ਆਏ ਪੂਰਨ ਚੰਦ ਨੇ ਥਾਣਾ ਨਿਊ ਬਾਰਾਂਦਰੀ ਦੇ ਸਾਹਮਣੇ ਲਾਇਲਪੁਰ ਖਾਲਸਾ ਕਾਲਜ ਦੇ ਨੇੜੇ ਵੀਨਾ 'ਤੇ ਚਾਕੂ ਨਾਲ ਕਈ ਵਾਰ ਕਰ ਦਿੱਤੇ। ਨੇੜੇ ਹੀ ਖੜ੍ਹੇ ਟ੍ਰੈਫਿਕ ਪੁਲਿਸ ਮੁਲਾਜ਼ਮਾਂ ਨੇ ਪੂਰਨ ਚੰਦ ਨੂੰ ਕਾਬੂ ਕੀਤਾ ਤੇ ਵੀਨਾ ਨੂੰ ਹਸਪਤਾਲ ਲੈ ਗਏ ਜਿਥੇ ਡਾਕਟਰਾਂ ਨੇ ਵੀਨਾ ਦੀ ਮੌਤ ਦੀ ਪੁਸ਼ਟੀ ਕਰ ਦਿੱਤੀ।

## ਸਹਿਜਧਾਰੀ ਸਿੱਖ ਫੈਡਰੇਸ਼ਨ ਦੇ ਪ੍ਰਧਾਨ ਦੀ ਕੁੱਟਮਾਰ

**ਚੰਡੀਗੜ੍ਹ:** ਕੁਝ ਵਿਅਕਤੀਆਂ ਨੇ ਨਾਜਾਇਜ਼ ਸਬੰਧਾਂ ਦੇ ਦੋਸ਼ ਲਾਉਂਦਿਆਂ ਸਹਿਜਧਾਰੀ ਸਿੱਖ ਫੈਡਰੇਸ਼ਨ ਦੇ ਕੌਮੀ ਪ੍ਰਧਾਨ ਡਾਕਟਰ ਪਰਮਜੀਤ ਸਿੰਘ ਰਾਣੂ ਦੀ ਕੁੱਟਮਾਰ ਕਰਕੇ ਗੰਭੀਰ ਜ਼ਖ਼ਮੀ ਕਰ ਦਿੱਤਾ। ਮਿਲੀ ਜਾਣਕਾਰੀ ਮੁਤਾਬਕ ਮੁਹਾਲੀ ਦੇ ਬੀਡੀ ਕਾਜਲਾ, ਪੁੱਤਰ ਦੀਪਕ ਕਾਜਲਾ ਤੇ ਉਸ ਦੇ ਪਰਿਵਾਰ ਨੇ ਸੈਕਟਰ 27 ਦੇ ਪ੍ਰੈਸ ਕਲੱਬ ਵਿਚ ਕਾਨਫਰੰਸ ਸੱਦੀ ਸੀ ਜਿਸ ਵਿਚ ਦੀਪਕ ਵੱਲੋਂ ਦੋਸ਼ ਲਾਇਆ ਗਿਆ ਕਿ ਡਾਕਟਰ ਰਾਣੂ ਦੇ ਉਨ੍ਹਾਂ ਦੀ ਪਤਨੀ ਨਾਲ ਗਲਤ ਸਬੰਧ ਹਨ। ਉਨ੍ਹਾਂ ਵੱਲੋਂ ਪੱਤਰਕਾਰਾਂ ਨੂੰ ਕਈ ਦਸਤਾਵੇਜ਼ ਵੀ ਦਿਖਾਏ ਗਏ।



ਪਰਿਵਾਰ ਨੇ ਦਾਅਵਾ ਕੀਤਾ ਕਿ ਡਾਕਟਰ ਰਾਣੂ ਨੇ ਇਸ ਮਾਮਲੇ ਵਿਚ ਬਕਾਇਦਾ ਹਲਫਨਾਮਾ ਦੇ ਕੇ ਆਪਣੀਆਂ ਗਲਤੀਆਂ ਲਈ ਮੁਆਫੀ ਵੀ ਮੰਗੀ ਹੈ। ਉਨ੍ਹਾਂ ਵਲੋਂ ਪੱਤਰਕਾਰਾਂ ਨੂੰ ਇਕ ਸੀਡੀ ਵੀ ਦਿਖਾਈ ਗਈ ਜਿਸ ਵਿਚ ਰਾਣੂ ਉਪਰ ਅਜਿਹੇ ਦੋਸ਼ ਲਾ ਕੇ ਉਸ ਦੀ ਕੁੱਟਮਾਰ ਕੀਤੀ ਜਾ ਰਹੀ ਸੀ। ਹਾਲੇ ਇਹ ਪ੍ਰੈਸ ਕਾਨਫਰੰਸ ਚੱਲ ਹੀ ਰਹੀ ਸੀ ਕਿ ਡਾਕਟਰ ਰਾਣੂ ਇਸ ਪਰਿਵਾਰ ਦੀ ਨੂੰਹ ਸਮੇਤ ਉਥੇ ਪੁੱਜ ਗਿਆ ਤੇ ਉਸ ਨੇ ਆਪਣਾ ਸਪੱਸ਼ਟੀਕਰਨ ਦਿੰਦਿਆਂ ਦਾਅਵਾ ਕੀਤਾ ਕਿ ਇਹ ਔਰਤ ਉਸ ਕੋਲ ਇਲਾਜ ਕਰਵਾਉਣ ਆਉਂਦੀ ਸੀ ਤੇ ਉਸ ਨੇ ਦੁਖੀ ਹਾਲਤ ਵਿਚ ਖੁਦਕਸ਼ੀ ਕਰਨ ਦਾ ਮਨ ਬਣਾਇਆ ਸੀ ਪਰ ਉਸ ਨੇ ਇਸ ਨੂੰ ਇਕ ਭਰਾ ਦੇ ਨਾਤੇ ਸਹਾਰਾ ਦਿੱਤਾ ਸੀ।

ਇਸ ਦੌਰਾਨ ਉਸ ਨਾਲ ਆਈ ਔਰਤ ਨੇ ਵੀ ਕਿਹਾ ਕਿ ਇਹ ਦੋਸ਼ ਝੂਠੇ ਹਨ। ਔਰਤ ਮੁਤਾਬਕ ਉਸ ਨੇ ਪਹਿਲਾਂ ਹੀ ਆਪਣੇ ਪਤੀ ਤੇ ਹੋਰਾਂ ਤੋਂ ਦੁਖੀ ਹੋ ਕੇ ਇਨ੍ਹਾਂ ਵਿਰੁੱਧ ਅਦਾਲਤ ਵਿਚ ਕੇਸ ਪਾਇਆ ਹੈ। ਇਸ ਪਿੱਛੋਂ ਦੋਵਾਂ ਧਿਰਾਂ ਵਿਚਕਾਰ ਝੜਪ ਹੋ ਗਈ ਤੇ ਲੰਮਾਂ ਸਮਾਂ ਉਥੇ ਹੰਗਾਮਾ ਚੱਲਦਾ ਰਿਹਾ। ਇਹ ਸਾਰਾ ਕੁਝ ਪੱਤਰਕਾਰਾਂ ਦੇ ਸਾਹਮਣੇ ਹੋਇਆ। ਇਸ ਦੌਰਾਨ ਡਾਕਟਰ ਰਾਣੂ ਜ਼ਖ਼ਮੀ ਹੋ ਗਿਆ। ਇੰਨੇ ਨੂੰ ਪੁਲਿਸ ਮੌਕੇ 'ਤੇ ਪੁੱਜੀ ਤੇ ਉਸ ਨੂੰ ਇਲਾਜ ਲਈ ਹਸਪਤਾਲ ਪਹੁੰਚਾਇਆ ਗਿਆ। ਹਸਪਤਾਲ ਵਿਚ ਦਾਖਲ ਡਾਕਟਰ ਰਾਣੂ ਦਾ ਕਹਿਣਾ ਸੀ ਕਿ ਦੂਜੀ ਧਿਰ ਵੱਲੋਂ ਪੇਸ਼ ਕੀਤੇ ਗਏ ਸਾਰੇ ਦਸਤਾਵੇਜ਼ ਜਾਅਲੀ ਹਨ ਤੇ ਉਸ ਨੇ ਕੋਈ ਮੁਆਫੀਨਾਮਾ ਨਹੀਂ ਦਿੱਤਾ। ਉਹ ਤਾਂ ਮਹਿਜ਼ ਔਰਤ ਨੂੰ ਇਕ ਮਰੀਜ਼ ਸਮਝ ਕੇ ਇਨ੍ਹਾਂ ਦੇ ਪਰਿਵਾਰ ਦੀ ਲੜਾਈ ਨੂੰ ਸੁਲਝਾਉਣ ਲਈ ਯਤਨ ਕਰ ਰਿਹਾ ਸੀ।

## ਅਦਾਕਾਰ ਜਿੰਮੀ ਸ਼ੇਰਗਿੱਲ ਖਿਲਾਫ ਗ੍ਰਿਫ਼ਤਾਰੀ ਵਾਰੰਟ

**ਮੂਣਕ:** ਸਿਵਲ ਅਦਾਲਤ ਮੂਣਕ ਨੇ ਅਦਾਕਾਰ ਜਿੰਮੀ ਸ਼ੇਰਗਿੱਲ ਸਮੇਤ 12 ਵਿਅਕਤੀਆਂ ਖਿਲਾਫ ਗ੍ਰਿਫ਼ਤਾਰੀ ਵਰੰਟ ਜਾਰੀ ਕਰਦਿਆਂ ਸੱਤ ਜੁਲਾਈ, 2013 ਨੂੰ ਅਦਾਲਤ ਵਿਚ ਪੇਸ਼ ਕਰਨ ਦੇ ਹੁਕਮ ਦਿੱਤੇ ਹਨ। ਅਦਾਲਤ ਨੇ ਇਹ ਹੁਕਮ ਪੰਜਾਬੀ ਫ਼ਿਲਮ 'ਟੌਹਰ ਮਿੱਤਰਾਂ ਦੀ' ਵਿਚ ਵਕੀਲ ਭਾਈਚਾਰੇ ਦੇ ਕੰਮ ਪ੍ਰਤੀ ਭੱਦੀ ਸ਼ਬਦਾਵਲੀ ਵਰਤਣ ਦੇ ਦੋਸ਼ ਤਹਿਤ ਸੁਣਾਏ ਹਨ। ਸ਼ਿਕਾਇਤਕਰਤਾ ਬਾਰ ਐਸੋਸੀਏਸ਼ਨ ਮੂਣਕ ਦੇ ਪ੍ਰਧਾਨ ਅਰਪਿੰਦਰ ਸਿੱਧੂ ਨੇ ਮੁਤਾਬਕ ਜਿੰਮੀ ਸ਼ੇਰਗਿੱਲ ਦੀ ਫ਼ਿਲਮ 'ਟੌਹਰ ਮਿੱਤਰਾਂ ਦੀ' ਵਿਚ ਕਲਾਕਾਰਾਂ ਨੇ ਵਕੀਲਾਂ ਦੇ ਕੰਮ, ਵਕੀਲਾਂ ਦੇ ਪਹਿਰਾਵੇ ਕਾਲੇ ਕੋਟਾਂ ਬਾਰੇ ਭੱਦੀ ਸ਼ਬਦਾਵਲੀ ਵਰਤੀ ਹੈ।

ਅਦਾਲਤ ਨੇ ਮੁਲਜ਼ਮਾਂ ਨੂੰ ਪੇਸ਼ ਹੋਣ ਲਈ 28 ਮਈ, 2013 ਤਾਰੀਖ ਰੱਖੀ ਸੀ ਪਰ ਉਕਤ ਮੁਲਜ਼ਮਾਂ ਦੇ ਪੇਸ਼ ਨਾ ਹੋਣ ਦੀ ਸੂਰਤ ਵਿਚ ਅਦਾਲਤ ਨੇ ਗ੍ਰਿਫ਼ਤਾਰੀ ਵਰੰਟ ਜਾਰੀ ਕਰ ਦਿੱਤੇ। ਉਨ੍ਹਾਂ ਦੱਸਿਆ ਕਿ ਜਿੰਮੀ ਸ਼ੇਰਗਿੱਲ ਤੋਂ ਇਲਾਵਾ ਪ੍ਰੋਡਿਊਸਰ ਸੁਨੀਲ, ਡਾਇਰੈਕਟਰ ਨਵਨੀਤ ਸਿੰਘ, ਆਡੀਟਰ ਮਨੀਸ਼ ਕੌਰ, ਲੇਖਕ ਧੀਰਜ ਰਤਨ, ਐਸੋਸੀਏਟਰ ਡਾਇਰੈਕਟਰ ਅਮਿਤ ਪ੍ਰਸਾਰ, ਪ੍ਰੋਡਕਸ਼ਨ ਹੈੱਡ ਕੈਲਾਸ਼ ਯਾਦਵ, ਐਕਟਰ ਰਣ ਵਿਜੈ ਸਿੰਘ, ਅਮਿਤ ਪਾਠਕ ਤੇ ਜੌਹਨ ਚੇਰਾਇਟ ਵਗੈਰਾ ਖਿਲਾਫ ਪਟੀਸ਼ਨ ਪਾਈ ਸੀ। ਇਸ ਦੇ ਮੁਤਾਬਕ ਹੀ ਕਾਰਵਾਈ ਹੋਈ ਹੈ।

## ਪੰਜਾਬ ਦੇ ਸੱਤ ਜ਼ਿਲ੍ਹੇ ਤੰਬਾਕੂ ਰਹਿਤ ਐਲਾਨੇ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਸੂਬੇ ਅੰਦਰ ਸ਼ੁਰੂ ਕੀਤੀ ਤੰਬਾਕੂ ਵਿਰੋਧੀ ਮੁਹਿੰਮ ਤਹਿਤ ਪੰਜਾਬ ਦੇ ਅਜੀਤਗੜ੍ਹ, ਮਾਨਸਾ, ਅੰਮ੍ਰਿਤਸਰ, ਰੂਪ ਨਗਰ, ਸ਼ਹੀਦ ਭਗਤ ਸਿੰਘ ਨਗਰ, ਫ਼ਤਹਿਗੜ੍ਹ ਸਾਹਿਬ ਤੇ ਗੁਰਦਾਸਪੁਰ ਤੰਬਾਕੂ ਰਹਿਤ ਜ਼ਿਲ੍ਹੇ ਐਲਾਨੇ ਗਏ ਹਨ।

ਜ਼ਿਕਰਯੋਗ ਹੈ ਕਿ ਸਕੂਲ ਆਫ਼ ਪਬਲਿਕ ਹੈਲਥ ਪੀਜੀਆਈ ਚੰਡੀਗੜ੍ਹ ਵੱਲੋਂ ਕੋਟਪਾ ਐਕਟ 2003 ਦੀਆਂ ਹਦਾਇਤਾਂ ਨੂੰ ਯਕੀਨੀ ਬਣਾਉਣ ਲਈ ਮਈ 2013 ਵਿਚ ਸਰਵੇ ਕਰਵਾਇਆ ਗਿਆ ਸੀ ਜਿਸ ਦੀ ਰਿਪੋਰਟ ਮੁਤਾਬਕ ਜ਼ਿਲ੍ਹੇ ਦੀਆਂ ਸਾਰੀਆਂ ਜਨਤਕ ਸਥਾਵਾਂ 'ਤੇ 'ਐਕਟਿਵ ਸਮੋਕਿੰਗ' ਦੇਖਣ ਨੂੰ ਨਹੀਂ ਮਿਲੀ ਤੇ ਜਨਤਕ ਥਾਵਾਂ 'ਤੇ 'ਨੋ ਸਮੋਕਿੰਗ' ਦੇ ਬੋਰਡ ਵੀ ਲੱਗੇ ਹੋਏ ਸਨ।

# ਨਵੀਂ ਮੁਸੀਬਤ ਸਹੇੜੇਗਾ ਅਕਾਲੀ ਦਲ ਦਾ 'ਦੋਹਰਾ ਕਿਰਦਾਰ'

## ਦੋਹਰੇ ਸੰਵਿਧਾਨ ਬਾਰੇ ਫੈਸਲਾ ਜਲਦ ਆਉਣ ਦੀ ਉਮੀਦ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਖੇਤਰੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਵੱਲੋਂ ਸਿਆਸੀ ਤੇ ਧਾਰਮਿਕ ਦੋਵੇਂ ਤਰ੍ਹਾਂ ਦੀਆਂ ਚੋਣਾਂ ਵਿਚ ਹਿੱਸਾ ਲੈਣ ਤੇ ਭਾਰਤ ਦੇ ਚੋਣ ਕਮਿਸ਼ਨ ਨੂੰ ਦੋ ਸੰਵਿਧਾਨ ਭੇਜਣ ਦੇ ਮਾਮਲੇ ਸਬੰਧੀ ਦਿੱਲੀ ਹਾਈ ਕੋਰਟ ਵਿਚ ਦਾਇਰ ਪਟੀਸ਼ਨ ਦੀ ਸੁਣਵਾਈ 'ਤੇ ਬਹਿਸ ਤਕਰੀਬਨ ਅੰਤਮ ਪੜਾਅ 'ਤੇ ਪੁੱਜ ਚੁੱਕੀ ਹੈ। ਮਾਲਟਾ ਕਿਸ਼ਤੀ ਕਾਂਡ ਨਾਲ ਸਬੰਧਤ ਜਥੇਬੰਦੀ ਦੇ ਚੇਅਰਮੈਨ ਤੇ ਸੋਸ਼ਲਿਸਟ ਪਾਰਟੀ ਆਫ਼ ਇੰਡੀਆ ਦੀ ਕੌਮੀ ਕਾਰਜਕਾਰਨੀ ਦੇ ਮੈਂਬਰ ਬਲਵੰਤ ਸਿੰਘ ਖੇੜਾ ਅਨੁਸਾਰ ਉਨ੍ਹਾਂ ਨੇ ਇਸ ਕੇਸ ਸਬੰਧੀ ਆਪਣੇ ਵਕੀਲਾਂ ਪ੍ਰਸ਼ਾਂਤ ਭੂਸ਼ਣ ਤੇ ਇੰਦਰਾ ਊਨੀ ਨਾਇਰ ਰਾਹੀਂ ਭਾਰਤ ਦੇ ਚੋਣ ਕਮਿਸ਼ਨ ਦੀਆਂ ਫ਼ਾਈਲਾਂ ਵਿਚੋਂ ਪ੍ਰਾਪਤ ਕੁਝ ਦਸਤਾਵੇਜ਼ ਤੇ ਉਸ ਵੇਲੇ ਦੇ ਅਕਾਲੀ ਦਲ ਦੇ ਜਨਰਲ ਸਕੱਤਰ ਮਨਜੀਤ ਸਿੰਘ ਖਹਿਰਾ ਵੱਲੋਂ ਲਿਖੀ ਚਿੱਠੀ ਕਿ ਦੋਵਾਂ ਅਕਾਲੀ ਦਲਾਂ ਦਾ 1995-96 ਵਿਚ ਕੋਈ ਰਲੇਵਾਂ ਨਹੀਂ ਹੋਇਆ, ਵਿਚਲੇ ਤੱਥ ਅਦਾਲਤ ਵਿਚ ਪੇਸ਼ ਕੀਤੇ ਹਨ।

ਸ. ਖੇੜਾ ਅਨੁਸਾਰ ਇਹ ਕਾਫ਼ੀ ਗੰਭੀਰ ਮਾਮਲਾ ਹੈ। ਰਲੇਵਾਂ ਨਾ ਹੋਣਾ, ਬਾਦਲ ਅਕਾਲੀ ਵੱਲੋਂ ਜਨਰਲ ਬਾਡੀ ਦੀ ਕੋਈ ਮੀਟਿੰਗ ਨਾ ਸੱਦਣਾ, ਇਕ ਸੰਵਿਧਾਨ ਦਾ ਇਹ ਕਹਿਣਾ ਕਿ ਪਾਰਟੀ ਧਾਰਮਿਕ ਹੈ ਜਦਕਿ ਦੂਜੇ ਸੰਵਿਧਾਨ ਵੱਲੋਂ ਪਾਰਟੀ ਨੂੰ ਸੈਕੂਲਰ ਭਾਵ ਧਰਮ ਨਿਰਪੱਖ ਦੱਸਣਾ, ਭਾਰਤ ਦੇ ਸੰਵਿਧਾਨ ਵਿਚ ਦਰਜ 1951 ਦੇ ਲੋਕ ਪ੍ਰਤੀਨਿਧੀ ਐਕਟ ਦੀ ਉਲੰਘਣਾ ਹੈ। ਉਨ੍ਹਾਂ ਕਿਹਾ ਕਿ ਮਨਜੀਤ ਸਿੰਘ ਖਹਿਰਾ ਦੀ ਚਿੱਠੀ ਵਿਚ ਸਾਫ਼ ਲਿਖਿਆ ਹੈ ਕਿ ਬਰਨਾਲਾ ਅਕਾਲੀ ਦਲ ਤੇ ਬਾਦਲ ਅਕਾਲੀ ਦਲ ਦਾ ਕੋਈ ਰਲੇਵਾਂ ਨਹੀਂ ਹੋਇਆ ਤੇ ਨਾ ਹੀ ਸਹੀ ਪ੍ਰਕਿਰਿਆ ਅਪਣਾਈ ਗਈ।

ਚੋਣ ਕਮਿਸ਼ਨ ਨੇ ਵੀ ਅੱਖਾਂ ਬੰਦ ਕਰੀ ਰੱਖੀਆਂ ਤੇ ਦੋਵਾਂ ਅਕਾਲੀ ਦਲਾਂ ਵੱਲੋਂ ਵੀ ਇਕ ਨੂੰ ਭੰਗ ਕਰਨਾ ਜਾਂ ਦੂਜੇ ਦੇ ਪਹਿਲੇ ਵਿਚ ਰਲੇਵੇਂ ਬਾਰੇ ਕਾਗਜ਼ ਪੱਤਰ ਪੂਰੇ ਨਹੀਂ ਮਿਲਦੇ। ਅਦਾਲਤ ਨੂੰ ਦਿੱਤੇ ਦਸਤਾਵੇਜ਼ਾਂ ਵਿਚ ਪਾਰਟੀ ਦੇ ਸਾਬਕਾ ਜਨਰਲ ਸਕੱਤਰ ਕੈਪਟਨ ਕੰਵਲਜੀਤ ਸਿੰਘ, ਸਾਬਕਾ ਪ੍ਰਧਾਨ ਕਾਬਲ ਸਿੰਘ ਤੇ ਪ੍ਰਕਾਸ਼ ਸਿੰਘ ਬਾਦਲ ਬਤੌਰ ਪ੍ਰਧਾਨ ਦਾ ਵੇਰਵਾ ਹੈ ਜਦਕਿ ਜਨਰਲ ਹਾਊਸ ਸੱਦ ਕੇ ਸਾਰਾ ਕੁਝ ਸਹੀ ਢੰਗ ਨਾਲ ਰਲੇਵਾਂ ਕਰਨ ਦੇ ਨਿਸ਼ਾਨ ਜਾਂ ਪ੍ਰਸਤਾਵ ਨਹੀਂ ਮਿਲਦੇ।

ਸ. ਬਲਵੰਤ ਸਿੰਘ ਖੇੜਾ ਦਾ ਕਹਿਣਾ ਹੈ ਕਿ ਅਕਾਲੀ ਦਲ ਸ਼ੁਰੂ ਤੋਂ ਹੀ ਧਾਰਮਿਕ ਪਾਰਟੀ ਭਾਵ ਸਿੱਖਾਂ ਦੀ ਪਾਰਟੀ ਰਹੀ ਹੈ ਤੇ 1989 ਵਿਚ ਜਾਰੀ ਸਰਕੂਲਰ ਦੇ ਜਵਾਬ ਵਿਚ ਕਈ ਸਾਲਾਂ ਮਗਰੋਂ 2004 ਵਿਚ ਭਾਰਤ ਦੇ ਚੋਣ ਕਮਿਸ਼ਨ ਨੂੰ ਲਿਖੀ ਚਿੱਠੀ ਵਿਚ ਅਕਾਲੀ ਦਲ ਨੇ ਕਹਿ ਦਿੱਤਾ




ਸੀ ਕਿ ਪਾਰਟੀ ਧਰਮ ਨਿਰਪੱਖ ਹੈ। ਸ. ਖੇੜਾ ਨੇ ਦਾਅਵਾ ਕੀਤਾ ਕਿ ਬਰਨਾਲਾ ਤੇ ਬਾਦਲ ਦਲਾਂ ਦਾ ਸਹੀ ਢੰਗ ਨਾਲ ਰਲੇਵਾਂ ਨਾ ਹੋਣਾ ਤੇ ਚੋਣ ਕਮਿਸ਼ਨ ਨੂੰ ਬਿਨਾ ਜਨਰਲ ਹਾਊਸ ਵਿਚੋਂ ਪਾਸ ਕਰਾਇਆਂ ਦੋ ਵਿਧਾਨ ਦੇਣੇ ਵੱਡਾ ਘਪਲਾ ਹੈ।

ਇਹ ਦੋਸ਼ ਉਸ ਸਮੇਂ ਹੋਰ ਵੀ ਗੰਭੀਰ ਹੋ ਜਾਂਦਾ ਹੈ ਜਦੋਂ ਅਕਾਲੀ ਦਲ ਬਾਦਲ ਪੰਜਾਬ, ਹਰਿਆਣਾ, ਹਿਮਾਚਲ ਤੇ ਚੰਡੀਗੜ੍ਹ ਵਿਚ ਹੁੰਦੀਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ (ਸਤੰਬਰ 2011) ਵਿਚ ਬਤੌਰ ਧਾਰਮਿਕ ਪਾਰਟੀ ਹਿੱਸਾ ਲੈਂਦਾ ਹੈ ਤੇ ਕੁਝ ਮਹੀਨੇ ਪਹਿਲਾਂ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਚੋਣਾਂ ਵਿਚ ਵੀ ਬਤੌਰ ਧਾਰਮਿਕ ਦਲ ਹਿੱਸਾ ਲੈ ਚੁੱਕਾ ਹੈ। ਸ. ਖੇੜਾ ਨੇ ਇਸ ਕੇਸ ਵਿਚ ਅਕਾਲੀ ਦਲ, ਭਾਰਤ ਦੇ ਚੋਣ ਕਮਿਸ਼ਨ, ਗੁਰਦੁਆਰਾ ਚੋਣ ਕਮਿਸ਼ਨ ਪੰਜਾਬ ਤੇ ਦਿੱਲੀ ਤੇ ਦੇਸ਼ ਵਿਚ ਮੁਸਲਿਮ, ਕ੍ਰਿਸ਼ਚੀਅਨ ਤੇ ਹਿੰਦੂ ਸਿਆਸੀ ਪਾਰਟੀਆਂ ਨੂੰ ਵੀ ਘੇਰੇ ਵਿਚ ਲਿਆ ਹੈ।

ਉਨ੍ਹਾਂ ਦਾ ਇਹ ਵੀ ਕਹਿਣਾ ਹੈ ਕਿ ਭਾਰਤ ਦੇ ਸੰਵਿਧਾਨ ਤੋਂ ਉਲਟ ਸ਼੍ਰੋਮਣੀ ਕਮੇਟੀ ਜੋ ਇਕ ਧਾਰਮਕ ਸੰਸਥਾ ਹੈ, ਦੇ ਮੈਂਬਰ ਜਾਂ ਅਹੁਦੇਦਾਰ, ਪੰਜਾਬ ਵਿਧਾਨ ਸਭਾ ਵਿਚ ਵਿਧਾਇਕ ਵੀ ਹਨ, ਇਕ ਦੋ ਵਜ਼ੀਰ ਵੀ ਰਹਿ ਚੁੱਕੇ ਹਨ ਜਦਕਿ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਤਾਂ ਅਕਾਲੀ ਦਲ ਦੀ ਸਿਆਸੀ ਮਾਮਲਿਆਂ ਬਾਰੇ ਕਮੇਟੀ ਦੀਆਂ ਬੈਠਕਾਂ ਵਿਚ ਵੀ ਸ਼ਿਰਕਤ ਕਰਦਾ ਹੈ। ਇਹ ਸਭ ਲੋਕਾਂ ਨਾਲ ਧੋਖਾ ਹੈ। ਉਨ੍ਹਾਂ ਕਿਹਾ ਕਿ ਜੂਨ ਮਹੀਨੇ ਹਾਈ ਕੋਰਟ ਦੀਆਂ ਛੁੱਟੀਆਂ ਹੋਣ ਕਰ ਕੇ ਹੁਣ ਜੁਲਾਈ ਵਿਚ ਹਰ ਬੁੱਧਵਾਰ ਨੂੰ ਇਸ ਕੇਸ ਦੀ ਸੁਣਵਾਈ ਹੋਇਆ ਕਰੇਗੀ ਜਿਸ ਉਪਰੰਤ ਬੜਾ ਅਹਿਮ ਫ਼ੈਸਲਾ ਆਉਣ ਦੀ ਉਮੀਦ ਹੈ

# ਨਵਜੋਤ ਸਿੱਧੂ ਨੂੰ ਨਹੀਂ ਮਨਾ ਸਕੀ ਭਾਜਪਾ ਲੀਡਰਸ਼ਿਪ

**ਚੰਡੀਗੜ੍ਹ:** ਭਾਜਪਾ ਸਿਆਸਤ ਤੋਂ ਅੱਕੇ ਸੰਸਦ ਮੈਂਬਰ ਨਵਜੋਤ ਸਿੰਘ ਸਿੱਧੂ ਨੂੰ ਮਨਾਉਣ ਵਿਚ ਅਸਫਲ ਰਹੀ ਹੈ। ਉਹ ਕਈ ਮਹੀਨਿਆਂ ਤੋਂ ਆਪਣੇ ਸੰਸਦੀ ਹਲਕੇ ਵਿਚ ਨਹੀਂ ਆਏ ਤੇ ਨਾ ਹੀ ਕਿਸੇ ਸਿਆਸੀ ਸਰਗਰਮੀ ਵਿਚ ਹਿੱਸਾ ਲੈ ਰਹੇ ਹਨ। ਇਸ ਤਰ੍ਹਾਂ ਉਨ੍ਹਾਂ ਦੀ ਸਿਆਸਤ ਤੋਂ ਦੂਰੀ ਬਰਕਰਾਰ ਹੈ। ਸ. ਆਪਣੇ ਨਿੱਜੀ ਕੰਮਾਂ ਵਿਚ ਹੀ ਮਸਰੂਫ ਹਨ। ਉਨ੍ਹਾਂ ਨੇ ਪਹਿਲਾਂ ਆਈਪੀਐਲ ਵਿਚ ਕੁਮੈਂਟੇਟਰ ਵਜੋਂ ਸੇਵਾਵਾਂ ਨਿਭਾਈਆਂ ਸਨ ਤੇ ਹੁਣ ਇੰਗਲੈਂਡ ਵਿਚ ਚੈਂਪੀਅਨ ਟਰਾਫੀ ਲਈ ਲੰਡਨ ਜਾ ਰਹੇ ਹਨ।

ਉਂਜ, ਇਸ ਦੌਰਾਨ ਨੌਂ ਮਈ ਨੂੰ ਸਮਾਗਮ ਵਿਚ ਸ਼ਾਮਲ ਹੋਣ ਲਈ ਉਹ ਕੁਝ ਸਮੇਂ ਲਈ ਅੰਮ੍ਰਿਤਸਰ ਆਏ ਸਨ ਤੇ ਮੁੜ ਆਈਪੀਐਲ ਲਈ ਚਲੇ ਗਏ। ਅੰਮ੍ਰਿਤਸਰ ਦੌਰੇ ਦੌਰਾਨ ਉਨ੍ਹਾਂ ਆਖਿਆ ਸੀ ਕਿ ਜੇ ਪਾਰਟੀ ਨੇ ਟਿਕਟ ਦਿੱਤੀ ਤਾਂ ਉਹ ਮੁੜ ਅੰਮ੍ਰਿਤਸਰ ਤੋਂ ਹੀ ਸੰਸਦੀ ਚੋਣ ਲੜਨਗੇ ਕਿਉਂਕਿ ਅੰਮ੍ਰਿਤਸਰ ਦੇ ਲੋਕਾਂ ਨੇ ਉਨ੍ਹਾਂ ਨੂੰ ਤਿੰਨ ਵਾਰ ਵੋਟਾਂ ਪਾ ਕੇ ਸੰਸਦ ਮੈਂਬਰ ਹੋਣ ਦਾ ਮਾਣ ਦਿੱਤਾ ਹੈ। ਇਸੇ ਤਰ੍ਹਾਂ ਉਨ੍ਹਾਂ ਦੀ ਪਤਨੀ ਡਾ. ਨਵਜੋਤ ਕੌਰ ਸਿੱਧੂ ਨੂੰ ਵੀ ਅੰਮ੍ਰਿਤਸਰ ਪੂਰਬੀ ਵਿਧਾਨ ਸਭਾ ਹਲਕੇ ਤੋਂ ਵਿਧਾਨ ਸਭਾ ਵਿਚ ਭੇਜਿਆ ਹੈ। ਲੋਕ ਸਭਾ ਚੋਣਾਂ ਵਿਚ ਇਕ ਸਾਲ ਦਾ ਸਮਾਂ ਬਾਕੀ ਰਹਿ ਗਿਆ ਹੈ। ਉਮੀਦ ਸੀ ਕਿ ਆਈਪੀਐਲ ਮੁਕਾਬਲਾ ਖ਼ਤਮ ਹੋਣ ਤੋਂ ਬਾਅਦ ਸ. ਸਿੱਧੂ ਆਪਣੇ ਹਲਕੇ ਵਿਚ ਪਰਤ ਆਉਣਗੇ ਤੇ ਚੋਣ ਤਿਆਰੀਆਂ ਸ਼ੁਰੂ ਕਰਨਗੇ ਪਰ ਹੁਣ ਉਹ ਲੰਡਨ ਜਾ ਰਹੇ ਹਨ ਜਿਥੇ ਉਹ ਚੈਂਪੀਅਨ ਟਰਾਫੀ ਲਈ ਆਪਣੀਆਂ ਸੇਵਾਵਾਂ ਦੇਣਗੇ। ਸ. ਸਿੱਧੂ ਦੇ ਇਸ ਫੈਸਲੇ ਨਾਲ ਹਲਕੇ ਵਿਚ ਚਰਚਾ ਨੇ ਮੁੜ ਜ਼ੋਰ ਫੜ ਲਿਆ ਹੈ ਕਿ ਉਹ ਚੋਣ ਨਹੀਂ ਲੜਨਗੇ।

ਇਸ ਬਾਰੇ ਉਨ੍ਹਾਂ ਦੀ ਪਤਨੀ ਤੇ ਮੁੱਖ ਸੰਸਦੀ ਸਕੱਤਰ ਡਾ. ਨਵਜੋਤ ਕੌਰ ਸਿੱਧੂ ਨੇ ਆਖਿਆ ਕਿ ਅਜਿਹਾ ਲੱਗ ਰਿਹਾ ਹੈ ਕਿ ਸ਼ਾਇਦ ਸ. ਸਿੱਧੂ ਚੋਣ ਲੜਨ ਦੇ ਮੂਡ ਵਿਚ ਨਹੀਂ ਹਨ। ਜ਼ਿਕਰਯੋਗ ਹੈ ਕਿ ਕੁਝ ਸਮਾਂ ਪਹਿਲਾਂ ਡਾ. ਸਿੱਧੂ ਨੇ ਖੁਲਾਸਾ ਕੀਤਾ ਸੀ ਕਿ ਉਨ੍ਹਾਂ ਦੇ ਪਤੀ ਨੂੰ ਪਾਰਟੀ ਵੱਲੋਂ ਅਣਦੇਖਿਆ ਕੀਤਾ ਜਾ ਰਿਹਾ ਹੈ ਜਿਸ ਕਾਰਨ ਉਹ ਸਿਆਸਤ ਤੋਂ ਦੂਰ ਹੋ ਰਹੇ ਹਨ। ਇਸ ਦੌਰਾਨ ਭਾਜਪਾ ਦੀ ਭਾਈਵਾਲ ਸ਼੍ਰੋਮਣੀ ਅਕਾਲੀ ਦਲ ਨੇ ਵੀ ਅੰਮ੍ਰਿਤਸਰ ਸੰਸਦੀ ਹਲਕੇ ਉੱਤੇ ਹੱਕ ਜਿਤਾਉਣਾ ਸ਼ੁਰੂ ਕਰ ਦਿੱਤਾ ਹੈ। ਹਾਲ ਹੀ ਵਿਚ ਸਾਬਕਾ ਰਾਜ ਸਭਾ ਮੈਂਬਰ ਰਾਜ ਮਹਿੰਦਰ ਸਿੰਘ ਮਜੀਠਾ ਨੇ ਰੈਲੀ ਦੌਰਾਨ ਅੰਮ੍ਰਿਤਸਰ ਸੰਸਦੀ ਹਲਕਾ ਸ਼੍ਰੋਮਣੀ ਅਕਾਲੀ ਦਲ ਨੂੰ ਦੇਣ ਦਾ ਮੁੱਦਾ ਉਠਾਇਆ ਸੀ।

# ਪੰਚਾਇਤੀ ਚੋਣਾਂ ਬਾਰੇ ਨੋਟੀਫਿਕੇਸ਼ਨ ਜਾਰੀ ਕਰਨ 'ਤੇ ਰੋਕ

**ਚੰਡੀਗੜ੍ਹ:** ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਪੰਜਾਬ ਸਰਕਾਰ ਨੂੰ ਪੰਚਾਇਤੀ ਚੋਣਾਂ ਬਾਰੇ ਨੋਟੀਫਿਕੇਸ਼ਨ ਜਾਰੀ ਕਰਨ ਤੋਂ ਰੋਕ ਦਿੱਤਾ ਹੈ। ਇਹ ਫੈਸਲਾ ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਵੱਲੋਂ ਵਾਰਡਬੰਦੀ ਬਾਰੇ ਦਾਇਰ ਪਟੀਸ਼ਨ ਸਬੰਧੀ ਆਇਆ ਹੈ। ਜ਼ਿਕਰਯੋਗ ਹੈ ਕਿ 16 ਮਈ ਨੂੰ ਹਾਈ ਕੋਰਟ ਨੇ ਜ਼ੁਬਾਨੀ ਹੁਕਮਾਂ ਤਹਿਤ ਪੰਜਾਬ ਸਰਕਾਰ ਨੂੰ ਨੋਟੀਫਿਕੇਸ਼ਨ ਜਾਰੀ ਕਰਨ ਤੋਂ ਰੋਕ ਦਿੱਤਾ ਸੀ।

ਇਸ ਮਾਮਲੇ 'ਤੇ ਅੰਤਿਮ ਬਹਿਸ ਤੋਂ ਬਾਅਦ ਅਦਾਲਤ ਨੇ ਆਪਣੇ ਪਹਿਲੇ ਹੁਕਮਾਂ ਨੂੰ ਜਾਰੀ ਰੱਖਣ ਦੇ ਆਦੇਸ਼ ਦੇ ਦਿੱਤੇ। ਸੁਣਵਾਈ ਦੌਰਾਨ ਪੰਜਾਬ ਪ੍ਰਦੇਸ਼ ਕਾਂਗਰਸ ਨੇ ਇਕ ਹੋਰ ਹਲਫੀਆ ਬਿਆਨ ਅਦਾਲਤ ਵਿਚ ਪੇਸ਼ ਕੀਤਾ ਤੇ ਪ੍ਰਤਾਪ ਸਿੰਘ ਬਾਜਵਾ ਨੇ ਫਤਹਿਗੜ੍ਹ ਸਾਹਿਬ ਦੇ ਡਿਪਟੀ ਕਮਿਸ਼ਨਰ ਵੱਲੋਂ ਜਾਰੀ ਨੋਟੀਫਿਕੇਸ਼ਨ ਦੀ ਕਾਪੀ ਵੀ ਪੇਸ਼ ਕੀਤੀ ਜਿਸ ਵਿਚ ਹਰ ਵਾਰਡ ਦੇ ਮਕਾਨ ਨੰਬਰਾਂ ਦਾ ਸਪਸ਼ਟ ਤੌਰ 'ਤੇ ਵੇਰਵਾ ਦਿੱਤਾ ਗਿਆ ਹੈ।

ਇਸ ਤੋਂ ਪਹਿਲਾਂ ਪੰਜਾਬ ਸਰਕਾਰ ਵੱਲੋਂ ਹਾਈ ਕੋਰਟ ਵਿਚ ਦਾਇਰ ਹਲਫੀਆ ਬਿਆਨ ਵਿਚ ਕਿਹਾ ਗਿਆ ਹੈ ਕਿ ਪੰਜਾਬ ਦੇ ਪਿੰਡਾਂ ਵਿਚ ਘਰਾਂ ਦੇ ਨੰਬਰ ਨਹੀਂ ਹਨ। ਪੰਜਾਬ ਸਰਕਾਰ ਵੱਲੋਂ ਦਾਇਰ ਹਲਫੀਆ ਬਿਆਨ ਵਿਚ ਕਿਹਾ ਗਿਆ ਹੈ ਕਿ ਸਮੁੱਚੇ ਪੰਜਾਬ ਵਿਚ ਇਹ ਸੰਭਵ ਨਹੀਂ ਹੋ ਸਕਦਾ। ਸਿਰਫ਼ ਜ਼ਿਲ੍ਹਾ ਫਤਹਿਗੜ੍ਹ ਸਾਹਿਬ ਦੇ ਪਿੰਡਾਂ ਵਿਚਲੇ ਘਰਾਂ ਨੂੰ ਹੀ ਮਕਾਨ ਨੰਬਰ ਹਨ। ਕਾਂਗਰਸ ਨੇ ਰਾਜ ਸਰਕਾਰ ਦੀ ਆਲੋਚਨਾ ਕਰਦਿਆਂ ਕਿਹਾ ਹੈ ਕਿ ਉਹ ਆਪਣੇ ਹਲਫੀਆ ਬਿਆਨ ਵਿਚ ਵਾਰਡਬੰਦੀ ਦੌਰਾਨ ਘਰਾਂ ਦੇ ਨੰਬਰਾਂ ਦਾ ਵੇਰਵਾ ਨਾ ਦੇਣ ਤੋਂ ਬਚਣ ਲਈ ਹੁਣ ਬਹਾਨੇ ਲੱਭ ਰਹੀ ਹੈ।


ਹਰ ਤਰ੍ਹਾਂ ਦੇ ਇਲਾਜ ਕਰਾ ਕੇ ਥੱਕ ਚੁਕੇ ਹੋ?

ਤਾਂ ਫਿਰ ਹੋਮੀਓਪੈਥੀ ਅਜ਼ਮਾ ਕੇ ਦੇਖੋ

ਅਸੀਂ ਲਾਇਲਾਜ ਤੇ ਗੰਭੀਰ ਰੋਗਾਂ-ਅਲਰਜੀ, ਦਮਾ, ਰੀਹ ਦੇ ਰੋਗ, ਐਂਗਜ਼ਾਈਟੀ, ਐਸਿਡਿਟੀ, ਐਕਨੀ, ਬਿਸਤਰਾ ਗਿੱਲਾ ਕਰਨਾ, ਬਲੱਡ ਪ੍ਰੈਸ਼ਰ, ਸ਼ੂਗਰ ਰੋਗ, ਪੇਟ ਗੈਸ, ਨੀਂਦ ਨਾ ਆਉਣਾ ਅਤੇ ਮਾਈਗਰੇਨ ਆਦਿ ਦਾ ਇਲਾਜ ਕਰਦੇ ਹਾਂ। ਮਸਾਨੇ ਤੇ ਗੁਰਦਿਆਂ ਵਿਚ ਪਥਰੀ, ਰਸੌਲੀ, ਕਿਲਾਂ-ਮੌਕਿਆਂ ਦਾ ਬਿਨਾ ਸਰਜਰੀ ਇਲਾਜ ਕਰਾਓ

ਫੋਨ: (559) 317-2149



**Paramjit S. Khaira**
**D.H.M.S** (30 years of experience)
Ex Homeopathic MedicalOfficer Pb. Govt.
Ex Distt. Homeopathic Officer Pb. Govt.
Member NCH
5790 W. Vartikian Avenue, Fresno CA 93722
**e- mail: drpskhaira@gmail.com**
Working under state law SB 577



**Trailer For Sale**

**2001 Trailmobile 53' Dry van.**

* Air slide. * E-Track. * Aluminium roof.
* New doors. * Wood floor. * Virgin Tires.
* Rack for spare tire.

**Call: 734-494-0095**





ਪੰਜਾਬ ਟਾਈਮਜ਼ ਦਾ ਨਾਂ ਲਓ
ਅਤੇ 50 ਮਿੰਟ ਮੁਫਤ ਲਓ

10 ਸਾਲਾਂ ਤੋਂ ਪੰਜਾਬੀ ਪਰਿਵਾਰਾਂ ਦੀ ਪਹਿਲੀ ਪਸੰਦ

AMANTEL.COM

$25 ਵਿਚ 3000 ਮਿੰਟ (50 ਘੰਟੇ)

ਘਰ ਦੇ ਫੋਨ ਅਤੇ ਸੈਲ ਫੋਨ ਲਈ ਇਕੋ ਰੇਟ

ਇਸ ਆਫਰ ਨੂੰ ਹੁਣੇ ਹੀ ਲੈਣ ਲਈ ਇਹ ਕੂਪਨ ਕੋਡ ਸਾਡੀ ਵੈਬਸਾਈਟ 'ਤੇ ਜਾ ਕੇ ਆਪਣੇ ਅਕਾਊਂਟ ਵਿਚ ਟਾਈਪ ਕਰੋ ਅਤੇ ਆਪਣੇ ਪਿਆਰਿਆਂ ਨਾਲ ਫੋਨ 'ਤੇ ਲੰਮੀਆਂ ਅਤੇ ਢੇਰ ਸਾਰੀਆਂ ਗੱਲਾਂ ਕਰੋ।

vaisakhi
Coupon Code

ਜਿੰਨੀ ਦੇਰ ਗੱਲਾਂ ਕਰੋਗੇ
ਉਨੇ ਹੀ ਮਿੰਟ ਕੱਟੇ ਜਾਣਗੇ

*24/7 Customer Service Available*

*Same rate for lanline and mobile.*

ਟੌਲ ਫਰੀ ਨੰਬਰ 1-888-652-6268
732-983-4332/4333

ਪੰਜਾਬ ਟਾਈਮਜ਼

*ਸਨਿਚਰਵਾਰ, 8 ਜੂਨ 2013*

## *ਸਾਕਾ, ਸਿੱਖੀ ਤੇ ਸਿਰੜ*

ਅਕਾਲ ਤਖਤ ਉਤੇ ਹਮਲੇ ਵਾਲੇ ਸਾਕੇ ਨੂੰ ਪੂਰੇ 29 ਸਾਲ ਹੋ ਗਏ ਹਨ। ਉਸ ਦੌਰ ਵਿਚ ਬਹੁਤ ਤੇਜ਼ੀ ਨਾਲ ਵਾਪਰੇ ਇਸ ਘਟਨਾਕ੍ਰਮ ਅਤੇ ਉਸ ਤੋਂ ਬਾਅਦ ਬਣੇ ਹਾਲਾਤ ਨਾਲ ਜਿੰਨਾ ਨੁਕਸਾਨ ਸਿੱਖ ਭਾਈਚਾਰੇ ਦਾ ਹੋਇਆ ਹੈ, ਸ਼ਾਇਦ ਹੀ ਕਿਸੇ ਦਾ ਹੋਇਆ ਹੋਵੇ। ਇਸ ਨੁਕਸਾਨ ਦੀ ਭਰਪਾਈ ਕਦੀ ਵੀ ਨਹੀਂ ਹੋ ਸਕਣੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਸ ਹਮਲੇ ਨਾਲ ਹੋਏ ਮਾਲੀ ਨੁਕਸਾਨ ਦੇ ਹਰਜਾਨੇ ਲਈ ਭਾਵੇਂ ਕੇਸ ਦੀ ਪੈਰਵੀ ਕਰਨ ਦਾ ਫੈਸਲਾ ਕੀਤਾ ਹੈ, ਪਰ ਇਹ ਨੁਕਸਾਨ ਕੀ ਇਉਂ ਮਾਇਆ ਦੇ ਹਿਸਾਬ ਮਿਣਿਆ ਜਾ ਸਕਦਾ ਹੈ? ਬਿਲਕੁਲ ਨਹੀਂ! ਇਹ ਤਾਂ ਉਹ ਨੁਕਸਾਨ ਹੈ ਜਿਸ ਦੀ ਚੀਸ ਅੱਠੇ ਪਹਿਰ ਪੈਂਦੀ ਰਹਿਣੀ ਹੈ। ਅਸਲ ਵਿਚ ਉਸ ਵੇਲੇ ਦਿੱਲੀ ਦੀ ਕੁਹਜ ਨਾਲ ਭਰੀ ਸਿਆਸਤ ਵਲੋਂ ਦਰਦ ਦਾ ਜਿਹੜਾ ਦਰਦ ਵਹਾਇਆ ਗਿਆ ਸੀ, ਉਹ ਤਿੰਨ ਦਹਾਕਿਆਂ ਦਾ ਲੰਮਾ ਵਕਤ ਬੀਤ ਜਾਣ 'ਤੇ ਵੀ ਜਿਉਂ ਦਾ ਤਿਉਂ ਕਾਇਮ ਹੈ। ਇਸ ਮੁੱਦੇ ਬਾਰੇ ਬਹਿਸਾਂ ਅਤੇ ਵਿਚਾਰਾਂ ਉਦੋਂ ਤੋਂ ਹੀ ਹੋ ਰਹੀਆਂ ਹਨ, ਪਰ ਇਹ ਵੀ ਸੱਚ ਹੈ ਕਿ ਇਸ ਇਕੱਲੇ ਮੁੱਦੇ ਉਤੇ ਸਿਆਸਤ ਇੰਨੀ ਜ਼ਿਆਦਾ ਕੀਤੀ ਗਈ ਹੈ ਕਿ ਹੁਣ ਇਸ ਤੰਦ-ਤਾਣੀ ਦਾ ਕੋਈ ਲੜ-ਸਿਰਾ ਫੜਨਾ ਵੀ ਮੁਸ਼ਕਿਲ ਹੋ ਰਿਹਾ ਹੈ। ਇਸੇ ਕਰ ਕੇ ਹੀ ਸ਼ਹੀਦਾਂ ਦੀ ਯਾਦਗਾਰ ਜਾਂ ਇਸ ਨਾਲ ਜੁੜੇ ਹੋਰ ਮਸਲੇ ਹੁਣ ਵੀ ਤਕਰੀਬਨ ਉਸੇ ਤਰ੍ਹਾਂ ਦਾ ਰੂਪ ਅਖਤਿਆਰ ਕਰ ਕੇ ਸਾਡੇ ਸਾਹਮਣੇ ਮੂੰਹ ਅੱਡੀ ਆਣ ਖੜ੍ਹੇ ਹਨ।

ਬੁਨਿਆਦੀ ਤੌਰ 'ਤੇ ਵਿਚਾਰਿਆ ਜਾਵੇ ਤਾਂ ਇਹ ਮੁੱਦਾ ਤਾਂ ਅਸਲ ਮੁੱਦਾ ਹੈ ਵੀ ਨਹੀਂ। ਅਸਲ ਮੁੱਦਾ ਤਾਂ ਉਸ ਦੌਰ ਵਿਚ ਜੋ ਕੁਝ ਇੰਨੀ ਤੇਜ਼ੀ ਅਤੇ ਦਰਦਨਾਕ ਢੰਗ ਨਾਲ ਹੋਇਆ-ਵਾਪਰਿਆ, ਉਸ ਬਾਰੇ ਗਹਿਰ-ਗੰਭੀਰ ਵਿਚਾਰਾਂ ਕਰਨ ਦਾ ਸੀ; ਪਰ ਯਾਦਗਾਰ ਦੇ ਮੁੱਦੇ 'ਤੇ ਜਿਸ ਤਰ੍ਹਾਂ ਦੀ ਬਹਿਸ ਅਤੇ ਵਿਵਾਦ ਪਿਛਲੇ ਕੁਝ ਸਮੇਂ ਤੋਂ ਸਾਹਮਣੇ ਆਇਆ ਹੈ, ਉਸ ਨਾਲ ਵੱਖ ਵੱਖ ਧਿਰਾਂ ਦੀ ਗੈਰ-ਸੰਜੀਦਾ ਪਹੁੰਚ ਦੀ ਹੀ ਸੂਹ ਲੱਗੀ ਹੈ। ਚਾਹੀਦਾ ਤਾਂ ਇਹ ਸੀ ਕਿ ਇਸ ਸਾਰੇ ਵਰਤਾਰੇ, ਜਿਸ ਨੇ ਸਿੱਖ ਭਾਈਚਾਰੇ ਵਿਚ ਬੇਗਾਨਗੀ ਦੇ ਅਹਿਸਾਸ ਦਾ ਹੜ੍ਹ ਲਿਆ ਦਿੱਤਾ ਸੀ, ਦੀਆਂ ਵੱਖ ਵੱਖ ਤਹਿਆਂ ਫਰੋਲੀਆਂ ਜਾਂਦੀਆਂ ਅਤੇ ਉਸ ਤੱਤੇ ਦੌਰ ਵਿਚ ਲੀਡਰਾਂ ਵੱਲੋਂ ਨਿਭਾਏ ਗਏ ਰੋਲ ਦੀ ਨਿੱਠ ਕੇ ਪੁਣ-ਛਾਣ ਕੀਤੀ ਜਾਂਦੀ; ਪਰ ਹੋਇਆ ਇਸ ਤੋਂ ਐਨ ਉਲਟ। ਦਰਦ ਦੇ ਦਰਿਆ ਦੇ ਨਾਲ-ਨਾਲ ਭਾਵੁਕਤਾ ਦਾ ਇਕ ਹੋਰ ਦਰਿਆ ਵਗਾ ਦਿੱਤਾ ਗਿਆ, ਤੇ ਇਤਿਹਾਸ ਗਵਾਹ ਹੈ ਕਿ ਅਜਿਹੀ ਭਾਵੁਕਤਾ ਸਿਆਸੀ ਗੋਟੀਆਂ ਖੇਡਣ ਵਾਲਿਆਂ ਦੇ ਬਹੁਤ ਸੂਤ ਬੈਠਦੀ ਹੈ। ਹੁਣ ਅਗਲੇ ਸਾਲ ਲੋਕ ਸਭਾ ਦੀਆਂ ਚੋਣਾਂ ਹੋ ਰਹੀਆਂ ਹਨ। ਮੁੱਦਾਹੀਣ ਸਿਆਸਤ ਕਰਨ ਵਾਲਿਆਂ ਨੂੰ ਫਿਰ ਅਜਿਹੇ ਮੁੱਦਿਆਂ ਦੀ ਹੀ ਤਾਂ ਤਲਾਸ਼ ਹੁੰਦੀ ਹੈ! ਉਹ ਅਜਿਹੇ ਮੁੱਦੇ ਖੁਦ, ਮਸਨੂਈ ਢੰਗ ਨਾਲ ਉਭਾਰ ਲੈਂਦੇ ਹਨ ਅਤੇ ਲੋਕਾਂ ਨੂੰ ਸਿਆਸਤਦਾਨਾਂ ਦੀ ਇਸ ਚਤੁਰਾਈ ਦਾ ਪਤਾ ਬਹੁਤ ਪਛੜ ਕੇ ਲਗਦਾ ਹੈ। ਇਸ ਚਤੁਰਾਈ ਨੇ ਹੀ ਤਾਂ ਪੰਜਾਬ ਨੂੰ ਇਕ ਵੇਲੇ ਬਲਦੀ ਦੇ ਬੁੱਥੇ ਪਾਈ ਰੱਖਿਆ ਸੀ।

ਉਂਜ, ਸਿਆਸਤ ਦੀ ਇਸ ਦਲ ਦਲ ਵਿਚੋਂ ਰਤਾ ਕੁ ਬਾਹਰ ਨਿਕਲ ਕੇ ਹੁਣ ਇਹ ਸੋਚਣ ਦਾ ਵੇਲਾ ਹੈ ਕਿ ਆਖਰਕਾਰ ਉਹ ਕੀ ਕਾਰਨ ਹਨ ਜਿਨ੍ਹਾਂ ਕਰ ਕੇ ਸਿੱਖ ਭਾਈਚਾਰੇ ਲਈ ਵਕਤ ਦੀ ਸੂਈ ਜੂਨ ਚੁਰਾਸੀ ਉਤੇ ਹੀ ਅਟਕਾ ਦਿੱਤੀ ਗਈ ਹੈ?

ਸਿੱਖ ਭਾਈਚਾਰੇ ਦਾ ਇਤਿਹਾਸ ਭਰ ਵਗਦੇ ਦਰਿਆ ਵਾਂਗ ਹੈ ਜਿਸ ਦੀ ਫਿਤਰਤ ਸਦਾ ਵਹਿੰਦੇ ਜਾਣ ਦੀ ਹੈ। ਇਸ ਨੇ ਮੁਸ਼ਕਿਲ ਦੌਰ ਵਿਚ ਵੀ ਸਦਾ ਅਨੰਤ ਭਵਿੱਖ ਨੂੰ ਸੈਨਤਾਂ ਮਾਰੀਆਂ ਹਨ ਅਤੇ ਬਿਖੜੇ ਪੈਂਡੇ ਪੂਰੇ ਦਿਲ-ਗੁਰਦੇ ਨਾਲ ਪਾਰ ਕੀਤੇ ਹਨ; ਪਰ ਹੁਣ ਬੇਵਸੀ ਵਾਲੀ ਜਿਹੜੀ ਲਹਿਰ ਆਵਾਮ ਦੇ ਦਿਲਾਂ ਵਿਚ ਉਤਾਰ ਦਿੱਤੀ ਗਈ ਹੈ, ਉਸ ਤੋਂ ਪਾਰ ਜਾਣਾ ਸ਼ਾਇਦ ਔਖਾ ਹੋ ਰਿਹਾ ਹੈ। ਇਸ ਬੇਵਸੀ ਨੇ ਜਿਸ ਤਰ੍ਹਾਂ ਦੇ ਹਾਲਾਤ ਨੂੰ ਜਨਮ ਦਿੱਤਾ ਹੈ, ਉਨ੍ਹਾਂ ਦੇ ਖਾਸੇ ਨੂੰ ਸਮਝਣ-ਬੁੱਝਣ ਜਾਂ ਇਸ ਦਾ ਕੋਈ ਇਕ ਲੜ-ਸਿਰਾ ਫੜਨ ਲਈ ਅੱਜ ਸੱਤਾਧਾਰੀ ਸ਼੍ਰੋਮਣੀ ਅਕਾਲੀ ਦਲ ਵੱਲੋਂ ਕੀਤੀ ਜਾ ਰਹੀ ਸਿਆਸਤ 'ਤੇ ਨਿਗਾਹ ਮਾਰੀ ਜਾ ਸਕਦੀ ਹੈ। ਜਿਸ ਤਰ੍ਹਾਂ ਦੀ ਸਿਆਸਤ ਅੱਜ ਇਹ 'ਪੰਥਕ ਪਾਰਟੀ' ਕਰ ਰਹੀ ਹੈ, ਉਸ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਚੋਣਾਂ ਜਿੱਤਣ ਲਈ ਕੋਈ ਆਗੂ ਜਾਂ ਜਥੇਬੰਦੀ ਕਿਸ ਹੱਦ ਤੱਕ ਹੇਠਾਂ ਜਾ ਸਕਦਾ ਹੈ। ਅਕਾਲ ਤਖਤ ਉਤੇ ਹਮਲੇ ਦਾ ਮਾਮਲਾ ਹੋਵੇ ਜਾਂ ਸ਼ਹੀਦਾਂ ਦੀ ਯਾਦਗਾਰ ਬਣਾਉਣ ਦਾ, ਚੁਰਾਸੀ ਦੇ ਸਿੱਖ ਕਤਲੇਆਮ ਦਾ ਹੋਵੇ ਜਾਂ ਸਿੱਖ ਭਾਈਚਾਰੇ ਨਾਲ ਜ਼ਿਆਦਤੀਆਂ ਦਾ; ਇਹ ਦਲ ਨਿਆਂ ਦੀ ਲੜਾਈ ਵਾਲੇ ਬਿਖੜੇ ਪੈਂਡੇ ਉਤੇ ਸਬੂਤੇ ਕਦਮੀਂ ਤੁਰ ਨਹੀਂ ਸਕਿਆ ਹੈ, ਪਰ ਇਨ੍ਹਾਂ ਮੁੱਦਿਆਂ ਦਾ ਜਿੰਨਾ ਸਿਆਸੀ ਅਤੇ ਆਰਥਿਕ ਲਾਹਾ ਇਸ ਜਥੇਬੰਦੀ ਨੇ ਲਿਆ ਹੈ, ਜਾਂ ਇਸ ਨੂੰ ਮਿਲਿਆ ਹੈ, ਉਹ ਬੇਅੰਤ ਹੋ ਨਿਬੜਿਆ ਹੈ। ਸਿਆਸਤ ਦੀ ਇਸੇ ਲੋੜ ਮੁਤਾਬਕ ਹੀ ਦਲ ਦੀ ਸੰਸਦ ਮੈਂਬਰ ਹਰਸਿਮਰਤ ਕੌਰ ਬਾਦਲ ਇਹ ਮੁੱਦੇ ਸੰਸਦ ਵਿਚ ਹੀ ਜ਼ੋਰ-ਸ਼ੋਰ ਨਾਲ ਉਠਾ ਦਿੰਦੀ ਹੈ ਅਤੇ ਬੱਲੇ ਬੱਲੇ ਕਰਵਾ ਲੈਂਦੀ ਹੈ। ਜਿਸ ਤਰ੍ਹਾਂ ਦਾ ਗੇੜ ਇਸ ਸੱਤਾਧਾਰੀ ਦਲ ਨੇ ਚਲਾਇਆ ਹੈ, ਉਹ ਹੁਣ ਚੱਕਰਵਿਊ ਵਾਂਗ ਜਾਪਣ ਲੱਗ ਪਿਆ ਹੈ, ਜਿਹੜਾ ਫਿਲਹਾਲ ਟੁੱਟ ਨਹੀਂ ਰਿਹਾ। ਇਸ ਦਾ ਸਭ ਤੋਂ ਵੱਡਾ ਕਾਰਨ ਇਹੀ ਹੈ ਕਿ ਜਿਸ ਚੱਕਰਵਿਊ ਨੂੰ ਜਿੰਨੇ ਵੱਡੇ ਪੱਧਰ ਉਤੇ ਜਾ ਕੇ ਵੰਗਾਰਨ ਦੀ ਲੋੜ ਹੈ, ਉਸ ਪੱਧਰ 'ਤੇ ਜਾ ਕੇ ਸੋਚਣ ਬਾਰੇ ਸ਼ਾਇਦ ਹੀ ਕਿਸੇ ਧਿਰ ਨੇ ਸੋਚਿਆ ਹੋਵੇ। ਮੁਫਾਦ ਦੀ ਲੜੀ ਹੀ ਇੰਨੀ ਲੰਮੀ ਹੈ ਕਿ ਇਸ ਲੰਮੀ ਲੜਾਈ ਦੇ ਰਾਹ ਉਤੇ ਤੁਰਦਾ ਕੋਈ ਨਜ਼ਰੀਂ ਨਹੀਂ ਪੈ ਰਿਹਾ। ਸਭ ਦੀਆਂ ਲੜਾਈਆਂ ਬਹੁਤ ਪਿਛਾਂਹ ਅਤੇ ਪਹਿਲਾਂ ਹੀ ਦਮ ਤੋੜ ਰਹੀਆਂ ਹਨ। ਇਸੇ ਕਰ ਕੇ ਅਜਿਹੇ ਤੌਖਲੇ ਵਾਰ ਵਾਰ ਉਠ ਰਹੇ ਹਨ ਕਿ ਸਿਆਸਤ ਕਰ ਰਹੀਆਂ ਧਿਰਾਂ ਵਲੋਂ ਵਕਤ ਨੂੰ ਪੁੱਠਾ ਗੇੜਾ ਦੇਣ ਲਈ ਇਕ ਵਾਰ ਫਿਰ ਯਤਨ ਕੀਤੇ ਜਾ ਰਹੇ। ਇਸ ਸੂਰਤ ਵਿਚ ਆਵਾਮ ਦਾ ਸਿਰੜ ਹੀ ਰਾਹ-ਦਸੇਰਾ ਬਣ ਸਕਦਾ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਮੌਸਮੀ ਬਾਬਾ!*

ਲੂਅ ਵਗਦੀ ਏ ਦੇਸ ਵਿਚ ਬੜੀ ਤੱਤੀ, ਤਪਦੇ ਤਨ ਨੂੰ ਠਾਰਨੇ ਹਾਰ ਬਾਬਾ।
ਖੇਤੀ ਡਾਲਰਾਂ ਪੌਂਡਾਂ ਦੀ ਮੁੱਛਣੇ ਲਈ, ਗੇੜਾ ਬਾਹਰਲੇ ਮੁਲਕ ਦਾ ਮਾਰ ਬਾਬਾ।
ਆਇਆਂ ਸੰਗਤ ਦੇ ਦਰਸ਼ਨਾਂ ਵਾਸਤੇ ਕਹਿ, ਮੁੰਜ ਬਗੜ ਦਾ ਕਰੀਂ ਵਿਉਪਾਰ ਬਾਬਾ।
ਚਿੰਤਾ ਜਿਨ੍ਹਾਂ ਨੂੰ ਗੋਲਕਾਂ ਭਰਨ ਦੀ ਐ, ਉਹ ਤਾਂ ਕਰਨਗੇ ਖੂਬ ਪ੍ਰਚਾਰ ਬਾਬਾ।
ਕੰਨ-ਰਸ ਹੀ ਹੋ ਗਿਆ ਕਥਾ-ਕੀਰਤਨ, ਕੋਈ ਵਿਰਲਾ ਹੀ ਕਰੇ ਵੀਚਾਰ ਬਾਬਾ।
ਨਾਲੇ ਯਾਰੀਆਂ ਹਾਕਮਾਂ ਨਾਲ ਪਾ ਲੈ, ਲੱਗੀਂ ਭੋਲਾ, ਪਰ ਬਣੀ ਹੁਸ਼ਿਆਰ ਬਾਬਾ!

# ਸਬਕ ਸਿਖਾਉਣ ਵਾਲੀ ਸਿਆਸਤ ਦੇ ਸਬਕ

## *ਜਲ੍ਹਿਆਂਵਾਲਾ ਬਾਗ ਤੇ ਬਲਿਊ ਸਟਾਰ ਸਾਕਿਆਂ ਦਾ ਸੱਚ*

ਮਹੀਪ ਸਿੰਘ
ਫੋਨ:91-93139-32888

ਵਿਸਾਖੀ 1919 ਵਾਲੇ ਦਿਨ ਅੰਮ੍ਰਿਤਸਰ ਵਿਚ ਹੋਏ ਜਲ੍ਹਿਆਂਵਾਲਾ ਬਾਗ ਦੇ ਦੁਖਾਂਤ ਦੇ ਬੜਾ ਚਿਰ ਪਿੱਛੋਂ ਅੰਗਰੇਜ਼ ਲੇਖਕ ਅਲਫ੍ਰੇਡ ਡ੍ਰੈਪਰ ਨੇ ਪੁਸਤਕ ਲਿਖੀ ਸੀ-'ਅੰਮ੍ਰਿਤਸਰ: ਉਹ ਕਤਲੇਆਮ ਜਿਸ ਨੇ (ਅੰਗਰੇਜ਼ੀ) ਰਾਜ ਖ਼ਤਮ ਕਰ ਦਿੱਤਾ (Amritsar, the massacre that ended the Raj)। ਇਸ ਪੁਸਤਕ ਵਿਚ ਉਸ ਹੱਤਿਆ ਕਾਂਡ ਬਾਰੇ ਬੜਾ ਪ੍ਰਮਾਣਿਕ ਵੇਰਵਾ ਦਿੱਤਾ ਗਿਆ ਹੈ। ਉਸ ਦੁਖਾਂਤ ਬਾਰੇ ਉਸ ਵੇਲੇ ਦੀ ਬ੍ਰਿਟਿਸ਼ ਹਕੂਮਤ ਵੱਲੋਂ ਪੜਤਾਲ ਕਰਨ ਲਈ ਜੱਜ ਲਾਰਡ ਹੰਟਰ ਦੀ ਪ੍ਰਧਾਨਗੀ ਵਿਚ ਕਮਿਸ਼ਨ ਬਿਠਾਇਆ ਗਿਆ ਸੀ। ਹੰਟਰ ਕਮਿਸ਼ਨ ਅੱਗੇ ਬੋਲਦੇ ਹੋਏ ਇਸ ਖੂਨੀ ਸਾਕੇ ਦੇ ਖਲਨਾਇਕ ਬ੍ਰਿਗੇਡੀਅਰ ਜਨਰਲ ਡਾਇਰ ਨੇ ਬੜੇ ਫਖ਼ਰ ਨਾਲ ਇਹ ਕਿਹਾ ਸੀ ਕਿ ਜਲ੍ਹਿਆਂਵਾਲੇ ਬਾਗ ਵਿਚ ਗੋਲੀ ਚਲਾਉਣ ਦਾ ਜਿਹੜਾ ਹੁਕਮ ਮੈਂ ਦਿੱਤਾ ਸੀ, ਉਹ ਠੀਕ ਸੀ ਕਿਉਂਕਿ ਮੈਂ ਹਿੰਦੁਸਤਾਨੀਆਂ ਨੂੰ ਸਬਕ ਸਿਖਾਉਣਾ ਚਾਹੁੰਦਾ ਸੀ। ਕਿਸੇ ਪੂਰੀ ਕੌਮ ਨੂੰ, ਪੂਰੇ ਭਾਈਚਾਰੇ ਨੂੰ ਜਾਂ ਪੂਰੇ ਦੇਸ਼ ਨੂੰ ਸਬਕ ਸਿਖਾਉਣ ਦੀ ਜ਼ਹਿਨੀਅਤ ਜਦੋਂ ਹਕੂਮਤ ਪਾਲ ਲਵੇ ਤਾਂ ਸਮਝੋ ਉਸ ਹਕੂਮਤ ਦੇ ਅਖੀਰਲੇ ਦਿਨ ਆ ਗਏ ਹਨ।

ਇਹ ਕਿਹੋ ਜਿਹਾ ਇਤਿਹਾਸਿਕ ਸੰਜੋਗ ਹੈ ਕਿ ਜਲ੍ਹਿਆਂਵਾਲਾ ਬਾਗ ਦਾ ਸਾਕਾ ਤੇ ਓਪਰੇਸ਼ਨ ਬਲਿਊ ਸਟਾਰ, ਦੋਵੇਂ ਹੀ ਅੰਮ੍ਰਿਤਸਰ ਵਿਚ ਵਾਪਰੇ। ਸਾਕੇ ਵਾਲੇ ਦੋਵੇਂ ਦਿਨ ਵਿਸ਼ੇਸ਼ ਮਹੱਤਤਾ ਵਾਲੇ ਸਨ। ਇਕ ਸਾਕੇ ਵਾਲੇ ਦਿਨ ਵਿਸਾਖੀ ਸੀ ਤੇ ਦੂਜਾ ਸਾਕਾ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਵਾਲੇ ਦਿਨ ਸ਼ੁਰੂ ਕੀਤਾ ਗਿਆ। ਪਹਿਲੇ ਸਾਕੇ ਨਾਲ ਬਰਤਾਨਵੀ ਹਕੂਮਤ ਹਿੰਦੁਸਤਾਨੀਆਂ ਨੂੰ ਸਬਕ ਸਿਖਾਉਣਾ ਚਾਹੁੰਦੀ ਸੀ। ਓਪਰੇਸ਼ਨ ਬਲਿਊ ਸਟਾਰ ਰਾਹੀਂ ਇੰਦਰਾ ਗਾਂਧੀ ਦੀ ਕਾਂਗਰਸ ਸਰਕਾਰ ਸਿੱਖਾਂ ਨੂੰ ਸਬਕ ਸਿਖਾਉਣਾ ਚਾਹੁੰਦੀ ਸੀ।

ਕਈ ਵਾਰੀ ਇਹ ਸੋਚ ਕੇ ਮੈਨੂੰ ਬੜਾ ਅਚਰਜ ਹੁੰਦਾ ਹੈ ਕਿ ਜਲ੍ਹਿਆਂਵਾਲਾ ਬਾਗ ਦੇ ਸਾਕੇ ਤੇ ਓਪਰੇਸ਼ਨ ਬਲਿਊ ਸਟਾਰ ਵਿਚ ਕਿੰਨੀਆਂ ਸਮਾਨਤਾਵਾਂ ਸਨ। ਜਲ੍ਹਿਆਂਵਾਲੇ ਬਾਗ ਦੇ ਹਾਦਸੇ ਤੋਂ ਪਹਿਲਾਂ ਅੰਮ੍ਰਿਤਸਰ ਵਿਚ ਕਾਫੀ ਬਦਅਮਨੀ ਫੈਲੀ ਹੋਈ ਸੀ। ਰੌਲੇਟ ਐਕਟ ਦੇ ਖ਼ਿਲਾਫ 30 ਮਾਰਚ 1919 ਨੂੰ ਅੰਮ੍ਰਿਤਸਰ ਵਿਚ ਪੂਰੀ ਹੜਤਾਲ ਕੀਤੀ ਗਈ ਸੀ। 6 ਅਪਰੈਲ ਨੂੰ 5,000 ਲੋਕ ਜਲ੍ਹਿਆਂਵਾਲਾ ਬਾਗ ਵਿਚ ਇਕੱਤਰ ਹੋਏ ਸਨ ਤੇ ਘੰਟਾਘਰ 'ਤੇ ਇਕ ਪਰਚਾ ਵੇਖਣ ਵਿਚ ਆਇਆ ਸੀ ਜਿਸ 'ਤੇ ਲਿਖਿਆ ਹੋਇਆ ਸੀ-'ਮਰਨ ਮਾਰਨ ਨੂੰ ਤਿਆਰ ਹੋ ਜਾਓ।' 10 ਅਪਰੈਲ ਨੂੰ ਉੱਘੇ ਲੀਡਰ ਡਾ. ਸੈਫੂਦੀਨ ਕਿਚਲੂ ਤੇ ਡਾ. ਸਤਿਪਾਲ ਗ੍ਰਿਫ਼ਤਾਰ ਕੀਤੇ ਗਏ ਅਤੇ ਸਾਰੇ ਸ਼ਹਿਰ ਵਿਚ ਅੰਗਰੇਜ਼ਾਂ ਦੇ ਖਿਲਾਫ਼ ਹਿੰਸਕ ਕਾਰਵਾਈਆਂ ਸ਼ੁਰੂ ਹੋ ਗਈਆਂ ਸਨ। ਲੋਕਾਂ ਨੇ ਉਸ ਹਰ ਬੰਦੇ ਨੂੰ ਮਾਰਨਾ ਸ਼ੁਰੂ ਕਰ ਦਿੱਤਾ ਜੋ ਯੂਰਪੀਅਨ ਨਜ਼ਰ ਆਉਂਦਾ ਸੀ। ਰੇਲਵੇ ਸਟੇਸ਼ਨ, ਤਾਰ ਘਰ, ਬੈਂਕਾਂ 'ਤੇ ਹਮਲੇ ਹੋਏ। ਮਾਰਸੇਲਾ ਸ਼ੇਰਵੁਡ ਨਾਂ ਦੀ ਈਸਾਈ ਮਿਸ਼ਨਰੀ ਔਰਤ ਨੂੰ ਲੋਕਾਂ ਨੇ ਘੇਰ ਕੇ ਮਾਰਿਆ ਤੇ ਅਧਮੋਇਆ ਕਰ ਕੇ ਛੱਡ ਗਏ। ਗੁੱਸੇ ਵਿਚ ਆਏ ਲੋਕਾਂ ਨੇ ਅੰਗਰੇਜ਼ੀ ਸਕੂਲਾਂ ਤੇ ਗਿਰਜਾ ਘਰਾਂ ਨੂੰ ਅੱਗ ਲਾ ਦਿੱਤੀ। ਸੜਕਾਂ 'ਤੇ ਲੋਕੀ ਚੀਕ ਰਹੇ ਸਨ-'ਗੋਰਿਆਂ ਨੂੰ ਮਾਰ ਮੁਕਾਓ...।'

ਜਨਰਲ ਡਾਇਰ ਨੇ ਇਸ ਬਦਅਮਨੀ ਨੂੰ ਆਪਣੀ ਕਰਤੂਤ ਦਾ ਬਹਾਨਾ ਬਣਾ ਲਿਆ। ਜਦੋਂ ਲਾਰਡ ਹੰਟਰ ਨੇ ਡਾਇਰ ਕੋਲੋਂ ਪੁੱਛਿਆ ਕਿ ਉਸ ਨੇ ਗੋਲੀ ਚਲਾਉਣ ਦਾ ਹੁਕਮ ਦੇਣ ਤੋਂ ਪਹਿਲਾਂ ਜਲ੍ਹਿਆਂਵਾਲਾ ਬਾਗ ਦੀ ਮੀਟਿੰਗ ਨੂੰ ਭੰਗ ਕਰਨ ਦਾ ਯਤਨ ਕਿਉਂ ਕੀਤਾ, ਤਾਂ ਜਨਰਲ ਡਾਇਰ ਨੇ ਜਵਾਬ ਦਿੱਤਾ-ਮੈਂ ਕਾਰ ਵਿਚ ਜਾਂਦੇ ਹੋਏ ਇਹ ਨਿਸਚਾ ਕਰ ਲਿਆ ਸੀ ਕਿ ਜੇ ਲੋਕਾਂ ਨੇ ਮੀਟਿੰਗ ਨਾ ਕਰਨ ਦੇ ਹੁਕਮ ਦੀ ਪਾਲਣਾ ਨਾ ਕੀਤੀ ਤਾਂ ਮੈਂ ਉਸੇ ਵੇਲੇ ਗੋਲੀ ਚਲਾਉਣ ਦਾ ਹੁਕਮ ਦੇ ਦਿਆਂਗਾ। ਲੋਕ ਉੱਥੇ ਮੀਟਿੰਗ ਕਰ ਰਹੇ ਸਨ, ਇਸ ਲਈ ਮੈਂ ਕਾਰਵਾਈ ਸ਼ੁਰੂ ਕਰ ਦਿੱਤੀ।

29 ਵਰ੍ਹੇ ਪਹਿਲਾਂ ਹੋਏ ਓਪਰੇਸ਼ਨ ਬਲਿਊ ਸਟਾਰ ਵੇਲੇ ਵੀ ਉਹੋ ਕੁਝ ਵਾਪਰਿਆ। ਪੰਜਾਬ ਵਿਚ ਖਾਸ ਤੌਰ 'ਤੇ ਅੰਮ੍ਰਿਤਸਰ ਵਿਚ ਮਾਹੌਲ ਹਿੰਸਕ ਕਾਰਗੁਜ਼ਾਰੀਆਂ ਨਾਲ ਗੂੰਜ ਰਿਹਾ ਸੀ। ਇੰਦਰਾ ਗਾਂਧੀ ਦੀ ਸਰਕਾਰ ਲਈ, ਕਿਸੇ ਵੀ ਕਾਰਵਾਈ ਲਈ ਇਹ ਬਹਾਨਾ ਕਾਫੀ ਸੀ। ਬਿਨਾਂ ਕਿਸੇ ਚਿਤਾਵਨੀ ਦੇ 3 ਜੂਨ ਨੂੰ ਸਾਰੇ ਪੰਜਾਬ ਵਿਚ ਕਰਫ਼ਿਊ ਲਗਾ ਦਿੱਤਾ ਗਿਆ। ਸ਼ਹੀਦੀ ਗੁਰਪੁਰਬ ਮਨਾਉਣ ਆਏ ਹਜ਼ਾਰਾਂ ਯਾਤਰੀ ਦਰਬਾਰ ਸਾਹਿਬ ਖੇਤਰ ਵਿਚ ਫਸ ਗਏ। ਫਿਰ 5 ਜੂਨ ਨੂੰ ਫ਼ੌਜੀ ਕਾਰਵਾਈ ਕਰਨ ਤੋਂ ਪਹਿਲਾਂ ਠੀਕ ਢੰਗ ਨਾਲ ਲੋਕਾਂ ਨੂੰ ਇਸ ਗੱਲ ਲਈ ਸਾਵਧਾਨ ਨਹੀਂ ਕੀਤਾ ਗਿਆ ਕਿ ਜਿਹੜੇ ਲੋਕ ਆਪਣੇ ਘਰਾਂ ਨੂੰ ਜਾਣਾ ਚਾਹੁੰਦੇ ਹਨ, ਉਹ ਚਲੇ ਜਾਣ। ਹੰਟਰ ਕਮਿਸ਼ਨ ਅੱਗੇ ਜਨਰਲ ਡਾਇਰ ਨੇ ਇਹ ਕਿਹਾ ਕਿ ਮੈਂ ਅਸਲ ਵਿਚ ਸ਼ਰਾਰਤੀ ਲੋਕਾਂ ਨੂੰ ਸਜ਼ਾ ਦੇਣੀ ਚਾਹੁੰਦਾ ਸੀ, ਇਸ ਲਈ ਜਿਹੜੇ ਸ਼ਰਾਰਤੀ ਨਹੀਂ ਸਨ, ਉਹ ਵੀ ਕਲਾਵੇ ਵਿਚ ਆ ਗਏ। ਓਪਰੇਸ਼ਨ ਬਲਿਊ ਸਟਾਰ ਵੇਲੇ ਵੀ ਇਹੋ ਹੋਇਆ। ਸਰਕਾਰ ਕਹਿੰਦੀ ਹੈ ਕਿ ਉਹ ਅਤਿਵਾਦੀਆਂ ਨੂੰ ਸਜ਼ਾ ਦੇਣੀ ਚਾਹੁੰਦੀ ਸੀ, ਪਰ ਇਸ ਅਮਲ ਵਿਚ ਹੋਰ ਹਜ਼ਾਰਾਂ ਲੋਕ ਵੀ ਫ਼ੌਜ ਦੀਆਂ ਗੋਲੀਆਂ ਦੇ ਸ਼ਿਕਾਰ ਹੋ ਗਏ।

ਜਲ੍ਹਿਆਂਵਾਲਾ ਬਾਗ ਦੀ ਘਟਨਾ ਨੇ ਇੰਗਲੈਂਡ ਵਿਚ ਬੈਠੇ ਹੁਕਮਰਾਨਾਂ ਦੀ ਆਤਮਾ ਨੂੰ ਬੁਰੀ ਤਰ੍ਹਾਂ ਟੁੰਬਿਆ ਅਤੇ ਉੱਥੇ ਪਾਰਲੀਮੈਂਟ ਵਿਚ ਇਸ ਖੂਨੀ ਹਾਦਸੇ ਨੂੰ ਲੈ ਕੇ ਬੜਾ ਰੌਲਾ ਪਿਆ ਸੀ। ਭਾਰਤ ਵਿਰੋਧੀ ਸਮਝੇ ਜਾਣ ਵਾਲੇ 'ਯੁੱਧ ਮੰਤਰੀ' ਸਰ ਵਿੰਸਟਨ ਚਰਚਿਲ ਨੇ ਇਸ ਹਾਦਸੇ ਬਾਰੇ ਡੂੰਘਾ ਦੁੱਖ ਪ੍ਰਗਟਾਉਂਦੇ ਹੋਏ ਕਿਹਾ ਸੀ-'ਇਕ ਅਸਾਧਾਰਨ ਘਟਨਾ, ਇਕ ਭਿਆਨਕ ਘਟਨਾ, ਇਕ ਅਜਿਹੀ ਵਿਨਾਸ਼ਕਾਰੀ ਘਟਨਾ ਜਿਸ ਦੀ ਕੋਈ ਮਿਸਾਲ ਨਹੀਂ।' ਬ੍ਰਿਟਿਸ਼ ਪਾਰਲੀਮੈਂਟ ਦੇ ਮੈਂਬਰ ਇਹ ਮੰਗ ਕਰ ਰਹੇ ਸਨ ਕਿ ਇਸ ਘਟਨਾ ਦੀ ਪੂਰੀ ਜਾਂਚ ਕਰਾਈ ਜਾਏ। ਉਸ ਵੇਲੇ ਹਿੰਦੁਸਤਾਨ ਦਾ ਵਾਇਸਰਾਇ ਲਾਰਡ ਚੈਮਸਫੋਰਡ ਇਹ ਨਹੀਂ ਸੀ ਚਾਹੁੰਦਾ ਕਿ ਇਸ ਘਟਨਾ ਦੀ ਅਦਾਲਤੀ ਜਾਂਚ ਹੋਏ, ਕਿਉਂਕਿ ਉਸ ਦੀ ਦਲੀਲ ਸੀ ਕਿ ਇਸ ਨਾਲ ਹਿੰਦੁਸਤਾਨੀ ਅਤਿਵਾਦੀਆਂ ਨੂੰ ਸ਼ਹਿ ਮਿਲੇਗੀ ਅਤੇ ਉਨ੍ਹਾਂ ਨੂੰ ਬ੍ਰਿਟਿਸ਼ ਹਕੂਮਤ ਨੂੰ ਬਦਨਾਮ ਕਰਨ ਦਾ ਮੌਕਾ ਮਿਲੇਗਾ।

ਪਰ ਬ੍ਰਿਟਿਸ਼ ਕੈਬਨਿਟ ਵਿਚ ਭਾਰਤੀ ਮਾਮਲਿਆਂ ਦੇ ਮੰਤਰੀ ਏਡਵਿਨ ਮਾਂਟੇਗਿਊ ਉੱਤੇ ਮੈਂਬਰਾਂ ਦਾ ਲਗਾਤਾਰ ਜ਼ੋਰ ਪੈ ਰਿਹਾ ਸੀ ਕਿ ਪੰਜਾਬ ਵਿਚ ਜੋ ਕੁਝ ਵੀ ਹੋਇਆ ਹੈ, ਉਸ ਦੀ ਪੂਰੀ ਜਾਂਚ ਕਰਾਈ ਜਾਏ। ਲਾਰਡ ਚੈਮਸਫੋਰਡ ਦੀ ਚਿਤਾਵਨੀ ਤੇ ਵਿਰੋਧ ਦੇ ਬਾਵਜੂਦ ਮਾਂਟੇਗਿਊ ਜਾਂਚ ਕਰਾਉਣ ਦੀ ਮੰਗ 'ਤੇ ਅੜਿਆ ਰਿਹਾ। ਅਖ਼ੀਰ ਨਵੰਬਰ ਵਿਚ ਉਸ ਨੇ ਲਾਰਡ ਹੰਟਰ ਦੀ ਪ੍ਰਧਾਨਗੀ ਵਿਚ ਜਾਂਚ ਕਮੇਟੀ ਬਣਾ ਦਿੱਤੀ, ਪਰ ਕਿੰਨੇ ਅਸਚਰਜ ਤੇ ਅਫ਼ਸੋਸ ਦੀ ਗੱਲ ਹੈ ਕਿ ਓਪਰੇਸ਼ਨ ਬਲਿਊ ਸਟਾਰ ਦੇ ਦੁਖਾਂਤ ਜਿਹੜਾ ਜਲ੍ਹਿਆਂਵਾਲਾ ਬਾਗ ਦੇ ਹਾਦਸੇ ਤੋਂ ਕਿਤੇ ਵੱਡਾ ਤੇ ਸੰਤਾਪਕਾਰੀ ਸੀ, ਬਾਰੇ ਇਸ ਦੇਸ਼ ਦੀ 'ਆਪਣੀ' ਸਰਕਾਰ ਨੇ ਕੋਈ ਜਾਂਚ ਕਮਿਸ਼ਨ ਨਹੀਂ ਬਣਾਇਆ। ਉਸ ਨੇ 'ਵਾਈਟ ਪੇਪਰ' ਜ਼ਰੂਰ ਛਾਪਿਆ ਜਿਹੜਾ ਵਾਈਟ (ਸਫੇਦ) ਘੱਟ ਤੇ ਬਲੈਕ (ਕਾਲਾ) ਵਧੇਰਾ ਸੀ।

ਇਹ ਵੇਖ ਕੇ ਕਿਸ ਨੂੰ ਸ਼ਰਮਿੰਦਗੀ ਨਹੀਂ ਹੋਵੇਗੀ ਕਿ 1919 ਵਿਚ ਵਿਦੇਸ਼ੀ ਹਕੂਮਤ ਨੇ ਜਲ੍ਹਿਆਂਵਾਲਾ ਬਾਗ ਕਾਂਡ ਬਾਰੇ ਹੰਟਰ ਕਮਿਸ਼ਨ ਬਣ ਦਿੱਤਾ ਸੀ ਜਿਸ ਨੇ ਉਸ ਕਾਂਡ ਬਾਰੇ ਅਜਿਹੀ ਰਿਪੋਰਟ ਦਿੱਤੀ ਸੀ ਜਿਸ ਨਾਲ ਬ੍ਰਿਟਿਸ਼ ਹਕੂਮਤ ਦਾ ਅਕਸ ਸਾਰੀ ਦੁਨੀਆ ਵਿਚ ਮੈਲਾ ਹੁੰਦਾ ਸੀ; ਪਰ ਸਾਡੀ ਸਵਦੇਸ਼ੀ ਸਰਕਾਰ ਓਪਰੇਸ਼ਨ ਬਲਿਊ ਸਟਾਰ ਬਾਰੇ ਸਾਰੇ ਪ੍ਰਚਾਰ ਮਾਧਿਅਮਾਂ ਦੀ ਪੂਰੀ ਦੁਰਵਰਤੋਂ ਕਰਦੀ ਹੋਈ ਝੂਠ ਦੇ ਪੁਲੰਦੇ ਤਿਆਰ ਕਰਦੀ ਰਹੀ, ਕੋਈ ਨਿਰਪੱਖ ਜਾਂਚ ਕਮਿਸ਼ਨ ਬਣਾਉਣ ਦਾ ਉਸ ਨੇ ਹੀਆ ਨਾ ਕੀਤਾ। ਇਸ ਦੁਖਦਾਈ ਘਟਨਾ ਨੇ ਕਰੋੜਾਂ ਲੋਕਾਂ ਦੇ ਦਿਲਾਂ ਨੂੰ ਜਿਹੜੇ ਡੂੰਘੇ ਜ਼ਖ਼ਮ ਦਿੱਤੇ ਸਨ, ਉਹ ਅੱਜ ਵੀ ਹਰੇ ਹਨ। ਮੈਂ ਸੋਚਦਾ ਹਾਂ ਕਿ ਸਬਕ ਸਿਖਾਉਣ ਦੀ ਇਹ ਰਾਜਨੀਤੀ ਭਾਰਤ ਨੂੰ ਕਿੱਥੇ ਲਿਜਾਏਗੀ? ਸਬਕ ਸਿਖਾਉਣ ਵਾਲੀਆਂ ਤਾਕਤਾਂ ਇਤਿਹਾਸ ਤੋਂ ਆਪ ਕੋਈ ਸਬਕ ਨਹੀਂ ਸਿਖਦੀਆਂ। ਜਨਰਲ ਡਾਇਰ ਨੇ ਸੋਚਿਆ ਸੀ ਕਿ ਉਹ ਹਿੰਦੁਸਤਾਨੀਆਂ ਨੂੰ ਸਬਕ ਸਿਖਾ ਕੇ ਇਸ ਦੇਸ਼ ਵਿਚ ਅੰਗਰੇਜ਼ੀ ਰਾਜ ਦੀਆਂ ਜੜ੍ਹਾਂ ਮਜ਼ਬੂਤ ਕਰ ਰਿਹਾ ਹੈ। ਉਸ ਨੂੰ ਇਹ ਨਹੀਂ ਸੀ ਪਤਾ ਕਿ ਆਪਣੀ ਉਸ ਕਰਤੂਤ ਨਾਲ ਉਸ ਨੇ ਅੰਗਰੇਜ਼ੀ ਰਾਜ ਦੀਆਂ ਜੜ੍ਹਾਂ ਨੂੰ ਆਪ ਹੀ ਹਿਲਾ ਦਿੱਤਾ ਸੀ।

ਜਲ੍ਹਿਆਂਵਾਲਾ ਬਾਗ ਦੀ ਗੱਲ ਫਿਰ ਚੇਤੇ ਆਉਂਦੀ ਹੈ। ਜਨਰਲ ਡਾਇਰ ਨੂੰ ਉਸ ਦੀ ਵਹਿਸ਼ੀਆਨਾ ਕਾਰਵਾਈ ਲਈ ਬ੍ਰਿਟਿਸ਼ ਸਰਕਾਰ ਵੱਲੋਂ ਸਜ਼ਾ ਦਿੱਤੀ ਗਈ ਸੀ। ਉਸ ਨੂੰ ਉਸ ਦੇ ਅਹੁਦੇ ਤੋਂ ਹਟਾ ਦਿੱਤਾ ਗਿਆ ਸੀ। ਉਸ ਦੀ ਤਨਖਾਹ ਘਟਾ ਕੇ ਅੱਧੀ ਕਰ ਦਿੱਤੀ ਗਈ ਸੀ। ਬ੍ਰਿਟਿਸ਼ ਪਾਰਲੀਮੈਂਟ ਵਿਚ ਉਸੇ ਵੇਲੇ ਦੀ ਸਰਕਾਰ ਦੇ ਖਿਲਾਫ਼ ਬੇਭਰੋਸਗੀ ਦਾ ਮਤਾ, ਵਿਰੋਧੀ ਪੱਖ ਵੱਲੋਂ ਰੱਖਿਆ ਗਿਆ ਸੀ। ਜਿਸ ਦਿਨ ਇਸ ਮਤੇ ਉੱਤੇ ਬਹਿਸ ਹੋਣੀ ਸੀ, ਜਨਰਲ ਡਾਇਰ ਆਪਣੀ ਪਤਨੀ ਅਤੇ ਜਲ੍ਹਿਆਂਵਾਲਾ ਬਾਗ ਕਾਂਡ ਵੇਲੇ ਦੇ ਪੰਜਾਬ ਦੇ ਲੈਫਟੀਨੈਂਟ ਗਵਰਨਰ ਉਡਵਾਇਰ ਦੇ ਨਾਲ ਪਾਰਲੀਮੈਂਟ ਦੀ ਦਰਸ਼ਕ ਗੈਲਰੀ ਵਿਚ ਬੈਠਿਆ ਹੋਇਆ ਸੀ। ਉਸ ਵੇਲੇ ਸਰਕਾਰ ਵੱਲੋਂ ਬੋਲਦੇ ਹੋਏ ਏਡਵਿਨ ਮਾਂਟੇਗਿਊ ਨੇ ਕਿਹਾ ਸੀ-'ਸਦਨ ਦੇ ਸਾਹਮਣੇ ਮਾਮਲਾ ਬੜਾ ਸਿੱਧਾ ਹੈ। ਜਦੋਂ ਕੋਈ ਅਫਸਰ ਆਪਣੇ ਕਿਸੇ ਕੰਮ ਨੂੰ ਇਹ ਆਖ ਕੇ ਠੀਕ ਦੱਸਦਾ ਹੈ ਕਿ ਜੇ ਮੇਰੇ ਕੋਲ ਹੋਰ ਵਸੀਲੇ ਹੁੰਦੇ ਤਾਂ ਮਰਨ ਵਾਲਿਆਂ ਦੀ ਗਿਣਤੀ ਵੱਧ ਹੁੰਦੀ, ਕਿ ਮੇਰਾ ਮੰਤਵ ਸਾਰੇ ਪੰਜਾਬ ਨੂੰ ਸਬਕ ਸਿਖਾਉਣਾ ਸੀ-ਤਾਂ ਮੇਰਾ ਇਹ ਕਹਿਣਾ ਹੈ ਕਿ ਇਹ ਦਹਿਸ਼ਤਗਰਦੀ ਦਾ ਸਿਧਾਂਤ ਹੈ। ਮੇਰਾ ਇਹ ਵੀ ਆਖਣਾ ਹੈ ਕਿ ਜਦੋਂ ਹਿੰਦੁਸਤਾਨੀਆਂ ਨੂੰ ਇਕ ਖਾਸ ਥਾਂ 'ਤੇ ਪੇਟ ਦੇ ਬਲ ਰੀਂਗ ਕੇ ਚੱਲਣ ਦਾ ਹੁਕਮ ਦਿੰਦੇ ਹੋ, ਜਦੋਂ ਤੁਸੀਂ ਹਿੰਦੁਸਤਾਨੀਆਂ ਨੂੰ ਬ੍ਰਿਟਿਸ਼ ਬਾਦਸ਼ਾਹ ਦੇ ਕਿਸੇ ਅਫਸਰ ਨੂੰ ਜ਼ਬਰਦਸਤੀ ਸਲਾਮ ਕਰਨ ਦਾ ਹੁਕਮ ਦਿੰਦੇ ਹੋ ਤਾਂ ਤੁਸੀਂ ਸਮੁੱਚੀ ਕੌਮ ਦਾ ਅਪਮਾਨ ਕਰਦੇ ਹੋ। ਜਦੋਂ ਤੁਸੀਂ ਅਪਰਾਧ ਸਾਬਤ ਹੋਣ ਤੋਂ ਪਹਿਲਾਂ ਹੀ ਲੋਕਾਂ ਨੂੰ ਕੋੜੇ ਲਗਵਾਉਂਦੇ ਹੋ, ਇਕ ਪੂਰੀ ਜੰਞ ਨੂੰ ਬੈਂਤਾਂ ਨਾਲ ਪਿਟਵਾਉਂਦੇ ਹੋ ਤਾਂ ਇਸ ਦਾ ਮਤਲਬ ਇਹ ਹੈ ਕਿ ਤੁਸੀਂ ਲੋਕਾਂ ਨੂੰ ਦਹਿਸ਼ਤਜ਼ਦਾ ਕਰਨਾ ਚਾਹੁੰਦੇ ਹੋ। ਕੀ ਤੁਸੀਂ ਅਤਿਵਾਦ, ਕੌਮੀ ਵਿਤਕਰੇ ਅਤੇ ਅਪਮਾਨ ਨਾਲ ਡਰਾ-ਧਮਕਾ ਕੇ ਹਿੰਦੁਸਤਾਨੀਆਂ 'ਤੇ ਹਕੂਮਤ ਕਰਨੀ ਚਾਹੁੰਦੇ ਹੋ ਜਾਂ ਸਦਭਾਵਨਾ ਦੇ ਆਧਾਰ 'ਤੇ?'

ਜਿਹੜੀਆਂ ਗੱਲਾਂ ਬ੍ਰਿਟਿਸ਼ ਪਾਰਲੀਮੈਂਟ ਵਿਚ ਭਾਰਤੀ ਮਾਮਲਿਆਂ ਦੇ ਮੰਤਰੀ ਮਾਂਟੇਗਿਊ ਨੇ ਕਹੀਆਂ ਸਨ, ਕਾਸ਼ ਅੱਜ ਦੀ ਭਾਰਤੀ ਪਾਰਲੀਮੈਂਟ ਵਿਚ ਵੀ ਅਜਿਹੀ ਗੱਲ ਕਹਿਣ ਦੀ ਕਿਸੇ ਵਿਚ ਹਿੰਮਤ ਹੁੰਦੀ। ਕੀ ਓਪਰੇਸ਼ਨ ਬਲਿਊ ਸਟਾਰ ਵੇਲੇ ਵੀ ਉਹੋ ਸਭ ਕੁਝ ਨਹੀਂ ਵਾਪਰਿਆ ਜੋ ਜਲ੍ਹਿਆਂਵਾਲਾ ਬਾਗ ਵੇਲੇ ਹੋਇਆ ਸੀ। ਇਸ ਵੇਲੇ ਕਿੰਨੇ ਹੀ ਨੌਜਵਾਨਾਂ ਦੇ ਹੱਥ ਪਿੱਛੇ ਬੰਨ੍ਹ ਕੇ ਉਨ੍ਹਾਂ ਨੂੰ ਨੇੜੇ ਤੋਂ ਗੋਲੀ ਨਾਲ ਉਡਾਇਆ ਗਿਆ ਸੀ। ਗੁਰੂ ਰਾਮਦਾਸ ਸਰਾਂ ਵਿਚ ਕਿੰਨੇ ਲੋਕੀ ਜੂਨ ਦੀ ਅੰਤਾਂ ਦੀ ਗਰਮੀ ਵਿਚ ਇਕ ਕਮਰੇ ਵਿਚ ਬੰਦ ਤ੍ਰਿਹਾਏ ਮਰ ਗਏ। ਫ਼ੌਜੀਆਂ ਨੇ ਜਿਸ ਢੰਗ ਨਾਲ ਆਮ ਲੋਕਾਂ ਦੀ ਬੇਪਤੀ ਕੀਤੀ, ਉਨ੍ਹਾਂ ਦੇ ਘਰਾਂ ਨੂੰ ਲੁੱਟਿਆ ਅਤੇ ਓਪਰੇਸ਼ਨ ਵਿਚ ਮਾਰੇ ਗਏ ਲੋਕਾਂ ਦੀਆਂ ਦੇਹਾਂ ਨੂੰ ਜਿਸ ਤਰ੍ਹਾਂ ਬੰਨੇ ਲਾਇਆ ਸੀ, ਕੀ ਉਹ ਜਲ੍ਹਿਆਂਵਾਲਾ ਬਾਗ ਦੇ ਸਾਕੇ ਨਾਲੋਂ ਘੱਟ ਸੀ? ਅੱਗੇ ਜੇ ਕੋਈ ਨਵਾਂ ਅਲਫ੍ਰੇਡ ਡ੍ਰੇਪਰ ਓਪਰੇਸ਼ਨ ਬਲਿਊ ਸਟਾਰ ਦੇ ਸਾਕੇ ਬਾਰੇ ਆਪਣੀ ਪੁਸਤਕ ਲਿਖੇਗਾ ਤਾਂ ਉਸ ਦਾ ਸਿਰਨਾਵਾਂ ਇਹ ਹੋਵੇਗਾ-'ਅੰਮ੍ਰਿਤਸਰ: ਉਹ ਕਤਲੇਆਮ ਜਿਸ ਨੇ ਕਾਂਗਰਸ ਰਾਜ ਖ਼ਤਮ ਕਰ ਦਿੱਤਾ (Amritsar, the massacre that ended the Congress Raj)।

# ਪੁਰਖੇ, ਪੂਜਾ ਤੇ ਪਾਖੰਡ

## ਦੇਸ ਪਰਦੇਸ

ਨਿੱਕੇ ਹੁੰਦਿਆਂ ਨੇੜੇ-ਤੇੜੇ ਜਿਥੇ ਕਿਤੇ ਵੀ ਗੁਰਸ਼ਰਨ ਭਾਜੀ ਦੇ ਨਾਟਕਾਂ ਦਾ ਪ੍ਰੋਗਰਾਮ ਹੁੰਦਾ, ਅਸੀਂ ਚਾਅ ਨਾਲ ਦੇਖਣ ਜਾਂਦੇ ਸੀ। ਇਕ ਵਾਰ (1980 'ਚ) ਅਸੀਂ ਗੁਆਂਢੀ ਪਿੰਡ ਝਿੰਗੜਾਂ (ਬੰਗਾ ਨੇੜੇ) ਵਿਖੇ ਮਹਾਨ ਸ਼ਹੀਦ ਬਾਬਾ ਕਰਮ ਸਿੰਘ ਬੱਬਰ ਦੀ ਬਰਸੀ 'ਤੇ ਨਾਟਕ ਦੇਖਣ ਗਏ ਤਾਂ ਨਾਟਕਾਂ ਦਰਮਿਆਨ ਢਾਡੀ ਜਥੇ ਵਲੋਂ ਸ਼ਹੀਦੀ ਪ੍ਰਸੰਗ ਦੀ ਭੂਮਿਕਾ ਦੌਰਾਨ ਸ਼ਹੀਦ ਦੀ ਜੋ ਰੌਚਕ ਕਥਾ ਸੁਣਾਈ ਗਈ, ਉਹ ਉਦੋਂ ਭਾਵੇਂ ਸਾਨੂੰ ਆਪਣੀ ਅਗਿਆਨਤਾ ਕਾਰਨ ਕੋਰੀ 'ਗੱਪ' ਹੀ ਲੱਗਦੀ ਰਹੀ ਪਰ ਬਾਅਦ ਵਿਚ ਜ਼ਿੰਦਗੀ ਦੇ ਤਜਰਬੇ 'ਚੋਂ ਗੁਜ਼ਰਦਿਆਂ ਉਹ ਦੋ ਸੌ ਫ਼ੀ ਸਦੀ

**ਬੂਟਾ ਸਿੰਘ**
ਫੋਨ: 91-94634-74342

ਸੱਚ ਜਾਪਦੀ ਹੈ। ਇਨ੍ਹੀਂ ਦਿਨੀਂ ਜਦੋਂ ਭਿੱਖੀਵਿੰਡ ਵਾਲੇ ਸਰਬਜੀਤ ਦਾ ਪਰਿਵਾਰ ਇਕ ਪਾਸੇ ਕਹਿ ਰਿਹਾ ਸੀ ਕਿ ਉਹ 'ਖਾਧੀ-ਪੀਤੀ' ਦੇ ਸਰੂਰ ਵਿਚ ਸਰਹੱਦ ਪਾਰ ਕਰ ਕੇ ਗ਼ਲਤੀ ਨਾਲ ਗੁਆਂਢੀ ਮੁਲਕ 'ਚ ਚਲਾ ਗਿਆ ਸੀ ਤੇ ਦੂਜੇ ਪਾਸੇ ਪੰਜਾਬ ਸਰਕਾਰ ਨੇ ਉਸ ਨੂੰ ਸ਼ਹੀਦ ਵੀ ਕਰਾਰ ਦੇ ਦਿੱਤਾ ਹੈ ਤਾਂ ਉਨ੍ਹਾਂ ਢਾਡੀ ਵੀਰਾਂ ਦੀ ਦੂਰ-ਅੰਦੇਸ਼ੀ ਦੇ ਬਲਿਹਾਰੇ ਜਾਣ ਨੂੰ ਜੀ ਕਰਦਾ ਸੀ ਜੋ ਉਦੋਂ ਖ਼ਲਕਤ ਦੀ ਸੋਚ ਨੂੰ ਹਲੂਣਾ ਦੇਣ ਦੇ ਯਤਨ ਕਰ ਰਹੇ ਸਨ।

ਉਸ ਢਾਡੀ ਜਥੇ ਵਲੋਂ ਸੁਣਾਈ ਕਥਾ ਇਸ ਤਰ੍ਹਾਂ ਸੀ: ਜਦੋਂ ਉਹ ਕਿਸੇ ਨਗਰ ਵੱਲ ਜਾ ਰਹੇ ਸਨ ਤਾਂ ਰਸਤੇ ਵਿਚ ਇਕ ਮਾਈ ਖੇਤ ਦੇ ਖੂੰਜੇ 'ਚ ਬਣਾਈ ਮੜ੍ਹੀ ਨੂੰ ਸਫ਼ੈਦੀ ਕਰ ਰਹੀ ਸੀ। ਰਾਹ ਪੁੱਛਣ ਸਮੇਂ ਢਾਡੀਆਂ ਦੀ ਘੋਖਵੀਂ ਅੱਖ ਨੇ ਮੜ੍ਹੀ ਉੱਪਰ ਲਿਖਿਆ ਸ਼ਹੀਦ ਫਲਾਣਾ ਸਿੰਘ ਦਾ ਨਾਂ ਪੜ੍ਹ ਕੇ ਉਸ ਜਣੇ ਦਾ 'ਇਤਿਹਾਸ' ਜਾਣਨਾ ਚਾਹਿਆ ਤਾਂ ਮਾਈ ਨੇ ਚਾਨਣਾ ਪਾਇਆ ਕਿ ਉਨ੍ਹਾਂ ਦੇ 'ਪੱਪੂ' ਦਾ ਘੋਰੀ ਬਾਪ ਇਕ ਦਿਨ ਕਿਤੇ ਰੋਜ਼ਾਨਾ ਕੋਟੇ ਨਾਲੋਂ ਵੱਧ 'ਮਾਵਾ' ਖਾ ਕੇ ਅਕਾਲ ਪੁਰਖ਼ ਦੇ ਚਰਨਾਂ 'ਚ ਜਾ ਬਿਰਾਜਿਆ ਸੀ। ਸੰਸਾਰਕ ਰੀਤਾਂ ਨਿਭਾਅ ਕੇ ਪਰਿਵਾਰ ਆਮ ਜ਼ਿੰਦਗੀ 'ਚ ਗ੍ਰਸਤ ਹੋ ਕੇ ਉਸ ਨੂੰ ਭੁੱਲ ਭੁਲਾ ਗਿਆ ਤਾਂ ਉਸ ਨੇ ਉਨ੍ਹਾਂ ਦੇ 'ਸਿਰ ਆਉਣਾ' ਸ਼ੁਰੂ ਕਰ ਦਿੱਤਾ ਕਿ ਮੇਰੀ 'ਜਗ੍ਹਾ' ਬਣਾਉ। ਸੋ, ਉਨ੍ਹਾਂ ਖੇਤ ਦੇ ਖੂੰਜੇ ਇਹ ਮੜ੍ਹੀ ਬਣਾ ਦਿੱਤੀ ਅਤੇ ਹੁਣ 'ਸ਼ਹੀਦ' ਦਾ ਪੂਜਾ-ਪਾਠ ਕਰਨਾ ਕਦੇ ਨਹੀਂ ਭੁੱਲਦੇ। ਕਹਿਣ ਦੀ ਲੋੜ ਨਹੀਂ ਕਿ ਸਾਡੇ ਅਵਾਮ ਦੇ ਸ਼ਹੀਦਾਂ ਦੀ ਸੂਚੀ ਵਿਚ ਪੱਪੂ ਦੇ ਬਾਪ ਵਰਗੇ ਸ਼ਹੀਦਾਂ ਦੀ ਤਦਾਦ ਖ਼ਾਸੀ ਵੱਡੀ ਹੈ। ਖ਼ਾਸ ਕਰ ਕੇ ਅੱਜ 'ਜੱਟਾਂ' ਦਾ ਸ਼ਾਇਦ ਹੀ ਕੋਈ ਖੇਤ ਜਾਂ ਖੂਹ ਦਾ ਤੋੜ ਅਜਿਹੀਆਂ 'ਸ਼ਹੀਦੀ ਯਾਦਗਾਰਾਂ' ਤੋਂ ਮਹਿਰੂਮ ਹੋਵੇਗਾ।

ਮੇਰਾ ਨਾਨਕਾ ਪਰਿਵਾਰ ਚਾਰ ਦਹਾਕੇ ਪਹਿਲਾਂ ਜ਼ਮੀਨ ਦੀ ਤੰਗੀ ਕਾਰਨ ਜੱਦੀ ਪਿੰਡ ਦੀ ਜ਼ਮੀਨ ਵੇਚ ਕੇ ਯੂ.ਪੀ. ਚਲਾ ਗਿਆ ਸੀ, ਪਰ ਉਹ ਆਪਣੇ ਪੁਰਖੇ 'ਸ਼ਹੀਦਾਂ' ਦਾ ਸਤਿਕਾਰ ਕਰਨਾ ਨਹੀਂ ਭੁੱਲੇ ਸਨ। ਪਿੰਡ ਨੂੰ ਅਲਵਿਦਾ ਆਖ ਕੇ ਉਨ੍ਹਾਂ ਦੇ ਆਪਣੇ ਸ਼ਹੀਦਾਂ ਪ੍ਰਤੀ ਮੋਹ ਤੇ ਸ਼ਰਧਾ 'ਚ ਕਮੀ ਨਹੀਂ ਆਈ ਸੀ ਸਗੋਂ ਆਪਣੀ ਮਿੱਟੀ ਦੇ ਹੇਰਵੇ ਨੇ ਇਸ ਵਿਚ ਵਾਧਾ ਹੀ ਕੀਤਾ ਸੀ। ਜੱਦੀ ਜ਼ਮੀਨ 'ਚ ਬਣੀ ਸ਼ਹੀਦ ਪੁਰਖੇ ਦੀ ਮੜ੍ਹੀ ਦੀਆਂ ਕੁਝ ਇੱਟਾਂ ਵੀ ਉਹ ਨਾਲ ਹੀ ਲੈ ਗਏ ਸਨ ਅਤੇ ਆਪਣੀ ਸ਼ਰਧਾ ਅਨੁਸਾਰ ਨਵੀਂ ਖ਼ਰੀਦੀ ਜ਼ਮੀਨ 'ਚ ਉੱਥੇ ਵੀ ਸ਼ਹੀਦਾਂ ਸਿੰਘਾਂ ਦਾ ਸਥਾਨ ਉਸਾਰ ਲਿਆ ਸੀ, ਪਰ ਜਦੋਂ ਟੱਬਰ ਦਾ ਕੋਈ ਜੀਅ ਪੰਜਾਬ ਆਉਂਦਾ, ਤਾਂ ਮੂਲ ਮੜ੍ਹੀ ਨੂੰ ਮੱਥਾ ਟੇਕਣਾ ਕਦੇ ਨਹੀਂ ਭੁੱਲਦਾ। ਲਗਦੇ ਹੱਥ ਉਹ ਸਾਲ ਵਿਚ ਇਕ-ਦੋ ਵਾਰ ਇਸ ਇਲਾਕੇ ਵਿਚ ਸਥਿਤ ਦੁਆਬੇ ਦੇ ਉਸ ਬਹੁਤ ਵੱਡੇ ਸਥਾਨ ਉੱਪਰ ਅਖੰਡ ਪਾਠ ਵੀ ਕਰਵਾ ਜਾਂਦੇ ਹਨ ਜਿੱਥੇ ਇਕੋਤਰ ਸੌ ਜਾਂ ਪੰਜ ਸੌ ਇਕ ਪਾਠਾਂ ਦੀ ਲੜੀ ਅਕਸਰ ਚਲਦੀ ਰਹਿੰਦੀ ਹੈ। ਇਸ ਸਿਲਸਿਲੇ ਜ਼ਰੀਏ ਗੁਰਬਾਣੀ ਦਾ ਚਾਨਣ ਖ਼ਲਕਤ ਦੀ ਸੋਚ ਨੂੰ ਕਿਥੋਂ ਤੱਕ ਪ੍ਰਭਾਵਿਤ ਕਰ ਰਿਹਾ ਹੈ, ਇਹ ਵੱਖਰੀ ਸੋਚ-ਵਿਚਾਰ ਦਾ ਵਿਸ਼ਾ ਹੈ, ਪਰ ਇਕ ਹਾਸਲ ਉੱਭਰਵੇਂ ਰੂਪ 'ਚ ਸਾਫ਼ ਨਜ਼ਰ ਆ ਰਿਹਾ ਹੈ। ਅਖੰਡ ਪਾਠ ਕਰਨ ਦੇ ਨਾਂ 'ਤੇ ਇਕ ਪੂਰਾ ਕਾਰੋਬਾਰ ਅਤੇ ਇਸ 'ਚ ਸ਼ਾਮਲ ਪੁਜਾਰੀ ਤਬਕਾ ਪੂਰਾ ਪ੍ਰਫੁੱਲਤ ਹੋਇਆ ਹੈ। ਇਹ ਅਖੰਡ ਪਾਠ ਸਰਵਣ ਕਰਨ ਵਾਲੀ ਸੰਗਤ ਉਹ ਹੈ ਜੋ ਅਕਸਰ ਬਾਬੇ ਬਾਲਕ ਨਾਥ ਦੇ ਸੰਗ 'ਚ ਹਾਜ਼ਰ ਹੁੰਦੀ ਹੈ, ਜਗਦੰਬੇ ਮਾਂ ਦਾ ਜਗਰਾਤਾ ਕਰਾਉਣਾ ਵੀ ਨਹੀਂ ਭੁੱਲਦੀ, ਸਵੇਰੇ ਸ਼ਾਮ ਮੜ੍ਹੀਆਂ 'ਤੇ ਵੀ ਮੱਥੇ ਟੇਕਦੀ ਹੈ ਅਤੇ ਸ਼ਹੀਦੀ ਜੋੜ ਮੇਲਿਆਂ 'ਚ ਵੀ ਹਾਜ਼ਰੀ ਭਰਦੀ ਹੈ।

ਇਕ ਦਹਾਕਾ ਪਹਿਲਾਂ ਇਸ ਪਰਿਵਾਰ ਦਾ ਨੌਜਵਾਨ ਬੇਟਾ ਸੜਕ ਹਾਦਸੇ 'ਚ ਦਿਮਾਗੀ ਤੌਰ 'ਤੇ ਨਕਾਰਾ ਹੋ ਗਿਆ ਤਾਂ ਉਨ੍ਹਾਂ ਨੇ ਪਿੰਡ ਦੀ ਮੜ੍ਹੀ ਉੱਪਰ ਅਖੰਡ ਪਾਠ ਸਾਹਿਬ ਦੀ ਸੁੱਖਣਾ ਸੁੱਖ ਲਈ। ਅਖੰਡ ਪਾਠ ਦਾ ਭੋਗ ਪਾਏ ਜਾਣ ਦੇ ਦਿਨ ਉੱਥੇ ਬਾਕੀ ਧਾਰਮਿਕ ਰਸਮਾਂ ਦੇ ਨਾਲ-ਨਾਲ ਗਿਆਨ ਵਿਹੂਣੀ ਖ਼ਲਕਤ ਨੇ ਸ਼ਰਧਾ ਦੀ ਜੋ ਨੁਮਾਇਸ਼ ਲਾਈ, ਉਸ ਦੀ ਤਫ਼ਸੀਲ ਦੇਣ ਲਈ ਪੂਰੇ ਲੇਖ ਜਿੰਨੀ ਥਾਂ ਚਾਹੀਦੀ ਹੈ। ਇਥੇ ਸਿਰਫ਼ ਇੰਨਾ ਦੱਸਣਾ ਹੀ ਕਾਫ਼ੀ ਹੈ ਕਿ ਗ੍ਰੰਥੀ ਸਿੰਘ ਵੱਲੋਂ ਕੀਤੀ ਅਰਦਾਸ ਵਿਚ ਸਿੱਖ ਇਤਿਹਾਸ ਦੇ ਮਹਾਨ ਸ਼ਹੀਦਾਂ ਦੇ ਨਾਲ-ਨਾਲ ਮੜ੍ਹੀ ਵਾਲੇ 'ਸ਼ਹੀਦ ਸਿੰਘ' ਦੇ ਸਥਾਨਾਂ ਉੱਪਰ ਸੁੱਖੀ ਸੁੱਖਣਾ ਲਾਹੁਣ ਦਾ ਉਚੇਚਾ 'ਤੇ ਵਾਰ-ਵਾਰ ਜ਼ਿਕਰ ਕੀਤਾ ਗਿਆ।

ਜਦੋਂ ਸਮਾਗਮ ਦੀ ਸਮਾਪਤੀ ਹੋ ਗਈ ਤਾਂ ਮੈਂ ਜਗਿਆਸਾ ਵੱਸ ਇਸ 'ਸ਼ਹੀਦ' ਦੇ ਇਤਿਹਾਸ ਦੇ ਪੰਨੇ ਫਰੋਲਣ ਦੀ ਰੁਚੀ ਨਾਲ ਗੱਲ ਛੇੜ ਲਈ। ਚਰਚਾ ਦੌਰਾਨ ਜੋ ਬਹੁਮੁੱਲੀ ਜਾਣਕਾਰੀ ਹਾਸਲ ਹੋਈ, ਉਸ ਦਾ ਸੰਖੇਪ ਰੂਪ ਹਾਜ਼ਰ ਹੈ: ਪਰਿਵਾਰ ਦੇ ਪੜਦਾਦਿਆਂ ਤੋਂ ਵੀ ਪਹਿਲੀ ਕਿਸੇ ਪੀੜ੍ਹੀ ਦੇ ਉਨ੍ਹਾਂ ਦੇ ਪੁਰਖੇ ਤਿੰਨ ਭਾਈ ਸਨ। ਦੋ ਵਿਆਹੇ-ਵਰੇ ਤੇ ਇਕ ਛੜਾ-ਛੜਾਂਗ। ਸਮਾਜੀ-ਆਰਥਿਕ ਹਾਲਾਤ ਕਾਰਨ ਉਦੋਂ ਕਿਸਾਨ ਪਰਿਵਾਰਾਂ 'ਚ ਇਹ ਆਮ ਗੱਲ ਸੀ। ਦੋਵੇਂ ਭਾਈ ਚਾਹੁੰਦੇ ਸਨ ਕਿ ਛੜਾ ਉਨ੍ਹਾਂ ਨਾਲ ਰਹੇ ਤੇ ਉਨ੍ਹਾਂ ਦੇ ਘਰ ਹੀ ਸਵਾਸ ਤਿਆਗੇ ਤਾਂ ਜੋ ਉਸਦੀ ਜ਼ਮੀਨ-ਜਾਇਦਾਦ ਦਾ ਹਿੱਸਾ ਉਨ੍ਹਾਂ ਨੂੰ ਮਿਲ ਜਾਵੇ, ਪਰ ਉਹ ਮਰਜ਼ੀ ਨਾਲ ਵਾਰੋ-ਵਾਰੀ ਕਦੇ ਇਕ ਨਾਲ ਰਲ਼ ਜਾਂਦਾ, ਕਦੇ ਦੂਜੇ ਨਾਲ। ਇਹ ਦੇਖ ਕੇ ਇਕ ਭਾਈ ਦੇ ਮਨ 'ਚ ਬਦੀ ਆ ਗਈ। ਉਸ ਨੇ ਮਾਂ ਜਾਏ ਨੂੰ ਉਦੋਂ ਖੂਹ 'ਚ ਧੱਕਾ ਦੇ ਦਿੱਤਾ ਜਦੋਂ ਉਹ ਦੋਵੇਂ ਚਰਸ ਚਲਾ ਕੇ ਖੇਤ ਨੂੰ ਪਾਣੀ ਦੇ ਰਹੇ ਸਨ। ਡੁੱਬ ਰਿਹਾ ਭਾਈ ਜਦੋਂ ਪਾਣੀ ਦੇ ਧੱਕੇ ਨਾਲ ਖੂਹ ਦੇ ਹੇਠੋਂ ਉਪਰ ਵੱਲ ਉੱਛਲ ਆਇਆ ਤਾਂ ਉਸ ਨੇ ਹਿੰਮਤ ਕਰ ਕੇ ਇੱਟਾਂ ਦੇ ਸੰਨ੍ਹ 'ਚ ਹੱਥ ਪਾ ਲਿਆ ਅਤੇ ਲਟਕ ਗਿਆ। ਕੁਝ ਘੰਟੇ ਬਾਅਦ ਉਸ ਦਾ ਭਰਾ ਇਹ ਦੇਖਣ ਲਈ ਮੁੜ ਖੂਹ 'ਤੇ ਆਇਆ ਕਿ ਹੁਣ ਤੱਕ ਤਾਂ ਲਾਸ਼ ਪਾਣੀ ਦੇ ਉੱਪਰ ਆ ਗਈ ਹੋਵੇਗੀ ਤੇ ਉਹ ਖ਼ੁਦਕੁਸ਼ੀ ਦਾ ਸ਼ੋਰ ਮਚਾ ਦੇਵੇਗਾ, ਪਰ ਉਥੋਂ ਦਾ ਮੰਜ਼ਰ ਉਸ ਦੀ ਉਮੀਦ ਦੇ ਉਲਟ ਸੀ। ਡੁੱਬ ਰਹੇ ਭਾਈ ਨੇ ਜਾਨ ਬਖ਼ਸ਼ ਦੇਣ ਲਈ ਹਾੜ੍ਹੇ ਕੱਢੇ, ਪਰ ਖੂਹ 'ਚ ਧੱਕਾ ਦੇਣ ਵਾਲੇ ਨੂੰ ਹੁਣ ਆਪਣੀ ਸਕੀਮ ਫੇਲ੍ਹ ਹੋਣ ਦੇ ਨਾਲ-ਨਾਲ ਆਪਣੀ ਕਰਤੂਤ ਨੰਗੀ ਹੋਣ ਦਾ ਡਰ ਵੀ ਸੀ। ਉਸ ਨੇ ਉਸ ਦੇ ਸਿਰ ਉੱਪਰ ਪੱਥਰ ਮਾਰ ਕੇ ਉਸ ਨੂੰ ਮਾਰ ਦਿੱਤਾ। ਉਹ ਜ਼ਮੀਨ ਦੇ ਵਾਰਿਸ ਤਾਂ ਬਣ ਗਏ, ਪਰ ਹੁਣ 'ਔਤ' ਨੇ ਉਨ੍ਹਾਂ ਦੇ 'ਸਿਰ ਆ ਕੇ' ਸਤਾਉਣਾ ਸ਼ੁਰੂ ਕਰ ਦਿੱਤਾ ਅਤੇ ਜਗ੍ਹਾ ਮੰਗਣੀ ਸ਼ੁਰੂ ਕਰ ਦਿੱਤੀ। ਮਰਦਾ ਕੀ ਨਾ ਕਰਦਾ! ਆਖ਼ਿਰ ਸ਼ਹੀਦ ਢਿਮਕਾ ਸਿੰਘ ਦਾ ਸਥਾਨ ਉਸਾਰਿਆ ਗਿਆ। ਉਦੋਂ ਤੋਂ ਪੁਸ਼ਤ-ਦਰ-ਪੁਸ਼ਤ ਟੱਬਰ ਜੁਦਾ ਹੁੰਦੇ ਗਏ ਤੇ ਜ਼ਮੀਨ ਅੱਗੇ ਤੋਂ ਅੱਗੇ ਤਕਸੀਮ ਹੁੰਦੀ ਗਈ ਪਰ ਸ਼ਹੀਦ ਦੀ ਸ਼ਰਧਾ ਤੇ ਮਹਿਮਾ ਨਿਰੀ ਬਰਕਰਾਰ ਹੀ ਨਹੀਂ, ਸਗੋਂ ਦੁਆਬੇ ਵਿਚ ਬਾਹਰਲੇ ਪੈਸੇ ਦੀ ਆਮਦ ਦੇ ਵਰਤਾਰੇ ਨਾਲ ਇਹ ਦੂਣ ਸਵਾਈ ਹੁੰਦੀ ਗਈ ਹੈ। ਪੂਰੀ ਕਥਾ ਸੁਣਨ ਪਿੱਛੋਂ ਗ੍ਰੰਥੀ ਸਿੰਘ ਤੇ ਆਪਣੇ ਰਿਸ਼ਤੇਦਾਰ ਨੂੰ ਮੈਂ ਸਿਰਫ਼ ਇਕ ਸਵਾਲ ਹੀ ਪੁੱਛ ਸਕਿਆ ਸੀ: ਜੇ ਤੁਹਾਡਾ ਇਹ ਪੁਰਖਾ ਸ਼ਹੀਦ ਹੈ ਤਾਂ ਫਿਰ ਗੁਰੂ ਅਰਜਨ ਦੇਵ ਜੀ, ਗੁਰੂ ਤੇਗ ਬਹਾਦਰ ਜੀ, ਬਾਬਾ ਬੰਦਾ ਸਿੰਘ ਬਹਾਦਰ ਵਰਗੇ ਸੂਰਬੀਰ ਯੋਧੇ ਅਤੇ ਕਰਤਾਰ ਸਿੰਘ ਸਰਾਭਾ, ਭਗਤ ਸਿੰਘ ਤੇ ਹੋਰ ਇਨਕਲਾਬੀ ਕੀ ਸਨ? ਉਹ ਲਾਜਵਾਬ ਸਨ। ਇਹ ਗੱਲ ਉਦਾਸ ਤੇ ਪ੍ਰੇਸ਼ਾਨ



ਕਰਨ ਵਾਲੀ ਨਹੀਂ ਸੀ। ਗ੍ਰੰਥੀ ਸਿੰਘ ਦੀ ਕਾਰੋਬਾਰੀ ਮਜਬੂਰੀ ਵੀ ਸਮਝ ਆਉਂਦੀ ਸੀ। ਅਸਲ ਵਿਚ ਵੱਧ ਪ੍ਰੇਸ਼ਾਨ ਕਰਨ ਵਾਲਾ ਪੱਖ ਇਹ ਸੀ ਕਿ ਮੇਰਾ ਸਾਧਾਰਨ ਜਿਹਾ ਸਵਾਲ ਉਨ੍ਹਾਂ ਦੀ ਪਥਰਾ ਚੁਕੀ ਸੋਚ ਨੂੰ ਕੋਈ ਹਲੂਣਾ ਦੇਣ ਤੋਂ ਅਸਮਰੱਥ ਰਿਹਾ ਸੀ। ਉਨ੍ਹਾਂ ਲਈ ਇਹ ਕੋਈ ਸੋਚ-ਵਿਚਾਰ ਕਰਨ ਦਾ ਮਸਲਾ ਹੀ ਨਹੀਂ ਸੀ। ਉਨ੍ਹਾਂ ਨੂੰ ਆਪਣੀ ਸੁੱਖਣਾ ਲਾਹ ਕੇ ਪੂਰੀ ਤਸੱਲੀ ਸੀ। ਪਿੱਛੇ ਜਿਹੇ ਇਕ ਹੋਰ ਪਰਿਵਾਰ ਨੇ ਤਾਂ ਸੁੱਖਣਾ ਲਾਹੁਣ 'ਚ ਹੋਰ ਵੀ ਕਮਾਲ ਕਰ ਦਿੱਤੀ। ਉਨ੍ਹਾਂ ਨੇ ਆਪਣੇ ਕਿਸੇ ਟੱਬਰ ਦੇ ਜੀਅ ਦੇ ਵਿਦੇਸ਼ ਵਿਚ ਪੱਕਾ ਹੋਣ ਦੀ ਖ਼ੁਸ਼ੀ 'ਚ ਗੁੱਗੇ ਦੀ ਮਾੜੀ ਉੱਪਰ ਅਖੰਡ ਪਾਠ ਦੀ ਸੁੱਖਣਾ ਸੁੱਖੀ ਹੋਈ ਸੀ। ਗੁੱਗਾ ਮਾੜੀ ਉੱਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਪੂਰਨ 'ਮਰਿਯਾਦਾ' ਤਹਿਤ ਲਿਜਾ ਕੇ ਧੂਮ-ਧਾਮ ਨਾਲ ਅਖੰਡ ਪਾਠ ਮੁਕੰਮਲ ਕਰ ਕੇ ਭੋਗ ਪਾਇਆ ਗਿਆ। ਉਥੇ ਖ਼ਲਕਤ ਦਾ ਗੁਰੂ 'ਗੁਰਬਾਣੀ' ਨਹੀਂ, ਗੁੱਗਾ ਜ਼ਾਹਰ ਪੀਰ ਸੀ! ਸੰਗਤ ਦਾ ਮਾਰਗ ਗੁਰਬਾਣੀ ਦੀ ਫ਼ਿਲਾਸਫ਼ੀ ਨਹੀਂ, ਗੁੱਗੇ ਦੀ ਮਹਿਮਾ ਰੁਸ਼ਨਾ ਰਹੀ ਸੀ। ਗ੍ਰੰਥੀ ਸਿੰਘ ਵੀ ਪੂਰੇ ਖ਼ੁਸ਼ ਸਨ ਅਤੇ ਗੁੱਗੇ ਦੇ ਦਰਬਾਰ ਵਿਚ ਪਹੁੰਚੀ 'ਸੰਗਤ' ਵੀ ਪਕੌੜੇ ਜਲੇਬੀਆਂ ਛਕ ਕੇ ਬਾਗ਼ੋਬਾਗ ਸੀ।

ਹੁਣ ਹੁਕਮਰਾਨ ਜਦੋਂ ਸਰਬਜੀਤ ਨੂੰ ਕੌਮੀ ਸ਼ਹੀਦ ਦਾ ਰੁਤਬਾ ਦਿੰਦੇ ਹਨ ਅਤੇ ਵਿਧਾਨ ਸਭਾ ਤੇ ਸੰਸਦ ਵਿਚ ਇਸ ਬਾਰੇ ਸਾਰੀਆਂ ਪਾਰਟੀਆਂ ਵਲੋਂ ਸਰਵ-ਸੰਮਤੀ ਨਾਲ ਮਤੇ ਪਾਸ ਕੀਤੇ ਜਾਂਦੇ ਹਨ ਤਾਂ ਉਨ੍ਹਾਂ ਦਾ ਇਸ ਮੁੱਦੇ ਨੂੰ ਚਲਾਕੀ ਨਾਲ ਵਰਤ ਕੇ ਲੋਕਾਂ ਦੀਆਂ ਭਾਵਨਾਵਾਂ ਨਾਲ ਖਿਲਵਾੜ ਕਰਨਾ ਵੀ ਸਮਝ ਆਉਂਦਾ ਅਤੇ ਸੱਚੇ ਸ਼ਹੀਦਾਂ ਦੇ ਅਕਸ ਨੂੰ ਧੁੰਦਲਾਉਣ ਲਈ ਸ਼ਹਾਦਤ ਦੀ ਧਾਰਨਾ ਨੂੰ ਗੰਧਲਾਉਣ ਅਤੇ ਫਰਜ਼ੀ ਸ਼ਹੀਦ ਖੜ੍ਹੇ ਕਰਨ ਦੀ ਚਲਾਕੀ ਵੀ ਸਾਫ਼ ਜ਼ਾਹਿਰ ਹੈ। ਜੋ 'ਆਜ਼ਾਦੀ' ਦੇ ਸਾਢੇ ਛੇ ਦਹਾਕੇ ਬਾਅਦ ਵੀ ਦਿੱਲੀ ਦੀ ਹਿੱਕ ਉੱਪਰ ਅੰਗਰੇਜ਼ਾਂ ਵਲੋਂ ਉਸਾਰੀ 'ਇੰਡੀਆ ਗੇਟ' ਨਾਂ ਦੀ ਯਾਦਗਾਰ ਨੂੰ 'ਆਜ਼ਾਦ ਰਾਜ' ਪੂਰਨ ਸ਼ਰਧਾ ਨਾਲ ਸਤਿਕਾਰਦਾ ਤੇ ਧਿਆਉਂਦਾ ਹੈ ਜੋ ਫਿਰੰਗੀਆਂ ਨੇ ਉਨ੍ਹਾਂ ਭਾਰਤੀ ਸਿਪਾਹੀਆਂ ਦੀ ਯਾਦ 'ਚ ਉਸਾਰੀ ਸੀ ਜੋ ਪਹਿਲੀ ਆਲਮੀ ਜੰਗ 'ਚ ਅੰਗਰੇਜ਼ ਸਲਤਨਤ ਦੇ ਹਿੱਤਾਂ ਲਈ ਤੋਪਾਂ ਦਾ ਖਾਜਾ ਬਣੇ ਸਨ, ਤਾਂ ਇਸ ਤੋਂ ਵੱਧ ਸੱਚੇ ਸ਼ਹੀਦਾਂ ਦਾ ਅਪਮਾਨ ਕੀ ਹੋ ਸਕਦਾ ਹੈ? ਹੁਕਮਰਾਨਾਂ ਦੇ ਦੰਭ ਦਾ ਤਾਂ ਕਹਿਣਾ ਹੀ ਕੀ ਹੈ! ਉਨ੍ਹਾਂ ਅਨੁਸਾਰ ਸਥਾਪਤੀ ਦੇ ਹਿੱਤ ਲਈ ਮਰਨ ਵਾਲੇ ਸਾਰੇ ਸ਼ਹੀਦ ਹਨ ਅਤੇ ਸਥਾਪਤੀ ਨੂੰ ਚੁਣੌਤੀ ਦੇਣ ਵਾਲੇ ਦੇਸ਼ ਧ੍ਰੋਹੀ ਹਨ।

ਕੁਝ ਮਾਮਲਿਆਂ 'ਚ ਅਜੇ ਤੱਕ ਉਨ੍ਹਾਂ ਗ਼ਦਰੀ ਯੋਧਿਆਂ ਦੀ ਜਾਇਦਾਦ ਉਨ੍ਹਾਂ ਦੇ ਪਰਿਵਾਰਾਂ ਨੂੰ ਵਾਪਸ ਨਹੀਂ ਕੀਤੀ ਗਈ ਜੋ ਫਿਰੰਗੀਆਂ ਵਲੋਂ ਸੌ ਵਰ੍ਹੇ ਪਹਿਲਾਂ 1915 ਦੇ ਗ਼ਦਰ ਮੌਕੇ ਕੁਰਕ ਕੀਤੀ ਗਈ ਸੀ। ਕਦੇ-ਕਦੇ ਜਦੋਂ ਸਰਕਾਰੀ ਰਿਕਾਰਡ ਦਾ ਕੋਈ ਹਿੱਸਾ ਨਸ਼ਰ ਹੋ ਜਾਂਦਾ ਹੈ ਤਾਂ ਸੁਣ ਕੇ ਲੂੰ ਕੰਡੇ ਖੜ੍ਹੇ ਹੋ ਜਾਂਦੇ ਹਨ ਕਿ ਅੰਗਰੇਜ਼ਾਂ ਦੇ ਜ਼ਮਾਨੇ 'ਚ ਮੁਜਰਮ ਕਰਾਰ ਦਿੱਤੀਆਂ ਫਲਾਣੀਆਂ ਫਲਾਣੀਆਂ ਦੇਸ਼ ਭਗਤ ਤਹਿਰੀਕਾਂ ਹਾਲੇ ਵੀ ਸਰਕਾਰੀ ਕਾਗਜ਼ਾਂ 'ਚ ਮੁਜਰਮਾਂ ਵਜੋਂ ਦਰਜ ਹਨ। ਹੁਕਮਰਾਨ ਤਾਂ ਪਹਿਲਾਂ ਹੀ ਰੋਜ਼ਗਾਰ ਖ਼ਾਤਰ ਪੁਲਿਸ, ਫ਼ੌਜ 'ਚ ਭਰਤੀ ਹੋ ਕੇ ਸਥਾਪਤੀ ਵਿਰੋਧੀ ਹੱਕੀ ਲਹਿਰਾਂ ਨੂੰ ਕੁਚਲਦਿਆਂ ਮਰਨ ਵਾਲਿਆਂ ਨੂੰ ਸ਼ਹੀਦਾਂ ਵਜੋਂ ਸਥਾਪਤ ਕਰਦੇ ਤੇ ਇਨ੍ਹਾਂ ਦਾ ਗੁਣ-ਗਾਣ ਕਰਦੇ ਆ ਰਹੇ ਹਨ।

ਸਵਾਲ ਇਹ ਹੈ ਕਿ ਸਿੱਖ ਲਹਿਰ ਤੋਂ ਲੈ ਕੇ ਅੱਜ ਤਕ ਦੀਆਂ ਇਨਕਲਾਬੀ ਲਹਿਰਾਂ ਇਨ੍ਹਾਂ ਕੁਲ ਯੁਗ ਪਲਟਾਊ ਜਦੋਜਹਿਦਾਂ ਦੇ ਸ਼ਾਨਾਮੱਤੇ ਇਤਿਹਾਸ ਸਿਰਜਣ ਦੇ ਬਾਵਜੂਦ ਸ਼ਹਾਦਤ ਬਾਰੇ ਇਸ ਖਿੱਤੇ ਦੇ ਲੋਕਾਂ ਦੀ ਸਪਸ਼ਟ ਧਾਰਨਾ ਕਿਉਂ ਨਹੀਂ ਬਣਾ ਸਕੀਆਂ ਜਿਥੇ ਸੋਲ੍ਹਵੀਂ ਸਦੀ ਤੋਂ ਲੈ ਕੇ ਸ਼ਾਨਾਮੱਤੀਆਂ ਸ਼ਹਾਦਤਾਂ ਦੀ ਲਗਾਤਾਰ ਲੜੀ ਚਲਦੀ ਆਈ ਹੈ। ਵੱਖ-ਵੱਖ ਲਹਿਰਾਂ ਨਾਲ ਸਬੰਧਤ ਹਿੱਸੇ ਆਪੋ-ਆਪਣੀਆਂ ਲਹਿਰਾਂ 'ਚ ਜਾਨਾਂ ਦੇਣ ਵਾਲਿਆਂ ਨੂੰ ਆਪਣੇ ਸ਼ਹੀਦ ਕਰਾਰ ਦਿੰਦੇ ਹਨ। ਉਨ੍ਹਾਂ ਨੂੰ ਇਹ ਹੱਕ ਹੈ। ਇਹ ਉਨ੍ਹਾਂ ਦੀ ਖ਼ਾਸ ਸਿਆਸੀ ਲਹਿਰ ਦੇ ਸ਼ਹੀਦ ਹਨ। ਇਸ ਬਾਰੇ ਹੋਰ ਧਿਰਾਂ ਸਹਿਮਤ ਨਹੀਂ ਵੀ ਹੋ ਸਕਦੀਆਂ। ਫਿਰ ਵੀ ਇਨ੍ਹਾਂ ਦਾ ਘੱਟੋ-ਘੱਟ ਵਿਚਾਰਧਾਰਕ ਅਕੀਦਾ ਅਤੇ ਰਾਜਸੀ ਪ੍ਰੋਗਰਾਮ ਹੁੰਦਾ ਹੈ। ਸਮੱਸਿਆ ਤਾਂ ਉਦੋਂ ਹੈ ਜਦੋਂ ਬਿਨਾਂ ਕਿਸੇ ਵਿਚਾਰਧਾਰਕ-ਰਾਜਸੀ ਚੇਤਨਾ ਅਤੇ ਵਚਨਬਧਤਾ ਦੇ ਸਿਰਫ਼ ਰੁਜ਼ਗਾਰ ਦੇ ਨਿੱਜੀ ਹਿੱਤ ਦੀ ਖ਼ਾਤਰ ਸਰਕਾਰੀ ਸੰਸਥਾਵਾਂ 'ਚ ਭਰਤੀ ਹੋ ਕੇ ਮਾਰੇ ਗਏ ਸਰਕਾਰੀ ਹਿੱਸਿਆਂ ਨੂੰ ਸ਼ਹੀਦ ਵਜੋਂ ਪ੍ਰਵਾਨ ਤੇ ਸਥਾਪਤ ਕੀਤਾ ਜਾਂਦਾ ਹੈ; ਜਾਂ ਜਦੋਂ ਸਰਬਜੀਤ ਵਰਗਿਆਂ ਨੂੰ ਸ਼ਹੀਦ ਕਰਾਰ ਦਿੱਤਾ ਜਾਂਦਾ ਹੈ ਜਿਸ ਵਿਚ ਮੁੱਖ ਧਾਰਾ ਮੀਡੀਆ ਵੀ ਵੱਡੀ ਭੂਮਿਕਾ ਨਿਭਾ ਰਿਹਾ ਹੈ। ਅਸਲ ਵਿਚ ਇਹ ਖ਼ੁਦਗਰਜ਼ ਤਾਕਤਾਂ ਲੋਕਾਂ ਦੇ ਅਗਿਆਨ ਦਾ ਫ਼ਾਇਦਾ ਉਠਾਉਂਦੀਆਂ ਹਨ ਅਤੇ ਉਨ੍ਹਾਂ ਅੰਦਰ ਪ੍ਰਚਲਤ ਗ਼ਲਤ ਤੇ ਭੁਲੇਖਾਪਾਊ ਧਾਰਨਾਵਾਂ ਨੂੰ ਪੱਕਾ ਕਰ ਕੇ ਇਨ੍ਹਾਂ ਨੂੰ ਆਪਣੇ ਮੁਫ਼ਾਦਾਂ ਲਈ ਵਰਤਦੀਆਂ ਹਨ।

ਤਸੱਲੀ ਵਾਲੀ ਗੱਲ ਇਹ ਹੋਈ ਕਿ ਜਿਸ ਘਿਣਾਉਣੇ ਢੰਗ ਨਾਲ ਹੁਕਮਰਾਨਾਂ ਨੇ ਸਰਬਜੀਤ ਨੂੰ ਸ਼ਹੀਦ ਐਲਾਨਿਆ, ਉਸ ਨੂੰ ਚਿੰਤਕਾਂ ਦੇ ਇਕ ਹਿੱਸੇ ਨੇ ਸਿਰਫ਼ ਅਪ੍ਰਵਾਨ ਹੀ ਨਹੀਂ ਕੀਤਾ, ਇਸ ਨੂੰ ਚੁਣੌਤੀ ਵੀ ਦਿੱਤੀ ਹੈ। ਉਂਜ ਮਸਲਾ ਮਹਿਜ਼ ਇੰਨਾ ਕੁ ਨਹੀਂ ਹੈ। ਅਸਲ ਵਿਚ ਗਿਆਨ ਵਿਹੂਣੀ ਖ਼ਲਕਤ ਦੀ ਸੋਚ ਨਾਲ ਸੰਜੀਦਾ ਸੰਵਾਦ ਛੇੜਨ ਅਤੇ ਸ਼ਹਾਦਤ ਦੀ ਧਾਰਨਾ ਬਾਰੇ ਸਪਸ਼ਟ ਸਮਝ ਬਣਾਉਣ ਦਾ ਅਮਲ ਸ਼ੁਰੂ ਕਰਨ ਦੀ ਲੋੜ ਹੈ।

# ਭਾਰਤੀ ਜਮਹੂਰੀਅਤ ਦੀ ਤਾਨਾਸ਼ਾਹੀ!

**ਪ੍ਰਫੁੱਲ ਬਿਦਵਈ**

ਹੋਰ ਕਿਸੇ ਵੀ ਦੇਸ਼ ਵਿਚ ਭਾਰਤ ਵਰਗਾ ਨਿਯਮਾਂ ਅਤੇ ਕਾਨੂੰਨਾਂ ਦਾ ਅਜਿਹਾ ਚੱਕਰਵਿਊ ਨਹੀਂ ਹੈ ਜੋ ਰਾਜ ਨੂੰ ਆਪਹੁਦਰੀਆਂ ਤਾਕਤਾਂ ਦਿੰਦਾ ਹੋਵੇ। ਨਾ ਹੀ ਕਿਸੇ ਹੋਰ ਦੇਸ਼ ਨੇ ਭਾਰਤ ਵਾਂਗ ਲੋਕ ਪ੍ਰਗਟਾਵੇ ਨੂੰ ਦਬਾਉਣ ਤੇ ਵਿਰੋਧ ਨੂੰ ਅਪਰਾਧ ਠਹਿਰਾਉਣ ਲਈ ਕਾਨੂੰਨਾਂ ਦੀ ਅਜਿਹੀ ਦੁਰਵਰਤੋਂ ਕੀਤੀ ਹੈ। ਅਜਿਹੇ ਕਾਨੂੰਨਾਂ ਵਿਚੋਂ ਹੀ ਇਕ ਕਾਨੂੰਨ 'ਫਾਰਨ ਕੰਟ੍ਰੀਬਿਊਸ਼ਨ ਰੈਗੂਲੇਸ਼ਨ ਐਕਟ-2010' (ਐਫ.ਸੀ.ਆਰ.ਏ.) ਹੈ। ਗ਼ੈਰ-ਸਰਕਾਰੀ ਸੰਗਠਨਾਂ ਨੂੰ ਵਿਦੇਸ਼ਾਂ ਤੋਂ ਮਿਲਣ ਵਾਲੇ ਫੰਡਾਂ ਨੂੰ ਇਸ ਕਾਨੂੰਨ ਰਾਹੀਂ ਕੰਟਰੋਲ ਕੀਤਾ ਜਾਂਦਾ ਹੈ। ਐਫ.ਸੀ.ਆਰ.ਏ. ਦਾ ਮੂਲ ਅਸਲ ਵਿਚ ਐਮਰਜੈਂਸੀ ਵੇਲੇ ਦੇ ਕਾਨੂੰਨਾਂ ਵਿਚ ਹੈ ਜੋ ਇੰਦਰਾ ਗਾਂਧੀ ਦੇ ਇਸ ਖ਼ਤਰੇ 'ਚੋਂ ਉਭਰੇ ਸਨ ਕਿ 'ਵਿਦੇਸ਼ੀ ਤਾਕਤਾਂ' ਦੇਸ਼ ਦੇ ਸਿਆਸੀ ਧੜਿਆਂ ਦੀ ਵਰਤੋਂ ਕਰ ਕੇ ਉਸ ਨੂੰ ਅਸਥਿਰ ਕਰਨ ਦੀ ਕੋਸ਼ਿਸ਼ ਕਰ ਰਹੀਆਂ ਹਨ।

ਵਿਦੇਸ਼ਾਂ ਤੋਂ ਫੰਡ ਹਾਸਲ ਕਰਨ ਲਈ ਗ਼ੈਰ-ਸਰਕਾਰੀ ਸੰਗਠਨਾਂ ਵਾਸਤੇ ਐਫ.ਸੀ.ਆਰ.ਏ. ਤਹਿਤ ਪਰਮਿਟ ਲੈਣਾ ਜ਼ਰੂਰੀ ਹੈ। ਉਹੀ ਸੰਗਠਨ ਇਸ ਪਰਮਿਟ ਲਈ ਅਰਜ਼ੀ ਦੇ ਸਕਦਾ ਹੈ ਜੋ ਪਿਛਲੇ 3 ਸਾਲਾਂ ਤੋਂ ਰਜਿਸਟਰਡ ਹੋਵੇ ਅਤੇ ਜਿਸ ਦੀ ਖੁਫੀਆ ਬਿਊਰੋ ਨੇ ਚੰਗੀ ਤਰ੍ਹਾਂ ਨਜ਼ਰਸਾਨੀ ਕੀਤੀ ਹੋਵੇ। ਪਰਮਿਟ ਲੈਣਾ ਸੌਖਾ ਨਹੀਂ ਹੈ। ਇਸ ਵਿਚ ਦੋ ਸਾਲ ਲੱਗ ਜਾਂਦੇ ਹਨ। ਭਾਰਤ ਵਿਚਲੇ 20 ਲੱਖ ਤੋਂ ਵਧੇਰੇ ਗ਼ੈਰ-ਸਰਕਾਰੀ ਸੰਗਠਨਾਂ ਵਿਚੋਂ ਸਿਰਫ 39 ਹਜ਼ਾਰ ਕੋਲ ਹੀ ਅਜਿਹੇ ਪਰਮਿਟ ਹਨ। ਪਹਿਲਾਂ ਇਹ ਪਰਮਿਟ ਅਣਮਿਥੇ ਸਮੇਂ ਲਈ ਦਿੱਤੇ ਜਾਂਦੇ ਸਨ ਪਰ 2010 ਤੋਂ ਬਾਅਦ ਇਨ੍ਹਾਂ ਦਾ ਸਮਾਂ 5 ਸਾਲ ਤੱਕ ਸੀਮਤ ਕਰ ਦਿੱਤਾ ਗਿਆ ਹੈ।

ਐਕਟ ਦੇ ਇਕ ਨਿਯਮ ਤਹਿਤ ਸਰਕਾਰ ਅਜਿਹੇ ਕਿਸੇ ਵੀ ਗਰੁੱਪ ਦਾ ਪਰਮਿਟ ਖਾਰਜ ਕਰ ਸਕਦੀ ਹੈ ਜੋ 'ਆਦਤਨ ਰਸਤਾ ਰੋਕੋ, ਰੇਲ ਰੋਕੋ, ਜੇਲ੍ਹ ਭਰੋ ਜਾਂ ਹੜਤਾਲਾਂ ਆਦਿ ਵਿਚ ਸ਼ਾਮਿਲ ਹੁੰਦਾ ਹੋਵੇ'। ਇਹ ਸਾਰੇ ਵਿਰੋਧ ਦੇ ਅਹਿੰਸਕ ਜਮਹੂਰੀ ਤਰੀਕੇ ਹਨ ਜਿਨ੍ਹਾਂ ਦੀਆਂ ਜੜ੍ਹਾਂ ਸਾਡੇ ਆਜ਼ਾਦੀ ਸੰਗਰਾਮ ਵਿਚ ਹਨ ਅਤੇ ਜਿਨ੍ਹਾਂ ਨੂੰ ਵਿਸ਼ਵ ਭਰ ਵਿਚ ਜਾਇਜ਼ ਢੰਗ-ਤਰੀਕਿਆਂ ਵਜੋਂ ਮਾਨਤਾ ਹਾਸਲ ਹੈ। ਇਨ੍ਹਾਂ ਸਬੰਧੀ ਇਸ ਤਰ੍ਹਾਂ ਦੀ ਕੋਈ ਪਾਬੰਦੀ ਨਹੀਂ ਹੋਣੀ ਚਾਹੀਦੀ। ਔਰਤਾਂ, ਜ਼ਮੀਨ-ਵਿਹੂਣੇ ਕਿਸਾਨਾਂ, ਆਦੀਵਾਸੀਆਂ, ਦਲਿਤਾਂ, ਧਾਰਮਿਕ ਘੱਟ-ਗਿਣਤੀਆਂ ਅਤੇ ਸਨਅਤੀਕਰਨ ਆਦਿ ਤੋਂ ਪ੍ਰਭਾਵਿਤ ਹੋਏ ਲੋਕਾਂ ਦੇ ਹੱਕ ਵਿਚ ਖੜ੍ਹੇ ਹੋਣ ਵਾਲੇ ਸੰਗਠਨਾਂ ਖਿਲਾਫ਼ ਵੀ ਇਸ ਨਿਯਮ ਦੀ ਵਰਤੋਂ ਕੀਤੀ ਜਾ ਸਕਦੀ ਹੈ। ਗ੍ਰਹਿ ਮੰਤਰਾਲੇ ਵੱਲੋਂ ਪਿਛਲੇ ਸਾਲ ਮਾਮੂਲੀ ਤਕਨੀਕੀ ਆਧਾਰਾਂ 'ਤੇ 4000 ਗ਼ੈਰ-ਸਰਕਾਰੀ ਸੰਗਠਨਾਂ ਦੇ ਐਫ.ਸੀ.ਆਰ.ਏ. ਪਰਮਿਟ ਰੱਦ ਕਰ ਦਿੱਤੇ ਗਏ ਸਨ। ਇਹ ਕਾਰਵਾਈ ਬਦਲਾਲਊ ਭਾਵਨਾ ਹੇਠ ਹੀ ਕੀਤੀ ਗਈ ਨਜ਼ਰ ਆਉਂਦੀ ਹੈ। ਇਸ ਸਬੰਧੀ ਸਭ ਤੋਂ ਮਾੜੀ ਮਿਸਾਲ 'ਇੰਡੀਅਨ ਸੋਸ਼ਲ ਐਕਸ਼ਨ ਫੋਰਮ' (ਇਨਸਾਫ) ਖਿਲਾਫ਼ ਕੀਤੀ ਗਈ ਤਾਜ਼ਾ ਕਾਰਵਾਈ ਦੀ ਹੈ। 'ਇਨਸਾਫ' 700 ਸੰਗਠਨਾਂ ਦਾ ਅਜਿਹਾ ਸਮੂਹ ਹੈ ਜਿਸ ਨੇ ਫ਼ਿਰਕਾਪ੍ਰਸਤੀ ਵਿਰੋਧੀ ਲਾਮਬੰਦੀਆਂ, ਉਜਾੜੇ ਵਿਰੋਧੀ ਸੰਘਰਸ਼ਾਂ ਅਤੇ ਪਾਸਕੋ, ਕੁਡਨਕੁਲਮ ਤੇ ਵੇਦਾਂਤਾ ਵਰਗੇ ਲੋਕ ਵਿਰੋਧੀ ਪ੍ਰੋਜੈਕਟਾਂ ਖਿਲਾਫ਼ ਮੁਹਿੰਮਾਂ ਵਿਚ ਸਰਗਰਮ ਭੂਮਿਕਾ ਨਿਭਾਈ ਹੈ। 30 ਅਪਰੈਲ ਨੂੰ ਸਰਕਾਰ ਨੇ ਇਸ ਦਾ ਐਫ.ਸੀ.ਆਰ.ਏ. ਪਰਮਿਟ ਖਾਰਜ ਕਰ ਕੇ ਇਸ ਦੇ ਬੈਂਕ ਖਾਤੇ ਜਾਮ ਕਰ ਦਿੱਤੇ। ਕਿਹਾ ਗਿਆ ਕਿ ਇਸ ਦੀਆਂ ਸਰਗਰਮੀਆਂ 'ਜਨਤਕ ਹਿਤਾਂ ਨੂੰ ਪ੍ਰਭਾਵਿਤ ਕਰਦੀਆਂ ਹਨ', ਪਰ ਇਹ ਨਹੀਂ ਸੀ ਦੱਸਿਆ ਗਿਆ ਕਿ ਕਿਵੇਂ? ਜਦ ਕਿ ਐਫ.ਸੀ.ਆਰ.ਏ. ਦੇ ਨਿਯਮਾਂ ਵਿਚ ਹੀ ਦਰਜ ਹੈ ਕਿ ਅਜਿਹੀ ਕਾਰਵਾਈ ਦੇ ਕਾਰਨ ਲਿਖਤੀ ਰੂਪ ਵਿਚ ਦਿੱਤੇ ਜਾਣੇ ਜ਼ਰੂਰੀ ਹਨ। 'ਇਨਸਾਫ' ਨੇ ਖ਼ੁਦ ਨੂੰ ਅਜਿਹੇ ਧਰਮ-ਨਿਰਪੱਖ ਜਮਹੂਰੀ ਮੰਚ ਵਜੋਂ ਸਥਾਪਿਤ ਕੀਤਾ ਹੈ ਜੋ ਸੰਸਾਰੀਕਰਨ ਦੇ ਭੈੜੇ ਰੂਪਾਂ ਦਾ ਵਿਰੋਧ ਕਰਦਾ ਹੈ, ਫ਼ਿਰਕਾਪ੍ਰਸਤੀ ਨੂੰ ਟੱਕਰ ਦਿੰਦਾ ਹੈ ਅਤੇ ਜਮਹੂਰੀਅਤ ਦੀ ਰਾਖੀ ਕਰਦਾ ਹੈ। ਇਸ ਨੇ ਰਾਜ ਦੀਆਂ ਗ਼ਲਤ ਨੀਤੀਆਂ ਦਾ ਸ਼ਿਕਾਰ ਹੋਣ ਵਾਲੇ ਲੋਕਾਂ ਦੇ ਹੱਕ ਵਿਚ ਸਦਾ ਆਵਾਜ਼ ਉਠਾਈ ਹੈ। 'ਇਨਸਾਫ' ਨੂੰ ਇਸੇ ਕਰ ਕੇ ਨਿਸ਼ਾਨਾ ਬਣਾਇਆ ਗਿਆ ਕਿਉਂਕਿ ਇਸ ਵੱਲੋਂ ਰਾਜ, ਕਾਰਪੋਰੇਸ਼ਨਾਂ ਜਾਂ ਸਿਆਸੀ ਪਾਰਟੀਆਂ ਵੱਲੋਂ ਮਨੁੱਖੀ ਅਧਿਕਾਰਾਂ ਦੀ ਕੀਤੀ ਜਾਂਦੀ ਉਲੰਘਣਾ ਦੀ ਲਗਾਤਾਰ ਵਿਰੋਧ ਕੀਤਾ ਜਾ ਰਿਹਾ ਹੈ। 'ਇਨਸਾਫ' ਹੀ ਉਹ ਇਕੱਲਾ ਸੰਗਠਨ ਹੈ ਜਿਸ ਨੇ ਐਫ.ਸੀ.ਆਰ.ਏ. ਦੀ ਧਾਰਾ 13 ਨੂੰ ਸੁਪਰੀਮ ਕੋਰਟ ਵਿਚ ਚੁਣੌਤੀ ਦਿੱਤੀ ਹੋਈ ਹੈ। ਇਸ ਧਾਰਾ ਦੀ ਵਰਤੋਂ ਕਰ ਕੇ ਸਰਕਾਰ ਜਨਹਿਤ ਵਿਚ ਕੰਮ ਕਰਨ ਵਾਲੇ ਹਰ ਸੰਗਠਨ ਨੂੰ ਚੁੱਪ ਕਰਵਾ ਸਕਦੀ ਹੈ। ਵਿਅੰਗ ਵਾਲੀ ਗੱਲ ਇਹ ਹੈ ਕਿ 'ਇਨਸਾਫ' ਖਿਲਾਫ਼ ਵੀ ਇਸੇ ਧਾਰਾ ਹੇਠ ਕਾਰਵਾਈ ਕੀਤੀ ਗਈ ਹੈ।

# ਬੀਬਾ ਨਵਨੀਤ, ਤੇਰੀ ਜਿੱਤੇ ਪਤੀ-ਪ੍ਰੀਤ!

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ


ਫੋਨ: 408-915-1268

ਫਾਂਸੀ ਦੀ ਸਜ਼ਾ ਦਾ ਸਾਹਮਣਾ ਕਰ ਰਹੇ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਪਤਨੀ ਬੀਬੀ ਨਵਨੀਤ ਕੌਰ ਦੀਆਂ ਅਖ਼ਬਾਰਾਂ ਵਿਚ ਛਪ ਰਹੀਆਂ ਗਮਗੀਨ ਤੇ ਘੋਰ ਉਦਾਸੀ ਵਾਲੀਆਂ ਫੋਟੋਆਂ ਦੇਖ ਕੇ ਕੋਈ ਪੱਥਰ ਦਿਲ ਇਨਸਾਨ ਹੀ ਹੋਵੇਗਾ ਜਿਹਦੀਆਂ ਅੱਖਾਂ ਨਾ ਸਿੰਮਦੀਆਂ ਹੋਣ। ਉਸ ਦੇ ਮੂੰਹੋਂ ਭੁੱਲਰ ਪਰਿਵਾਰ ਦੇ ਉਜਾੜੇ ਦੀ ਦਰਦ ਕਥਾ ਸੁਣ ਕੇ ਕਲੇਜਾ ਮੂੰਹ ਨੂੰ ਆਉਂਦਾ ਹੈ। ਜਿਵੇਂ ਕੋਈ ਬਿੱਲੀ ਆਪਣੇ ਗਵਾਚੇ ਬਲੂੰਗੜੇ ਦੀ ਭਾਲ ਵਿਚ ਇੱਧਰ ਉੱਧਰ ਵਿਲ੍ਹੂੰ ਵਿਲ੍ਹੂੰ ਕਰਦੀ ਫਿਰਦੀ ਹੁੰਦੀ ਹੈ, ਇਸੇ ਤਰ੍ਹਾਂ ਦਹਾਕਿਆਂ ਤੋਂ ਬੀਬਾ ਨਵਨੀਤ ਕੌਰ ਆਪਣੇ ਪਤੀ ਲਈ ਇਨਸਾਫ ਵਾਸਤੇ ਹਰ ਦਰ ਖੜਕਾ ਰਹੀ ਹੈ।

ਵਿਰਾਸਤੀ ਸਦਾਚਾਰਕ ਕਦਰਾਂ ਕੀਮਤਾਂ ਤੋਂ ਮੂੰਹ ਮੋੜ ਕੇ ਚੰਦ ਖੁਸ਼ੀਆਂ ਵਿਚ ਗਲਤਾਨ ਹੋਏ ਪਏ ਅਜੋਕੇ ਯੁੱਗ ਵਿਚ ਜਦੋਂ ਮਰਦ ਤੇ ਔਰਤ ਨਾਜਾਇਜ਼ ਰਿਸ਼ਤਿਆਂ ਦੇ ਆਤਮਘਾਤੀ ਰਾਹ ਪੈਣੋਂ ਜ਼ਰਾ ਵੀ ਸੰਕੋਚ ਨਹੀਂ ਕਰਦੇ, ਅਜਿਹੇ ਕਾਮੁਕ ਵਰਤਾਰੇ ਦੇ ਚਲਦਿਆਂ ਬੀਬਾ ਨਵਨੀਤ ਦਾ ਪਤੀ ਪਿਆਰ, ਧੁੰਦੂਕਾਰ ਵਿਚ ਜਗਦੇ ਦੀਵੇ ਦੀ ਨਿਆਈਂ ਹੀ ਮੰਨਿਆ ਜਾਵੇਗਾ।

ਸਰਕਾਰ ਵੱਲੋਂ ਥਾਪੇ ਗਏ ਡਾਕਟਰੀ ਪੈਨਲ ਵੱਲੋਂ ਪ੍ਰੋ. ਭੁੱਲਰ ਦੀ ਮੰਦੀ ਸਿਹਤ ਬਾਰੇ ਦਿੱਤੀ ਗਈ ਤਾਜ਼ਾ ਰਿਪੋਰਟ ਤੋਂ ਬਾਅਦ ਬੀਤੇ ਹਫਤੇ ਦੀਆਂ ਅਖ਼ਬਾਰਾਂ ਵਿਚ ਬੀਬੀ ਨਵਨੀਤ ਕੌਰ ਦੇ ਵਿਸ਼ੇਸ਼ ਇੰਟਰਵਿਊ ਛਪੇ ਹਨ। ਆਪਣੇ ਟੱਬਰ 'ਤੇ ਝੁੱਲੇ ਝੱਖੜ ਦੇ ਵੇਰਵੇ ਦਿੰਦਿਆਂ ਉਸ ਇਹ ਵੀ ਦੱਸਿਆ ਕਿ ਉਸ ਦੇ ਮਾਂ-ਬਾਪ ਨੇ ਦੋ ਸਮਿਆਂ 'ਤੇ ਉਸ ਨੂੰ ਪਿੱਛਾ ਭੁਲਾ ਕੇ ਨਵਾਂ ਜੀਵਨ ਜਿਉਣ ਦੀ ਸਲਾਹ ਦਿੱਤੀ, ਪਰ ਉਸ ਨੇ ਆਪਣੇ ਇਸ਼ਟ ਅੱਗੇ ਕੀਤੀ ਪ੍ਰਤਿਗਿਆ ਦੀ ਲੱਜ ਪਾਲਣ ਦਾ ਫੈਸਲਾ ਕੀਤਾ। ਮੀਡੀਏ ਨਾਲ ਗੱਲ ਕਰਦਿਆਂ ਉਸ ਭਾਵੇਂ ਧੀਮੀ ਸੁਰ ਪਰ ਕਿਹਾ ਭਰੋਸੇ ਭਰੀ ਦ੍ਰਿੜਤਾ ਨਾਲ, ਕਿ ਸਾਡੀ ਦੁਖਦਾਈ ਕਹਾਣੀ ਦਾ ਅੰਤ ਜ਼ਰੂਰ ਸੁਖਾਵਾਂ ਹੋਵੇਗਾ। ਸਿਰਫ ਦੋ ਢਾਈ ਮਹੀਨੇ ਵਿਆਹੁਤਾ ਜੀਵਨ ਪਿੱਛੋਂ ਪਤੀ-ਜੁਦਾਈ ਦਾ ਲੰਮਾ ਸੰਤਾਪ ਭੋਗ ਰਹੀ ਬੀਬਾ ਨਵਨੀਤ ਨੇ ਆਪਣੇ ਬੁਢਾਪੇ ਦੇ ਸੁਖਮਈ ਹੋਣ ਦੀ ਕਾਮਨਾ ਕੀਤੀ ਹੈ। ਰੱਬ ਕਰੇ, ਉਸ ਦੀ ਨਿਰਛਲ ਆਤਮਾ 'ਚੋਂ ਨਿਕਲੇ ਅਰਮਾਨ ਪੂਰੇ ਹੋਣ!

ਬੀਬੀ ਨਵਨੀਤ ਵੱਲੋਂ ਆਪਣੇ ਪਤੀ ਦੀ ਸਲਾਮਤੀ ਅਤੇ ਬੰਦ-ਖਲਾਸੀ ਪ੍ਰਤੀ ਪ੍ਰਗਟਾਏ ਵਿਸ਼ਵਾਸ ਨੂੰ ਦੇਖਦਿਆਂ ਜਿਥੇ ਮੈਨੂੰ 'ਕਹੁ ਨਾਨਕ ਜਿਨਿ ਪ੍ਰਿਉ ਪਰਮੇਸਰੁ ਕਰਿ ਜਾਨਿਆ॥ ਧੰਨੁ



ਨਵਨੀਤ ਕੌਰ

ਸਤੀ ਦਰਗਹ ਪਰਵਾਨਿਆ॥' ਤੁਕ ਯਾਦ ਆਈ, ਉਥੇ ਸਾਡੇ ਲਾਗਲੇ ਇਕ ਪਿੰਡ ਵਿਚ ਰਹਿੰਦੀ ਉਸ ਮਾਤਾ ਦੀ ਕਹਾਣੀ ਅੱਖਾਂ ਅੱਗੇ ਆ ਗਈ ਜਿਸ ਨੇ ਸਾਰੀ ਦੁਨੀਆਂ ਦੇ ਕਹੇ 'ਤੇ ਵੀ ਆਪਣੇ ਪਤੀ ਦੀ 'ਮ੍ਰਿਤੂ' ਨੂੰ ਸਵੀਕਾਰ ਨਹੀਂ ਸੀ ਕੀਤਾ। ਆਂਢ-ਗੁਆਂਢ ਅਤੇ ਰਿਸ਼ਤੇਦਾਰਾਂ ਦੇ ਮਿਹਣਿਆਂ ਦੇ ਬਾਵਜੂਦ ਉਸ ਨੇ 'ਵਿਧਵਾ' ਨਾ ਕਹਾਇਆ ਅਤੇ ਨਾ ਹੀ ਸਿਰ 'ਤੇ ਚਿੱਟੀ ਚੁੰਨੀ ਲਈ।

ਉਸ ਬੀਬੀ ਦਾ ਫੌਜੀ ਪਤੀ ਬਰਮਾ ਦੀ ਲੜਾਈ ਵਿਚ ਫਰੰਟ 'ਤੇ ਲੜਨ ਗਿਆ। 'ਲਾਸ਼' ਤਾਂ ਭਾਵੇਂ ਉਹਦੀ ਪਿੰਡ ਨਾ ਪਹੁੰਚੀ, ਪਰ ਉਹਦਾ ਬਿਸਤਰਾ ਤੇ ਟਰੰਕ ਉਸ ਦੇ ਘਰੇ ਪਹੁੰਚਾਏ ਗਏ। ਅਫ਼ਸਰਾਂ ਨੇ ਉਸ ਦੇ ਸ਼ਹੀਦ ਹੋਣ ਦਾ ਐਲਾਨ ਕਰ ਦਿੱਤਾ, ਪਰ ਬਿਨਾਂ ਬੱਚੇ ਤੋਂ ਉਸ ਦੀ ਪਤਨੀ ਨੇ ਕਿਸੇ ਦੀ ਇਕ ਨਾ ਸੁਣੀ। ਉਹ ਬੜੇ ਭਰੋਸੇ ਨਾਲ ਪਤੀ ਨੂੰ ਰਾਜ਼ੀ-ਖੁਸ਼ੀ ਦੱਸਦੀ ਰਹੀ। ਘਰਦਿਆਂ ਨੇ ਰੀਤੀ ਅਨੁਸਾਰ 'ਮਰੇ' ਫੌਜੀ ਦੀ ਆਤਮਿਕ ਸ਼ਾਂਤੀ ਲਈ ਪਾਠ ਕਰਾਉਣਾ ਚਾਹਿਆ, ਪਰ ਉਸ ਬੀਬੀ ਨੇ ਸਭ ਕੁਝ ਠੱਪ ਕਰਵਾ ਦਿੱਤਾ। ਸਹੁਰੇ ਪਰਿਵਾਰ ਵਿਚ ਉਚ-ਦੁਮਾਲੜੀ ਬਣ ਕੇ ਜ਼ਿੰਦਗੀ ਗੁਜ਼ਾਰ ਰਹੀ ਉਹ ਬੀਬੀ ਸਵੈ-ਵਿਸ਼ਵਾਸ ਨਾਲ ਭਰੀ ਰਹਿੰਦੀ।

ਦਿਨ, ਮਹੀਨੇ, ਸਾਲ ਬੀਤਦੇ ਗਏ। ਨਾ ਹੀ ਉਸ ਔਰਤ ਦੀ ਆਸ ਨੂੰ ਬੂਰ ਪਿਆ ਅਤੇ ਨਾ ਹੀ ਉਸ ਨੇ ਕਿਸੇ ਨੂੰ ਇਹ ਇਜਾਜ਼ਤ ਦਿੱਤੀ ਕਿ ਉਸ ਦੇ ਪਤੀ ਨੂੰ 'ਸਵਰਗੀ' ਕਿਹਾ ਜਾਵੇ। ਪਿੱਠ ਪਿੱਛੇ ਲੋਕ ਉਸ ਨੂੰ ਟਿੱਚਰਾਂ ਕਰਨ ਲੱਗੇ, ਪਰ ਉਹ ਸਭ ਦੀਆਂ ਤੱਤੀਆਂ-ਠੰਢੀਆਂ ਨੂੰ ਅਣ-ਸੁਣਿਆ ਕਰ ਕੇ ਦਿਨ ਕਟੀ ਕਰੀ ਗਈ।

ਸ਼ਰੀਕੇ ਭਾਈਚਾਰੇ ਵੱਲੋਂ 'ਸਿਰੇ ਦੀ ਜ਼ਿਦਲ' ਅਤੇ 'ਵਿਧਵਾ' ਐਲਾਨੀ ਗਈ ਉਸ ਮਾਤਾ ਦੇ ਵਿਹੜੇ ਵਿਚ ਅਖੰਡ ਪਾਠ ਦੇ ਭੋਗ ਮੌਕੇ ਦੁਨੀਆਂ ਦਾ ਅਥਾਹ 'ਕੱਠ ਹਾਲੇ ਵੀ ਮੇਰੇ ਚੇਤਿਆਂ 'ਚ ਉਕਰਿਆ ਹੋਇਐ। ਅਠਾਰਾਂ-ਉਨੀ ਸਾਲ ਬਾਅਦ ਉਸ ਔਰਤ ਦੇ ਭਰੋਸੇ ਦੀ ਜਿੱਤ ਹੋਈ। ਉਸ ਦਾ ਫੌਜੀ ਪਤੀ ਸਹੀ ਸਲਾਮਤ ਘਰ ਪਰਤ ਆਇਆ। ਮਾਤਾ ਨੇ ਖੁਸ਼ੀ ਵਿਚ ਅਖੰਡ ਪਾਠ ਕਰਵਾਇਆ। ਸਾਡੇ ਇਲਾਕੇ ਵਿਚ ਉਨ੍ਹਾਂ ਦਿਨਾਂ 'ਚ ਕਹਿੰਦੇ-ਕਹਾਉਂਦੇ ਲੋਕ ਵੀ ਦਿਨ-ਸੁਦ 'ਤੇ ਲੰਗਰਾਂ ਵਿਚ ਗੰਨੇ ਦੇ ਰਸ ਵਾਲੇ ਚੌਲ ਜਾਂ ਭੁੰਨਵੇਂ ਚੌਲ ਹੀ ਬਣਾਉਂਦੇ ਹੁੰਦੇ ਸਨ, ਪਰ ਦਹਾਕਿਆਂ ਦੇ ਵਿਛੋੜੇ ਬਾਅਦ ਪਤੀ-ਮਿਲਾਪ 'ਚ ਖੀਵੀ ਹੋਈ ਮਾਈ ਨੇ ਉਦੋਂ ਲੱਡੂਆਂ ਤੇ ਜਲੇਬੀਆਂ ਦਾ ਖੁੱਲ੍ਹਾ ਲੰਗਰ ਲਾਇਆ। ਉਸ ਭੋਗ ਮੌਕੇ ਰੱਜ ਰੱਜ ਖਾਧੇ ਲੱਡੂ ਜਲੇਬੀਆਂ ਦੇ ਨਾਲ ਨਾਲ ਮੈਨੂੰ ਟੁੱਟਵੀਂ-ਟੁੱਟਵੀਂ ਜਿਹੀ ਉਹ ਕਥਾ ਵੀ ਯਾਦ ਹੈ ਜਿਹੜੀ ਉਸ ਸਮੇਂ ਗੁਰੂ ਮਹਾਰਾਜ ਦੀ ਤਾਬਿਆ ਬੈਠੇ ਭਗਵੀਂ ਪੱਗ ਵਾਲੇ ਸੰਤ ਨੇ ਸੁਣਾਈ ਸੀ।

ਇਕ ਰਿਸ਼ੀ (ਸ਼ਾਇਦ ਉਸ ਦਾ ਨਾਂ ਦੁਰਭਾਸ਼ਾ ਸੀ) ਨੇ ਆਪਣੀ ਵਰ ਪ੍ਰਾਪਤ ਧੀ ਦਾ ਵਿਆਹ ਕੀਤਾ। ਕੁਝ ਅਰਸੇ ਬਾਅਦ ਰਿਸ਼ੀ ਆਪਣੀ ਧੀ ਨੂੰ ਮਿਲਣ ਲਈ ਉਸ ਦੇ ਸਹੁਰੇ ਘਰ ਗਿਆ। ਜਾ ਕੇ ਦਰਵਾਜ਼ਾ ਖੜਕਾਇਆ ਪਰ ਅੰਦਰੋਂ ਕੋਈ ਜਵਾਬ ਨਾ ਆਇਆ। ਕੁਝ ਪਲ ਅਟਕ ਕੇ ਉਸ ਨੇ ਫਿਰ ਦਰਵਾਜ਼ਾ ਠੋਰਿਆ। ਦਰਵਾਜ਼ਾ ਫਿਰ ਵੀ ਨਾ ਖੁੱਲ੍ਹਿਆ ਤਾਂ ਗੁੱਸੇ 'ਚ ਆ ਕੇ ਉਹ ਪਿੱਛੇ ਮੁੜ ਪਿਆ। ਚਾਣਚੱਕ ਉਸ ਦੀ ਧੀ ਨੂੰ ਬਾਹਰ ਕੋਈ ਕੰਮ ਪਿਆ ਜਾਂ ਵੈਸੇ ਹੀ ਉਸ ਨੂੰ ਬਿੜਕ ਹੋਈ, ਉਹ ਦਰਵਾਜ਼ਾ ਖੋਲ੍ਹ ਕੇ ਬਾਹਰ ਨਿਕਲੀ। ਪੰਜ-ਦਸ ਕਰਮਾਂ 'ਤੇ ਪਿਉ ਵਾਪਸ ਮੁੜਿਆ ਜਾਂਦਾ ਨਜ਼ਰੀ ਪਿਆ ਤਾਂ ਉਹ 'ਪਿਤਾਸ੍ਰੀ ਪਿਤਾਸ੍ਰੀ' ਕਰਦੀ ਮਗਰ ਦੌੜੀ। ਸਮੇਂ ਸਿਰ ਦਰਵਾਜ਼ਾ ਨਾ ਖੋਲ੍ਹਣ ਦੀ ਬਾਪ ਕੋਲੋਂ ਖਿਮਾ ਯਾਚਨਾ ਕੀਤੀ, ਪਰ ਰਿਸ਼ੀ ਦਾ ਗੁੱਸੇ ਸੱਤਵੇਂ ਆਸਮਾਨ 'ਤੇ ਪਹੁੰਚਿਆ ਹੋਇਆ ਸੀ।

"ਤੂੰ ਐਡਾ ਕਿਹੜਾ ਜ਼ਰੂਰੀ ਕੰਮ ਕਰ ਰਹੀ ਸੀ ਕਿ ਬਾਪ ਨੂੰ ਕੁੰਡਾ ਵੀ ਨਾ ਖੋਲ੍ਹ ਸਕੀ?" ਅੱਗ ਭਬੂਕਾ ਹੋਇਆ ਰਿਸ਼ੀ ਧੀ ਨੂੰ ਪੁੱਛਣ ਲੱਗਾ।

"ਪਿਤਾਸ੍ਰੀ, ਮੈਂ ਆਪਣੇ ਪਤੀ ਪਰਮੇਸ਼ਰ ਲਈ ਪਾਣੀ ਗਰਮ ਕਰ ਰਹੀ ਸਾਂ।...ਪਤੀ ਦਾ ਹੁਕਮ ਵਜਾ ਰਹੀ ਸਾਂ।" ਧੀ ਨੇ ਧੀਰਜ ਨਾਲ ਉਤਰ ਦਿੱਤਾ। ਰਿਸ਼ੀ ਨੂੰ ਹੋਰ ਕਰੋਧ ਚੜ੍ਹ ਗਿਆ, "ਐਡਾ ਹੁਣ ਪਤੀ ਪਹਿਲਾਂ ਹੋ ਗਿਆ, ਬਾਪ ਦੂਜੇ ਥਾਂ!"

ਗੁੱਸੇ 'ਚ ਨੱਕ 'ਚੋਂ ਠੂੰਹੇਂ ਸੁੱਟਦੇ ਰਿਸ਼ੀ ਨੇ ਤੜੱਕ ਦੇ ਕੇ ਆਪਣੀ ਹੀ ਧੀ ਨੂੰ ਸਰਾਪ ਦੇ ਦਿੱਤਾ, ਅਖੇ, ਜਿਹਦੇ ਮੋਹ ਵਿਚ ਤੂੰ ਐਨੀ ਮਸਤ ਹੋ ਗਈ ਕਿ ਬਾਪ ਲਈ ਦਰਵਾਜ਼ਾ ਵੀ ਨਾ ਖੋਲ੍ਹ ਸਕੀ, ਉਹ ਕੱਲ੍ਹ ਦਿਨ ਚੜ੍ਹਦੇ ਤੱਕ ਮਰ ਜਾਏਗਾ!

ਬਾਪ ਦਾ ਸਰਾਪ ਸੁਣ ਕੇ ਕੁੜੀ ਸੁੰਨ ਹੀ ਰਹਿ ਗਈ। ਉਸ ਨੇ ਸਰਾਪ ਵਾਪਸ ਲੈਣ ਲਈ ਬਾਪ ਦੇ ਹਜ਼ਾਰ ਤਰਲੇ ਮਿੰਨਤਾਂ ਕੀਤੇ, ਪਰ ਉਹ ਟੱਸ ਤੋਂ ਮੱਸ ਨਾ ਹੋਇਆ। ਆਖਰ ਜਦ ਕੁੜੀ ਦਾ ਕੋਈ ਵੀ ਚਾਰਾ ਨਾ ਚੱਲਿਆ ਤਾਂ ਉਹ ਵੀ ਆਪਣੀ ਆਈ 'ਤੇ ਆ ਗਈ। ਕਹਿਣ ਲੱਗੀ ਕਿ ਪਿਤਾਸ੍ਰੀ, ਜੇ ਤੈਨੂੰ ਆਪਣੀ ਤਪ ਸਾਧਨਾ 'ਤੇ ਬੜਾ ਮਾਣ ਹੈ, ਤਾਂ ਮੈਨੂੰ ਵੀ ਆਪਣੀ ਪਤੀ-ਭਗਤੀ 'ਤੇ ਮਾਣ ਹੈ। ਮੇਰਾ ਪਤੀ-ਬਰਤਾ ਧਰਮ ਤੇਰਾ ਘੁਮੰਡ ਤੋੜ ਸੁੱਟੇਗਾ। ਜੇ ਤੂੰ ਦਿੱਤਾ ਹੋਇਆ ਸਰਾਪ ਵਾਪਸ ਨਹੀਂ ਲੈ ਸਕਦਾ ਤਾਂ ਮੇਰਾ ਸਵਿੱਤਰੀਪਣ ਆਪਣੀ ਤਾਕਤ ਦਿਖਾਏਗਾ। ਕਹਿੰਦੇ, ਕੁੜੀ ਨੇ ਹਿੱਕ ਠੋਕ ਕੇ ਕਹਿ ਦਿੱਤਾ ਕਿ 'ਰਿਸ਼ੀ ਜੀ, ਕੱਲ੍ਹ ਨੂੰ ਦਿਨ ਹੀ ਨਹੀਂ ਚੜ੍ਹੇਗਾ।'

ਕਥਾ ਸੁਣਾਉਣ ਵਾਲੇ ਸੰਤ ਨੇ ਅੱਗੇ ਲੰਮੀ ਕਹਾਣੀ ਸੁਣਾਈ ਸੀ ਕਿ ਕਿਵੇਂ ਦੂਜੇ ਦਿਨ ਅੰਮ੍ਰਿਤ ਵੇਲੇ ਸੂਰਜ ਚੜ੍ਹਨੋਂ ਰੁਕ ਗਿਆ। ਕੁੱਲ ਕਾਇਨਾਤ ਦੀ ਬਨਸਪਤੀ ਨੇ ਇੰਦਰ ਅੱਗੇ ਅਰਜੋਦਤੀ ਕੀਤੀ ਕਿ ਸੂਰਜ ਚੜ੍ਹਾਇਆ ਜਾਵੇ। ਗੱਲ ਇਥੇ ਮੁੱਕੀ ਕਿ ਰਿਸ਼ੀ ਦੀ ਲੜਕੀ ਦਾ ਸੁਹਾਗ ਸਲਾਮਤ ਰਿਹਾ ਤੇ ਅੰਤ ਕਰੋਧੀ ਰਿਸ਼ੀ ਨੂੰ ਸਰਾਪ ਵਾਪਸ ਲੈਣਾ ਪਿਆ।

ਪਰਮਾਤਮਾ ਕਰੇ, ਰਿਸ਼ੀ ਦੀ ਕੁੜੀ ਵਾਂਗ ਭੈਣ ਨਵਨੀਤ ਕੌਰ ਦਾ ਆਪਣੇ ਪਤੀ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਪ੍ਰਤੀ ਸਿਦਕ ਤੇ ਸਿਰੜ ਭਰਿਆ ਮੋਹ ਜੇਤੂ ਰਹੇ। ਦੋਵੇਂ ਜੀਅ ਜੁੱਗਾਂ ਜਿੱਡੇ ਵਿਛੋੜੇ ਮਗਰੋਂ ਜ਼ਿੰਦਗੀ ਮਾਣਨ। ਆਮੀਨ!

#

## ਦਿਲ 'ਚ ਲਹਿ ਜਾਣ ਵਾਲੀ ਕਹਾਣੀ 'ਸ਼ਾਨੇ ਪੰਜਾਬ'

### ਸੰਪਾਦਕ ਦੀ ਡਾਕ

'ਪੰਜਾਬ ਟਾਈਮਜ਼' ਦੇ ਪਹਿਲੀ ਜੂਨ ਦੇ ਅੰਕ ਵਿਚ ਛਪੀ ਰਘੁਬੀਰ ਢੰਡ ਦੀ ਕਹਾਣੀ 'ਸ਼ਾਨੇ ਪੰਜਾਬ' ਜਿਨ੍ਹਾਂ ਜਿਨ੍ਹਾਂ ਨੇ ਵੀ ਪੜ੍ਹੀ ਹੋਵੇਗੀ, ਉਨ੍ਹਾਂ ਦੇ ਮਨ-ਮਸਤਕ ਵਿਚ ਜ਼ਰੂਰ ਜਵਾਰ-ਭਾਟੇ ਆਏ ਹੋਣਗੇ। ਇਸ ਕਹਾਣੀ ਦਾ ਬਿਰਤਾਂਤ ਬੇਸ਼ਕ ਧੀਮੀ ਗਤੀ ਨਾਲ ਰਵਾਂ-ਰਵਾਂ ਚਲਦਾ ਹੈ, ਲੇਕਿਨ ਪਰਤ-ਦਰ-ਪਰਤ ਜਿਵੇਂ ਲੜੀ ਨਾਲ ਲੜੀ ਮਿਲਦੀ ਜਾਂਦੀ ਹੈ, ਤਿਵੇਂ ਤਿਵੇਂ ਜਜ਼ਬਾਤ ਦੀ ਸੁੱਤੀ ਜ਼ਮੀਨ ਵਿਚ ਇਸ ਦੇ ਪਾਤਰ ਆਪੋ-ਆਪਣੇ ਚਰਿੱਤਰ ਦਾ ਡੂੰਘਾ ਹਲ ਚਲਾਈ ਤੁਰੇ ਜਾਂਦੇ ਹਨ। ਕਿਸੇ ਸਿਆੜ ਵਿਚ ਵਲਾਇਤੀ ਇੰਡੀਅਨ ਦਾ ਟੌਹਰ-ਟੱਪਾ ਦਿਖਾਈ ਦਿੰਦਾ ਹੈ, ਕਿਤੇ ਸ਼ਰੀਕੇਦਾਰੀ ਦਾ ਸਾੜਾ, ਕਿਤੇ ਜਾਤ-ਪਾਤ ਦੇ ਮਜ਼ਬੂਤ ਸੰਗਲਾਂ ਨਾਲ ਨੂੜੇ ਹੋਏ ਉਚ ਬੰਸੀਏ, ਕਿਤੇ ਮਾਖਿਓਂ ਮਿੱਠੀ ਮਾਂ ਦੀ ਮਮਤਾ ਛਲਕਦੀ ਹੈ ਅਤੇ ਕਿਤੇ ਸਿਦਕ-ਸਬੂਰੀ, ਸਵੈ-ਵਿਸ਼ਵਾਸ ਤੇ ਖੁਦ-ਦਾਰੀ ਦਾ ਭਰਿਆ ਦਰਿਆ ਦਿਖਾਈ ਦਿੰਦਾ ਹੈ।

ਕਹਾਣੀ ਦਾ ਮੁੱਖ ਸੂਤਰਧਾਰ ਭਾਵੇਂ ਵਲਾਇਤੀ ਇੰਡੀਅਨ ਹੈ, ਪਰ ਕਥਾ ਪਾਠ ਦੇ ਅਖੀਰ ਤੱਕ ਪਹੁੰਚਦਿਆਂ ਪਾਠਕ ਦੇ ਜ਼ਿਹਨ ਵਿਚ ਸਿਦਕ ਤੇ ਸਿਰੜ ਦਾ ਮੁਜੱਸਮਾ ਜਸਵੰਤ ਸਿੰਘ ਹੀ ਛਾ ਜਾਂਦਾ ਹੈ। ਨਾਲ ਹੀ ਉਸ ਦੀ ਸੁਘੜ ਸਿਆਣੀ ਪਤਨੀ ਸੀਮਾ ਜਿਸ ਨੂੰ ਜਾਤ-ਜਨਮ ਪੱਖੋਂ ਸੁਨਿਆਰੀ ਹੋਣ ਦੇ 'ਗੁਨਾਹ' ਕਰ ਕੇ, ਸ੍ਰੀਮਤੀ ਸੋਢੀ ਬਣਨ ਲਈ ਦਕੀਆਨੂਸੀ ਸੋਚ ਦੇ ਹਥੌੜਿਆਂ ਦੀ ਮਾਰ ਸਹਿਣੀ ਪੈਂਦੀ ਹੈ; ਜਾਂ ਫਿਰ ਉਸ ਦੀ ਬਾਲੀ-ਭੋਲੀ, ਪਰ ਵੱਡੀ ਉਮਰ ਦੀਆਂ ਪੜ੍ਹੀਆਂ ਲਿਖੀਆਂ ਕੁੜੀਆਂ ਵਰਗੀਆਂ ਗੱਲਾਂ ਮਾਰਨ ਵਾਲੀ ਰਮੋਨਾ ਸੋਢੀ ਦੇ ਤੋਤਲੇ ਜਿਹੇ ਬੋਲ ਪਾਠਕ ਦੇ ਕੰਨਾਂ ਵਿਚ ਗੂੰਜਣ ਲੱਗ ਪੈਂਦੇ ਹਨ। ਆਪਣੀ ਮਾਤ ਭੂਮੀ ਨਾਲ ਅੰਤਾਂ ਦਾ ਮੋਹ ਕਰਨ ਵਾਲੇ ਜਸਵੰਤ ਸਿੰਘ ਦੇ ਜ਼ਿੰਦਗੀ ਜਿਉਣ ਦੇ ਢੰਗ ਨੇ ਇਹ ਮਨੌਤ ਵੀ ਤੋੜ ਦਿੱਤੀ ਹੈ ਕਿ ਧਰਮੀ ਲੋਕ ਹੀ ਅਸੂਲਾਂ ਜਾਂ ਸਿਧਾਂਤਾਂ ਨੂੰ ਪ੍ਰਣਾਏ ਹੁੰਦੇ ਹਨ। ਧੰਨ ਹੈ ਜਸਵੰਤ ਦਾ ਜ਼ੇਰਾ ਜੋ ਪੰਜਾਬ ਵਿਚ ਬੀਤੇ ਦੀ ਕਹਾਣੀ ਬਣ ਚੁੱਕੀ ਨਕਸਲੀ ਲਹਿਰ ਦੇ ਸਿਧਾਂਤਕ ਪੱਖ ਦਾ ਹਾਲੇ ਵੀ ਝੰਡਾ ਬਰਦਾਰ ਬਣਿਆ ਬੈਠਾ ਹੈ। ਉਸ ਦੇ ਇਹ ਬੋਲ "ਤਾਰੀਖ ਮੈਨੂੰ ਬੜਾ ਹੌਸਲਾ ਦਿੰਦੀ ਹੈ...ਜੰਗ ਐ, ਕੋਈ ਖੇਡ ਤਾਂ ਹੈ ਨਹੀਂ। ਹਾਰਾਂ ਵੀ ਹੋਣਗੀਆਂ, ਪਰ ਅੰਤ ਨੇਕੀ ਨੇ ਹੀ ਜਿੱਤਣਾ ਹੈ।" ਤਬਦੀਲੀ ਲਿਆਉਣ ਦੇ ਪਾਂਧੀਆਂ ਲਈ ਚਾਨਣ ਮੁਨਾਰਾ ਹਨ।

ਅਸਲ ਵਿਚ ਕਹਾਣੀਕਾਰ ਰਘੁਬੀਰ ਢੰਡ ਨੇ ਆਪਣੀ ਇਸ ਸ਼ਾਹਕਾਰ ਰਚਨਾ ਵਿਚ ਸਮਾਜ ਦੀਆਂ ਕਈ ਪਰਤਾਂ ਛੋਹੀਆਂ ਹਨ। ਰਾਜਸੀ ਧੱਕੇਸ਼ਾਹੀ ਅਤੇ ਕਿਸੇ ਮਿਸ਼ਨ ਨੂੰ ਲੈ ਕੇ ਤੁਰੇ ਜੁਝਾਰੂ ਕਾਫਲਿਆਂ ਵੱਲੋਂ ਦਿਲ ਛੱਡ ਜਾਣ ਦੇ ਨੁਕਤਿਆਂ ਨੂੰ ਬਾਖੂਬੀ ਚਿਤਰਿਆ ਗਿਆ ਹੈ। ਇਹ ਤੱਥ ਇਸ ਕਹਾਣੀ ਤੋਂ ਹੀ ਸਾਹਮਣੇ ਆਇਆ ਹੈ ਕਿ ਖਾਲਿਸਤਾਨੀ ਅਭਿਲਾਸ਼ੀਆਂ ਵਾਂਗ, ਕਿਸੇ ਮੌਕੇ ਕ੍ਰਾਂਤੀ ਲਿਆਉਣ ਤੁਰੇ ਨਕਸਲੀ ਲਹਿਰ ਵਾਲੇ ਨੌਜਵਾਨਾਂ ਵਿਚੋਂ ਵੀ ਅਨੇਕਾਂ ਵਿਦੇਸ਼ੀ ਉਡਾਰੀ ਮਾਰ ਗਏ ਸਨ। ਜਸਵੰਤ ਦੇ ਇਹ ਸ਼ਬਦ ਬਹੁਤ ਹੀ ਭਾਵਪੂਰਤ ਹਨ, "ਇਹ ਲੋਕਾਂ ਦੀ ਲਹਿਰ ਨਹੀਂ ਸੀ। ਗਰਮੀ ਤੇ ਨਿਖੇਧ ਦੀਆਂ ਗੱਲਾਂ ਪੈਟੀ-ਬੁਰਜਵਾ ਨੂੰ ਕੀਲ ਲੈਂਦੀਆਂ ਨੇ। ਸੋ ਇਹ ਪੈਟੀ-ਬੁਰਜਵਾ ਤੀਕ ਹੀ ਸੀਮਿਤ ਰਹੀ। ਲੋਕਾਂ ਦੀ ਸਰਗਰਮ ਭਾਈਵਾਲੀ ਤੋਂ ਬਿਨਾਂ ਹਾਕਮ ਜਮਾਤ ਦੀ ਸਰਦਾਰੀ ਖੋਹਣੀ ਸੰਭਵ ਨਹੀਂ। ਉਂਜ ਵੀ ਇਸ ਲਹਿਰ ਦੇ ਸੰਚਾਲਕਾਂ ਦੇ ਧੜ ਹਿੰਦੁਸਤਾਨੀ ਸਨ, ਸਿਰ ਚੀਨੀ।" ਕਹਾਣੀ ਵਿਚ ਕਈ ਮੌਕੇ ਐਸੇ ਆਉਂਦੇ ਹਨ, ਜਦੋਂ ਅੱਖਾਂ ਵਿਚ ਆਪ ਮੁਹਾਰੇ ਹੰਝੂ ਆ ਜਾਂਦੇ ਹਨ। ਇਹ ਕਹਾਣੀ ਲੰਮਾ ਚਿਰ ਤੱਕ ਪਾਠਕਾਂ ਦੇ ਚੇਤਿਆਂ ਵਿਚ ਵਸੀ ਰਹੇਗੀ। ਇਹੋ ਜਿਹੀਆਂ ਮਾਰਮਿਕ ਕਹਾਣੀਆਂ ਪਾਠਕਾਂ ਤੱਕ ਪਹੁੰਚਾਉਣ ਲਈ ਅਦਾਰਾ 'ਪੰਜਾਬ ਟਾਈਮਜ਼' ਦੇ ਤਹਿ ਦਿਲੋਂ ਧੰਨਵਾਦੀ ਹਾਂ।

*-ਫ਼ਕੀਰ ਚੰਦ ਸੈਂਪਲਾ, ਐਲ.ਏ.*

## ਦੁਪਾਲਪੁਰ ਦਾ ਲੇਖ 'ਖੀਰ, ਚਰਖਾ, ਕੁਤਾ, ਢੋਲ'

ਸੰਪਾਦਕ ਜੀ,

ਪਿਛਲੇ ਕਾਫੀ ਅਰਸੇ ਤੋਂ ਪੰਜਾਬ ਟਾਈਮਜ਼ ਅਖ਼ਬਾਰ ਰਾਹੀਂ ਚੰਗੇ ਚੰਗੇ ਲੇਖਕਾਂ ਦੇ ਵਿਚਾਰ ਪੜ੍ਹਨ ਦਾ ਮੌਕਾ ਮਿਲਦਾ ਰਿਹਾ ਹੈ ਅਤੇ ਤੁਸੀਂ ਵਧਾਈ ਦੇ ਪਾਤਰ ਹੋ ਕਿ ਤੁਹਾਡੇ ਪਾਸ ਅਖ਼ਬਾਰ ਲਈ ਲਿਖਣ ਲਈ ਉਚੀ-ਸੁਚੀ ਸੋਚ ਦੇ ਮਾਲਕ ਬੇਸ਼ੁਮਾਰ ਲਿਖਾਰੀ ਹਨ। ਬੇਸ਼ੱਕ ਸਾਰੇ ਲੇਖ ਹੀ ਲੋਕਾਈ ਨੂੰ ਸੇਧ ਦੇਣ ਵਾਲੇ ਹੁੰਦੇ ਹਨ ਪਰ ਹੱਕ ਅਤੇ ਸੱਚ ਦੀ ਅਵਾਜ ਸ. ਤਰਲੋਚਨ ਸਿੰਘ ਦੁਪਾਲਪੁਰ ਵਲੋਂ ਪਿਛਲੇ ਹਫਤੇ ਦੇ ਅੰਕ ਵਿਚ ਲਿਖਿਆ ਲੇਖ "ਖੀਰ, ਚਰਖਾ, ਕੁਤਾ, ਢੋਲ" ਪੜ੍ਹਿਆ ਤਾਂ ਮਨ ਨੂੰ ਬਹੁਤ ਤਸੱਲੀ ਹੋਈ ਕਿ ਸ਼ੁਕਰ ਹੈ ਪਰਮਾਤਮਾ ਦਾ, ਕੋਈ ਤਾਂ ਹੈ ਜੋ ਸੱਚ ਦੀ ਅਵਾਜ਼ ਬਣ ਕੇ ਸਿਧੇ ਮੱਥੇ ਲੋਕਾਂ ਨੂੰ ਮੁਖਾਤਿਬ ਹੋ ਕੇ ਸਹੀ ਨੂੰ ਸਹੀ ਤੇ ਗਲਤ ਨੂੰ ਗਲਤ ਕਹਿਣ ਦਾ ਜੇਰਾ ਕਰ ਸਕਿਆ ਹੈ। ਕਹਿੰਦੇ ਹਨ, "ਉਨ੍ਹਾਂ ਕਲਮਾਂ ਦਾ ਸਿਰਨਾਵਾਂ ਲੋਕੀਂ ਪੁਛਦੇ ਨੇ ਜੋ ਸੱਚ 'ਤੇ ਆ ਕੇ ਟਿੱਕ ਜਾਵਣ, ਕੋਈ ਵਜੂਦ ਨਹੀ ਹੁੰਦਾ ਉਨ੍ਹਾਂ ਸੋਚਾਂ ਦਾ ਜੋ ਪੈਰ ਪੈਰ 'ਤੇ ਵਿੱਕ ਜਾਵਣ।"

ਸ. ਦੁਪਾਲਪੁਰ ਵਧਾਈ ਦੇ ਪਾਤਰ ਹਨ ਜਿਨ੍ਹਾਂ ਲੋਕਾਂ ਦੀ ਸੁਤੀ ਜਮੀਰ ਨੂੰ ਜਗਾਉਣ ਲਈ ਇਸ ਲੇਖ ਰਾਹੀਂ ਸ਼ਲਾਘਾਯੋਗ ਉਪਰਾਲਾ ਕੀਤਾ। ਅਦਾਰਾ ਪੰਜਾਬ ਟਾਈਮਜ਼ ਨੂੰ ਵੀ ਵਧਾਈ ਦਾ ਪਾਤਰ ਹੈ ਜਿਸ ਪੈਸੇ ਦੇ ਲਾਲਚ ਤੋਂ ਉਪਰ ਉਠ ਕੇ ਇਸ ਲੇਖ ਰਾਹੀਂ ਬੇਲਾਗ ਤੇ ਬੇਬਾਕ ਪੱਤਰਕਾਰੀ ਦਾ ਮੁੱਢਲੀ ਹੋਣ ਦਾ ਫਰਜ਼ ਅਦਾ ਕੀਤਾ।

ਧੰਨਵਾਦ ਸਹਿਤ,

**-ਗੁਰਿੰਦਰਜੀਤ ਸਿੰਘ (ਨੀਟਾ ਮਾਛੀਕੇ), ਕੁਲਵੰਤ ਉਭੀ ਧਾਲੀਆਂ, ਅਮਰਜੀਤ ਸਿੰਘ ਢੌਂਧਰ ਅਤੇ ਮਨਜੀਤ ਸਿੰਘ ਪੱਤੜ-ਕੈਲੀਫੋਰਨੀਆ।**

## ਅਖ਼ਬਾਰ ਪੜ੍ਹਨ ਤੋਂ ਡਰਦਾ ਹਾਂ

### ਕਾਵਿ-ਕਿਆਰੀ

ਅੱਜਕੱਲ੍ਹ ਮੈਂ ਅਖ਼ਬਾਰ ਪੜ੍ਹਨ ਤੋਂ ਡਰਦਾ ਹਾਂ,
ਡਰਦਾ-ਡਰਦਾ ਮੈਂ ਅਖ਼ਬਾਰ ਨੂੰ ਪੜ੍ਹਦਾ ਹਾਂ।
ਹਰ ਇੱਕ ਪੰਨੇ ਉਤੇ ਖੂਨ ਹੀ ਚੋਂਦਾ ਹੈ,
ਖੂਨ ਚੋਂਦੇ ਨੂੰ ਦੇਖ ਮੇਰਾ ਦਿਲ ਰੋਂਦਾ ਹੈ।
ਕਿਧਰੇ ਪੁੱਤ ਨਸ਼ੇੜੀ ਬਾਪ ਨੂੰ ਵੱਢ ਦਿੱਤਾ,
ਕਿਸੇ ਵੈਲਣ ਧੀ ਨੇ ਮਾਂ ਨੂੰ ਘਰੋਂ ਹੈ ਕੱਢ ਦਿੱਤਾ।
ਹਾਏ 14 ਸਾਲ ਦੀ ਬੱਚੀ ਬਣ ਗਈ ਮਾਂ ਲੋਕੋ,
ਹੁਣ ਕਿਹੜੀ ਕਚਹਿਰੀ ਦੇਊ ਇਹਨੂੰ ਨਿਆਂ ਲੋਕੋ।
ਦਿਨ-ਦੀਵੀਂ ਹੀ ਤਾਲੇ ਟੁੱਟੀ ਜਾਂਦੇ ਨੇ,
ਰਖਵਾਲੇ ਹੀ ਦੇਸ਼ ਨੂੰ ਲੁੱਟੀ ਜਾਂਦੇ ਨੇ।
ਭ੍ਰਿਸ਼ਟਾਚਾਰ 'ਚ ਜਿਹੜੇ ਨੇਤਾ ਫਸਦੇ ਨੇ,
ਜੇਲ੍ਹੀਂ ਜਾ ਕੇ ਉਹ ਸਭ ਖਿੜਖਿੜ ਹੱਸਦੇ ਨੇ।
ਸੁਬ੍ਹਾ ਸਵੇਰੇ ਕਈ-ਕਈ ਵਾਰ ਮੈਂ ਮਰਦਾ ਹਾਂ,
ਅੱਜਕੱਲ੍ਹ ਮੈਂ ਅਖ਼ਬਾਰ ਪੜ੍ਹਨ ਤੋਂ ਡਰਦਾ ਹਾਂ।

ਲਾਲਚੀ ਸਾਲਿਆਂ ਹੱਥੋਂ ਜੀਜੇ ਮਰ ਰਹੇ ਨੇ,
ਦੇਖੋ ਸਕੀਆਂ ਭੈਣਾਂ ਰੰਡੀਆਂ ਕਰ ਰਹੇ ਨੇ।
ਲੋਪ ਹੋ ਗਏ ਹਾਸੇ ਉਡ ਗਈਆਂ ਖੁਸ਼ੀਆਂ,
ਨਿੱਤ ਹੀ ਹੁੰਦੀਆਂ ਦੇਖ ਰਹੇ ਹਾਂ ਖੁਦਕੁਸ਼ੀਆਂ।
ਕਈ ਵੇਚ ਜ਼ਮੀਨਾਂ ਭਰਤੀ ਹੁੰਦੇ ਡੀ.ਐਸ.ਪੀ.,
ਥਾਣੇਦਾਰਾਂ ਤੋਂ ਮਹੀਨਾ ਮੰਗਦੇ ਐਸ. ਐਸ. ਪੀ.।
ਸੁੱਚੇ ਰਿਸ਼ਤੇ ਸੱਪਾਂ ਵਾਂਗੂ ਡੱਸਦੇ ਨੇ,
ਕਈ ਸਹੁਰੇ ਦੇਖੇ ਨੂੰਹ ਦੀਆਂ ਤਲੀਆਂ ਝੱਸਦੇ ਨੇ।
ਵੀਰ ਕੈਨੇਡਾ ਜਾਣ ਦਾ ਰਾਹ ਅਪਨਾ ਲਿਆ ਹੈ,
ਸਕੀ ਭੈਣ ਨਾ ਕਾਗਜ਼ੀ ਵਿਆਹ ਕਰਾ ਲਿਆ ਹੈ।
ਜਦ ਮਾਮਾ ਭਾਣਜੀ ਫੜੇ ਤਾਂ ਸਾਹ ਹੀ ਸੂਤ ਗਿਆ,
ਹਾਏ ਓਏ ਮੇਰੇ ਪੰਜਾਬ ਦਾ ਆਵਾ ਹੀ ਊਤ ਗਿਆ।
ਕਿਸੇ ਪਤੀ ਨੇ ਪਤਨੀ ਦੇ ਗਲ ਰੱਸਾ ਪਾ ਦਿੱਤਾ,
ਕਿਸੇ ਨਾਲ ਪ੍ਰੇਮੀ ਰਲ ਕੇ ਪਤੀ ਵਢਾ ਦਿੱਤਾ।
ਮੈਂ ਆਪਣੇ ਹੀ ਦਿਲ ਦੀ ਭੱਠੀ ਚੜ੍ਹਦਾ ਹਾਂ,
ਅੱਜਕੱਲ੍ਹ ਮੈਂ ਅਖ਼ਬਾਰ ਪੜ੍ਹਨ ਤੋਂ ਡਰਦਾ ਹਾਂ।

ਸਭਿਆਚਾਰ ਦੀ ਗਾਇਕਾਂ ਗਿੱਚੀ ਮਰੋੜ ਦਿੱਤੀ,
ਗੀਤਕਾਰਾਂ ਨੇ ਗੋਡੇ ਕੋਲੋਂ ਲੱਤ ਤੋੜ ਦਿੱਤੀ।
ਹੋ ਗਏ ਗੀਤ ਅਪਾਹਜ ਹੋ ਗਏ ਨੇ ਲੰਗੜੇ,
ਲੰਗੜੇ ਗੀਤਾਂ ਉਤੇ ਪੈਂਦੇ ਨਿੱਤ ਭੰਗੜੇ।
ਚੈਨਲਾਂ ਵਾਲਿਆਂ ਨੇ ਸਾਰੇ ਵੱਟ ਕੱਢ ਦਿੱਤੇ,
ਘਰਾਂ ਵਿਚ ਜਿਉਂ ਸਾਨੂੰ ਭੂਤਰੇ ਛੱਡ ਦਿੱਤੇ।
ਥਾਣੇਦਾਰ, ਪਟਵਾਰੀ ਤਾਂ ਬਹੁਤ ਵਿਚਾਰੇ ਨੇ,
ਵੱਡੇ ਗੱਫੇ ਵੱਡੇ ਅਫ਼ਸਰਾਂ ਮਾਰੇ ਨੇ।
ਲੁੱਟਾਂ ਖੋਹਾਂ ਨਿੱਤ ਸਮੈਕੀਏ ਕਰਦੇ ਨੇ,
ਦੇਖੋ ਜੇਬਾਂ ਰੋਜ਼ ਬਲੈਕੀਏ ਭਰਦੇ ਨੇ।

ਛੇ ਜਣਿਆਂ ਨੇ ਬੱਸ ਵਿਚ ਕਾਰਾ ਕਰ ਦਿੱਤਾ,
ਸਾਰੇ ਦੇਸ਼ ਦੇ ਮੂੰਹ 'ਤੇ ਥੱਪੜ ਜੜ ਦਿੱਤਾ।
ਬਜਰੀ ਰੇਤ ਨੂੰ ਕਨਕ ਦੇ ਵਾਂਗੂੰ ਢੋਣਾ ਸੀ,
ਸਾਡੇ ਸਮਿਆਂ ਦੇ ਵਿਚ ਇਹ ਵੀ ਹੋਣਾ ਸੀ।
ਪੋਸਤ ਦੇ ਫੁੱਲ ਪਤਾ ਨਹੀਂ ਕਿੱਥੇ ਖਿਲਦੇ ਨੇ,
ਪਰ ਸ਼ੁੱਧ ਨਸ਼ੇ ਕੁਝ ਥਾਣਿਆਂ 'ਚੋਂ ਹੀ ਮਿਲਦੇ ਨੇ।
ਮੈਂ ਰੋਂਦਾ ਹਾਂ, ਖਿਝਦਾ ਹਾਂ, ਮੈਂ ਸੜਦਾ ਹਾਂ,
ਅੱਜਕੱਲ੍ਹ ਮੈਂ ਅਖ਼ਬਾਰ ਪੜ੍ਹਨ ਤੋਂ ਡਰਦਾ ਹਾਂ।

ਸੰਧੂਆ ਤੂੰ ਚੁੱਪ ਕਰ ਜਾ ਸਿਰ ਪੜਵਾ ਲਏਂਗਾ,
ਜਾਂ ਆਪਣੇ ਸਿਰ ਝੂਠਾ ਕੇਸ ਪੁਆ ਲਏਂਗਾ।
ਯਾਰ ਵੀ ਦੁੱਖ ਵੰਡਾਵਣਗੇ ਸਹਿੰਦਾ ਸਹਿੰਦਾ,
ਨਾਲੇ ਕਹਿਣਗੇ ਬੰਦਿਆ ਐਡੇ ਪੰਗੇ ਨਾ ਲੈਂਦਾ।
ਗੀਤਾਂ ਵਿਚ ਅਖਵਾਉਣਾ ਭਾਵੇਂ ਹੀਰੋ ਏਂ,
ਰਾਜਨੀਤੀ ਦੇ ਇਸ ਸਿਸਟਮ 'ਚ ਤੂੰ ਜ਼ੀਰੋ ਏਂ।
ਤੇਰੇ ਜੇਹੇ ਦੁੱਖ ਰੋ ਰੋ ਲੱਖਾਂ ਤੁਰ ਗਏ ਨੇ,
ਪਾਣੀ ਦੇ ਵਿਚ ਲੂਣ ਵਾਂਗ ਉਹ ਖੁਰ ਗਏ ਨੇ।
ਜੇ ਬਹੁਤਾ ਈ ਦਮ ਘੁੱਟਦਾ ਲਿਖ ਲਿਖ ਸੁੱਟੀ ਜਾ,
ਆਪਣੇ ਦਿਲ ਵਿਚ ਡੂੰਘੇ ਟੋਏ ਪੁੱਟੀ ਜਾ।
ਜਾਂ ਅੱਖਾਂ ਮੀਟ ਕੇ ਵਾਂਗ ਕਬੂਤਰ ਦੇਖੀ ਜਾ,
ਆਪਣੇ ਗੁੱਸੇ ਦੀ ਅੱਗ ਆਪ ਹੀ ਸੇਕੀ ਜਾ।
'ਉਨ੍ਹਾਂ' ਦਾ ਕੁਝ ਨਈਂ ਜਾਣਾ ਤੇਰਾ ਰਹਿਣਾ ਨਈਂ,
ਉਹ ਜ਼ਾਲਮ, ਉਹ ਡਾਢੇ, ਉਨ੍ਹਾਂ ਨੇ ਢਹਿਣਾ ਨਈਂ।
ਮੈਂ ਅਖ਼ਬਾਰ ਨੂੰ ਪਾੜ ਮੰਜੇ 'ਤੇ ਧਰਦਾ ਹਾਂ,
ਅਗਲੇ ਹੀ ਪਲ ਟੋਟੇ 'ਕੱਠੇ ਕਰਦਾ ਹਾਂ।
ਅੱਜਕੱਲ੍ਹ ਮੈਂ ਅਖ਼ਬਾਰ ਪੜ੍ਹਨ ਤੋਂ ਡਰਦਾ ਹਾਂ
ਡਰਦਾ ਡਰਦਾ ਮੈਂ ਅਖ਼ਬਾਰ ਨੂੰ ਪੜ੍ਹਦਾ ਹਾਂ।

*-ਸ਼ਮਸ਼ੇਰ ਸਿੰਘ ਸੰਧੂ*
*ਫੋਨ: 91-98763-12860*

# ਪੰਜਾਬ ਲਈ ਹੁਣ ਚੁਰਾਸੀ ਤੋਂ ਅਗਲੀ ਪੁਲਾਂਘ ਦਾ ਵੇਲਾ

## ਸਭ ਧਿਰਾਂ ਸਭ ਪੱਖਾਂ 'ਤੇ ਕਰਨ ਵਿਚਾਰਾਂ

**ਹਰਜਿੰਦਰ ਦੁਸਾਂਝ**
ਫੋਨ: 530-301-1753

ਜੂਨ ਮਹੀਨਾ ਮੁੜ ਚੜ੍ਹ ਆਇਆ ਹੈ। ਯਾਦ ਆਇਆ ਹੈ ਚੁਰਾਸੀ ਦਾ ਦੁਖਾਂਤ। ਮੁੜ ਗੱਲਾਂ ਤੁਰੀਆਂ ਉਸ ਖੌਫ਼ਨਾਕ ਵਕਤ ਦੀਆਂ, ਜਦੋਂ ਘਰੋਂ ਗਏ ਪੰਜਾਬੀਆਂ ਦੇ ਘਰ ਪਰਤਣ ਦੀ ਕੋਈ ਗਰੰਟੀ ਨਹੀਂ ਸੀ ਹੁੰਦੀ। ਉਸ ਦੌਰ ਨੂੰ ਚੇਤੇ ਕਰਨ ਲਈ ਵੱਖੋ ਵੱਖਰੀਆਂ ਧਿਰਾਂ ਵੱਲੋਂ ਆਪੋ ਆਪਣੇ ਤਰੀਕੇ ਨਾਲ ਪ੍ਰੋਗਰਾਮ ਉਲੀਕੇ ਜਾ ਰਹੇ ਹਨ। ਇਨ੍ਹਾਂ ਪ੍ਰੋਗਰਾਮਾਂ ਦੀ ਰੂਪ ਰੇਖਾ ਦੇਖ ਕੇ ਲਗਦਾ ਹੈ ਕਿ ਤਿੰਨ ਦਹਾਕੇ ਬੀਤੇ ਜਾਣ ਦੇ ਬਾਵਜੂਦ ਕੋਈ ਵੀ ਧਿਰ ਉਸ ਕਾਲੇ ਦੌਰ ਨੂੰ ਸਾਰਥਕ ਢੰਗ ਨਾਲ ਸਮਝਣ, ਪਰਖਣ, ਵਿਚਾਰਨ ਤੇ ਪੜਚੋਲਣ ਲਈ ਤਿਆਰ ਨਹੀਂ। ਇਸ ਤੋਂ ਵੀ ਦੁੱਖਦਾਈ ਪਹਿਲੂ ਇਹ ਹੈ ਕਿ ਬੀਤੇ ਸਮੇਂ ਵਾਂਗ ਇਸ ਵਾਰ ਵੀ, ਉਸ ਦੌਰ ਦੇ ਨਾਂ 'ਤੇ ਸੱਤਾ ਦੀ ਲਾਲਸਾ ਅਤੇ ਸੌੜੀ ਸਿਆਸਤ ਦੀਆਂ ਗੀਟੀਆਂ ਖੇਡੀਆਂ ਜਾ ਰਹੀਆਂ ਹਨ। ਇਸ ਵਾਰ ਦੀਆਂ ਚਾਲਾਂ ਪਿਛਲੇ ਸਾਲਾਂ ਨਾਲੋਂ ਵੀ ਖਤਰਨਾਕ ਹਨ। ਸ਼ਾਇਦ ਇਸ ਦਾ ਮੁੱਖ ਕਾਰਨ ਅਗਲੇ ਸਾਲ ਹੋਣ ਵਾਲੀਆਂ ਲੋਕ ਸਭਾ ਚੋਣਾਂ ਹੋਣ!

ਸਾਰੀਆਂ ਧਿਰਾਂ ਵਿਚੋਂ ਇਕ ਉਹ ਧਿਰ ਵੀ ਹੈ ਜਿਹੜੀ ਉਸ ਦੌਰ ਨੂੰ ਡਰਾਉਣਾ ਸੁਪਨਾ ਕਹਿ ਕੇ ਭੁਲਾਉਣ ਦੀ ਵਕਾਲਤ ਕਰ ਰਹੀ ਹੈ। ਇਕ ਉਹ ਧਿਰ ਹੈ (ਖਾਸ ਕਰ ਕੇ ਭਾਰਤ ਤੋਂ ਬਾਹਰ ਰਹਿੰਦੇ ਸਿੱਖਾਂ ਦੀ) ਜਿਸ ਦੇ ਉਸ ਕਾਲੇ ਦੌਰ ਦੇ ਸਮੇਂ ਨਾਲ ਸੌੜੇ ਹਿੱਤ ਜੁੜੇ ਹੋਏ ਹਨ। ਉਹ ਇਸ ਦੌਰ ਨੂੰ ਆਪਣੇ ਢੰਗ ਨਾਲ ਚੇਤੇ ਰੱਖਣਾ ਚਾਹੁੰਦੇ ਹਨ। ਇਸ ਧਿਰ ਲਈ ਸਿੱਕੇ ਦਾ ਇਕ ਪਾਸਾ ਖਰਾ ਤੇ ਦੂਜਾ ਖੋਟਾ ਹੈ। ਠੀਕ ਹੈ, ਉਸ ਦੌਰ ਨੂੰ ਭੁਲਾਇਆ ਨਹੀਂ ਜਾ ਸਕਦਾ, ਨਾ ਭੁਲਾਉਣਾ ਹੀ ਚਾਹੀਦਾ ਹੈ, ਪਰ ਸਮੇਂ ਦੀ ਲੋੜ ਹੈ, ਖਰੇ ਤੇ ਖੋਟੇ ਸਿੱਕੇ ਨੂੰ ਢਾਲ ਕੇ ਨਵਾਂ ਸਿੱਕਾ ਈਜਾਦ ਕਰਨ ਦੀ, ਜਿਸ ਦੇ ਦੋਵੇਂ ਪਾਸੇ ਖਰੇ ਹੋਣ ਤੇ ਜਿਹੜਾ ਸਦੀਆਂ ਤਕ ਖਰਚਣ ਤੇ ਵਰਤਣ ਦੇ ਯੋਗ ਹੋਵੇ।

ਪੰਜਾਬੀ ਦੇ ਉਸਤਾਦ ਸ਼ਾਇਰ ਸੁਰਜੀਤ ਪਾਤਰ ਨੇ ਉਸ ਦੌਰ ਵਿਚ ਉਸ ਬਾਰੇ ਲਿਖਿਆ ਸੀ, "ਪਾਣੀ ਮੰਗਦੇ ਜੰਗਲ ਦੇ ਵਿਚ ਕੰਡਿਆਂ ਦੀ ਇਕ ਝਿੜੀ ਉਗਾ ਦਿੱਤੀ, ਫਿਰ ਕੰਡੇ-ਕੰਡੇ ਕਹਿ ਕੇ ਸਾਰੇ ਜੰਗਲ ਨੂੰ ਅੱਗ ਲਾ ਦਿੱਤੀ।" ਰਸਦੇ ਵਸਦੇ ਜੰਗਲ ਵਿਚ ਕੰਡਿਆਂ ਦੀ ਝਿੜੀ ਬੀਜਣ ਵਾਲੀ ਧਿਰ ਖੁਦ ਮੰਨਦੀ ਹੈ ਕਿ ਉਨ੍ਹਾਂ ਜੰਗਲ 'ਚ ਕੰਡਿਆਂ ਦੀ ਝਿੜੀ ਬੀਜੀ ਸੀ, ਪਰ ਜੰਗਲ ਲਈ ਸੋਚਣ ਤੇ ਸਮਝਣ ਵਾਲੀ ਗੱਲ ਹੈ ਕਿ ਇਹ ਗੱਲ ਮੰਨ ਲੈਣ ਨਾਲ ਜੰਗਲ ਦੀ ਹੋਈ ਵੱਢ-ਟੁੱਕ ਤੋਂ ਕੋਈ ਨਿਜਾਤ ਮਿਲੀ, ਜਾਂ ਇਹ ਕਿਤੇ ਕਿਸੇ ਹੋਰ ਝਾੜੀ ਦਾ ਬੀਜ ਤਾਂ ਨਹੀਂ? ਖ਼ੈਰ ਜੇ ਮੰਨ ਲਿਆ ਜਾਵੇ ਕਿ ਕੰਡਿਆਲੀ ਝਾੜੀ ਬੀਜਣ ਵਾਲੀ ਧਿਰ ਇਮਾਨਦਾਰ ਹੈ ਤਾਂ ਅਤੀਤ 'ਚ ਜਿਨ੍ਹਾਂ ਦੂਜੀਆਂ ਧਿਰਾਂ ਨੇ ਆਪਣੇ ਮੁਫਾਦ ਖਾਤਿਰ ਇਸ ਕੰਡਿਆਲੀ ਝਾੜੀ ਨੂੰ ਪਾਣੀ ਪਾ ਉਸ ਦੀਆਂ ਸੂਲਾਂ ਹੋਰ ਤਿੱਖੀਆਂ ਕੀਤੀਆਂ, ਜਿਨ੍ਹਾਂ ਨੇ ਜੰਗਲ (ਪੰਜਾਬ) ਨੂੰ ਲਹੂ-ਲੁਹਾਣ ਕਰੀ ਰੱਖਿਆ, ਉਨ੍ਹਾਂ ਧਿਰਾਂ ਨੂੰ ਖੁੱਲ੍ਹੇ ਤੌਰ 'ਤੇ ਅੱਗੇ ਆ ਕੇ ਹੁਣ ਜਾਣੇ ਜਾਂ ਅਣਜਾਣੇ ਵਿਚ ਕੀਤੀਆਂ ਗਲਤੀਆਂ ਮੰਨਣੀਆਂ ਚਾਹੀਦੀਆਂ ਹਨ। ਜਿਹੜੀ ਧਿਰ ਮੰਨਦੀ ਹੈ ਕਿ ਕੰਡੇ ਉਸ ਨੇ ਖਿਲਾਰੇ ਸਨ, ਉਸ ਲਈ ਇਹ ਮੰਨਣ ਦੇ ਨਾਲ ਨਾਲ ਹੋਰ ਵੀ ਬਹੁਤ ਕੁਝ ਕਰਨਾ ਬਾਕੀ ਹੈ। ਉਸ ਦੌਰ 'ਚ ਪੰਜਾਬ ਦੀਆਂ ਸਭ ਰਾਜਸੀ ਪਾਰਟੀਆਂ ਤੇ ਬੁੱਧੀਜੀਵੀਆਂ, ਅਖ਼ਬਾਰਾਂ ਤੇ ਅਖ਼ਬਾਰਨਵੀਸਾਂ ਤੋਂ ਲੈ ਕੇ ਅਫਸਰਸ਼ਾਹੀ ਤੇ ਕਾਨੂੰਨਦਾਨਾਂ ਨੇ ਆਪੋ ਆਪਣੇ ਹਿੱਤ ਜੋੜ ਲਏ ਸਨ। ਦੁੱਖਦਾਈ ਪਹਿਲੂ ਹੈ ਕਿ ਉਸ ਵਕਤ ਲੋਕਾਂ ਦੇ ਦੁੱਖਾਂ 'ਚੋਂ ਸੁੱਖ ਲੱਭਣ ਵਾਲੀ ਜਿਹੜੀ ਧਿਰ ਪੈਦਾ ਹੋਈ, ਉਹ ਅਜੇ ਵੀ ਗਾਹੇ-ਬਗਾਹੇ ਪੰਜਾਬ ਦੇ ਲੋਕਾਂ ਦਾ ਖਹਿੜਾ ਨਹੀਂ ਛੱਡ ਰਹੀ। ਪੰਜਾਬੀ ਦੇ ਸਤਿਕਾਰਯੋਗ ਕਵੀ ਤੇ ਵਿਗਿਆਨੀ ਡਾ. ਗੁਰੂਮੇਲ ਸਿੰਘ ਸਿੱਧੂ ਨੇ ਇਸ ਵਰਤਾਰੇ ਬਾਰੇ ਲਿਖਿਆ ਸੀ,

"ਰੋਸ ਕੀ ਕਰੀਏ ਦੂਸਰਿਆਂ ਦੀ ਘ੍ਰਿਣਾ ਦੇ
ਆਪਣੇ ਅੰਦਰ ਵਿਹੁ ਦੇ ਕੀੜੇ ਪਲਦੇ ਰਹੇ।
ਰਤੀ ਭਰ ਵੀ ਸੇਕ ਨਾ ਲੱਗਿਆ ਕੁਰਸੀ ਨੂੰ,
ਸਿਵਿਆਂ ਵਿਚ ਨਿਰਦੋਸ਼ਾਂ ਦੇ ਧੜ ਬਲਦੇ ਰਹੇ।
ਲਾਹ ਲਈ ਚੁੰਨੀ ਧੀਆਂ ਵਰਗੇ ਰੁੱਖਾਂ ਤੋਂ,
ਕਾਮਦੇਵ ਦੀ ਇੱਛਾ ਦੇ ਫੱਲ ਫੁਲਦੇ ਰਹੇ।
ਜਿਹੜੇ ਸਾਲੂ ਤਾਣ ਤੇ ਵਟਣਾ ਮਲਦੇ ਰਹੇ,
ਆਖਿਰ ਉਹ ਕੱਫਣ ਬਣ ਜਲਦੇ ਰਹੇ।"

ਮੱਸਿਆ ਦੀ ਰਾਤ ਦਾ ਜ਼ਿਕਰ ਜੋ ਉਸ ਸਮੇਂ ਦੇ ਕਵੀਆਂ ਨੇ ਕੀਤਾ, ਉਹ ਰਾਤ ਅਜੇ ਵੀ ਬਾਕੀ ਹੈ। ਕਈ ਵਾਰ ਤਾਂ ਰਾਤ ਦੇ ਡਰਾਉਣੇ ਸੁਪਨੇ ਅਜੇ ਵੀ ਹੱਸਦੇ ਦਿੱਸਦੇ ਹਨ। ਜੇ ਪੰਜਾਬੀਆਂ, ਖਾਸ ਕਰ ਕੇ ਸਿੱਖ ਭਾਈਚਾਰੇ ਨੇ ਸੱਚ ਮੁੱਚ ਹਨੇਰਿਆਂ ਤੋਂ ਖਹਿੜਾ ਛੁਡਾ ਕੇ ਸੂਰਜ ਸੰਗ ਜਿਉਣਾ ਹੈ ਤਾਂ ਪੁਰਾਣੇ ਸਮੇਂ ਤੋਂ ਸਬਕ ਲੈ ਕੇ ਉਪਰਾਲੇ ਵਿੱਢਣੇ ਪੈਣਗੇ। ਸਮੇਂ ਨੂੰ ਸੱਚ ਦੀ ਕਸਵੱਟੀ 'ਤੇ ਪਰਖਣਾ ਪਵੇਗਾ।

ਇਹ ਸੱਚ ਹੈ ਕਿ ਜੰਗਲ 'ਚ ਕੰਡਿਆਂ ਦੀ ਝਿੜੀ ਇਕ ਰਾਜਸੀ ਧਿਰ ਨੇ ਉਗਾਈ, ਪਰ ਇਹ ਵੀ ਸੱਚ ਹੈ ਕਿ ਜੇ ਜੰਗਲ ਦਾ ਪੌਣ-ਪਾਣੀ ਝਾੜੀ ਦੇ ਵਧਣ-ਫੁੱਲਣ ਦੇ ਅਨੁਕੂਲ ਨਾ ਹੁੰਦਾ ਤਾਂ ਕੋਈ ਭਾਵੇਂ ਕਿੰਨੇ ਥੋਹਰਾਂ ਦੇ ਬੀਜ ਖਿਲਾਰ ਲੈਂਦਾ, ਇਹ ਜੰਮਣੇ ਨਹੀਂ ਸਨ। ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਸਿੱਖ ਭਾਈਚਾਰੇ ਤੇ ਸਮੁੱਚੇ ਪੰਜਾਬੀਆਂ ਲਈ ਇਕੋ ਸਮੇਂ ਨਾਇਕ ਵੀ ਹਨ ਤੇ ਖਲਨਾਇਕ ਵੀ। ਇਕ ਧਿਰ ਕਹਿ ਰਹੀ ਹੈ ਕਿ ਉਸ ਨੂੰ ਕਾਂਗਰਸ ਨੇ ਸ਼ਹਿ ਦਿੱਤੀ ਤੇ ਦੂਜੀ ਧਿਰ ਕਹਿ ਰਹੀ ਹੈ ਕਿ ਉਸ ਨੂੰ ਰਾਜਸੀ ਸ਼ਕਤੀ ਅਕਾਲੀਆਂ ਨੇ ਦਿੱਤੀ, ਪਰ ਹਮਾਮ ਵਿਚ ਸਭ ਨੰਗੇ ਹਨ। ਲਾਲ, ਭਗਵੇਂ, ਨੀਲੇ ਤੇ ਚਿੱਟੇ ਇਕੋ ਥੈਲੀ ਦੇ ਚੱਟੇ-ਵੱਟੇ ਹਨ।



ਅਪਰੇਸ਼ਨ ਬਲੂ ਸਟਾਰ ਤੋਂ ਬਾਅਦ ਅਕਾਲ ਤਖਤ ਦੀ ਤਬਾਹ ਹੋਈ ਇਮਾਰਤ

ਅਤੀਤ ਵਿਚ ਕਾਮਰੇਡਾਂ, ਕਾਂਗਰਸੀਆਂ, ਅਕਾਲੀਆਂ ਤੇ ਭਾਜਪਾਈਆਂ ਸਮੇਤ ਖਾੜਕੂ ਜਥੇਬੰਦੀਆਂ ਤੇ ਕਈ ਹੋਰ ਧਿਰਾਂ ਨੇ ਗਲਤੀਆਂ ਕੀਤੀਆਂ ਜਿਨ੍ਹਾਂ ਦੇ ਬਦਲੇ ਦੋ ਦਹਾਕੇ ਪੰਜਾਬ ਦੇ ਪਿੰਡੇ 'ਚੋਂ ਲਹੂ ਸਿੰਮਦਾ ਰਿਹਾ। ਅੱਜ ਭਾਵੇਂ ਲਹੂ ਸਿੰਮਦਾ ਨਹੀਂ ਦਿਸਦਾ, ਪੰਜਾਬ ਦੇ ਪਿੰਡੇ ਉਤੇ ਲੱਗੇ ਜ਼ਖਮਾਂ ਉਤੇ ਸਮੇਂ ਦੇ ਖਰਿੰਡ ਆ ਢੁੱਕੇ ਹਨ ਪਰ ਅੰਦਰੋਂ ਜ਼ਖ਼ਮ ਅਜੇ ਵੀ ਅੱਲ੍ਹੇ ਹਨ। ਦਰਅਸਲ ਹੁਣ ਪੰਜਾਬ ਨੂੰ ਤਾਬੇ ਕਰਨ ਦੀ ਲੋੜ ਹੈ। ਦੁਖਦਾਈ ਪਹਿਲੂ ਇਹ ਹੈ ਕਿ ਪੰਜਾਬ ਨੂੰ ਸਿਹਤਯਾਬ ਕਰਨ ਲਈ ਜੋ ਹੋਣਾ ਚਾਹੀਦਾ ਸੀ, ਉਹ ਹੋ ਨਹੀਂ ਰਿਹਾ। ਜੋ ਨਹੀਂ ਹੋਣਾ ਚਾਹੀਦਾ, ਉਹ ਹੋ ਰਿਹਾ ਹੈ। ਇਸੇ ਕਰ ਕੇ ਪੰਜਾਬ ਦੇ ਜ਼ਖਮ ਠੀਕ ਹੋਣ ਦੀ ਥਾਂ ਨਾਸੂਰ ਬਣਦੇ ਜਾ ਰਹੇ ਹਨ, ਜੋ ਕਦੇ ਵੀ ਕਿਸੇ ਨਵੇਂ ਜ਼ਖ਼ਮ ਦੇ ਰੂਪ ਵਿਚ ਫਟ ਸਕਦੇ ਹਨ।

ਸਮੂਹ ਪੰਜਾਬੀਆਂ, ਖਾਸ ਕਰ ਕੇ ਸਿੱਖ ਭਾਈਚਾਰੇ ਨੇ ਜੇ ਸੱਚਮੁੱਚ ਪੰਜਾਬ ਦੇ ਪਿੰਡੇ ਦੇ ਜ਼ਖਮ ਠੀਕ ਕਰਨੇ ਹਨ ਜਿਹੜੇ ਇਕ ਦਿਨ ਕਰਨੇ ਹੀ ਪੈਣੇ ਹਨ, ਤਾਂ ਖਾੜਕੂ ਧਿਰਾਂ ਸਮੇਤ ਸਭ ਨੂੰ ਆਪਣੇ ਨਿਜੀ ਮੁਫਾਦ ਛੱਡ ਕੇ ਅਤੀਤ ਵਿਚ ਕੀਤੀਆਂ ਗਲਤੀਆਂ ਮੰਨਣੀਆਂ ਚਾਹੀਦੀਆਂ ਹਨ ਅਤੇ ਮਸਲੇ ਨੂੰ ਇਮਾਨਦਾਰੀ ਤੇ ਦਿਆਨਤਦਾਰੀ ਨਾਲ ਵਿਚਾਰਨਾ ਚਾਹੀਦਾ ਹੈ। ਕਾਲੇ ਵਕਤ ਦੇ ਦੌਰ 'ਚ ਅੰਮ੍ਰਿਤਸਰ ਦੇ ਜੰਮਪਲ ਤੇ ਅੰਮ੍ਰਿਤਸਰ ਦੇ ਲੰਬਾ ਸਮਾਂ ਡੀ.ਸੀ. ਰਹੇ ਸ. ਸਰਬਜੀਤ ਸਿੰਘ, ਜਿਨ੍ਹਾਂ ਬਾਰੇ ਕਿਹਾ ਜਾਂਦਾ ਹੈ ਕਿ ਉਨ੍ਹਾਂ ਨੇ ਆਪਣੇ ਸਮੇਂ 'ਚ ਹਾਲਾਤ ਸਾਜ਼ਗਾਰ ਕਰਨ ਲਈ ਬਹੁਤ ਸਿਆਣਪ ਤੇ ਸਾਰਥਕਤਾ ਨਾਲ ਕੰਮ ਕੀਤਾ। ਇਸ ਨਾਲ ਉਨ੍ਹਾਂ ਨੂੰ ਕੌਮਾਂਤਰੀ ਪ੍ਰਸਿੱਧੀ ਵੀ ਮਿਲੀ ਤੇ ਕਈ ਵਾਰ ਭਾਰਤੀ ਖੁਫੀਆ ਏਜੰਸੀਆਂ ਦੇ ਗੁੱਸੇ ਦਾ ਸ਼ਿਕਾਰ ਵੀ ਹੋਣਾ ਪਿਆ। ਉਸ ਦੌਰ ਨੂੰ ਚੇਤੇ ਕਰਕੇ ਉਹ ਅਕਸਰ ਇਕ ਸ਼ੇਅਰ ਦੁਹਰਾਉਂਦੇ ਹਨ ਜਿਸ ਦਾ ਅਰਥ ਹੈ- ਕੁਝ ਲੋਕ ਵੀ ਸ਼ਹਿਰ ਦੇ ਜ਼ਾਲਮ ਸੀ, ਕੁਝ ਮੈਨੂੰ ਮਰਨ ਦਾ ਸ਼ੌਕ ਵੀ ਸੀ...।

ਇਸ ਸ਼ੇਅਰ 'ਚ ਦਰਦ ਦੇ ਨਾਲ ਨਾਲ ਕੌੜਾ ਸੱਚ ਵੀ ਬਿਆਨ ਕੀਤਾ ਗਿਆ ਹੈ। ਅੱਜ ਲੋੜ ਇਸ ਦਰਦ ਨੂੰ ਮਹਿਸੂਸ ਕਰਦਿਆਂ ਸੱਚ ਦੇ ਸਨਮੁੱਖ ਹੋ ਕੇ ਅਗਲਾ ਰਾਹ ਪੱਧਰਾ ਕਰਨ ਦੀ ਹੈ।

ਸੌੜੀ ਸਿਆਸਤ ਦੀ ਭੇਟ ਚੜ੍ਹੇ ਨਿਰਦੋਸ਼ਾਂ ਦੀ ਯਾਦ ਵਿਚ ਸਮਾਗਮ ਹੋ ਰਹੇ ਹਨ। ਇਕ ਧਿਰ ਸਰਕਾਰੀ ਦਹਿਸ਼ਤਗਰਦੀ ਨੂੰ ਜਾਇਜ਼ ਮੰਨਦੀ ਹੈ ਤੇ ਦੂਜੀ ਗੈਰ-ਸਰਕਾਰੀ ਧਿਰ ਨੂੰ ਦਰੁਸਤ ਦੱਸਦੀ ਹੈ। ਅਸਲੀਅਤ ਇਹ ਹੈ ਕਿ ਪੰਜਾਬੀਆਂ ਦਾ ਘਾਣ ਦੋਹਾਂ ਪੁੜਾਂ ਵਿਚਾਲੇ ਹੋਇਆ। ਜੇ ਅਸੀਂ ਸੱਚੇ ਦਿਲੋਂ ਚਾਹੁੰਦੇ ਹਾਂ ਕਿ ਮੁੜ ਅਜਿਹਾ ਨਾ ਹੋਵੇ, ਤਾਂ ਹੋ ਰਹੇ ਸਮਾਗਮਾਂ, ਖਾਸ ਕਰ ਕੇ ਗੁਰੂ ਘਰਾਂ 'ਚ ਹੋ ਰਹੇ ਧਾਰਮਿਕ ਸਮਾਗਮਾਂ 'ਚ ਇਸ ਮਸਲੇ ਦੇ ਹਰ ਪਹਿਲੂ 'ਤੇ ਵਿਚਾਰਾਂ ਹੋਣੀਆਂ ਚਾਹੀਦੀਆਂ ਹਨ। ਸੈਮੀਨਾਰ ਹੋਣੇ ਚਾਹੀਦੇ ਹਨ। ਵਿਚਾਰ ਵਟਾਂਦਰੇ ਤੇ ਗੋਸ਼ਟੀਆਂ ਹੋਣੀਆਂ ਚਹੀਦੀਆਂ ਹਨ ਜਿਨ੍ਹਾਂ ਵਿਚ ਵਿਰੋਧੀ ਧਿਰਾਂ ਦੇ ਵਿਚਾਰ ਵੀ ਠਰੰਮੇ ਨਾਲ ਸੁਣੇ ਤੇ ਵਿਚਾਰੇ ਜਾਣ, ਨਾ ਕਿ ਆਪਣੇ ਵਿਰੋਧੀ ਦੀ ਆਵਾਜ਼ ਬੰਦ ਕਰਨ ਵਰਗਾ ਵਰਤਾਰਾ ਵਰਤਾਇਆ ਜਾਵੇ।

ਵਿਕਾਸ ਵਿਰੋਧ ਵਿਚੋਂ ਹੁੰਦਾ ਹੈ, ਦਵੰਦਵਾਦ ਦਾ ਦਾਮਨ ਫੜਿਆਂ ਹੀ ਮਸਲਿਆਂ ਦੇ ਹੱਲ ਨਿਕਲਦੇ ਹਨ। ਭਾਰਤੀ ਸਮਾਜ 'ਚ ਬਾਬੇ ਨਾਨਕ ਨੇ ਕੁਝ ਕਹਿਣ ਤੇ ਕੁਝ ਸੁਣਨ ਦੀ ਪਿਰਤ ਪਾਈ। ਸਿੱਖ ਭਾਈਚਾਰੇ ਨੂੰ ਆਪਣੇ ਮਸਲੇ ਹੱਲ ਕਰਨ ਲਈ ਬਾਬੇ ਨਾਨਕ ਦੀ ਕਹਿਣੀ (ਉਪਦੇਸ਼) ਅਤੇ ਕਰਨੀ ਉਤੇ ਫੁੱਲ ਚੜ੍ਹਾਉਣੇ ਚਾਹੀਦੇ ਹਨ। ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਅਤੇ ਖਾੜਕੂ ਧਿਰਾਂ ਸਮੇਤ ਸਭ ਰਾਜਸੀ ਤੇ ਸਮਾਜਕ ਧਿਰਾਂ ਨੂੰ ਇਕ-ਦੂਜੇ ਦਾ ਅੰਨ੍ਹਾ ਵਿਰੋਧ ਤੇ ਬੇਲੋੜੀ ਦੂਸ਼ਣਬਾਜ਼ੀ ਤੋਂ ਉਪਰ ਉਠ ਕੇ ਵਿਚਾਰ ਕਰਨੀ ਚਾਹੀਦੀ ਹੈ ਕਿ ਪੰਜਾਬ ਦੇ ਆਰਥਿਕ, ਸਮਾਜਕ, ਧਾਰਮਿਕ, ਰਾਜਸੀ ਤੇ ਸਭਿਆਚਾਰਕ ਮਸਲੇ ਅਜੇ ਵੀ ਉਥੇ ਹੀ ਥੋਹਰਾਂ ਦੇ ਬੀਜ ਬਣ ਕੇ ਖਿੱਲਰੇ ਪਏ ਹਨ। ਇਹ ਉਹੀ ਪੁਰਾਣੇ ਮਸਲੇ ਹਨ ਜਿਨ੍ਹਾਂ ਕਰ ਕੇ ਪੰਜਾਬ ਵਿਚ ਕਦੇ 'ਪਗੜੀ ਸੰਭਾਲ ਜੱਟਾ' ਲਹਿਰ ਚੱਲੀ। ਗਦਰ ਪਾਰਟੀ ਬਣੀ। ਬੱਬਰ ਅਕਾਲੀ ਲਹਿਰ ਪੈਦਾ ਹੋਈ, ਅਕਾਲੀ ਪਾਰਟੀ ਬਣੀ, ਕਮਿਊਨਿਸਟਾਂ ਦਾ ਉਭਾਰ ਆਇਆ, ਪੰਜਾਬੀ ਸੂਬੇ ਦੀ ਮੰਗ ਉਠੀ, ਨਕਸਲੀ ਲਹਿਰ ਦਾ ਦੌਰ ਆਇਆ ਅਤੇ ਫਿਰ ਖਾਲਿਸਤਾਨੀ ਲਹਿਰ ਦਾ ਉਬਾਲ ਆਇਆ। ਜੇ ਇਨ੍ਹਾਂ ਲਹਿਰਾਂ ਦੇ ਕਾਰਨ ਉਥੇ ਦੇ ਉਥੇ ਹੀ ਹਨ, ਮਸਲੇ ਜਿਉਂ ਦੇ ਤਿਉਂ ਖੜ੍ਹੇ ਹਨ, ਤਾਂ ਫਿਰ ਕਦੇ ਵੀ ਪੰਜਾਬ ਵਿਚ ਕਿਸੇ ਨਵੇਂ ਰੂਪ ਵਿਚ ਕੋਈ ਲਾਵਾ ਫੁੱਟ ਸਕਦਾ ਹੈ। ਲੋੜ ਹੈ ਇਨ੍ਹਾਂ ਮਸਲਿਆਂ ਨੂੰ ਕੌਮਾਂਤਰੀ ਸਿਆਸੀ ਪਿੜ ਨਾਲ ਜੋੜ ਕੇ ਵਿਚਾਰਨ ਦੀ, ਤਾਂ ਕਿ ਕਿਸੇ ਕਵੀ ਨੂੰ ਮੁੜ ਇਹ ਨਾ ਲਿਖਣਾ ਪਵੇ,

"ਨਾ ਕੰਮ ਆਏ ਚਰਖ਼ੇ ਦੇ,
ਨਾ ਡੋਲੀ ਨਾ ਸੰਦੂਕਾਂ ਦੇ।
ਬਣ ਗਏ ਰੁੱਖ ਨਿਮਾਣੇ ਦਸਤੇ,
ਸੰਗੀਨਾਂ ਬੰਦੂਕਾਂ ਦੇ।
ਨਾ ਧੂਣੀ ਦੀ ਅੱਗ ਬਣੇ,
ਨਾ ਸੁੱਕਾ ਬਾਲਣ ਚੁੱਲਿਆਂ ਦਾ।
ਨਾ ਕੰਮ ਆਏ ਚਕਲੇ ਦੇ,
ਨਾ ਫੂਕਣੀ ਦੇ ਨਾ ਫੂਕਾਂ ਦੇ।
ਬਣਦੇ ਬਣਦੇ ਰਾਜ ਸਿੰਘਾਸਨ,
ਤਖਤਾ ਬਣ ਗਏ ਫਾਂਸੀ ਦਾ।"

*(ਡਾ. ਗੁਰੂਮੇਲ ਸਿੱਧੂ)*

# ਸੂਚਨਾ ਅਧਿਕਾਰ ਕਾਨੂੰਨ ਦੇ ਘੇਰੇ ਵਿਚ ਆਈਆਂ ਸਿਆਸੀ ਪਾਰਟੀਆਂ

**ਨਵੀਂ ਦਿੱਲੀ:** ਸਿਆਸਤ ਵਿਚ ਪਾਰਦਰਸ਼ਤਾ ਲਈ ਇਕ ਨਵਾਂ ਮੀਲ ਪੱਥਰ ਗੱਡਦਿਆਂ ਕੇਂਦਰੀ ਸੂਚਨਾ ਕਮਿਸ਼ਨ ਨੇ ਫੈਸਲਾ ਸੁਣਾਇਆ ਹੈ ਕਿ ਸਭੇ ਸਿਆਸੀ ਪਾਰਟੀਆਂ ਵੀ ਸੂਚਨਾ ਅਧਿਕਾਰ ਕਮਿਸ਼ਨ ਤਹਿਤ ਜਵਾਬਦੇਹ ਹਨ। ਇਹ ਫੈਸਲਾ ਸੂਚਨਾ ਕਮਿਸ਼ਨ ਦੇ ਮੁਕੰਮਲ ਬੈਂਚ ਜਿਸ ਵਿਚ ਮੁੱਖ ਸੂਚਨਾ ਕਮਿਸ਼ਨਰ ਸਤਿਆਨੰਦ ਮਿਸ਼ਰਾ ਅਤੇ ਸੂਚਨਾ ਕਮਿਸ਼ਨਰ ਐਮ ਐਲ ਸ਼ਰਮਾ ਤੇ ਅੰਨਪੂਰਨਾ ਦੀਕਸ਼ਿਤ ਸ਼ਾਮਲ ਸਨ, ਨੇ ਸੁਣਾਇਆ।

ਕਮਿਸ਼ਨ ਨੇ ਸਾਫ ਕੀਤਾ ਹੈ ਕਿ ਜਿਨ੍ਹਾਂ ਛੇ ਪਾਰਟੀਆਂ ਕਾਂਗਰਸ, ਭਾਜਪਾ, ਸੀ ਪੀ ਐਮ, ਸੀ ਪੀ ਆਈ, ਐਨ ਸੀ ਪੀ ਤੇ ਬਸਪਾ ਵੱਲ ਆਰ ਟੀ ਆਈ ਸਵਾਲ ਸੇਧਤ ਹਨ, ਉਨ੍ਹਾਂ ਤੋਂ ਇਹ ਜਾਣਕਾਰੀ ਮੰਗੀ ਜਾ ਸਕਦੀ ਹੈ ਕਿ ਇਹ ਸੂਚਨਾ ਅਧਿਕਾਰ ਐਕਟ ਤਹਿਤ ਜਨਤਕ ਅਦਾਰੇ ਦੇ ਘੇਰੇ ਵਿਚ ਆਉਂਦੀਆਂ ਹਨ। ਬੈਂਚ ਨੇ ਹੁਕਮ ਦਿੱਤਾ ਹੈ ਕਿ ਇਨ੍ਹਾਂ ਪਾਰਟੀਆਂ ਦੇ ਪ੍ਰਧਾਨਾਂ ਤੇ ਜਨਰਲ ਸਕੱਤਰਾਂ ਨੂੰ ਹਦਾਇਤ ਦਿੱਤੀ ਜਾਂਦੀ ਹੈ ਕਿ ਉਹ ਛੇ ਹਫਤਿਆਂ ਦੇ ਅੰਦਰ ਆਪਣੇ ਹੈਡਕੁਆਰਟਰਾਂ ਵਿਚ ਸੀ ਪੀ ਆਈ ਓ (ਸੂਚਨਾ ਅਧਿਕਾਰੀ) ਤੇ ਅਪੀਲੀ ਅਥਾਰਿਟੀਆਂ ਨਿਯੁਕਤ ਕਰਨ। ਇਹ ਸੀ ਪੀ ਆਈ ਓ 4 ਹਫਤਿਆਂ ਅੰਦਰ ਆਰ ਟੀ ਆਈ ਅਰਜ਼ੀਆਂ ਦਾ ਜਵਾਬ ਦੇਣ ਲਈ ਜ਼ਿੰਮੇਵਾਰ ਹੋਣਗੇ।

ਇਹ ਮਾਮਲਾ ਐਸੋਸੀਏਸ਼ਨ ਆਫ ਡੈਮੋਕਰੇਟਿਕ ਰਿਫਾਰਮਜ਼ ਦੇ ਆਰਟੀਆਈ ਕਾਰਕੁਨਾਂ ਸੁਭਾਸ਼ ਅਗਰਵਾਲ ਤੇ ਅਨਿਲ ਬੈਰਵਾਲ ਦੀਆਂ ਅਰਜ਼ੀਆਂ ਨਾਲ ਸਬੰਧਤ ਹਨ। ਇਨ੍ਹਾਂ ਨੇ ਛੇਆਂ ਪਾਰਟੀਆਂ ਤੋਂ ਉਨ੍ਹਾਂ ਨੂੰ ਮਿਲਣ ਵਾਲੀ ਆਰਥਿਕ ਸਹਾਇਤਾ ਬਾਰੇ ਜਾਣਕਾਰੀ ਮੰਗੀ ਸੀ। ਉਨ੍ਹਾਂ ਦਲੀਲ ਦਿੱਤੀ ਸੀ ਕਿ ਇਨ੍ਹਾਂ ਪਾਰਟੀਆਂ ਨੂੰ ਕੌਮੀ ਰਾਜਧਾਨੀ ਵਿਚ ਸਸਤੀਆਂ ਦਰਾਂ ਉਤੇ ਦਫਤਰਾਂ ਲਈ ਜ਼ਮੀਨ ਦਿੱਤੀ ਗਈ ਹੈ। ਇਨ੍ਹਾਂ ਨੂੰ ਆਮਦਨ ਕਰ ਵਿਚ ਛੋਟ ਤੇ ਪ੍ਰਚਾਰ ਲਈ ਰੇਡੀਓ ਤੇ ਦੂਰਦਰਸ਼ਨ ਉਤੇ ਸਮਾਂ ਮਿਲਦਾ ਹੈ ਜਿਸ ਕਾਰਨ ਇਹ ਸਰਕਾਰੀ ਸਹਾਇਤਾ ਪ੍ਰਾਪਤ ਕਰਨ ਵਾਲੇ ਅਦਾਰਿਆਂ ਦੇ ਘੇਰੇ ਵਿਚ ਆਉਂਦੀਆਂ ਹਨ ਤੇ ਆਰ ਟੀ ਆਈ ਤਹਿਤ ਜਵਾਬਦੇਹ ਹਨ।

**Quick Stop 40, Oklahoma**

**Help Wanted**

ਟਰੱਕ ਸਟਾਪ ਲਈ ਕੈਸ਼ੀਅਰ, ਡੀਜ਼ਲ ਤੇ ਕਾਰ ਮਕੈਨਿਕ ਦੀ ਲੋੜ ਹੈ

ਕਾਲ ਕਰੋ:832-512-7172

## ਪੰਜਾਬੀ ਬਣਿਆ ਬਰਤਾਨਵੀ ਸ਼ਹਿਰ ਦਾ ਮੇਅਰ

**ਲੰਡਨ:** ਪ੍ਰਭਜੀਤ ਸਿੰਘ ਢਿੱਲੋਂ ਨੂੰ ਇੰਗਲੈਂਡ ਦੇ ਵੈਸਟ ਮਿੱਡਲੈਂਡ ਖੇਤਰ ਵਿਚਲੇ ਸ਼ਹਿਰ ਵਾਰਵਿਕ ਦਾ ਮੇਅਰ ਬਣਾਇਆ ਗਿਆ ਹੈ। ਇਹ ਪਹਿਲੀ ਵਾਰ ਹੈ ਕਿ ਕੋਈ ਸਿੱਖ ਇਸ ਸ਼ਹਿਰ ਦਾ ਮੇਅਰ ਬਣਿਆ ਹੈ। ਸ. ਢਿੱਲੋਂ ਸ਼ਹਿਰ ਦੇ 280ਵੇਂ ਮੇਅਰ ਚੁਣੇ ਗਏ ਹਨ। ਸਹੁੰ ਚੁੱਕ ਸਮਾਗਮ ਮੌਕੇ ਉਨ੍ਹਾਂ ਕਿਹਾ ਕਿ ਉਹ ਮੇਅਰ ਬਣ ਕੇ ਬਹੁਤ ਮਾਣ ਮਹਿਸੂਸ ਕਰ ਰਹੇ ਹਨ।

**Marathon Gas Station For Sale**

*In Fort Wayne, Indiana*

**6 Pumps, Sale: 75,000 Gallon, Inside $75,000**

***Asking Price $825,000***

**ਮੈਰਾਥਨ ਗੈਸ ਸਟੇਸ਼ਨ ਵਿਕਾਊ ਹੈ**

*ਫੋਰਟ ਵਾਇਨੀ, ਇੰਡੀਆਨਾ*

6 ਪੰਪ, ਸੇਲ 75000 ਗੈਲਨ, ਇਨਸਾਈਡ $75000 ਮਹੀਨਾ

ਕੀਮਤ: $825,000

*ਸੰਪਰਕ ਕਰੋ: ਗੈਰੀ ਸਿੰਘ*

ਫੋਨ: 260-494-7627

# ਹਰਿਮੰਦਰ ਸਾਹਿਬ ’ਤੇ ਪ੍ਰਦੂਸ਼ਣ ਦੀ ਮਾਰ

## ਹਰ ਵਰ੍ਹੇ ਕਰਨੀ ਪੈ ਰਹੀ ਹੈ ਸੋਨੇ ਦੇ ਪੱਤਰਿਆਂ ਦੀ ਧੁਆਈ

**ਅੰਮ੍ਰਿਤਸਰ:** ਸ੍ਰੀ ਹਰਿਮੰਦਰ ਸਾਹਿਬ ਦੇ ‘ਸੁਨਹਿਰੀਪਣ’ ’ਤੇ ਪ੍ਰਦੂਸ਼ਣ ਦੀ ਮਾਰ ਲਗਾਤਾਰ ਵਧ ਰਹੀ ਹੈ। ਇਸ ਕਰਕੇ ਇਥੇ ਸੋਨੇ ਦੇ ਪੱਤਰਿਆਂ ਦੀ ਧੁਆਈ ਹਰ ਸਾਲ ਕਰਨੀ ਪੈ ਰਹੀ ਹੈ। ਇਸ ਵਾਰ ਵੀ ਸੋਨੇ ਦੇ ਪੱਤਰਿਆਂ ਦੀ ਧੁਆਈ ਦੀ ਸੇਵਾ ਜ਼ੋਰਸ਼ੋਰ ਨਾਲ ਚੱਲ ਰਹੀ ਹੈ।

ਪ੍ਰਦੂਸ਼ਣ ਕਾਰਨ ਕਾਲੇ ਪੈ ਰਹੇ ਸੋਨੇ ਨੂੰ ਮੁੜ ਨਵੀਂ ਚਮਕ ਦੇਣ ਲਈ ਇਸ ਵਾਰ ਇਹ ਸੇਵਾ ਬਾਬਾ ਕਸ਼ਮੀਰ ਸਿੰਘ ਭੂਰੀ ਵਾਲਿਆਂ ਦੇ ਜਥੇ ਨੂੰ ਸੌਂਪੀ ਗਈ ਹੈ। ਮਹਾਰਾਜਾ ਰਣਜੀਤ ਸਿੰਘ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਦੀਆਂ ਬਾਹਰਲੀਆਂ ਕੰਧਾਂ ’ਤੇ ਸੋਨੇ ਦੇ ਪੱਤਰੇ ਚੜ੍ਹਾਉਣ ਦੀ ਸੇਵਾ ਕਰਨ ਮਗਰੋਂ 170 ਸਾਲਾਂ ਬਾਅਦ 1995 ਵਿਚ ਇਥੇ ਮੁੜ ਸੋਨੇ ਦੇ ਨਵੇਂ ਪੱਤਰੇ ਚੜ੍ਹਾਏ ਗਏ ਸਨ।

ਉਸ ਵੇਲੇ ਇਹ ਸੇਵਾ ਇੰਗਲੈਂਡ ਦੀ ਸਿੱਖ ਜਥੇਬੰਦੀ ‘ਗੁਰੂ ਨਾਨਕ ਨਿਸ਼ਕਾਮ ਸੇਵਕ ਜਥੇ’ ਨੂੰ ਸੌਂਪੀ ਗਈ ਸੀ ਜਿਸ ਨੇ ਚਾਰ ਸਾਲ ਦੀ ਮਿਹਨਤ ਨਾਲ ਇਥੇ ਸੋਨੇ ਦੇ ਪੱਤਰੇ ਬਦਲੇ ਸਨ। ਉਸ ਵੇਲੇ ਸੈਂਕੜੇ ਕਿਲੋ ਸੋਨਾ ਲੱਗਾ ਸੀ। ਸੋਨੇ ਦੇ ਪੱਤਰੇ ਬਦਲੇ ਜਾਣ ਤੋਂ ਪਹਿਲਾਂ ਪੁਰਾਣੇ ਪੱਤਰੇ ਉਤਾਰੇ ਗਏ ਸਨ ਤੇ ਉਨ੍ਹਾਂ ਦੀ ਫੋਟੋਗ੍ਰਾਫੀ ਕਰਨ ਮਗਰੋਂ ਨਵੇਂ ਪੱਤਰਿਆਂ ਨੂੰ ਹੂ-ਬ-ਹੂ ਉਸੇ ਰੂਪ ਤੇ ਆਕਾਰ ਵਿਚ ਤਿਆਰ ਕੀਤਾ ਗਿਆ ਸੀ ਪਰ ਕੁਝ ਵਰ੍ਹਿਆਂ ਬਾਅਦ ਹੀ ਸੋਨੇ ਦਾ ਰੰਗ ਲਾਲੀ ਵਿਚ ਆਉਣ ਕਾਰਨ ਇਥੇ ਦੁਬਾਰਾ ਧੁਆਈ ਤੇ ਪਾਲਿਸ਼ ਕੀਤੀ ਗਈ ਸੀ।

ਹੁਣ ਪ੍ਰਦੂਸ਼ਣ ਦੇ ਵਧਣ ਕਾਰਨ ਹਰ ਸਾਲ ਹੀ ਇਥੇ ਸੋਨੇ ਦੇ ਪੱਤਰਿਆਂ ਦੀ ਧੁਆਈ ਦੀ ਸੇਵਾ ਕੀਤੀ ਜਾ ਰਹੀ ਹੈ। ਇਹ ਸੇਵਾ ਗੁਰੂ ਨਾਨਕ ਨਿਸ਼ਕਾਮ ਸੇਵਕ ਜਥੇ ਵੱਲੋਂ ਹੀ ਕੀਤੀ ਜਾਂਦੀ ਰਹੀ ਹੈ ਪਰ ਇਸ ਵਾਰ ਸਿੱਖ ਜਥੇਬੰਦੀ ਦੇ ਕੁਝ ਰੁਝੇਵਿਆਂ ਕਾਰਨ ਇਹ ਸੇਵਾ ਬਾਬਾ ਕਸ਼ਮੀਰ ਸਿੰਘ ਭੂਰੀ ਵਾਲੇ ਦੇ ਜਥੇ ਨੂੰ ਸੌਂਪੀ ਗਈ ਹੈ ਜਿਨ੍ਹਾਂ ਨੇ ਕੁਝ ਦਿਨ ਪਹਿਲਾਂ ਇਸ ਸੇਵਾ ਨੂੰ ਸ਼ੁਰੂ ਕੀਤਾ ਹੈ। ਇਸ ਬਾਰੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਆਖਿਆ ਕਿ ਸ੍ਰੀ ਹਰਿਮੰਦਰ ਸਾਹਿਬ ਦੇ ਬਾਹਰ ਲੱਗੇ ਸੋਨੇ ਦੇ ਪੱਤਰਿਆਂ ਦਾ ਰੰਗ ਪ੍ਰਦੂਸ਼ਣ ਕਾਰਨ ਬਦਲ ਰਿਹਾ ਸੀ। ਇਸ ਲਈ ਇਸ ਦੀ ਸਾਫ ਸਫਾਈ ਤੇ ਧੁਆਈ ਦੀ ਸੇਵਾ ਸ਼ੁਰੂ ਕੀਤੀ ਗਈ ਹੈ। ਉਨ੍ਹਾਂ ਆਖਿਆ ਕਿ ਪ੍ਰਦੂਸ਼ਣ ਕਾਰਨ ਹੀ ਸੋਨੇ ਦੇ ਰੰਗ ਵਿਚ ਬਦਲਾਅ ਆਉਣ ਦੀ ਅਸ਼ੰਕਾ ਹੈ ਪਰ ਇਸ ਬਾਰੇ ਮਾਹਿਰਾਂ ਦੀ ਰਾਏ ਵੀ ਲਈ ਜਾਵੇਗੀ ਤਾਂ ਜੋ ਇਹ ਸਪੱਸ਼ਟ ਹੋ ਸਕੇ ਕਿ ਸੋਨੇ ਦਾ ਰੰਗ ਕਾਲਾ ਕਿਉਂ ਪੈਂਦਾ ਹੈ ਤੇ ਉਸ ਮੁਤਾਬਕ ਹੀ ਭਵਿੱਖ ਵਿਚ ਉਪਾਅ ਕੀਤਾ ਜਾ ਸਕੇ। ਇਥੇ ਸੇਵਾ ਕਰ ਰਹੇ ਮਾਹਿਰਾਂ ਮੁਤਾਬਕ ਸੋਨੇ ਦੇ ਪੱਤਰਿਆਂ ਨੂੰ ਧੋਣ ਲਈ ਦੇਸੀ ਵਿਧੀ ਤਹਿਤ ਰੀਠੇ ਦੀ ਵਰਤੋਂ ਕੀਤੀ ਜਾ ਰਹੀ ਹੈ। ਰੀਠੇ ਦੇ ਪਾਣੀ ਨਾਲ ਇਨ੍ਹਾਂ ਪਤਰਿਆਂ ਨੂੰ ਧੋਇਆ ਜਾਂਦਾ ਹੈ ਜਿਸ ਨਾਲ ਪ੍ਰਦੂਸ਼ਣ ਸਦਕਾ ਕਾਲੇ ਹੋਏ ਪੱਤਰਿਆਂ ਵਿਚ ਮੁੜ ਪਹਿਲਾਂ ਵਾਲੀ ਚਮਕ ਆ ਜਾਂਦੀ ਹੈ।



### ਪ੍ਰਦੂਸ਼ਣ ਰੋਕਥਾਮ ਬੋਰਡ ਵੀ ਹੋਇਆ ਸਰਗਰਮ

*__ਚੰਡੀਗੜ੍ਹ:__ ਸ੍ਰੀ ਹਰਿਮੰਦਰ ਸਾਹਿਬ ਦੇ ਆਲੇ ਦੁਆਲੇ ਵਧ ਰਹੇ ਪ੍ਰਦੂਸ਼ਣ ਬਾਰੇ ਅਦਾਲਤ ਵੱਲੋਂ ਪਹਿਲਾਂ ਹੀ ਨੋਟਿਸ ਲਿਆ ਜਾ ਚੁੱਕਾ ਹੈ। ਅਦਾਲਤ ਦੇ ਹੁਕਮਾਂ ‘ਤੇ ਇਸ ਬਾਰੇ ਦਿੱਲੀ ਅਧਾਰਤ ਇਕ ਸੰਸਥਾ ਆਈਆਈਟੀ ਵੱਲੋਂ ਇਥੇ ਪ੍ਰਦੂਸ਼ਣ ਦੇ ਕਾਰਨਾਂ ਦੀ ਸਮੀਖਿਆ ਵੀ ਕੀਤੀ ਜਾ ਚੁੱਕੀ ਹੈ।*

*ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਵੱਲੋਂ ਇਸ ਬਾਰੇ ਅਦਾਲਤ ਵਿਚ ਰਿਪੋਰਟ ਵੀ ਦਾਇਰ ਕੀਤੀ ਗਈ ਹੈ ਜਿਸ ਦੇ ਆਧਾਰ ‘ਤੇ ਹੁਣ ਅਗਲੀ ਕਾਰਵਾਈ ਹੋਵੇਗੀ। ਸਾਲ 2011 ਵਿਚ ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਵੱਲੋਂ ਇਥੇ ਪ੍ਰਦੂਸ਼ਣ ਦੀ ਕੀਤੀ ਗਈ ਜਾਂਚ ਤੋਂ ਇਹ ਤੱਥ ਸਾਹਮਣੇ ਆਏ ਸਨ ਕਿ ਇਥੇ ਆਰਐਸਪੀਐਮ ਦੀ ਵੱਧ ਤੋਂ ਵੱਧ ਮਾਤਰਾ 227 ਤੇ ਘੱਟ ਤੋਂ ਘੱਟ 124 ਹੈ ਜੋ ਕਿ ਵਿਰਾਸਤੀ ਇਮਾਰਤਾਂ ਨੇੜੇ 100 ਮਾਈਕਰੋ ਗ੍ਰਾਮ ਹੋਣੀ ਚਾਹੀਦੀ ਹੈ। ਪ੍ਰਦੂਸ਼ਣ ਬੋਰਡ ਦੀ ਰਿਪੋਰਟ ਵਿਚ ਇਥੇ ਸਲਫਰ ਡਾਇਆਕਸਾਈਡ ਤੇ ਨਾਈਟਰਸ ਡਾਇਆਕਸਾਈਡ ਦੀ ਮਾਤਰਾ ਠੀਕ ਦੱਸੀ ਗਈ ਸੀ। ਇਸ ਬਾਰੇ ਪ੍ਰਦੂਸ਼ਣ ਰੋਕਥਾਮ ਬੋਰਡ ਦਾ ਕਹਿਣਾ ਹੈ ਕਿ ਆਈਆਈਟੀ ਦਿੱਲੀ ਵੱਲੋਂ ਹਾਲ ਹੀ ਵਿਚ ਸ੍ਰੀ ਹਰਿਮੰਦਰ ਸਾਹਿਬ ਦੇ ਆਲੇ ਦੁਆਲੇ ਪ੍ਰਦੂਸ਼ਣ ਬਾਰੇ ਪੰਜਾਬ ਤੇ ਹਰਿਆਣਾ ਹਾਈਕੋਰਟ ਵਿਚ ਆਪਣੀ ਰਿਪੋਰਟ ਦਿੱਤੀ ਗਈ ਹੈ ਜਿਸ ਵਿਚ ਕੁਝ ਸੁਝਾਅ ਵੀ ਦਿੱਤੇ ਗਏ ਸਨ।*

# ਸਿਮਰਨਜੀਤ ਵੱਲੋਂ ਦਮਦਮੀ ਟਕਸਾਲ ਦੇ ਮੁਖੀ ਨਾਲ ਮੁਲਾਕਾਤ

**ਅੰਮ੍ਰਿਤਸਰ:** ਦਮਦਮੀ ਟਕਸਾਲ ਸੰਗਰਾਵਾਂ ਦੇ ਮੁਖੀ ਗਿਆਨੀ ਰਾਮ ਸਿੰਘ ਵੱਲੋਂ ਸਾਕਾ ਨੀਲਾ ਤਾਰਾ ਸ਼ਹੀਦੀ ਯਾਦਗਾਰ ਦੇ ਇਤਿਹਾਸ ਵਿਚ ਸੋਧ ਕਰਨ ਤੇ ਸ਼ਹੀਦਾਂ ਦੀ ਸੂਚੀ ਦੀ ਮੰਗ ਨੂੰ ਉਸ ਵੇਲੇ ਹੋਰ ਬਲ ਮਿਲਿਆ ਜਦੋਂ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਵੀ ਇਨ੍ਹਾਂ ਮੰਗਾਂ ਦੀ ਹਮਾਇਤ ਕੀਤੀ। ਸ. ਮਾਨ ਨੇ ਟਕਸਾਲ ਮੁਖੀ ਗਿਆਨੀ ਰਾਮ ਸਿੰਘ ਨਾਲ ਪਹਿਲਾਂ ਉਨ੍ਹਾਂ ਦੇ ਗ੍ਰਹਿ ਵਿਖੇ ਮੁਲਾਕਾਤ ਕੀਤੀ ਤੇ ਮਗਰੋਂ ਇਸ ਬਾਰੇ ਇਕ ਸਾਂਝੇ ਤੌਰ ‘ਤੇ ਪੱਤਰਕਾਰ ਸੰਮੇਲਨ ਨੂੰ ਸੰਬੋਧਨ ਕੀਤਾ।

ਗਿਆਨੀ ਰਾਮ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਜਥੇਬੰਦੀ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਸਹਿਯੋਗ ਨਾਲ ਇਕ ਧਰਮ ਪ੍ਰਚਾਰ ਲਹਿਰ ਸ਼ੁਰੂ ਕਰਨ ਦੀ ਯੋਜਨਾ ਬਣਾ ਰਹੀ ਹੈ ਜਿਸ ਵਿਚ ਸ਼੍ਰੋਮਣੀ ਕਮੇਟੀ ਕੋਲੋਂ ਵੀ ਸਹਿਯੋਗ ਮੰਗਿਆ ਜਾਏਗਾ। ਇਸ ਧਰਮ ਪ੍ਰਚਾਰ ਲਹਿਰ ਤਹਿਤ ਨੌਜਵਾਨ ਪੀੜ੍ਹੀ ਵਿਚੋਂ ਪਤਿਤਪੁਣੇ ਤੇ ਨਸ਼ਿਆਂ ਦੇ ਰੁਝਾਨ ਨੂੰ ਖਤਮ ਕਰਨ ਤੇ ਭਰੂਣ ਹੱਤਿਆ ਵਰਗੀ ਸਮਾਜਿਕ ਬੁਰਾਈ ਬਾਰੇ ਲੋਕਾਂ ਨੂੰ ਜਾਗਰੂਕ ਕਰਦਿਆਂ ਧਰਮ ਨਾਲ ਜੋੜਨ ਲਈ ਯਤਨ ਕੀਤੇ ਜਾਣਗੇ।

ਉਨ੍ਹਾਂ ਦੱਸਿਆ ਕਿ ਸ. ਮਾਨ ਨੇ ਵੀ ਮੰਗ ਕੀਤੀ ਕਿ ਸ਼ਹੀਦੀ ਯਾਦਗਾਰ ਦੇ ਹੇਠਾਂ ਜ਼ਮੀਨਦੋਜ਼ ਹਿੱਸੇ ਵਿਚ ਗੈਲਰੀ ਬਣਾਈ ਜਾਏ, ਜਿਥੇ ਸ਼ਹੀਦਾਂ ਦੀਆਂ ਤਸਵੀਰਾਂ ਲਾਈਆਂ ਜਾਣ ਤੇ ਸਾਕਾ ਨੀਲਾ ਤਾਰਾ ਨਾਲ ਜੁੜੇ ਇਤਿਹਾਸ ਨੂੰ ਦਰਸਾਇਆ ਜਾਏ। ਇਸ ਤੋਂ ਪਹਿਲਾਂ ਸਿਮਰਨਜੀਤ ਸਿੰਘ ਮਾਨ ਤੇ ਜਸਵੰਤ ਸਿੰਘ ਮਾਨ ਨੇ ਸਿੱਖ ਵਿਦਵਾਨ ਮਨਜੀਤ ਸਿੰਘ ਕਲਕੱਤਾ ਨਾਲ ਵੀ ਮੁਲਾਕਾਤ ਕੀਤੀ ਸੀ। ਦੋਵਾਂ ਆਗੂਆਂ ਨੇ ਸ. ਕਲਕੱਤਾ ਨੂੰ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਵਿਚ ਸ਼ਾਮਲ ਹੋਣ ਦੀ ਪੇਸ਼ਕਸ਼ ਵੀ ਕੀਤੀ ਸੀ। ਇਸ ਤੋਂ ਪਹਿਲਾਂ ਸ. ਜਸਵੰਤ ਸਿੰਘ ਮਾਨ ਆਪਣੀ ਜਥੇਬੰਦੀ ਆਲ ਇੰਡੀਆ ਸ਼੍ਰੋਮਣੀ ਅਕਾਲੀ ਦਲ ਦਾ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਵਿਚ ਰਲੇਵਾਂ ਕਰ ਚੁੱਕੇ ਹਨ। ਜ਼ਿਕਰਯੋਗ ਹੈ ਕਿ ਜੂਨ 1984 ਦੇ ਸ਼ਹੀਦਾਂ ਦੀ ਯਾਦ ਵਿਚ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਸਾਹਿਬ ਵਿਖੇ ਉਸਾਰੀ ਗਈ ਸ਼ਹੀਦੀ ਯਾਦਗਾਰ ‘ਤੇ ਲਿਖੇ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਦੇ ਨਾਂ ਦੇ ਵਿਰੋਧ ਵਿਚ ਸ਼ਿਵ ਸੈਨਾ ਰਾਸ਼ਟਰਵਾਦ ਦੇ ਕੁਝ ਲੋਕਾਂ ਵੱਲੋਂ ਵਿਰੋਧ ਪ੍ਰਦਰਸ਼ਨ ਕਰਨ ਦੀ ਕੋਸ਼ਿਸ਼ ਦਾ ਸਿੱਖ ਸੰਗਤਾਂ ਵਿਚ ਰੋਸ ਹੈ। ਪੰਥਕ ਸੇਵਾ ਲਹਿਰ ਦੇ ਮੁਖੀ ਤੇ ਸਿੱਖ ਪ੍ਰਚਾਰਕ ਸੰਤ ਬਲਜੀਤ ਸਿੰਘ ਖਾਲਸਾ ਦਾਦੂਵਾਲ ਨੇ ਕਿਹਾ ਕਿ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲੇ ਸਿੱਖ ਕੌਮ ਲਈ ਸ਼ਹੀਦ ਹੋਏ ਸਨ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਵੀ ਉਨ੍ਹਾਂ ਨੂੰ ਇਕੀਵੀਂ ਸਦੀ ਦਾ ਮਹਾਨ ਸ਼ਹੀਦ ਐਲਾਨਿਆ ਗਿਆ ਹੈ, ਉਨ੍ਹਾਂ ਦਾ ਵਿਰੋਧ ਕਿਸੇ ਵੀ ਕੀਮਤ ‘ਤੇ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਸਰਕਾਰ ਨੂੰ ਅਪੀਲ ਕੀਤੀ ਕਿ ਉਹ ਅਜਿਹੇ ਫਿਰਕੂ ਸੰਗਠਨਾਂ ‘ਤੇ ਨਕੇਲ ਕਸੇ।

# ਭਾਰਤ ਵੱਲੋਂ ਗਾਈਡਿਡ ਬੰਬ ਤਿਆਰ

**ਨਵੀਂ ਦਿੱਲੀ:** ਅਗਲੇ ਸਾਲ ਦੇ ਅਖੀਰ ਤੱਕ ਦੇਸ਼ ਦੇ ਲੜਾਕੂ ਹਵਾਈ ਜਹਾਜ਼ ਦੇਸੀ ਤਕਨੀਕ ਨਾਲ ਤਿਆਰ ਗਾਈਡਿਡ ਬੰਬਾਂ ਨਾਲ ਲੈਸ ਹੋ ਜਾਣਗੇ। ਇਹ ਅਜਿਹੇ ਬੰਬ ਹੋਣਗੇ ਜਿਨ੍ਹਾਂ ਨੂੰ ਨਿਸ਼ਾਨੇ ਲਈ ਸੇਧ ਦਿੱਤੀ ਜਾ ਸਕੇਗੀ।

ਡੀਆਰਡੀਓ ਦੇ ਸੇਵਾਮੁਕਤ ਹੋ ਰਹੇ ਮੁਖੀ ਵੀ.ਕੇ. ਸਰਸਵਤ ਨੇ ਇਥੇ ਦੱਸਿਆ ਕਿ ਸੰਸਥਾ ਵੱਲੋਂ ਪਹਿਲੀ ਵਾਰ ਅਜਿਹੇ ਗਾਈਡਿਡ ਬੰਬ ਬਣਾਏ ਜਾ ਰਹੇ ਹਨ। ਇਸ ਨਾਲ ਜੰਗੀ ਮੈਦਾਨ ਵਿਚ ਭਾਰਤੀ ਹਵਾਈ ਫੌਜ ਦੀ ਸਮਰੱਥਾ ਕਈ ਗੁਣਾ ਵਧ ਜਾਵੇਗੀ ਕਿਉਂਕਿ ਇਨ੍ਹਾਂ ਬੰਬਾਂ ਨੂੰ ਸੇਧ ਦੇ ਕੇ ਨਿਸ਼ਾਨਾ ਫੁੰਡਿਆ ਜਾ ਸਕੇਗਾ। ਇਸ ਕਾਰਨ ਬੰਬਾਂ ਦੀ ਮਾਰ ਸਮਰੱਥਾ ਸੌ ਫੀਸਦ ਹੋਵੇਗੀ। ਸੰਸਥਾ ਵੱਲੋਂ ਇਹ ਗਾਈਡਿਡ ਬੰਬ ਕਈ ਭਾਰ ਸ਼੍ਰੇਣੀਆਂ ਜਿਵੇਂ 10 ਕਿਲੋ, 250 ਕਿਲੋ ਤੇ 500 ਕਿਲੋ ਦੇ ਬਣਾਏ ਜਾਣਗੇ।

ਸ੍ਰੀ ਸਰਸਵਤ ਅਨੁਸਾਰ ਲੜਾਕੂ ਹਵਾਈ ਜਹਾਜ਼ ਜਦੋਂ ਗਾਈਡਿਡ ਬੰਬਾਂ ਨੂੰ ਛੱਡਣਗੇ ਤਾਂ ਇਨ੍ਹਾਂ ਨੂੰ ਨਿਸ਼ਾਨੇ ਵੱਲ ਸੇਧ ਦਿੱਤੀ ਜਾ ਸਕੇਗੀ। ਡੀਆਰਡੀਓ ਅਜਿਹੇ ਬੰਬਾਂ ਦੀ ਦੋ ਵਾਰ ਪਰਖ ਕਰ ਚੁੱਕਿਆ ਹੈ ਤੇ ਇਸ ਸਫਲ ਪਰਖ ਮਗਰੋਂ ਇਸ ਦੀਆਂ ਹੋਰ ਪਰਖਾਂ ਕੀਤੀਆਂ ਜਾਣਗੀਆਂ।

# ਸ਼੍ਰੋਮਣੀ ਕਮੇਟੀ ਬਣਾਏਗੀ ਸਿੱਖ ਨੌਜਵਾਨਾਂ ਦੀ ਹਾਕੀ ਟੀਮ




**ਅੰਮ੍ਰਿਤਸਰ:** ਸਿੱਖ ਨੌਜਵਾਨ ਪੀੜ੍ਹੀ ਵਿਚੋਂ ਨਸ਼ਿਆਂ ਤੇ ਪਤਿਤਪੁਣੇ ਦੇ ਰੁਝਾਨ ਨੂੰ ਖ਼ਤਮ ਕਰਨ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਿੱਖ ਨੌਜਵਾਨਾਂ ਦੀ ਕਬੱਡੀ ਟੀਮ ਬਣਾਉਣ ਮਗਰੋਂ ਹੁਣ ਹਾਕੀ ਖਿਡਾਰੀਆਂ ਦੀ ਟੀਮ ਤਿਆਰ ਕਰਨ ਲਈ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਹੈ। ਇਸ ਤਹਿਤ ਅੰਮ੍ਰਿਤਸਰ, ਫਰੀਦਕੋਟ ਤੇ ਪਟਿਆਲਾ ਵਿਚ ਹਾਕੀ ਅਕੈਡਮੀਆਂ ਸਥਾਪਤ ਕੀਤੀਆਂ ਗਈਆਂ ਹਨ। ਇਨ੍ਹਾਂ ਅਕੈਡਮੀਆਂ ਦਾ ਰਸਮੀ ਉਦਘਾਟਨ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਕੀਤਾ।

ਇਨ੍ਹਾਂ ਤਿੰਨ ਹਾਕੀ ਅਕੈਡਮੀਆਂ ਲਈ ਪੰਜਾਬ ਭਰ ਤੋਂ 93 ਬੱਚਿਆਂ ਦੀ ਚੋਣ ਕੀਤੀ ਗਈ ਹੈ ਤੇ ਹਰੇਕ ਅਕੈਡਮੀ ਵਿਚ 31-31 ਬੱਚਿਆਂ ਨੂੰ ਕੋਚਾਂ ਵੱਲੋਂ ਸਿਖਲਾਈ ਦਿੱਤੀ ਜਾਵੇਗੀ। ਇਸ ਮੌਕੇ ਜਥੇਦਾਰ ਅਵਤਾਰ ਸਿੰਘ ਨੇ ਆਖਿਆ ਕਿ ਸ਼੍ਰੋਮਣੀ ਕਮੇਟੀ ਨੇ ਸਿੱਖ ਨੌਜਵਾਨ ਪੀੜ੍ਹੀ ਵਿਚੋਂ ਨਸ਼ਿਆਂ ਤੇ ਪਤਿਤਪੁਣੇ ਦੇ ਰੁਝਾਨ ਨੂੰ ਖ਼ਤਮ ਕਰਨ ਲਈ ਨੌਜਵਾਨਾਂ ਨੂੰ ਖੇਡਾਂ ਵੱਲ ਪ੍ਰੇਰਿਤ ਕਰਨਾ ਸ਼ੁਰੂ ਕੀਤਾ ਹੈ। ਇਨ੍ਹਾਂ ਪੁੰਗਰਦੇ ਹਾਕੀ ਖਿਡਾਰੀਆਂ ਨੂੰ ਚੰਗੀ ਖੇਡ ਸਿਖਲਾਈ ਦੇ ਨਾਲ ਮਿਆਰੀ ਵਿਦਿਆ ਵੀ ਦਿੱਤੀ ਜਾਵੇਗੀ।

ਇਸ ਦਾ ਸਮੁੱਚਾ ਖਰਚਾ ਸ਼੍ਰੋਮਣੀ ਕਮੇਟੀ ਵੱਲੋਂ ਕੀਤਾ ਜਾਵੇਗਾ। ਖੇਡਾਂ ਨੂੰ ਉਤਸ਼ਾਹਤ ਕਰਨ ਲਈ ਸ਼੍ਰੋਮਣੀ ਕਮੇਟੀ ਦੇ ਵਿਦਿਅਕ ਅਦਾਰਿਆਂ ਵਿਚ ਹਰ ਸਾਲ ਖ਼ਾਲਸਾਈ ਖੇਡਾਂ ਕਰਾਉਣ ਦਾ ਰੁਝਾਨ ਵੀ ਸ਼ੁਰੂ ਕੀਤਾ ਗਿਆ ਹੈ। ਹਾਕੀ ਖਿਡਾਰੀਆਂ ਨੂੰ ਸਿਖਲਾਈ ਦੇਣ ਲਈ ਉਘੇ ਹਾਕੀ ਖਿਡਾਰੀ ਪ੍ਰਗਟ ਸਿੰਘ, ਸੁਰਿੰਦਰ ਸਿੰਘ ਸੋਢੀ, ਰਾਜਪਾਲ ਸਿੰਘ, ਅਜੀਤਪਾਲ ਸਿੰਘ ਤੇ ਅਰਜੁਨ ਸਿੰਘ ਐਵਾਰਡੀ ਬ੍ਰਿਗੇਡੀਅਰ ਹਰਚਰਨ ਸਿੰਘ ਦੀਆਂ ਸੇਵਾਵਾਂ ਲਈਆਂ ਜਾ ਰਹੀਆਂ ਹਨ।

# ਲਹਿੰਦੇ ਪੰਜਾਬ ਦੀ ਅਸੈਂਬਲੀ ਵਿਚ ਸਿੱਖ ਮੈਂਬਰ ਨਾਮਜ਼ਦ

**ਚੰਡੀਗੜ੍ਹ:** ਪਾਕਿਸਤਾਨ ਵਿਚਲੇ ਸਿੱਖਾਂ ਲਈ ਇਤਿਹਾਸਕ ਮੀਲ ਪੱਥਰ ਕਾਇਮ ਕਰਦਿਆਂ ਸਰਦਾਰ ਰਮੇਸ਼ ਸਿੰਘ ਅਰੋੜਾ ਪੰਜਾਬ ਸੂਬਾਈ ਅਸੈਂਬਲੀ ਵਿਚ ਮੈਂਬਰ ਵਜੋਂ ਦਾਖਲ ਹੋਣ ਵਾਲੇ ਘੱਟ ਗਿਣਤੀ ਭਾਈਚਾਰੇ ਦੇ ਪਹਿਲੇ ਮੈਂਬਰ ਬਣ ਗਏ ਹਨ। 1947 ਵਿਚ ਦੇਸ਼ ਦੇ ਆਜ਼ਾਦ ਹੋਣ ਮਗਰੋਂ ਪਹਿਲੀ ਵਾਰ ਇਸ ਤਰ੍ਹਾਂ ਵਾਪਰਿਆ ਹੈ। ਸ. ਅਰੋੜਾ ਲਾਹੌਰ ਤੋਂ 80 ਕਿਲੋਮੀਟਰ ਦੂਰ ਪੈਂਦੇ ਨਾਰੋਵਾਲ ਜ਼ਿਲ੍ਹੇ ਨਾਲ ਸਬੰਧਤ ਹਨ ਤੇ ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਵੀ ਜੁੜੇ ਹੋਏ ਹਨ। ਉਨ੍ਹਾਂ ਨੇ 340 ਹੋਰ ਮੈਂਬਰਾਂ ਨਾਲ ਪੰਜਾਬ ਦੀ ਨਵੀਂ ਅਸੈਂਬਲੀ ਦੇ ਪਹਿਲੇ ਸੈਸ਼ਨ ਦੌਰਾਨ ਸਹੁੰ ਚੁੱਕੀ। ਪੀ.ਐਮ.ਐਲ.-ਐਨ ਨੇ ਘੱਟ ਗਿਣਤੀ ਭਾਈਚਾਰਿਆ ਲਈ ਰਾਖਵੀਂ ਸੀਟ ਲਈ ਉਨ੍ਹਾਂ ਨੂੰ ਨਾਮਜ਼ਦ ਕੀਤਾ ਸੀ। 11 ਮਈ ਨੂੰ ਹੋਈਆਂ ਚੋਣਾਂ ਵਿਚ ਜਿੱਤ ਮਗਰੋਂ ਪੀ.ਐਮ.ਐਲ.-ਐਨ ਨੇ ਕੇਂਦਰ ਤੇ ਪੰਜਾਬ ਵਿਚ ਸਰਕਾਰਾਂ ਬਣਾਈਆਂ ਹਨ। ਸ. ਅਰੋੜਾ ਨੇ ਕਿਹਾ ਕਿ ਪਾਕਿ ਸਥਿਤ ਸਿੱਖ ਗੁਰਦੁਆਰਿਆਂ ਵਿਚ ਰਹਿਤ ਮਰਿਆਦਾ ਤੇ ਸਾਂਭ ਸੰਭਾਲ ਲਈ ਕੋਸ਼ਿਸ਼ਾਂ ਤੋਂ ਇਲਾਵਾ ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਲਈ ਇਕ ਨਿਯਮਤ ਸੰਵਿਧਾਨ ਤਿਆਰ ਕਰਵਾਉਣਾ ਉਨ੍ਹਾਂ ਦਾ ਮਿਸ਼ਨ ਹੈ। ਪਾਕਿਸਤਾਨ ਵਿਚ ਇਸ ਵੇਲੇ 172 ਦੇ ਕਰੀਬ ਇਤਿਹਾਸਕ ਗੁਰਦੁਆਰੇ ਹਨ ਪਰ ਉਥੇ ਸਿੱਖ ਭਾਈਚਾਰੇ ਦੀ ਗਿਣਤੀ ਘੱਟ ਹੋਣ ਕਾਰਨ ਗੁਰਦੁਆਰਾ ਪ੍ਰਬੰਧਾਂ ਦਾ ਕੰਮਕਾਜ ਓਕਾਫ਼ ਬੋਰਡ ਵੱਲੋਂ ਵੇਖਿਆ ਜਾ ਰਿਹਾ ਹੈ ਤੇ ਕਾਫ਼ੀ ਗੁਰਦੁਆਰਿਆਂ ਵਿਚ ਇਸ ਵੇਲੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਨਹੀਂ ਹੈ।



ਉਨ੍ਹਾਂ ਕਿਹਾ ਕਿ ਪਹਿਲੀ ਜੂਨ ਇਕ ਵਿਸ਼ੇਸ਼ ਦਿਨ ਵਜੋਂ ਯਾਦ ਰਹੇਗੀ ਕਿਉਂਕਿ ਇਹ ਦਿਨ ਸਿੱਖ ਭਾਈਚਾਰੇ ਤੇ ਦੇਸ਼ ਦੀਆਂ ਹੋਰ ਘੱਟ ਗਿਣਤੀਆਂ ਲਈ ਜਿੱਤ ਲੈ ਕੇ ਆਇਆ ਹੈ। ਉਨ੍ਹਾਂ ਕਿਹਾ ਕਿ 1947 ਤੋਂ ਲੈ ਕੇ ਹੁਣ ਤੱਕ ਪੰਜਾਬ ਅਸੈਂਬਲੀ ਦੇ ਬਣੇ ਪਹਿਲੇ ਮੈਂਬਰ ਵਜੋਂ ਉਹ ਬਹੁਤ ਖੁਸ਼ ਹਨ। ਇਸ ਅਹੁਦੇ ਨਾਲ ਉਨ੍ਹਾਂ ਦੀਆਂ ਜ਼ਿੰਮੇਵਾਰੀਆਂ ਵਧੀਆਂ ਹਨ ਤੇ ਉਹ ਆਪਣੇ ਭਾਈਚਾਰੇ ਦੇ ਨਾਲ ਨਾਲ ਸੂਬੇ ਵਿਚਲੀਆਂ ਹੋਰ ਘੱਟ ਗਿਣਤੀਆਂ ਦੀ ਵੀ ਪ੍ਰਤੀਨਿਧਤਾ ਕਰਦੇ ਰਹਿਣਗੇ।

ਅਜਿਹੇ ਵਿਚ ਪਾਕਿ ਅਸੈਂਬਲੀਆਂ ਵਿਚ ਸਿੱਖ ਮੈਂਬਰਾਂ ਦਾ ਪਹੁੰਚਣਾ ਉਪਰੋਕਤ ਸਮੱਸਿਆਵਾਂ ਦੇ ਹੱਲ ਲਈ ਨਵੀਂ ਆਸ ਪੈਦਾ ਕਰੇਗਾ। ਜ਼ਿਕਰਯੋਗ ਹੈ ਕਿ ਇਸ ਸੂਬੇ ਦੀ ਅਸੈਂਬਲੀ ਵਿਚ ਵੀ ਇਮਰਾਨ ਖਾਨ ਦੀ ਤਹਿਰੀਕ-ਏ-ਇਨਸਾਫ ਪਾਰਟੀ ਵੱਲੋਂ ਇਕ ਹੋਰ ਸਿੱਖ ਸ. ਸਵਰਨ ਸਿੰਘ ਨੂੰ ਮੈਂਬਰ ਨਾਮਜ਼ਦ ਕੀਤਾ ਗਿਆ ਹੈ।

# ਪਰਵਾਸੀ ਭਾਰਤੀ ਦੀ ਪੁਲਿਸ ਹਿਰਾਸਤ ‘ਚ ਮੌਤ

**ਕੁਆਲਾਲੰਪੁਰ:** ਇਥੇ ਪੁਲਿਸ ਹਿਰਾਸਤ ਵਿਚ ਇਕ ਭਾਰਤੀ ਨਾਗਰਿਕ ਦੀ ਮੌਤ ਹੋ ਗਈ। ਪੋਸਟਮਾਰਟਮ ਦੀ ਰਿਪੋਰਟ ਵਿਚ ਉਸ ਦੇ ਸਰੀਰ ‘ਤੇ ਜ਼ਖ਼ਮਾਂ ਦੇ ਕਈ ਨਿਸ਼ਾਨ ਆਏ ਹਨ। ਮ੍ਰਿਤਕ ਧਰਮੇਂਦਰਨ ਦੇ ਪਰਿਵਾਰਕ ਮੈਂਬਰਾਂ ਨੇ ਪੁਲਿਸ ਤੇ ਪ੍ਰਧਾਨ ਮੰਤਰੀ ਦੇ ਵਿਭਾਗ ‘ਤੇ ਪ੍ਰੇਸ਼ਾਨ ਕਰਨ ਦਾ ਦੋਸ਼ ਲਾਇਆ ਹੈ ਪਰ ਪ੍ਰਧਾਨ ਮੰਤਰੀ ਵਿਭਾਗ ਦੇ ਮੰਤਰੀ ਪਾਲ ਲੋ ਨੇ ਇਨ੍ਹਾਂ ਦੋਸ਼ਾਂ ਨੂੰ ਰੱਦ ਕੀਤਾ ਹੈ।

ਇਕ ਵਿਰੋਧੀ ਧਿਰ ਦੇ ਆਗੂ ਦੇ ਹਵਾਲੇ ਨਾਲ ਮੀਡੀਆ ਨੇ ਖ਼ਬਰ ਦਿੱਤੀ ਹੈ ਕਿ ਮ੍ਰਿਤਕ ਧਰਮੇਂਦਰਨ ਦੇ ਸਰੀਰ ਉਤੇ ਜ਼ਖ਼ਮਾਂ ਦੇ ਡੂੰਘੇ ਨਿਸ਼ਾਨ ਸਨ। ਉਸ ਦੇ ਸਰੀਰ ਦੇ ਅੱਗੇ-ਪਿੱਛੇ ਕੱਟ ਲੱਗੇ ਹੋਏ ਸਨ। ਧਰਮੇਂਦਰਨ (32) ਦੀ 21 ਮਈ ਨੂੰ ਉਦੋਂ ਮੌਤ ਹੋ ਗਈ ਸੀ ਜਦੋਂ ਉਹ ਕੁਆਲਾਲੰਪੁਰ ਪੁਲਿਸ ਹੈੱਡਕੁਆਰਟਰ ਦੀ ਹਿਰਾਸਤ ਵਿਚ ਸੀ। ਉਸ ਨੇ ਛਾਤੀ ਵਿਚ ਦਰਦ ਦੀ ਸ਼ਿਕਾਇਤ ਕੀਤੀ ਸੀ ਤੇ ਉਸ ਨੂੰ ਤੁਰੰਤ ਹਸਪਤਾਲ ਲੈ ਜਾਇਆ ਗਿਆ ਤੇ ਵਾਪਸੀ ‘ਤੇ ਰਸਤੇ ਵਿਚ ਉਸ ਦੀ ਮੌਤ ਹੋ ਗਈ।

# ਦਰਿਆਵਾਂ ਬਾਰੇ ਅਥਾਰਿਟੀ 'ਤੇ ਪੰਜਾਬ ਨੂੰ ਇਤਰਾਜ਼

**ਚੰਡੀਗੜ੍ਹ:** ਕੇਂਦਰ ਵੱਲੋਂ ਦਰਿਆਵਾਂ ਨੂੰ ਜੋੜਨ ਦੇ ਮਾਮਲੇ 'ਤੇ ਕੌਮੀ ਪੱਧਰ ਦੀ ਅਥਾਰਿਟੀ ਬਣਾਉਣ ਦਾ ਕਈ ਸੂਬਿਆਂ ਵੱਲੋਂ ਵਿਰੋਧ ਕੀਤਾ ਜਾ ਰਿਹਾ ਹੈ। ਲੰਘੇ ਦਿਨ ਦਿੱਲੀ ਵਿਚ ਜਲ ਸਰੋਤਾਂ ਤੇ ਸਿੰਜਾਈ ਮੰਤਰੀਆਂ ਦੇ ਨਵੇਂ ਬਣਾਏ ਫੋਰਮ ਦੀ ਪਲੇਠੀ ਮੀਟਿੰਗ ਵਿਚ ਹੀ ਪੰਜਾਬ, ਉੱਤਰ ਪ੍ਰਦੇਸ਼ ਤੇ ਮੱਧ ਪ੍ਰਦੇਸ਼ ਨੇ ਨੈਸ਼ਨਲ ਵਾਟਰ ਫਰੇਮਵਰਕ ਲਾਅ ਬਣਾਉਣ ਦਾ ਵਿਰੋਧ ਕੀਤਾ ਹੈ।

ਇਸ ਮੀਟਿੰਗ ਵਿਚ ਇਸ ਤਜਵੀਜ਼ਸ਼ੁਦਾ ਅਥਾਰਿਟੀ ਦੀ ਖਰੜਾ ਰਿਪੋਰਟ ਬਾਰੇ ਵਿਚਾਰਾਂ ਹੋਣੀਆਂ ਤਾਂ ਕਿ ਨਵੀਂ ਜਲ ਨੀਤੀ ਤੇ ਕਾਨੂੰਨ ਵਿਚ ਸੋਧਾਂ ਕੀਤੀਆਂ ਜਾ ਸਕਣ। ਤਜਵੀਜ਼ਸ਼ੁਦਾ ਅਥਾਰਿਟੀ ਦਾ ਖਰੜਾ ਯੋਜਨਾ ਕਮਿਸ਼ਨ ਦੇ ਸਾਬਕਾ ਮੈਂਬਰ ਵਾਈ.ਕੇ. ਅਲਗ ਨੇ ਤਿਆਰ ਕੀਤਾ ਹੈ ਤੇ ਰਿਪੋਰਟ ਜਸਟਿਸ ਟੀ.ਐਸ. ਦੋਆਬੀਆ ਦੀ ਅਗਵਾਈ ਵਾਲੀ ਕਮੇਟੀ ਨੇ ਬਣਾਈ ਹੈ। ਇਸ ਵਿਚ 1966 ਵਾਲੇ ਰਿਵਰ ਬੋਰਡ ਐਕਟ ਵਿਚ ਲੋੜੀਂਦੀਆਂ ਤਬਦੀਲੀਆਂ ਕਰਨ ਦੀ ਪੁਣਛਾਣ ਕੀਤੀ ਗਈ ਹੈ।

ਸੂਤਰਾਂ ਮੁਤਾਬਕ ਵਿਰੋਧੀ ਧਿਰ ਦੀ ਸੱਤਾ ਵਾਲੇ ਕਈ ਸੂਬਿਆਂ ਦਾ ਵਿਚਾਰ ਸੀ ਕਿ ਇਸ ਵੇਲੇ ਸਾਰਾ ਧਿਆਨ ਜਲ ਸੰਭਾਲ ਉੱਤੇ ਦੇਣਾ ਚਾਹੀਦਾ ਹੈ। ਇਨ੍ਹਾਂ ਦਾ ਕਹਿਣਾ ਸੀ ਕਿ ਰਿਵਰ ਬੇਸਿਕ ਅਥਾਰਿਟੀ ਸੂਬਿਆਂ ਦੇ ਹੱਕਾਂ ਦੀ ਸਿੱਧੀ ਉਲੰਘਣਾ ਹੈ। ਮੀਟਿੰਗ ਵਿਚ ਪੰਜਾਬ ਦੀ ਨੁਮਾਇੰਦਗੀ ਯੋਜਨਾ ਤੇ ਡਿਜ਼ਾਇਨ (ਸਿੰਜਾਈ ਵਿਭਾਗ) ਦੇ ਡਾਇਰੈਕਟਰ ਜਗਮੋਹਨ ਸਿੰਘ ਨਾਗੀ ਨੇ ਕੀਤੀ।

ਉਨ੍ਹਾਂ ਕਿਹਾ ਕਿ ਇਹ ਸੂਬਿਆਂ ਦੇ ਹੱਕਾਂ ਉੱਤੇ ਸਿੱਧਾ ਡਾਕਾ ਹੈ। ਉਧਰ, ਜਲ ਸਰੋਤ ਮੰਤਰੀ ਹਰੀਸ਼ ਰਾਵਤ ਦਾ ਕਹਿਣਾ ਸੀ ਕਿ ਫਰੇਮਵਰਕ ਲਾਅ ਤੇ ਰਿਵਰ ਬੇਸਿਕ ਮੈਨੇਜਮੈਂਟ ਬਿੱਲ ਇਸ ਢੰਗ ਨਾਲ ਤਿਆਰ ਕੀਤਾ ਜਾਵੇਗਾ ਕਿ ਸੂਬਿਆਂ ਦੇ ਹੱਕ ਬਰਕਰਾਰ ਰਹਿਣ। ਬਿੱਲ ਨੂੰ ਅੰਤਿਮ ਰੂਪ ਸਾਰਿਆਂ ਦੇ ਸਲਾਹ ਮਸ਼ਵਰੇ ਤੋਂ ਬਾਅਦ ਹੀ ਦਿੱਤਾ ਜਾਵੇਗਾ।



*ਸੀਨੀਅਰ ਸਿਟੀਜ਼ਨ ਐਸੋਸੀਏਸ਼ਨ ਸੈਨ ਹੋਜ਼ੇ ਦੇ ਮੈਂਬਰ ਐਡਵੋਕੇਟ ਹਰਬੰਸ ਸਿੰਘ ਲੌਂਗੀਆ, ਦੇਸ ਰਾਜ ਕੰਡਾ, ਗੁਲਚਮਨ ਸਿੰਘ ਸਹੋਤਾ, ਰਾਮਿੰਦਰਪਾਲ ਸਿੰਘ, ਪੂਰਨ ਸਿੰਘ ਗਰੇਵਾਲ, ਕਰਨਲ ਬਲਬੀਰ ਸਿੰਘ, ਐਡਵੋਕੇਟ ਅਜੀਤ ਸਿੰਘ ਬਨਵੈਤ, ਸੂਬੇਦਾਰ ਸੁਰਜੀਤ ਸਿੰਘ, ਸੰਤੋਖ ਸਿੰਘ ਅਤੇ ਤਰਸੇਮ ਸਿੰਘ ਆਪਣੇ ਫੁਰਸਤ ਦੇ ਪਲਾਂ ਵਿਚ ਇਕ ਦੂਸਰੇ ਸੰਗ ਕਿਤਾਬਾਂ-ਅਖਬਾਰਾਂ ਪੜ੍ਹਦੇ, ਵਿਚਾਰ-ਵਟਾਂਦਰਾ ਕਰਦੇ ਅਤੇ ਇਕ ਦੂਸਰੇ ਦੀਆਂ ਖੁਸ਼ੀਆਂ ਵਿਚ ਸ਼ਰੀਕ ਹੁੰਦਿਆਂ ਅਮਰੀਕੀ ਕਾਨੂੰਨਾਂ, ਵਡਾਰੂਆਂ ਲਈ ਸਿਹਤ ਸਹੂਲਤਾਂ ਬਾਰੇ ਚਰਚਾ ਅਤੇ ਗੱਪ-ਸ਼ੱਪ ਕਰਦਿਆਂ। (ਤਸਵੀਰ ਤੇ ਵੇਰਵਾ: ਚਰਨਜੀਤ ਸਿੰਘ ਪੰਨੂ)*


The Anu Attorney Immigration Law Firm
Law offices of Anu Peshawaria

*More than 25 years of experience *Internationally Awarded-Extraordinary ability *Served as Legal Advisor to Govt. of India, Embassy of India, Washington, DC



*Anu Peshawaria*
*Attorney at Law*
*Licensed to practice Immigration & Bankruptcy in all 50 states.*
More than 20 year experience in US immigration & Indian law

US IMMIGRATION
*Green Cards (Investor, Employment)
*E-2 investor Visa, L1 (Intra Company)
*Family Green Card, Fiancee Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist

ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ

ਹੁਣ ਸਿਆਟਲ ਵਿਚ ਵੀ ਦਫਤਰ ਖੁਲ੍ਹ ਚੁਕਾ ਹੈ

FAMILY LAW
*Divorce *Annulment
*International Custody

INCORPORATIONS
*International Contracts, Mergers
*Attorney Supreme Court of India
*Bankruptcy Consultation & Filing

Contact numbers:
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com

46560 Fremont Blvd., STE#205, Fremont, CA 94538
801, Pine Street, # 21 H, Seattle, Washington 98101
Offices: Seattle, WA *Fremont, CA *UK *Canada *India

Weekends & Evening Appointments Available



Imperial Truck Wash & Repair

Located at 2635 E. North Ave., Fresno, CA 93725 (Corner of North & Chestnut).






Special prices for all tires.
■All major repairs for trucks & trailers.
■Brand new truck & trailer wash.
■Best prices on wash in the Fresno area.
■We offer truck & trailer wash, trailer washout,
■Wax, tire dressing, towel dry.
■We sell all major parts for truck & trailers.

Gated parking with security guard on-site at night

Also have office space available (ideal for a trucking company).

ਅਸੀਂ ਟਰੱਕ ਅਤੇ ਟਰੇਲਰਾਂ ਦੇ ਸਾਰੇ ਮੁੱਖ ਕਲਪੁਰਜੇ ਵੀ ਵੇਚਦੇ ਹਾਂ



Contact: Inderjit Singh. Ph. 559-442-8500 or Cell. 209-872-4117

# ਰੇਡੀਓ ਚੜ੍ਹਦੀ ਕਲਾ ਵਲੋਂ ਕਈ ਨਵੇਂ ਪ੍ਰੋਗਰਾਮ ਸ਼ੁਰੂ

**ਫਰੀਮਾਂਟ (ਬਿਊਰੋ):** ਪੰਜਾਬੀ ਭਾਈਚਾਰੇ ਦੀ ਸੇਵਾ ਹਿਤ ਪਿਛਲੇ ਲੰਮੇ ਅਰਸੇ ਤੋਂ ਵੱਖ ਵੱਖ ਚਲੰਤ ਤੇ ਭਖਵੇਂ ਮਸਲਿਆਂ ਉਤੇ ਪ੍ਰੋਗਰਾਮ ਪੇਸ਼ ਕਰਦੇ ਆ ਰਹੇ ਰੇਡੀਓ ਚੜ੍ਹਦੀ ਕਲਾ ਵਲੋਂ ਕੁਝ ਹੋਰ ਨਵੇਂ ਪ੍ਰੋਗਰਾਮ ਅਰੰਭ ਕੀਤੇ ਗਏ ਹਨ।

ਰੇਡੀਓ ਪ੍ਰਬੰਧਕਾਂ ਵਲੋਂ ਜਾਰੀ ਬਿਆਨ ਸ਼ਹੀਦ ਭਗਤ ਸਿੰਘ ਨਗਰ ਦੇ ਬੱਬਰਾਂ ਦਾ ਪਿੰਡ ਕਰਕੇ ਜਾਣਿਆ ਜਾਂਦਾ ਪਿੰਡ ਦੌਲਤਪੁਰ, ਖਿਡਾਰੀਆਂ ਤੇ ਸਹਿਕਾਰਤਾ ਖੇਤਰ ਵਿਚ ਪ੍ਰਾਪਤੀ ਕਰਨ ਵਾਲੇ ਇਸ ਜ਼ਿਲ੍ਹੇ ਦੇ ਪਿੰਡ ਮਾਹਿਲ ਗਹਿਲਾਂ ਬਾਰੇ ਪ੍ਰੋਗਰਾਮ ਪੇਸ਼ ਕੀਤੇ ਜਾ ਚੁਕੇ ਹਨ। ਅਗਲੇ ਮਹੀਨੇ ਬਾਬਾ ਬੰਦਾ ਸਿੰਘ ਬਹਾਦਰ ਦੀ ਵਿਰਾਸਤ



*ਪਿੰਡ ਮਾਹਿਲ ਗਹਿਲਾਂ ਬਾਰੇ ਪ੍ਰੋਗਰਾਮ ਪੇਸ਼ ਕਰਨ ਸਮੇਂ ਰੇਡੀਓ ਚੜ੍ਹਦੀ ਕਲਾ ਦੇ ਸਟੂਡੀਓ ਪੁੱਜੇ ਜੋਗਿੰਦਰ ਸਿੰਘ ਮਾਹਿਲ ਤੇ ਪਰਮਜੀਤ ਕੌਰ ਮਾਹਿਲ।*

ਅਨੁਸਾਰ ਇਨ੍ਹਾਂ ਪ੍ਰੋਗਰਾਮਾਂ ਵਿਚ ਹਰ ਮਹੀਨੇ ਦੇ ਤੀਜੇ ਬੁੱਧਵਾਰ ਨੂੰ ਰਾਤ 8:15 ਵਜੇ ਇਤਿਹਾਸਕ ਤੇ ਸਭਿਆਚਾਰਕ ਵਿਰਾਸਤ ਦੇ ਨਾਲ ਨਾਲ ਹੋਰ ਖੇਤਰਾਂ ਵਿਚ ਪ੍ਰਾਪਤੀਆਂ ਕਰਨ ਵਾਲੇ ਪੰਜਾਬ ਦੇ ਪਿੰਡਾਂ ਬਾਰੇ 'ਆਜਾ ਮੇਰਾ ਪਿੰਡ ਵੇਖ ਲੈ' ਪ੍ਰੋਗਰਾਮ ਸ਼ਾਮਲ ਹੈ ਜਿਸ ਵਿਚ ਚੜ੍ਹਦੀ ਕਲਾ ਦੀ ਟੀਮ ਸਬੰਧਤ ਪਿੰਡ ਵਿਚ ਪਹੁੰਚ ਕੇ ਸਟੂਡੀਓ ਤੋਂ ਸਿੱਧਾ ਪ੍ਰਸਾਰਣ ਕਰਨ ਵਿਚ ਮਦਦ ਕਰਦੀ ਹੈ। ਜ਼ਿਲ੍ਹਾ ਵਾਲੇ ਜਲੰਧਰ ਜ਼ਿਲ੍ਹੇ ਦੇ ਪਿੰਡ ਪਰਸ ਰਾਮਪੁਰ ਬਾਰੇ ਜਾਣਕਾਰੀ ਦਿੱਤੀ ਜਾਵੇਗੀ।

ਰੇਡੀਓ ਪ੍ਰਬੰਧਕਾਂ-ਗੁਰਚਰਨ ਸਿੰਘ ਮਾਨ ਅਤੇ ਲਖਵੀਰ ਸਿੰਘ ਅਨੁਸਾਰ ਹੋਰ ਨਵੇਂ ਪ੍ਰੋਗਰਾਮਾਂ ਵਿਚ ਸੋਮਵਾਰ 'ਖੇਡਾਂ ਦੀ ਦੁਨੀਆਂ' ਅਤੇ ਸ਼ੁੱਕਰਵਾਰ 'ਦੇਸੀ ਨੁਸਖੇ, ਦੇਸੀ ਇਲਾਜ' ਪ੍ਰੋਗਰਾਮ ਅਤੇ ਮੰਗਲਵਾਰ ਨੂੰ ਪੰਜਾਬੀ ਗਾਇਕੀ ਬਾਰੇ ਵਿਸ਼ੇਸ਼ ਪ੍ਰੋਗਰਾਮ ਸ਼ਾਮਲ ਹਨ।

# ਇੰਦਰ ਸਿੰਘ ਖਾਮੋਸ਼ ਦਾ ਨਵਾਂ ਨਾਵਲ 'ਬੁਤ ਸ਼ਿਕਨ' ਰਿਲੀਜ਼



**ਸੈਕਰਾਮੈਂਟੋ (ਬਿਊਰੋ):** ਨਾਵਲਕਾਰ ਇੰਦਰ ਸਿੰਘ ਖਾਮੋਸ਼ ਦਾ ਨਵਾਂ ਨਾਵਲ 'ਬੁਤ ਸ਼ਿਕਨ' ਇਥੇ ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਦੀ ਮੀਟਿੰਗ ਦੌਰਾਨ ਲੋਕ ਅਰਪਿਤ ਕੀਤਾ ਗਿਆ। ਸਭਾ ਦੇ ਪ੍ਰਧਾਨ ਦਲਵੀਰ ਦਿਲ ਨਿੱਜਰ ਦੇ ਘਰ ਹੋਈ ਇਸ ਮੀਟਿੰਗ ਵਿਚ ਸਭਾ ਦੀ ਸਟਾਕਟਨ ਇਕਾਈ ਦੇ ਪ੍ਰਧਾਨ ਹਰਜਿੰਦਰ ਸਿੰਘ ਪੰਧੇਰ ਆਪਣੀ ਕਾਰਜਕਾਰਨੀ ਸਮੇਤ ਅਤੇ ਬੇਅ ਏਰੀਆ ਤੋਂ ਨੀਲਮ ਸੈਣੀ, ਹਰਜਿੰਦਰ ਸਿੰਘ, ਤਾਰਾ ਸਾਗਰ ਅਤੇ ਪ੍ਰਿੰਸੀਪਲ ਹਜ਼ੂਰਾ ਸਿੰਘ ਵੀ ਪਹੁੰਚੇ।

ਅਜਕਲ੍ਹ ਇਥੇ ਸੈਕਰਾਮੈਂਟੋ ਰਹਿੰਦੇ ਨਾਵਲਕਾਰ ਇੰਦਰ ਸਿੰਘ ਖਾਮੋਸ਼ ਦਸ ਨਾਵਲ, ਪੰਜ ਕਹਾਣੀ ਸੰਗ੍ਰਹਿ ਲਿਖਣ ਤੋਂ ਇਲਾਵਾ ਕਈ ਪੁਸਤਕਾਂ ਦਾ ਪੰਜਾਬੀ ਅਨੁਵਾਦ ਕਰ ਚੁਕੇ ਹਨ। ਨਾਵਲ 'ਤੇ ਚਾਰ ਪਰਚੇ ਪੜ੍ਹੇ ਗਏ। ਨਵਨੀਤ ਪੰਨੂ ਅਤੇ ਮਹਿੰਦਰ ਸਿੰਘ ਘੱਗ ਨੇ ਆਪੋ-ਆਪਣੇ ਪਰਚੇ ਪੜ੍ਹੇ ਜਦੋਂਕਿ ਡਾ. ਗੁਰਤਰਨ ਸਿੰਘ ਦਾ ਲਿਖਿਆ ਪਰਚਾ ਮਨਜੀਤ ਸੇਖੋਂ ਅਤੇ ਡਾ. ਮੀਨਾਕਸ਼ੀ ਰਾਠੌਰ ਦਾ ਲਿਖਿਆ ਪਰਚਾ ਨੀਲਮ ਸੈਣੀ ਨੇ ਪੜ੍ਹਿਆ। ਨਾਵਲ ਬਾਰੇ ਜਸ ਫਿਜ਼ਾ, ਹਰਬੰਸ ਸਿੰਘ ਜਗਿਆਸੂ, ਦਿਲ ਨਿੱਜਰ ਅਤੇ ਹਰਜਿੰਦਰ ਸਿੰਘ ਪੰਧੇਰ ਨੇ ਆਪਣੇ ਵਿਚਾਰ ਪੇਸ਼ ਕੀਤੇ। ਅਖੀਰ ਵਿਚ ਨਾਵਲਕਾਰ ਖਾਮੋਸ਼ ਨੇ ਆਪਣੀ ਸਾਹਿਤਕ ਯਾਤਰਾ ਹਾਜਰ ਸਾਹਿਤ ਪ੍ਰੇਮੀਆਂ ਨਾਲ ਸਾਂਝੀ ਕੀਤੀ।

ਮੀਟਿੰਗ ਦੇ ਅਗਲੇ ਦੌਰ ਵਿਚ ਦਿਲ ਨਿੱਜਰ, ਕ੍ਰਿਪਾਲ ਸਿੰਘ ਦਿੱਲੀ, ਰਾਠੇਸ਼ਵਰ ਸਿੰਘ ਸੂਰਾਪੁਰੀ, ਨੀਲਮ ਸੈਣੀ, ਤਾਰਾ ਸਾਗਰ, ਨਵਨੀਤ ਪੰਨੂ, ਹਰਬੰਸ ਸਿੰਘ ਜਗਿਆਸੂ, ਜਸਵੰਤ ਜੱਸੀ, ਜੀਵਨ ਰੱਤੂ, ਪ੍ਰਿੰਸੀਪਲ ਹਜ਼ੂਰਾ ਸਿੰਘ, ਰਮੇਸ਼ ਬੰਗੜ, ਗੋਗੀ ਸੰਧੂ, ਗੁਰਬਚਨ ਚੋਪੜਾ, ਵਿੱਕੀ ਹੀਰ, ਇੰਦਰਜੀਤ ਗਰੇਵਾਲ, ਮਹਿੰਦਰ ਸਿੰਘ ਘੱਗ, ਪਰਮਿੰਦਰ ਰਾਏ, ਹਰਜਿੰਦਰ ਪੰਧੇਰ, ਮਨਦੀਪ ਗੋਰਾ, ਸੰਤੋਖ ਸਿੰਘ, ਹਰਜਿੰਦਰ ਸਿੰਘ, ਅਜਾਇਬ ਚੀਮਾ, ਜਸ ਫਿਜ਼ਾ, ਚਰਨਜੀਤ ਸਿੰਘ ਢਿਲੋਂ, ਦਲਜੀਤ ਸੂਦ, ਮਨਜੀਤ ਸੇਖੋਂ ਅਤੇ ਹੋਰਨਾਂ ਨੇ ਆਪੋ-ਆਪਣੀਆਂ ਕਵਿਤਾਵਾਂ ਪੜ੍ਹੀਆਂ। ਤਜਿੰਦਰ ਕੌਰ ਨੇ ਆਪਣੀ ਨਵੀਂ ਕਹਾਣੀ ਪੜ੍ਹ ਕੇ ਸੁਣਾਈ।

ਇਸ ਮੌਕੇ ਪੰਜਾਬੀ ਸਾਹਿਤ ਸਭਾ ਦੇ ਨਵੇਂ ਸੰਵਿਧਾਨ ਨੂੰ ਵੀ ਪ੍ਰਵਾਨਗੀ ਦਿਤੀ ਗਈ।

# ਨਾਪਾ-ਹਿਊਸਟਨ ਦੇ ਸਭਿਆਚਾਰਕ ਤੇ ਖੇਡ ਮੇਲੇ ਨੂੰ ਮਿਲਿਆ ਭਰਵਾਂ ਹੁੰਗਾਰਾ

**ਹਿਊਸਟਨ (ਇਕਬਾਲ ਸਿੰਘ):** ਨਾਰਥ ਅਮਰੀਕਨ ਪੰਜਾਬੀ ਐਸੋਸ਼ੀਏਸ਼ਨ (ਨਾਪਾ) ਟੈਕਸਸ ਸਟੇਟ ਵੱਲੋਂ ਕਰਵਾਏ ਗਏ ਪਹਿਲੇ ਵਿਸਾਖੀ ਮੇਲੇ ਵਿਚ ਜਿਥੇ ਕਬੱਡੀ, ਵਾਲੀਵਾਲ, ਰੱਸਾ-ਕੱਸੀ, ਘੋੜਾ-ਦੌੜ, ਦੌੜਾਂ ਅਤੇ ਬੱਚਿਆਂ ਦੀਆਂ ਖੇਡਾਂ ਕਰਵਾਈਆਂ ਗਈਆਂ, ਉਥੇ ਸਭਿਆਚਾਰਕ ਪ੍ਰੋਗਰਾਮ ਦੌਰਾਨ ਗਿੱਧੇ ਅਤੇ ਭੰਗੜੇ ਰਾਹੀਂ ਦਰਸ਼ਕਾਂ ਦਾ ਖੂਬ ਮਨੋਰੰਜਨ ਵੀ ਕੀਤਾ ਗਿਆ। ਇਸ ਮੌਕੇ ਮੁੱਖ ਮਹਿਮਾਨ ਨਾਪਾ ਦੇ ਚੇਅਰਮੈਨ ਸ. ਦਲਵਿੰਦਰ ਸਿੰਘ ਧੂਤ ਤੇ ਸਕੱਤਰ ਜਨਰਲ ਸ. ਸਤਨਾਮ ਸਿੰਘ ਚਾਹਲ ਸਨ। ਕਰੀਬ ਇਕ ਹਜ਼ਾਰ ਦਰਸ਼ਕਾਂ ਨੇ ਇਸ ਮੇਲੇ ਦਾ ਅਨੰਦ ਮਾਣਿਆ।



ਕਬੱਡੀ ਓਪਨ ਵਿਚ ਪਹਿਲਾ 5100 ਡਾਲਰ ਦਾ ਪਹਿਲਾ ਇਨਾਮ ਨਾਪਾ ਟੈਕਸਸ ਸਟੇਟ ਦੀ ਟੀਮ ਨੇ ਜਿੱਤਿਆ ਜਦੋਂਕਿ 3100 ਡਾਲਰ ਦਾ ਦੂਸਰਾ ਇਨਾਮ ਸ਼ਿਕਾਗੋ ਦੀ ਕਬੱਡੀ ਟੀਮ ਦੀ ਝੋਲੀ ਪਿਆ। ਕਬੱਡੀ ਓਪਨ ਵਿਚ ਅੱਠ ਟੀਮਾਂ-ਸ਼ਿਕਾਗੋ, ਨਿਊ ਯਾਰਕ, ਕੈਲੀਫੋਰਨੀਆ, ਡੈਲਸ ਤੇ ਟੈਕਸਸ ਦੀਆਂ ਭਿੜੀਆਂ। ਇਸ ਤੋਂ ਇਲਾਵਾ ਕਬੱਡੀ ਮੁਕਾਬਲਿਆਂ ਵਿਚ ਹਿਸਾ ਲੈਣ ਵਾਲੀਆਂ ਹੋਰ ਟੀਮਾਂ ਨੂੰ ਗਿਆਰਾਂ ਸੌ ਡਾਲਰ ਦੇ ਇਨਾਮ ਦਿਤੇ ਗਏ। ਕਬੱਡੀ ਅੰਡਰ-21 ਦਾ ਪਹਿਲਾ ਇਨਾਮ 2100 ਡਾਲਰ ਤੇ ਦੂਜਾ 1500 ਡਾਲਰ ਸੀ।



ਬੈਸਟ ਰੇਡਰ ਅਤੇ ਬੈਸਟ ਸਟਾਪਰ ਨੂੰ 1500-1500 ਡਾਲਰ ਦੇ ਇਨਾਮ ਦਿੱਤੇ ਗਏ। ਇਨਾਮਾਂ ਦੀ ਵੰਡ ਨਾਪਾ ਦੇ ਚੇਅਰਮੈਨ ਦਲਵਿੰਦਰ ਸਿੰਘ ਧੂਤ, ਡਾ. ਗੁਰਦੀਪ ਸਿੰਘ ਬੁਟਰ, ਗੁਰਨਾਮ ਸਿੰਘ ਸੰਧਰ, ਸਤਨਾਮ ਸਿੰਘ ਚਾਹਲ, ਡਾ. ਅਜਿੰਦਰ ਸਿੰਘ ਢੱਟ, ਡਾ. ਜਸਵੰਤ ਸਿੰਘ ਪੰਧੇਰ, ਪਾਲ ਮੋਰ, ਦਲਜੀਤ ਸਿੰਘ, ਅਮਰਜੀਤ ਢਿੱਲੋਂ ਤੇ ਹਰਦਿਆਲ ਸਿੰਘ ਮਾਂਗਟ ਨੇ ਕੀਤੀ। ਕਬੱਡੀ ਤੇ ਖੇਡ ਮੁਕਾਬਲਿਆਂ ਦੀ ਕੁਮੈਂਟਰੀ ਅਮਰਜੀਤ ਢਿੱਲੋਂ, ਸੁਖਵਿੰਦਰ ਸੰਘੇੜਾ ਤੇ ਇਕਬਾਲ ਗਾਲਿਬ ਨੇ ਆਪੋ ਆਪਣੇ ਅੰਦਾਜ਼ ਵਿਚ ਕਰਕੇ ਇਨ੍ਹਾਂ ਨੂੰ ਦਿਲਚਸਪ ਬਣਾਇਆ।

ਸਭਿਆਚਾਰਕ ਪ੍ਰੋਗਰਾਮ ਦੌਰਾਨ ਸਿਮਰਨ ਕੌਰ ਨੇ 'ਤੂੰ ਵੀ ਕਿਹੜਾ ਥਾਣੇਦਾਰ ਲਗਿਆ, ਜਿਹੜਾ ਸਾਡੇ 'ਤੇ ਹੁਕਮ ਚਲਾਵੇ' ਗੀਤ ਗਾ ਕੇ ਦਰਸ਼ਕਾਂ ਦੀ ਵਾਹ ਵਾਹ ਖੱਟੀ। ਸਭਿਆਚਾਰਕ ਪ੍ਰੋਗਰਾਮ ਨੂੰ ਨੇਪਰੇ ਚਾੜ੍ਹਨ ਲਈ ਜਸਮੀਤਾ ਕੌਰ ਸਿੰਘ, ਹਰਦੀਪ ਕੌਰ ਸਿੰਘ, ਅਮਰਪ੍ਰੀਤ ਕੌਰ, ਹਰਜਿੰਦਰ ਕੌਰ ਸੰਧੂ, ਮੁਸਕਾਨ ਕੌਰ ਸੰਧੂ, ਸੁਖਪ੍ਰੀਤ ਕੌਰ, ਕਮਲਪ੍ਰੀਤ ਕੌਰ ਨੇ ਸਖਤ ਮਿਹਨਤ ਕੀਤੀ। ਇਸ ਮੌਕੇ ਤੇ ਔਰਤਾਂ ਦੀਆਂ ਵੱਖ ਵੱਖ ਟੀਮਾਂ ਦੇ ਖੇਡ ਮੁਕਾਬਲੇ ਵੀ ਕਰਵਾਏ ਗਏ ਜੋ ਕਿਰਨਦੀਪ ਕੌਰ ਸਿੱਧੂ, ਨਵਨੀਤ ਕੌਰ ਰਿੰਪੀ, ਮਿੰਨੀ ਕੌਰ ਤੇ ਪ੍ਰਵਿੰਦਰ ਕੌਰ ਵਿਰਕ ਦੀ ਮਿਹਨਤ ਸਦਕਾ ਵਧੀਆ ਰਹੇ।

ਵੱਖ ਵੱਖ ਉਮਰ ਗਰੁਪਾਂ ਦੀਆਂ ਦੌੜਾਂ ਵੀ ਕਰਵਾਈਆਂ ਗਈਆਂ ਜਿਸ ਵਿਚ 65 ਸਾਲ ਤੋਂ ਵੱਧ ਉਮਰ ਦੇ ਗਰੁਪ ਵਿਚ ਪਹਿਲਾ ਇਨਾਮ ਮੇਲੇ ਦੇ ਗਰੈਂਡ ਸਪਾਂਸਰ ਹਰਦਿਆਲ ਸਿੰਘ ਮਾਂਗਟ ਨੇ ਜਿਤਿਆ। ਘੋੜ ਸਵਾਰੀ ਵਿਚ ਪਹਿਲਾ ਇਨਾਮ ਸਾਹਿਬ ਸਿੰਘ ਦੇ ਹਿੱਸੇ ਆਇਆ ਤੇ ਦੂਸਰਾ ਅਮਰੀਕਨ ਮੂਲ ਦੀ ਇਕ ਕੁੜੀ ਨੇ ਜਿੱਤਿਆ।

ਵਾਲੀਬਾਲ ਮੁਕਾਬਲਿਆਂ ਵਿਚ 9 ਟੀਮਾਂ ਨੇ ਹਿੱਸਾ ਲਿਆ ਅਤੇ ਪਹਿਲਾ ਇਨਾਮ ਡੈਲਸ ਦੀ ਟੀਮ 'ਏ' ਅਤੇ ਦੂਸਰਾ ਡੈਲਸ ਟੀਮ 'ਬੀ' ਦੀ ਟੀਮ ਨੇ ਜਿੱਤਿਆ। ਔਰਤਾਂ ਤੇ ਉਨ੍ਹਾਂ ਦੀਆਂ ਧੀਆਂ ਦੇ ਰੱਸਾਕਸ਼ੀ ਮੁਕਾਬਲੇ ਵੀ ਕਰਵਾਏ ਗਏ ਜਿਨ੍ਹਾਂ ਵਿਚ ਧੀਆਂ ਨੇ ਆਪਣੀਆਂ ਮਾਂਵਾਂ ਨੂੰ ਪਛਾੜ ਕੇ ਪਹਿਲਾ ਸਥਾਨ ਪ੍ਰਾਪਤ ਕੀਤਾ।

ਪਾਣੀ ਦੀ ਸੇਵਾ ਸਾਰਾ ਦਿਨ ਜਗਜੀਤ ਸਿੰਘ ਮਾਨ, ਸੌਦਾਗਰ ਸਿੰਘ ਵਿਰਕ ਤੇ ਬਲਜਿੰਦਰ ਸਿੰਘ ਵਲੋਂ ਕੀਤੀ ਜਾਂਦੀ ਰਹੀ। ਖੇਡ ਮੇਲੇ ਦੀ ਸਮਾਪਤੀ ਉਪਰੰਤ ਪਰੀਤ ਹਾਲ ਵਿਚ ਇੱਕ ਵਿਸ਼ੇਸ਼ ਇੱਕਠ ਦਾ ਆਯੋਜਨ ਕੀਤਾ ਗਿਆ ਜਿਸ ਵਿਚ ਟੈਕਸਸ ਦੇ ਜਾਣੇ-ਪਛਾਣੇ ਪਤਵੰਤਿਆਂ ਨੇ ਹਿੱਸਾ ਲਿਆ। ਇਸ ਇਕੱਠ 'ਚ ਭਾਰਤ ਅਤੇ ਵਿਦੇਸ਼ਾਂ 'ਚ ਰਹਿੰਦੇ ਪੰਜਾਬੀਆਂ ਦੇ ਮਸਲਿਆਂ ਅਤੇ ਉਨ੍ਹਾਂ ਦੇ ਹੱਲ ਲਈ ਵਿਚਾਰ ਕੀਤੀ ਗਈ।

ਮੇਲੇ ਦੀ ਸਫਲਤਾ ਲਈ ਨਾਪਾ ਯੂਥ ਵਿੰਗ ਦੇ ਆਗੂਆਂ-ਗੁਰਪ੍ਰੀਤ ਤੂਰ, ਹਰਮੀਤ ਉਭੀ, ਰਜਿੰਦਰ ਉਭੀ, ਸਰਬਜੀਤ ਸਿੰਘ, ਜਗਦੀਪ ਸਿੰਘ ਸੰਧਰ, ਇੰਦਰਬੀਰ ਸਿੰਘ ਮਾਨ ਤੇ ਹਰਪ੍ਰੀਤ ਸਿੰਘ ਨੇ ਸਖਤ ਮਿਹਨਤ ਕੀਤੀ। ਇਨ੍ਹਾਂ ਨੂੰ ਨਾਪਾ ਦੇ ਟੈਕਸਸ ਸਟੇਟ ਚੈਪਟਰ ਦੇ ਯੂਥ ਵਿੰਗ ਵਿਚ ਸ਼ਾਮਲ ਕਰ ਲਿਆ ਗਿਆ ਹੈ।







# ਇੰਟਰਨੈਸ਼ਨਲ ਸਿੱਖ ਸਾਹਿਤ ਸਭਾ ਵੱਲੋਂ ਟਰੇਸੀ 'ਚ ਕਵੀ ਦਰਬਾਰ

**ਟਰੇਸੀ (ਬਿਊਰੋ):** ਇੰਟਰਨੈਸ਼ਨਲ ਸਿੱਖ ਸਾਹਿਤ ਸਭਾ ਵੱਲੋਂ ਇਥੇ ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਵਿਖੇ ਲੰਘੀ 26 ਮਈ ਨੂੰ ਇਕ ਕਵੀ ਦਰਬਾਰ ਕਰਵਾਇਆ ਗਿਆ। ਕਵੀ ਦਰਬਾਰ ਵਿਚ ਬੀਬੀ ਮਨਜੀਤ ਕੌਰ ਗਿੱਲ ਸਿਆਟਲ, ਬੀਬੀ ਰਾਣੀ ਕੌਰ ਕਾਹਲੋਂ, ਬੀਬੀ ਗੁਰਦੇਵ ਕੌਰ, ਕੁਲਦੀਪ ਸਿੰਘ ਢੀਂਡਸਾ, ਪਰਮਜੀਤ ਸਿੰਘ ਸੇਖੋਂ, ਪਰਮਿੰਦਰ ਸਿੰਘ ਪ੍ਰਵਾਨਾ, ਪ੍ਰੋ. ਸੁਰਜੀਤ ਸਿੰਘ ਨਨੂਆ, ਤਰਸੇਮ ਸਿੰਘ ਸੁਮਨ, ਜਸਦੀਪ ਸਿੰਘ ਆਦਿ ਸ਼ਾਇਰਾਂ ਨੇ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ। ਮੰਚ ਸੰਚਾਲਨ ਦੀ ਸੇਵਾ ਗੁਰੂ ਘਰ ਦੇ ਸਟੇਜ ਸਕੱਤਰ ਦੀਪ ਸਿੰਘ ਅਤੇ ਪਰਮਿੰਦਰ ਸਿੰਘ ਪ੍ਰਵਾਨਾ ਨੇ ਨਿਭਾਈ।

ਸੰਗਤਾਂ ਨੇ ਕਵੀਜਨਾਂ ਦੀਆਂ ਜੋਸ਼ੀਲੀਆਂ ਰਚਨਾਵਾਂ ਸੁਣ ਕੇ ਜੈਕਾਰੇ ਛਡਦਿਆਂ ਉਨ੍ਹਾਂ ਦੀ ਹੌਸਲਾ ਅਫਜ਼ਾਈ ਕੀਤੀ। ਗੁਰੂ ਘਰ ਦੇ ਮੁੱਖ ਸੇਵਾਦਾਰ ਬਾਬਾ ਧਰਮ ਸਿੰਘ ਨੇ ਇੰਟਰਨੈਸ਼ਨਲ ਸਿੱਖ ਸਾਹਿਤ ਸਭਾ ਦੇ ਉਪਰਾਲੇ ਦੀ ਸ਼ਲਾਘਾ ਕਰਦਿਆਂ ਸਭ ਨੂੰ ਅੰਮ੍ਰਿਤ ਛਕਣ ਦੀ ਪ੍ਰੇਰਨਾ ਦਿੱਤੀ। ਉਨ੍ਹਾਂ ਸਮੂਹ ਕਵੀਆਂ ਦਾ ਸਿਰੋਪਾਓ ਦੇ ਕੇ ਸਨਮਾਨ ਕੀਤਾ। ਅਖੀਰ ਵਿਚ ਇੰਟਰਨੈਸ਼ਨਲ ਸਿੱਖ ਸਾਹਿਤ ਸਭਾ ਦੇ ਬਾਨੀ ਪਰਮਜੀਤ ਸਿੰਘ ਸੇਖੋਂ ਦਾਖਾ ਨੇ ਗੁਰੂ ਘਰ ਦੇ ਪ੍ਰਬੰਧਕਾਂ ਦਾ ਸਹਿਯੋਗ ਲਈ ਧੰਨਵਾਦ ਕੀਤਾ। ਇਸ ਪ੍ਰੋਗਰਾਮ ਨੂੰ ਸਫਲ ਬਣਾਉਣ ਵਿਚ ਪ੍ਰੋ ਸੁਰਜੀਤ ਸਿੰਘ ਨਨੂਆ ਨੇ ਯੋਗਦਾਨ ਪਾਇਆ ਅਤੇ ਆਲਮੀ ਸਿੱਖ ਰਹਿਤ ਪ੍ਰਚਾਰ ਮਿਸ਼ਨ ਵੱਲੋਂ ਬੁੱਕ ਸਟਾਲ ਲਗਾਇਆ ਗਿਆ।

ਜ਼ਿਕਰਯੋਗ ਹੈ ਕਿ ਇੰਟਰਨੈਸ਼ਨਲ ਸਿੱਖ ਸਾਹਿਤ ਸਭਾ ਵੱਲੋਂ ਰੇਡੀਓ ਚੜ੍ਹਦੀ ਕਲਾ ਕੈਲੀਫੋਰਨੀਆ ਰਾਹੀਂ ਤਕਰੀਬਨ ਇੱਕ ਸਾਲ ਤੋਂ ਕਵੀ ਦਰਬਾਰ ਕਰਵਾਏ ਜਾ ਰਹੇ ਹਨ। ਹੁਣ ਸਭਾ ਨੇ ਗੁਰੂ ਘਰਾਂ ਵਿਚ ਸਿੱਖ ਧਰਮ ਅਤੇ ਵਿਰਸੇ ਨੂੰ ਸਮਰਪਿਤ ਕਵੀ ਦਰਬਾਰ ਕਰਨੇ ਸ਼ੁਰੂ ਕੀਤੇ ਹਨ।



*ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼, ਟਰੇਸੀ ਪਹੁੰਚੇ ਸਿੱਖ ਕਵੀ*

*Visit us on the web:*
***punjabtimesusa.com***

# ਪਿੰਡਾਂ ਦੀ ਭਾਈਚਾਰਕ ਸਾਂਝ ਨੂੰ ਲੱਗਾ ਸਿਆਸੀ ਗ੍ਰਹਿਣ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਸਿਆਸੀ ਪਾਰਟੀਆਂ ਦੀ ਸਿੱਧੀ ਦਖ਼ਲ ਕਾਰਨ ਪਿੰਡਾਂ ਦੀ ਭਾਈਚਾਰਕ ਸਾਂਝ ਨੂੰ ਸਿਆਸੀ ਗ੍ਰਹਿਣ ਲੱਗ ਗਿਆ ਹੈ। ਕਿਸੇ ਵੇਲੇ ਸਥਾਨਕ ਮੁੱਦਿਆਂ ਨੂੰ ਲੈ ਕੇ ਲੜੀਆਂ ਜਾਂਦੀਆਂ ਪੰਚਾਇਤੀ ਚੋਣਾਂ ਵਿਚ ਪਿਛਲੇ ਦੋ ਕੁ ਦਹਾਕਿਆਂ ਤੋਂ ਸਿਆਸੀ ਪਾਰਟੀਆਂ ਦੀ ਸਿੱਧੀ ਦਖਲਅੰਦਾਜ਼ੀ ਕਾਰਨ ਪਿੰਡਾਂ ਵਿਚ ਵੈਰ ਵਿਰੋਧ ਤੇ ਧੜੇਬੰਦੀ ਵਧੀ ਹੈ। ਇਨ੍ਹਾਂ ਚੋਣਾਂ ਵਿਚ ਲੜਾਈ ਝਗੜੇ ਤੇ ਕਤਲ ਆਮ ਗੱਲ ਹੋ ਗਈ ਹੈ ਤੇ ਇਹ ਵੈਰ ਕਈ-ਕਈ ਪੀੜੀਆਂ ਚੱਲਦੇ ਰਹਿੰਦੇ ਹਨ।

ਉਂਜ, ਪੇਂਡੂ ਸਮਾਜ ਵਿਚ ਆਏ ਮਾਰੂ ਬਦਲਾਅ ਤੋਂ ਉਪਜੀ ਅੱਗ ਦੀ ਤਪਸ਼ ਨੇ ਆਮ ਲੋਕਾਂ ਦੀ ਜ਼ਿੰਦਗੀ ਦੇ ਨਾਲ-ਨਾਲ ਸਿਆਸਤਦਾਨਾਂ ਨੂੰ ਸਾੜਨਾ ਸ਼ੁਰੂ ਕਰ ਦਿੱਤਾ ਹੈ। ਸ਼ੁਰੂ ਵਿਚ ਕਾਂਗਰਸ ਤੇ ਮੌਜੂਦਾ ਹਾਕਮ ਗਠਜੋੜ ਨੇ ਆਪੋ ਆਪਣੀਆਂ ਸਰਕਾਰਾਂ ਸਮੇਂ ਸਰਪੰਚੀ ਤੇ ਪੰਚੀ ਨੂੰ ਵੱਕਾਰ ਦਾ ਸਵਾਲ ਬਣਾ ਕੇ ਪੇਂਡੂ ਲੋਕਾਂ ਨੂੰ ਗੁੰਮਰਾਹ ਕਰਨਾ ਸ਼ੁਰੂ ਕੀਤਾ ਤਾਂ ਕਿ ਇਨ੍ਹਾਂ ਸਰਪੰਚਾਂ ਨੂੰ ਔਜ਼ਾਰ ਵਜੋਂ ਵਰਤਦਿਆਂ ਵਿਧਾਨ ਸਭਾ ਜਾਂ ਲੋਕ ਸਭਾ ਚੋਣਾਂ ਵਿਚ ਆਮ ਵੋਟਰਾਂ ਦੀ ਹਮਾਇਤ ਪ੍ਰਾਪਤ ਕੀਤੀ ਜਾ ਸਕੇ।

ਇਹ ਰੁਝਾਨ ਜਿਥੇ ਬਿਨਾ ਮਿਹਨਤ ਵੋਟਾਂ ਦਾ ਜ਼ਰੀਆ ਬਣਨ ਲੱਗਾ, ਉਥੇ ਪੇਂਡੂ ਪੱਧਰ 'ਤੇ ਪਾਰਟੀਆਂ ਦੀ ਪਕੜ ਮਜ਼ਬੂਤ ਹੋ ਲੱਗੀ। ਹੌਲੀ-ਹੌਲੀ ਇਹ ਰੁਝਾਨ ਜਿਸ ਕੀ ਲਾਠੀ ਉਸ ਕੀ ਭੈਂਸ ਬਣਦਾ ਗਿਆ ਤੇ ਹਾਕਮਾਂ ਨੇ ਆਪਣੇ ਹੀ ਸਰਪੰਚ ਧੱਕੇ ਨਾਲ ਬਣਾਉਣੇ ਸ਼ੁਰੂ ਕਰ ਦਿੱਤੇ ਜਿਸ ਕਾਰਨ ਵਿਰੋਧੀ ਸਿਆਸੀ ਪਾਰਟੀਆਂ ਦੇ ਵਰਕਰਾਂ ਨਾਲ ਹਿੰਸਾ ਦੇ ਮਾਮਲੇ ਬਹੁਤ ਵਧ ਗਏ ਜਿਸ ਦੀ ਉਦਾਹਰਨ ਹੁਣੇ ਹੋਈਆਂ ਪੰਚਾਇਤੀ ਰਾਜ ਚੋਣਾਂ ਵਿਚ ਵੇਖੀ ਜਾ ਸਕਦੀ ਹੈ।

ਪਿੰਡਾਂ ਵਿਚ ਭਾਈਚਾਰਕ ਸਾਂਝ ਟੁੱਟਣ ਕਾਰਨ ਸਿਆਸੀ ਪਾਰਟੀਆਂ ਨੂੰ ਖਮਿਆਜ਼ਾ ਵੀ ਭੁਗਤਨਾ ਪੈ ਰਿਹਾ ਹੈ। ਇਸ ਵਾਰ ਅਕਾਲੀ-ਭਾਜਪਾ ਗਠਜੋੜ ਦੀ ਵਿਧਾਨ ਸਭਾ ਚੋਣਾਂ ਵਿਚ ਜਿੱਤ ਨਾਲ ਪੇਂਡੂ ਪੱਧਰ 'ਤੇ ਪਾਰਟੀ ਵਰਕਰਾਂ ਵਿਚ ਬੇਹੱਦ ਵਧੇ ਉਤਸ਼ਾਹ ਕਾਰਨ ਇਕ-ਇਕ ਪਿੰਡ ਵਿਚ ਹਾਕਮ ਧਿਰ ਵੱਲੋਂ ਸਰਪੰਚੀ ਦੇ ਸੁਪਨੇ ਵੇਖਣ ਵਾਲੇ ਕਈ ਧੜੇ ਉੱਭਰ ਆਏ ਹਨ ਜਿਸ ਨੇ ਹਾਕਮਾਂ ਨੂੰ ਬਿਪਤਾ ਵਿਚ ਪਾ ਦਿੱਤਾ ਹੈ। ਆਪੇ ਹੀ ਪੈਦਾ ਕੀਤੇ ਵੱਖ-ਵੱਖ ਧੜਿਆਂ ਨੂੰ ਸਮੇਟਣਾ ਹੁਣ ਬਹੁਤੇ ਅਕਾਲੀ ਵਿਧਾਇਕਾਂ ਜਾਂ ਹਲਕਾ ਮੁਖੀਆਂ ਦੇ ਵੱਸ ਵਿਚ ਨਹੀਂ ਰਿਹਾ ਤੇ ਇਸ ਅੰਦਰੂਨੀ ਧੜੇਬੰਦੀ ਦਾ ਅਸਰ ਉਨ੍ਹਾਂ ਨੂੰ ਅਗਲੀਆਂ ਲੋਕ ਸਭਾ ਚੋਣਾਂ ਵਿਚ ਭੁਗਤਣ ਦਾ ਡਰ ਸਤਾ ਰਿਹਾ ਹੈ।







ਕਲਾ ਪਰਿਕਰਮਾ

# ਕਾਬੁਲੀਵਾਲਾ...ਖਾਲਿਦ ਹੁਸੈਨੀ

*ਕੈਲੇਫ਼ੋਰਨੀਆ ਵਿਚ ਵਸਦੇ ਖਾਲਿਦ ਹੁਸੈਨੀ ਦਾ ਤੀਜਾ ਨਾਵਲ 'ਐਂਡ ਦਿ ਮਾਊਂਨਟੇਨਜ਼ ਈਕੋਡ' ਹੁਣੇ ਹੁਣੇ ਛਪ ਕੇ ਆਇਆ ਹੈ। ਆਪਣੇ ਪਹਿਲੇ ਦੋ ਨਾਵਲਾਂ 'ਦਿ ਕਾਈਟ ਰਨਰ' ਅਤੇ 'ਏ ਥਾਊਜ਼ੈਂਡ ਸਪਲੈਂਡਿਡ ਸਨਜ਼' ਨਾਲ ਸੰਸਾਰ ਭਰ ਵਿਚ ਚਰਚਿਤ ਹੋ ਚੁੱਕਾ ਇਹ ਨੌਜਵਾਨ ਨਾਵਲਕਾਰ ਅੱਜਕੱਲ੍ਹ ਫਿਰ ਚਰਚਾ ਵਿਚ ਹੈ। ਇਹ ਠੀਕ ਹੈ ਕਿ ਸਾਹਿਤ ਦੇ ਖੇਤਰ ਵਿਚ ਉਸ ਦੀ ਚਰਚਾ ਦਾ ਇਕ ਕਾਰਨ ਸਿਆਸੀ ਹੈ, ਅਫਗਾਨਿਸਤਾਨ ਵਿਚ ਚਿਰਾਂ ਤੋਂ ਚੱਲ ਰਹੀ ਖਾਨਾਜੰਗੀ ਵੀ ਹੈ, ਪਰ ਉਸ ਨੇ ਆਪਣੇ ਅਫਗਾਨਿਸਤਾਨ ਬਾਰੇ ਜਿਸ ਤਰ੍ਹਾਂ ਪੂਰੇ ਤਹੱਮਲ ਨਾਲ ਆਪਣੀ ਗੱਲ ਸੁਣਾਈ ਹੈ, ਉਹ ਬੰਦੇ ਨੂੰ ਧੁਰ ਅੰਦਰ ਤੱਕ ਕੁਰੇਦਦੀ ਹੈ। -ਸੰਪਾਦਕ*






ਬਹੁਤ ਘੱਟ ਲੋਕਾਂ ਨੂੰ ਪਤਾ ਹੈ ਕਿ ਖਾਲਿਦ ਹੁਸੈਨੀ ਦਾ ਪੇਸ਼ਾ ਡਾਕਟਰੀ ਹੈ। 4 ਮਾਰਚ 1965 ਨੂੰ ਜੰਮਿਆ ਇਹ ਅਫਗਾਨ ਬਾਲਕ 15 ਸਾਲ ਦੀ ਉਮਰ ਵਿਚ ਅਮਰੀਕਾ ਆਇਆ ਸੀ। ਅਮਰੀਕਾ ਵਿਚ ਉਹ ਅਜਨਬੀ ਸੀ ਅਤੇ ਉਹਦੇ ਲਈ ਵੀ ਅਮਰੀਕਾ ਅਜਨਬੀ ਹੀ ਸੀ। ਉਨ੍ਹਾਂ ਦਿਨਾਂ ਦੀਆਂ ਕਰੂਰ ਯਾਦਾਂ ਨੇ ਉਸ ਨੂੰ ਅਫਗਾਨਿਸਤਾਨ ਨਾਲ ਜੋੜਿਆ ਜੋ ਉਸ ਤੋਂ ਕਿਤੇ ਪਿਛਾਂਹ ਛੁੱਟ ਗਿਆ ਸੀ। ਅਫਗਾਨਿਸਤਾਨ ਨਾਲ ਉਸ ਦਾ ਇਹ ਤੋੜ-ਵਿਛੋੜਾ ਆਪ ਸਹੇੜਿਆ ਨਹੀਂ ਸੀ, ਉਹ ਤਾਂ ਬੱਸ ਜਲਾਵਤਨੀ ਦੀ ਜੂਨੇ ਪੈ ਗਿਆ ਸੀ। ਅਸਲ ਵਿਚ ਉਸ ਦਾ ਡਿਪਲੋਮੈਟ ਅੱਬਾ 1970 ਵਿਚ ਤਹਿਰਾਨ (ਇਰਾਨ) ਵਿਚ ਟੱਬਰ ਸਮੇਤ ਅਫਗਾਨਿਸਤਾਨ ਦੇ ਸਫਾਰਤਖਾਨੇ ਚਲਾ ਗਿਆ ਸੀ। 1976 ਵਿਚ ਜਦੋਂ ਉਹ 11 ਵਰ੍ਹਿਆਂ ਦਾ ਸੀ, ਟੱਬਰ ਫਰਾਂਸ ਚਲਾ ਗਿਆ। ਇਸ ਤੋਂ ਬਾਅਦ ਉਹ ਵਤਨ ਨਾ ਪਰਤ ਸਕੇ। ਅਪਰੈਲ 1978 ਵਿਚ ਕਮਿਊਨਿਸਟ ਪਾਰਟੀ ਨੇ ਸਰਕਾਰ ਦਾ ਤਖਤਾ ਪਲਟ ਦਿੱਤਾ ਸੀ। ਅਗਲੇ ਸਾਲ ਰੂਸੀ ਫੌਜਾਂ ਅਫਗਾਨਿਸਤਾਨ ਪੁੱਜ ਗਈਆਂ ਅਤੇ ਇਸ ਤੋਂ ਅਗਲੇ ਸਾਲ 1980 ਵਿਚ ਖਾਲਿਦ ਦੇ ਅੱਬਾ ਨੇ ਅਮਰੀਕਾ ਵਿਚ ਸਿਆਸੀ ਪਨਾਹ ਲਈ ਅਰਜ਼ੀ ਦੇ ਦਿੱਤੀ ਅਤੇ ਸੈਨ ਹੋਜ਼ੇ (ਕੈਲੇਫੋਰਨੀਆ) ਵਸ ਗਏ। ਅੱਜਕੱਲ੍ਹ ਖਾਲਿਦ ਆਪਣੀ ਬੇਗਮ ਰੋਇਆ ਅਤੇ ਦੋ ਬੱਚਿਆਂ (ਹੈਰਿਸ ਤੇ ਫਰਹਾ) ਨਾਲ ਉੱਤਰੀ ਕੈਲੇਫੋਰਨੀਆ ਵਿਚ ਵੱਸਦਾ ਹੈ। ਬਤੌਰ ਲੇਖਕ ਉਸ ਨੂੰ ਇੰਨੀ ਘੱਟ ਉਸ ਵਿਚ ਇੰਨੀ ਸ਼ੋਹਰਤ ਮਿਲ ਗਈ ਸੀ, ਪਰ ਅੱਜ ਵੀ ਉਹ ਬੜਾ ਨਿਰਮਾਣ ਹੈ। ਉਸ ਨੂੰ ਆਪਣਾ ਪਿਛੋਕੜ ਕਦੀ ਨਹੀਂ ਭੁੱਲਦਾ।

ਖਾਲਿਦ ਨੂੰ ਬਤੌਰ ਬਾਲਕ ਅਮਰੀਕਾ ਵਿਚ ਚੋਖੇ ਸੰਘਰਸ਼ ਵਿਚੋਂ ਲੰਘਣਾ ਪਿਆ। ਉਹ ਸੈਨ ਹੋਜ਼ੇ ਦੇ ਇੰਡੀਪੈਂਡੈਂਸ ਹਾਈ ਸਕੂਲ ਵਿਚ ਦਾਖਲ ਹੋਇਆ ਤਾਂ ਉਸ ਨੂੰ ਲੱਗਿਆ ਕਿ ਉਹਦੇ ਨਾਲ ਪੜ੍ਹਦੇ ਬੱਚਿਆਂ ਦੀ ਤਾਂ ਦੁਨੀਆਂ ਹੀ ਹੋਰ ਹੈ। ਹੌਲੀ ਹੌਲੀ ਉਹਦੇ ਮਨ ਵਿਚ ਹੀਣ-ਭਾਵ ਵੀ ਘਰ ਕਰ ਗਈ। ਖਾਲਿਦ ਉਨ੍ਹਾਂ ਦਿਨਾਂ ਨੂੰ ਯਾਦ ਕਰਦਾ ਕਰਦਾ ਬੜਾ ਉਦਾਸ ਹੋ ਜਾਂਦਾ ਹੈ। ਅਸਲ ਵਿਚ ਇਹ ਉਹ ਦਿਨ ਵੀ ਸਨ ਜਦੋਂ ਉਹ ਆਪਣੇ ਆਪ ਨੂੰ ਅਫਗਾਨਿਸਤਾਨ ਪੁੱਜ ਗਿਆ ਮਹਿਸੂਸ ਕਰਦਾ। ਉਸ ਦੀ ਇਹ ਕਾਲਪਨਿਕ ਕਹਾਣੀ 'ਐਲਿਸ ਇਨ ਵੰਡਰਲੈਂਡ' ਤੋਂ ਕਿਸੇ ਵੀ ਸੂਰਤ ਘੱਟ ਨਹੀਂ ਸੀ। ਉਸ ਨੇ ਉਦਾਸੀ ਅਤੇ ਕਲਪਨਾ ਨੂੰ ਜਦੋਂ ਕੋਰੇ ਕਾਗਜ਼ ਉਤੇ ਉਤਾਰਨਾ ਆਰੰਭ ਕਰ ਦਿੱਤਾ। ਜਦੋਂ ਇਹ ਸਾਰੇ ਸਫੇ ਰਲ ਕੇ 'ਦਿ ਕਾਈਟ ਰਨਰ' ਦੇ ਰੂਪ ਵਿਚ ਛਪੇ ਤਾਂ ਦੁਨੀਆਂ ਦੰਗ ਰਹਿ ਗਈ। 'ਦਿ ਕਾਈਟ ਰਨਰ' ਕੈਲੇਫ਼ੋਰਨੀਆ ਵਿਚ ਵਸਦੇ ਉਸ ਅਫ਼ਗਾਨ ਬੰਦੇ ਦੀ ਕਹਾਣੀ ਹੈ ਜੋ ਬਚਪਨ ਵਿਚ ਆਪਣੇ ਦੋਸਤ ਨੂੰ ਛੱਡਣ ਆਉਣ ਦੇ ਪਛਤਾਵੇ ਵਿਚ ਭੁੱਜਦਾ, ਕਾਬੁਲ ਪਰਤਦਾ ਹੈ। ਇਹ ਨਾਵਲ 2003 ਵਿਚ ਛਪਿਆ ਸੀ। ਇਸ ਨਾਵਲ 'ਤੇ ਇਸੇ ਨਾਂ ਹੇਠ ਫਿਲਮ ਵੀ ਬਣ ਚੁੱਕੀ ਹੈ ਜਿਹੜੀ ਦਸੰਬਰ 2007 ਨੂੰ ਰਿਲੀਜ਼ ਹੋਈ ਸੀ। ਉਸ ਦਾ ਦੂਜਾ ਨਾਵਲ 'ਏ ਥਾਊਜ਼ੈਂਡ ਸਪਲੈਂਡਿਡ ਸਨਜ਼' ਜੋ 2007 ਵਿਚ ਛਪਿਆ, ਵੀ ਕੋਈ ਘੱਟ ਨਹੀਂ ਸੀ। ਇਹ ਦੋ ਔਰਤਾਂ ਮਰੀਅਮ ਅਤੇ ਲੈਲਾ ਦੀ ਕਹਾਣੀ ਹੈ ਜਿਨ੍ਹਾਂ ਦਾ ਜੀਵਨ ਕਰੂਰ ਹਾਲਾਤ ਨੇ ਬਦਲ ਕੇ ਰੱਖ ਦਿੱਤਾ। ਇਸ ਨਾਵਲ ਉਤੇ ਵੀ ਫਿਲਮ ਬਣ ਰਹੀ ਹੈ ਅਤੇ ਇਹ 2015 ਵਿਚ ਰਿਲੀਜ਼ ਹੋਵੇਗੀ। ਇਨ੍ਹਾਂ ਦੋਹਾਂ ਕਿਤਾਬਾਂ ਵਿਚ ਅਫ਼ਗਾਨ ਬੰਦੇ ਦਾ ਦਿਲ ਧੜਕਦਾ ਸਾਫ਼ ਸਫ਼ਾਈ ਦਿੰਦਾ ਹੈ। ਇਨ੍ਹਾਂ ਵਿਚ ਜੰਗ ਦੀ ਮਾਰ ਹੇਠ ਆਏ ਲੋਕਾਂ ਦਾ ਰੁਦਨ ਹੈ। ਸੰਸਾਰ ਭਰ ਦੇ 70 ਦੇਸ਼ਾਂ ਵਿਚ ਇਨ੍ਹਾਂ ਕਿਤਾਬਾਂ ਦੀਆਂ ਤਕਰੀਬਨ 4 ਕਰੋੜ ਕਾਪੀਆਂ ਵਿਕ ਚੁੱਕੀਆਂ ਹਨ।

ਖਾਲਿਦ ਦਾ ਤੀਜਾ ਅਤੇ ਨਵਾਂ ਨਾਵਲ ਪਹਿਲੇ ਦੋ ਨਾਵਲਾਂ ਤੋਂ ਕਈ ਗੱਲਾਂ ਕਰ ਕੇ ਵੱਖਰਾ ਹੈ। ਦੋਹਾਂ ਨਾਵਲਾਂ ਵਿਚ ਅਫਗਾਨਿਸਤਾਨ ਦੀ ਖਾਨਾਜੰਗੀ ਦਾ ਪੂਰਾ ਵਾਰ-ਪਹਿਰਾ ਹੈ, ਪਰ ਨਵੇਂ ਨਾਵਲ 'ਐਂਡ ਦਿ ਮਾਊਂਨਟੇਨਜ਼ ਈਕੋਡ' ਦਾ ਧਰਾਤਲ ਵੱਖਰਾ ਹੈ। ਇਸ ਨਾਵਲ ਦੀ ਨਾਇਕਾ ਫਰਾਂਸੀਸੀ-ਅਫਗਾਨ ਕਵਿੱਤਰੀ ਨੀਲਾ ਵਾਹਦਤੀ ਹੈ ਜਿਹੜੀ ਪਿਆਰ, ਇੱਛਾ ਅਤੇ ਤਾਂਘ ਦੀ ਸ਼ਾਇਰੀ ਕਰਦੀ ਹੈ। ਖਾਲਿਦ ਨੇ ਆਪਣੀ ਇਸ ਪਾਤਰ ਦੇ ਬਹਾਨੇ ਅਫਗਾਨ ਕਵਿੱਤਰੀਆਂ ਅਤੇ ਔਰਤ ਦੀ ਆਜ਼ਾਦੀ ਬਾਰੇ ਗੱਲ ਤੋਰੀ ਹੈ। ਉਸ ਨੂੰ ਇਹ ਕਹਾਣੀ ਲਿਖਣ ਦੀ ਪ੍ਰੇਰਨਾ ਪਹਿਲੇ ਵੇਲਿਆਂ ਵਿਚ ਹੋਈਆਂ ਕਵਿੱਤਰੀਆਂ ਤੋਂ ਮਿਲੀ ਹੈ ਜਿਨ੍ਹਾਂ ਨੇ ਔਰਤ ਦੀ ਆਜ਼ਾਦੀ ਦੀ ਗੱਲ ਬਹੁਤ ਠੋਕ-ਵਜਾ ਕੇ ਕੀਤੀ ਹੈ। ਇਨ੍ਹਾਂ ਕਵਿੱਤਰੀਆਂ ਦੀ ਅਫਗਾਨਿਤਸਾਨ ਦੇ ਸਾਹਿਤ ਵਿਚ ਬੜੀ ਉਚ ਦੁਮਾਲੜੀ ਥਾਂ ਹੈ। ਇਹ ਸਾਰਾ ਨਾਵਲ 20ਵੀਂ ਸਦੀ ਵਿਚ ਵਾਪਰਦਾ ਹੈ। ਇਸ ਵਿਚ 1950ਵਿਆਂ ਦਾ ਦੌਰ ਸਹਿਜੇ ਹੀ ਪਛਾਣ ਵਿਚ ਆ ਜਾਂਦਾ ਹੈ। ਉਸ ਵੇਲੇ ਕਾਬੁਲ ਪੂਰੇ ਦੇਸ਼ ਦੇ ਮੁਕਾਬਲੇ, ਕਿਤੇ ਵੱਧ ਪੱਛਮੀ ਪ੍ਰਭਾਵ ਵਾਲਾ ਬਣ ਗਿਆ ਸੀ।



*ਅਫਗਾਨਿਸਤਾਨ ਦੀ ਰਾਜਧਾਨੀ ਕਾਬੁਲ ਦੀ 1950 ਵਿਚ ਖਿੱਚੀ ਇਕ ਤਸਵੀਰ ਜਿਸ ਵਿਚ ਪੱਛਮੀ ਮੁਟਿਆਰਾਂ ਇਕ ਦੁਕਾਨ ਤੋਂ ਸੰਗੀਤ ਐਲਬਮਾਂ ਖਰੀਦ ਰਹੀਆਂ ਹਨ।*

# ਆਖ ਤਸਵੀਰਾਂ ਬੋਲਦੀਆਂ

'ਪੰਜਾਬ ਟਾਈਮਜ਼' ਦੇ ਪਾਠਕਾਂ ਲਈ ਸ਼ੁਰੂ ਕੀਤੇ ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੂੰ ਭਰਪੂਰ ਹੁੰਗਾਰਾ ਮਿਲਿਆ ਹੈ। ਇਸ ਕਾਲਮ ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖ਼ੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ ਵਿਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਵਧੀਆ ਲਿਖਤਾਂ ਪਰਚੇ ਵਿਚ ਛਾਪੀਆਂ ਜਾਣਗੀਆਂ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਕਾਵਿ ਟੋਟਾ ਤੁਹਾਡੀ ਆਪਣੀ ਜਾਂ ਕਿਸੇ ਹੋਰ ਦੀ ਰਚਨਾ ਵੀ ਹੋ ਸਕਦੀ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਜਾਂ ਕੋਈ ਹੋਰ ਵਿਕੋਲਿਤਰੀ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਸਾਡੇ ਪਾਸ ਪਹੁੰਚਣ ਲਈ ਆਖਰੀ ਤਾਰੀਖ 15 ਜੂਨ ਹੈ। -ਸੰਪਾਦਕ

## ਕੈਪਸ਼ਨ ਮੁਕਾਬਲਾ-68



*ਕਰ ਕਰ ਨਫਰਤ ਮਾਨਸ ਜਾਤੀ, ਹੋ ਰਹੀ ਨਿੱਤ ਖੱਜਲ ਖੁਆਰ।
ਇਕ ਦੂਜੇ ਦੇ ਵੈਰੀ ਜਾਨਵਰ, ਦੇਖੋ ਕਰ ਰਹੇ ਕਿੰਜ ਪਿਆਰ!*

## ਕੈਪਸ਼ਨ ਮੁਕਾਬਲਾ-66



ਸੱਗੀ ਤੇ ਫੁੱਲ ਗੁੰਦ ਕੇ ਸਿਰ 'ਤੇ,
ਮੱਥੇ ਟਿੱਕਾ ਲਾਇਆ।
ਭੁੱਲਾ ਭੁਲਾਇਆ ਰੰਗਲਾ ਵਿਰਸਾ,
ਸਾਨੂੰ ਯਾਦ ਕਰਾਇਆ।
ਨੰਨ੍ਹੀ ਜਿਹੀ ਮਲੂਕ ਜਿੰਦ ਨੇ,
'ਬੀਤੇ' ਵਿਚ ਪੁਚਾਇਆ।
**-ਜਗਮੀਤ ਸਿੰਘ ਪੰਧੇਰ**

---

ਸੱਚ ਸਿਆਣੇ ਕਹਿੰਦੇ ਸੀ,
ਦਾਦਾ ਲਾਵੇ, ਪੋਤਾ ਖਾਵੇ।
ਰੋਹੀ ਵਿਚ ਰੁਲ ਮਰ ਗਈ ਦਾਦੀ,
ਜੋ ਟਿੱਕਾ ਸੱਗੀ-ਫੁੱਲ ਸੀ ਚਾਹਵੇ।
ਤੰਗੀ ਤੁਰਸ਼ੀ ਵਿਚ ਦਾਦਾ ਉਸ ਦੀ
ਲਾਰਿਆਂ ਨਾਲ ਉਮਰ ਲੰਘਾਵੇ।
ਪਰ ਨੰਨੀ ਨੂੰ ਤੱਕ ਇੰਜ ਜਾਪੇ,
ਦਾਦੀ ਚਾਹਵੇ ਪੋਤੀ ਪਾਵੇ।
**-ਸੇਵਾ ਸਿੰਘ ਨੂਰਪੁਰੀ
ਸੈਨ ਹੋਜ਼ੇ, ਕੈਲੀਫੋਰਨੀਆ।**

---

ਦੇਸ-ਪਰਦੇਸ ਸਾਡੇ ਘਰਾਂ ਵਿਚ
ਚੱਲ ਪਈ ਹਵਾ ਪੱਛਮੀ ਬਾਣੇ ਦੀ,
ਟੀ-ਸ਼ਰਟਾਂ ਨਾਲ ਪਾਉਣ ਜੀਨਾਂ
ਸ਼ਰਮ ਹਯਾ ਛੱਡ'ਤੀ ਸਾਰੇ ਲਾਣੇ ਜੀ।
ਛੋਟੀ ਬੱਚੀ ਪਾ ਸੂਟ ਪੰਜਾਬੀ
ਸਿਰ ਉਪਰ ਲਾ ਫੁੱਲ ਸੱਗੀ ਦਾ,
ਕਹਿਣ ਸਿਆਣੇ ਆਪਣਾ ਵਿਰਸਾ ਛੱਡ
ਨਹੀਂ ਮਗਰ ਕਿਸੇ ਦੇ ਲੱਗੀਦਾ।
**-ਗੋਰਾ ਪ੍ਰਜਾਪਤ ਨਿਊ ਯਾਰਕ
ਫੋਨ: 718-690-8403**


---

ਹੈ ਫਿਜ਼ਾ ਬੇਆਬਰੂ
ਹਰ ਨਜ਼ਰ ਨਾਪਾਕ ਹੈ!
ਕੰਜਕੋ ਮਰ ਜਾਣੀਉਂ
ਮੁਟਿਆਰ ਨਾ ਬਣਨਾ ਕਦੀ!!
**-ਬਲਜੀਤ ਸਿੰਘ 'ਬੱਲੀ'**

---

ਲਾ ਲਏ ਬੱਚੀਏ ਸੱਗੀ ਫੁੱਲ!
ਤੈਨੂੰ ਗਏ ਖਿਡਾਉਣੇ ਭੁੱਲ?
**-ਕਮਿੱਕਰ ਸਿੰਘ ਮਿਸ਼ੀਗਨ**

## ਕੈਪਸ਼ਨ ਮੁਕਾਬਲਾ-65



ਪਾ ਕੇ ਜੀਨਾਂ ਪੱਗ ਰੱਖ ਸਿਰ 'ਤੇ
ਇੰਜ ਨਹੀਂ ਬਣਦਾ ਸਭਿਆਚਾਰ।
ਫਿਲਮੀ ਸੈਟ ਦੀ ਕੁੱਲੀ ਵਿਚੋਂ,
ਜਦ ਦੋ ਜਣੇ ਆਵਣ ਬਾਹਰ।
**-ਸੇਵਾ ਸਿੰਘ ਨੂਰਪੁਰੀ**

# ਆਇਰਲੈਂਡ ਪੁਲਿਸ 'ਚ ਸਾਬਤ ਸੂਰਤ ਸਿੱਖ ਨੂੰ ਭਰਤੀ ਕਰਨ ਤੋਂ ਇਨਕਾਰ

**ਡਬਲਿਨ (ਬਿਊਰੋ):** ਆਇਰਲੈਂਡ ਦੀ ਹਾਈ ਕੋਰਟ ਨੇ ਦੇਸ਼ ਦੇ ਸੁਰੱਖਿਆ ਬਲ 'ਗਾਰਦਾ ਰਿਜ਼ਰਵ' ਵਿਚ ਸਾਬਤ ਸੂਰਤ ਸਿੱਖ ਨੂੰ ਭਰਤੀ ਨਾ ਕੀਤੇ ਜਾਣ ਦੇ ਫ਼ੈਸਲੇ ਨੂੰ ਚੁਣੌਤੀ ਦਿੰਦੀ ਅਰਜ਼ੀ ਖ਼ਾਰਜ ਕਰ ਦਿੱਤੀ ਹੈ। ਆਇਰਲੈਂਡ ਦੇ ਸਿੱਖ ਰਵਿੰਦਰ ਸਿੰਘ ਓਬਰਾਏ ਨੇ ਸੁਰੱਖਿਆ ਬਲ ਵਿੱਚ ਭਰਤੀ ਲਈ ਸਿਖਲਾਈ ਦੇ ਤਿੰਨ ਪੜਾਅ ਮੁਕੰਮਲ ਕਰ ਲਏ ਸਨ ਜਦੋਂ ਉਸ ਨੂੰ ਦੱਸਿਆ ਗਿਆ ਕਿ ਉਹ ਡਿਊਟੀ ਦੌਰਾਨ ਦਸਤਾਰ ਸਜਾਉਣ ਦਾ ਹੱਕਦਾਰ ਨਹੀਂ ਹੈ। ਦਸਤਾਰ ਵਿਰੁੱਧ ਨਿਯਮ ਨੂੰ ਰਵਿੰਦਰ ਸਿੰਘ ਨੇ ਚੁਣੌਤੀ ਦਿੱਤੀ ਸੀ ਪਰ ਹੇਠਲੀ ਅਦਾਲਤ ਨੇ ਇਸ ਨੂੰ ਖ਼ਾਰਜ ਕਰ ਦਿੱਤਾ। ਇਸ ਤੋਂ ਬਾਅਦ ਉਹ ਹਾਈ ਕੋਰਟ ਪੁੱਜਾ। ਤਾਜ਼ਾ ਫ਼ੈਸਲੇ ਪਿੱਛੋਂ ਰਵਿੰਦਰ ਸਿੰਘ ਨੂੰ ਸਿਖਲਾਈ ਜਾਰੀ ਰੱਖਣ ਲਈ ਪੱਗ ਉਤਾਰਨੀ ਪਵੇਗੀ ਤੇ ਜਾਂ ਫਿਰ ਉਹ ਸੁਰੱਖਿਆ ਬਲ ਵਿਚ ਭਰਤੀ ਨਹੀਂ ਹੋ ਸਕੇਗਾ। ਰਵਿੰਦਰ ਸਿੰਘ ਨੇ ਅਦਾਲਤ ਨੂੰ ਹਰ ਤਰੀਕੇ ਨਾਲ ਸਮਝਾਉਣ ਦੀ ਕੋਸ਼ਿਸ਼ ਕੀਤੀ ਕਿ ਸਿੱਖਾਂ ਲਈ ਪੱਗ ਦੀ ਕੀ ਅਹਿਮੀਅਤ ਹੁੰਦੀ ਹੈ। ਸੁਰੱਖਿਆ ਬਲ ਵੱਲੋਂ ਪੇਸ਼ ਹੋਏ ਵਕੀਲ ਨੇ ਕਿਹਾ ਕਿ ਰਵਿੰਦਰ ਸਿੰਘ ਨੂੰ ਦਸਤਾਰ ਸਜਾਉਣ ਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ ਕਿਉਂਕਿ ਇਸ ਸੁਰੱਖਿਆ ਉਪਰ ਇਕਸਾਰਤਾ ਦੇ ਨਿਯਮ ਲਾਗੂ ਨਹੀਂ ਹੁੰਦੇ। ਰਵਿੰਦਰ ਸਿੰਘ ਨੇ ਬਰਾਬਰਤਾ ਐਕਟ ਦੇ ਤਹਿਤ ਹੇਠਲੀ ਅਦਾਲਤ ਦੇ ਫ਼ੈਸਲੇ ਨੂੰ ਚੁਣੌਤੀ ਦਿੱਤੀ ਸੀ।

ਉਧਰ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਨੇ ਆਇਰਲੈਂਡ ਦੀ ਸੁਰੱਖਿਆ ਫੋਰਸ ਵਿਚ ਭਰਤੀ ਹੋਏ ਰਵਿੰਦਰ ਸਿੰਘ ਓਬਰਾਏ ਨੂੰ ਡਿਊਟੀ ਸਮੇਂ ਦਸਤਾਰ ਨਾ ਸਜਾਏ ਜਾਣ ਬਾਰੇ ਅਦਾਲਤ ਵੱਲੋਂ ਦਿੱਤੇ ਫੈਸਲੇ ਨੂੰ ਬੇਹੱਦ ਮੰਦਭਾਗਾ ਤੇ ਨਿਰਾਸ਼ਾਜਨਕ ਦੱਸਦਿਆਂ ਆਇਰਲੈਂਡ ਦੀ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਡਿਊਟੀ ਸਮੇਂ ਸਿੱਖਾਂ ਨੂੰ ਦਸਤਾਰ ਸਜਾਏ ਜਾਣ ਦੀ ਖੁੱਲ੍ਹ ਦਿੱਤੀ




ਜਾਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਰੋਜ਼ੀ ਰੋਟੀ ਵਾਸਤੇ ਦੁਨੀਆਂ ਦੇ ਕੋਨੇ-ਕੋਨੇ ਵਿਚ ਵਸੇ ਸਿੱਖ ਭਾਈਚਾਰੇ ਨੇ ਸੰਬਧਤ ਦੇਸ਼ ਦੀ ਤਰੱਕੀ ਵਿਚ ਅਹਿਮ ਯੋਗਦਾਨ ਪਾਇਆ ਹੈ। ਉਨ੍ਹਾਂ ਕਿਹਾ ਕਿ ਸਿੱਖ ਜਿਥੇ ਵੀ ਵੱਸਦੇ ਹਨ, ਉਸ ਦੇਸ਼ ਵਿਚ ਸ਼ਾਂਤੀ, ਏਕਤਾ ਤੇ ਆਪਣੀ ਭਾਈਚਾਰਕ ਸਾਂਝ ਦੇ ਮੁੱਦਈ ਹਨ।

ਉਨ੍ਹਾਂ ਕਿਹਾ ਕਿ ਕੈਨੇਡਾ, ਅਮਰੀਕਾ, ਅਸਟਰੇਲੀਆ ਤੇ ਇੰਗਲੈਂਡ ਵਰਗੇ ਦੇਸ਼ਾਂ ਦੀਆਂ ਸੁਰੱਖਿਆ ਫੋਰਸਾਂ ਵਿਚ ਸਿੱਖ ਭਰਤੀ ਹਨ ਜੋ ਦਸਤਾਰ ਸਜ਼ਾ ਕੇ ਡਿਊਟੀ ਕਰਦੇ ਹਨ। ਦਸਤਾਰ ਸਜ਼ਾ ਕੇ ਸਿੱਖ ਵੱਲੋਂ ਡਿਊਟੀ ਕਰਨ ਨਾਲ ਕਿਸੇ ਫਿਰਕੇ ਜਾਂ ਧਰਮ 'ਤੇ ਕੋਈ ਮਾੜਾ ਅਸਰ ਨਹੀਂ ਪੈਂਦਾ। ਦਸਤਾਰ ਸਿੱਖਾਂ ਦਾ ਅਨਿੱਖੜਵਾਂ ਪਹਿਰਾਵਾ ਹੈ ਤੇ ਹਰ ਸਿੱਖ ਨੂੰ ਦਸਤਾਰ ਸਜਾਉਣੀ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਰਵਿੰਦਰ ਸਿੰਘ ਓਬਰਾਏ ਨੂੰ ਦਸਤਾਰ ਸਜਾ ਕੇ ਡਿਊਟੀ ਕਰਨ ਦੀ ਆਗਿਆ ਦੇਣ ਬਾਰੇ ਸ਼੍ਰੋਮਣੀ ਕਮੇਟੀ ਵੱਲੋਂ ਨਵੀਂ ਦਿੱਲੀ ਵਿਖੇ ਸਬੰਧਤ ਦੇਸ਼ ਦੇ ਸਫਾਰਤਖਾਨੇ ਨੂੰ ਪੱਤਰ ਲਿਖ ਕੇ ਇਹ ਮਾਮਲਾ ਹੱਲ ਕਰਵਾਉਣ ਦੀ ਅਪੀਲ ਕੀਤੀ ਜਾਵੇਗੀ।

## ਸਿੱਖ ਕਤਲੇਆਮ: ਆਨਲਾਈਨ ਦਸਤਖ਼ਤਾਂ ਦੀ ਅਪੀਲ

**ਨਵੀਂ ਦਿੱਲੀ:** ਦੁਨੀਆ ਭਰ ਵਿਚ ਵਸਦੇ ਸਿੱਖਾਂ ਤੇ ਮਨੁੱਖੀ ਹਕੂਕਾਂ ਲਈ ਜੱਦੋ ਜਹਿਦ ਕਰਦੇ ਲੋਕਾਂ ਨੂੰ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਤੇ ਸਿੱਖਸ ਫਾਰ ਜਸਟਿਸ (ਮਨੁੱਖੀ ਅਧਿਕਾਰ ਸੰਸਥਾ) ਨੇ ਜ਼ੋਰਦਾਰ ਅਪੀਲ ਕੀਤੀ ਹੈ ਕਿ ਉਹ ਨਵੰਬਰ 1984 ਸਿੱਖ ਨਸਲਕੁਸ਼ੀ ਆਨ ਲਾਈਨ ਪਟੀਸ਼ਨ ਉਪਰ ਦਸਤਖਤ ਕਰਨ। ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਧਾਨ ਕਰਨੈਲ ਸਿੰਘ ਪੀਰ ਮੁਹੰਮਦ ਨੇ ਕਿਹਾ ਕਿ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਦੇ ਆਦੇਸ਼ਾਂ ਮੁਤਾਬਕ ਸੰਯੁਕਤ ਰਾਸ਼ਟਰ ਵਿਚ ਨਵੰਬਰ 2013 ਨੂੰ 10 ਲੱਖ ਲੋਕਾਂ ਦੇ ਦਸਤਖਤਾਂ ਵਾਲੀ ਪਟੀਸ਼ਨ ਪਾਉਣ ਲਈ ਸਿੱਖ ਕੌਮ ਦੇ ਵੱਡੇ ਸਹਿਯੋਗ ਤੇ ਸਾਥ ਦੀ ਲੋੜ ਹੈ ਜਿਸ ਤਰ੍ਹਾਂ ਲੱਖਾਂ ਲੋਕਾਂ ਨੇ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਫਾਂਸੀ ਰੱਦ ਕਰਵਾਉਣ ਲਈ ਦਸਤਖਤ ਕੀਤੇ ਹਨ, ਉਸੇ ਤਰ੍ਹਾਂ ਇਸ ਪਟੀਸ਼ਨ ਉਪਰ ਦਸਤਖਤ ਕਰਨ ਲਈ ਵੀ ਵੱਡੇ ਸਹਿਯੋਗ ਦੀ ਲੋੜ ਹੈ।

# ਲੀਡਰਾਂ ਦੇ ਰਿਸ਼ਤੇਦਾਰ ਬਣੇ ਅਫਸਰੀ ਦੇ ਦਾਅਵੇਦਾਰ

**ਚੰਡੀਗੜ੍ਹ:** ਸਰਵ ਸਿੱਖਿਆ ਅਭਿਆਨ (ਐਸ.ਐਸ.ਏ.) ਦੀ ਐਡੀਸ਼ਨਲ ਪ੍ਰਾਜੈਕਟ ਡਾਇਰੈਕਟਰ ਪਰਮਪਾਲ ਕੌਰ ਜੋ ਪੰਜਾਬ ਦੇ ਸਿੱਖਿਆ ਮੰਤਰੀ ਸਿਕੰਦਰ ਸਿੰਘ ਮਲੂਕਾ ਦੀ ਨੂੰਹ ਹੈ, ਭਾਰਤੀ ਪ੍ਰਸ਼ਾਸਕੀ ਸੇਵਾ (ਆਈ.ਏ.ਐਸ.) ਵਿਚ ਨਾਮਜ਼ਦਗੀ ਦੀ ਦਾਅਵੇਦਾਰ ਹੈ। ਗ਼ੈਰ ਪੀ.ਸੀ.ਐਸ. ਅਫਸਰਾਂ ਵਿਚੋਂ ਆਈ.ਏ.ਐਸ. ਵਿਚ ਨਿਯੁਕਤੀ ਲਈ ਇਕੋ ਇਕ ਅਸਾਮੀ ਵਾਸਤੇ ਪੰਜਾਬ ਦੇ ਪੇਂਡੂ ਵਿਕਾਸ ਵਿਭਾਗ ਨੇ ਪਰਮਪਾਲ ਕੌਰ ਦਾ ਨਾਂ ਭੇਜਿਆ ਹੋਇਆ ਹੈ। ਇਸ ਅਸਾਮੀ ਲਈ ਅਰਜ਼ੀਆਂ ਭੇਜਣ ਦੀ ਆਖਰੀ ਤਾਰੀਖ 31 ਮਈ ਹੈ ਜਦੋਂਕਿ ਪਰਮਪਾਲ ਦਾ ਕੇਸ ਪੇਂਡੂ ਵਿਕਾਸ ਵਿਭਾਗ ਦੋ ਮਹੀਨੇ ਪਹਿਲਾਂ ਹੀ ਭੇਜ ਚੁੱਕਾ ਹੈ।

ਜ਼ਿਕਰਯੋਗ ਹੈ ਕਿ ਇਹ ਵਿਭਾਗ ਪਰਮਪਾਲ ਕੌਰ ਦਾ ਪਿਤਰੀ ਵਿਭਾਗ ਹੈ। ਇਥੋਂ ਸਰਵ ਸਿੱਖਿਆ ਅਭਿਆਨ ਦੇ ਡੀਜੀਐਸਈ ਦੇ ਦਫਤਰ ਵਿਚ ਡੈਪੂਟੇਸ਼ਨ 'ਤੇ ਉਨ੍ਹਾਂ ਦੀ ਨਿਯੁਕਤੀ ਪਹਿਲਾਂ ਹੀ ਵਿਵਾਦਾਂ ਦੇ ਘੇਰੇ ਵਿਚ ਹੈ। ਸਰਕਾਰੀ ਸੂਤਰਾਂ ਨੇ ਦੱਸਿਆ ਕਿ ਆਈਏਐਸ ਵਿਚ ਨਾਮਜ਼ਦਗੀ ਵਾਸਤੇ ਅਰਜ਼ੀਆਂ ਰਾਜ ਸਰਕਾਰ ਨੂੰ ਭੇਜੀਆਂ ਜਾਂਦੀਆਂ ਹਨ। ਰਾਜ ਸਰਕਾਰ ਅੱਗੋਂ ਇਕ ਪੈਨਲ ਬਣਾ ਕੇ ਕੇਂਦਰ ਸਰਕਾਰ ਕੋਲ ਭੇਜਦੀ ਹੈ। ਕੇਂਦਰ ਇਸ ਪੈਨਲ ਵਿਚੋਂ ਯੋਗ ਉਮੀਦਵਾਰ ਦੀ ਚੋਣ ਕਰਦੀ ਹੈ।

ਸ੍ਰੀਮਤੀ ਪਰਮਪਾਲ ਕੌਰ ਤੋਂ ਇਲਾਵਾ ਪੰਜਾਬ ਵਿਧਾਨ ਸਭਾ ਦੇ ਸਾਬਕਾ ਸਪੀਕਰ ਦੇ ਪੁੱਤਰ ਡਾ. ਸ਼ਿਵ ਕਰਨ ਸਿੰਘ ਕਾਹਲੋਂ ਜੋ ਅੰਮ੍ਰਿਤਸਰ ਵਿਚ ਸੀਨੀਅਰ ਮੈਡੀਕਲ ਅਫਸਰ ਹਨ, ਵੀ ਆਈਏਐਸ ਵਿਚ ਨਾਮਜ਼ਦਗੀ ਦੇ ਦਾਅਵੇਦਾਰ ਹਨ।

ਇਸੇ ਦੌਰਾਨ ਇਹ ਤੱਥ ਸਾਹਮਣੇ ਆਇਆ ਹੈ ਕਿ ਪਰਮਪਾਲ ਕੌਰ ਨੂੰ ਪੇਂਡੂ ਵਿਕਾਸ ਵਿਭਾਗ ਵਿਚ ਪਰਤਾਏ ਜਾਣ ਬਾਰੇ ਅਜੇ ਕੋਈ ਹੁਕਮ ਜਾਰੀ ਨਹੀਂ ਹੋਏ। ਮੁੱਖ ਮੰਤਰੀ ਉਨ੍ਹਾਂ ਦਾ ਡੈਪੂਟੇਸ਼ਨ ਖ਼ੁਦ ਰੱਦ ਕਰ ਸਕਦੇ ਸਨ ਪਰ ਉਨ੍ਹਾਂ ਨੇ ਮਲੂਕਾ ਨੂੰ ਮੌਕਾ ਦਿੱਤਾ ਹੈ ਕਿ ਪਰਮਪਾਲ ਖ਼ੁਦ ਹੀ ਵਾਪਸੀ ਲਈ ਅਰਜ਼ੀ ਦੇ ਦੇਵੇ।

# ਤਿੰਨ ਭਾਰਤੀ ਨੌਜਵਾਨ ਬਲਾਤਕਾਰ ਦੇ ਕੇਸ ਵਿਚੋਂ ਬਰੀ

**ਮੈਲਬਰਨ:** ਇਥੇ ਹੈਮਿਲਟਨ ਅਦਾਲਤ ਨੇ ਨਿਊਜ਼ੀਲੈਂਡ ਵਿਚ ਦੋ ਸਾਲ ਪਹਿਲਾਂ ਦਰਜ ਹੋਏ ਬਲਾਤਕਾਰ ਦੇ ਇਕ ਕੇਸ ਵਿਚ ਫਸੇ ਤਿੰਨ ਭਾਰਤੀ ਨੌਜਵਾਨਾਂ ਨੂੰ ਬਰੀ ਕਰ ਦਿੱਤਾ ਹੈ। ਅਦਾਲਤ ਨੇ ਤਿੰਨਾਂ ਨੌਜਵਾਨਾਂ ਹਰਵਿੰਦਰ ਸਿੰਘ (22 ਸਾਲ), ਕਮਲਜੀਤ ਸਿੰਘ (27 ਸਾਲ) ਤੇ ਸੁਮਿਤ ਵਰਮਨੀ (26 ਸਾਲ) ਨੂੰ ਤੁਰੰਤ ਭਾਰਤ ਭੇਜਣ ਦਾ ਹੁਕਮ ਦਿੱਤਾ ਹੈ।

ਸ਼ਿਕਾਇਤਕਰਤਾ (19) ਦਾ ਦੋਸ਼ ਸੀ ਕਿ ਤਿੰਨਾਂ ਮੁਲਜ਼ਮਾਂ ਨਾਲ ਉਨ੍ਹਾਂ ਦੀ ਹੈਮਿਲਟਨ ਵਿਚ ਦੌੜਾਂ ਦੇ ਮੁਕਾਬਲੇ ਦੌਰਾਨ ਮੁਲਾਕਾਤ ਹੋਈ ਸੀ। ਤਿੰਨਾਂ ਨੇ ਉਸ ਨੂੰ ਪਾਰਟੀ 'ਤੇ ਬੁਲਾਇਆ ਜਿਥੇ ਰਾਤ ਵੇਲੇ ਉਸ ਨਾਲ ਬਲਾਤਕਾਰ ਕੀਤਾ ਗਿਆ। ਨਿਊਜ਼ੀਲੈਂਡ ਦੇ ਇਕ ਰੇਡੀਓ ਦੀ ਰਿਪੋਰਟ ਮੁਤਾਬਕ ਹੈਮਿਲਟਨ ਹਾਈ ਕੋਰਟ ਦੀ ਇਕ ਜਿਊਰੀ ਦੇ ਸੱਤ ਮਹਿਲਾਵਾਂ ਤੇ ਪੰਜ ਪੁਰਸ਼ ਮੈਂਬਰਾਂ ਨੇ ਸੇਵਾਮੁਕਤ ਹੋਣ ਤੋਂ ਪਹਿਲਾਂ ਇਸ ਮਾਮਲੇ ਵਿਚ ਫੈਸਲੇ 'ਤੇ ਪਹੁੰਚਣ ਲਈ ਚਾਰ ਘੰਟੇ ਲਾਏ। ਜਿਊਰੀ ਇਸ ਫੈਸਲੇ 'ਤੇ ਪਹੁੰਚੀ ਕਿ ਤਿੰਨੇ ਭਾਰਤੀ ਨੌਜਵਾਨ ਕਸੂਰਵਾਰ ਨਹੀਂ ਹਨ।




Global Multi Services

ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ ਵਾਲਿਆਂ ਵਲੋਂ

ਸਟਾਕਟਨ ਇਲਾਕੇ 'ਚ ਰਹਿੰਦੇ ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇਕੋ ਛੱਤ ਥੱਲੇ

ਇਸ ਮਹੀਨੇ ਸਪੈਸ਼ਲ ਆਫਰ

8 Drive Tire for $2300+Tax

80,000 Miles Warranty



Repair Shop

ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਤਸੱਲੀਬਖਸ਼ ਕੀਤੀ ਜਾਂਦੀ ਹੈ। 50 ਟਰੱਕਾਂ ਦੀ ਖੁੱਲ੍ਹੀ ਡੁੱਲ੍ਹੀ ਪਾਰਕਿੰਗ ਦਾ ਵੀ ਪ੍ਰਬੰਧ ਹੈ। ਟਰੱਕ ਟਰੇਲਰ ਵਾਸ਼ ਵੀ ਕੀਤਾ ਜਾਂਦਾ ਹੈ।
ਫੋਨ: 209-547-9210
ਫੈਕਸ: 209-547-9211

Dispatch

ਅਸੀਂ ਕੈਨੇਡਾ ਵਾਸਤੇ ਪੱਕੇ ਲੋਡ ਚੁੱਕਦੇ ਹਾਂ। Calgary ਅਤੇ Edmonton ਦੇ Dedicated ਲੋਡ ਹਨ। ਤੁਸੀਂ ਸਾਡੇ ਟਰੇਲਰ ਵੀ Pull ਕਰ ਸਕਦੇ ਹੋ। ਅਸੀਂ Fuel Advance ਵੀ ਦਿੰਦੇ ਹਾਂ।
ਫੋਨ: 209-547-9210
ਫੈਕਸ: 209-547-9211

Registration Services

ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, Dot Fuel Tax, Corporation Filing ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ ਲਈ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਤੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਮਦਦ ਕਰਦੇ ਹਾਂ।
ਫੋਨ: 209-982-9996
ਫੈਕਸ: 209-982-9997

Allignment, Axle, Speceial Offer $179
(Exp: March 31, 2013)

ਅਸੀਂ ਹੁਣ ਟਰੱਕ ਤੇ ਟਰੇਲਰ ਦੀ ਅਲਾਈਨਮੈਂਟ ਵੀ ਕਰਦੇ ਹਾਂ

ਸਟਾਕਟਨ ਇਲਾਕੇ ਵਿਚ ਪੰਜਾਬੀ ਭਰਾਵਾਂ ਦੀ ਇਕੋ ਇਕ Allignment Shop


Rajinder Singh

ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ
Stockton ਵਿਚ Highway 4 ਦੇ ਬਿਲਕੁਲ ਨਜ਼ਦੀਕ
1950 E. Miner Ave., Stockton, CA 95205

ਪਿਛਲੇ ਅੱਠ ਸਾਲਾਂ ਤੋਂ ਤੁਹਾਡੀ ਸੇਵਾ ਵਿਚ

ਫੋਨ: 209-982-9996 ਫੈਕਸ: 209-982-9997

e-mail: globalmultiservices123@yahoo.com


Manitpal Singh

# ਸਿੱਖ ਆਗੂ ਨਾਨਕਸ਼ਾਹੀ ਕੈਲੰਡਰ ਵਿਵਾਦ ਨਿਬੇੜਨ 'ਚ ਅਸਫਲ

## ਸ਼ਹੀਦੀ ਪੁਰਬ ਦੀਆਂ ਤਰੀਕਾਂ ਬਾਰੇ ਮਤਭੇਦ ਬਰਕਰਾਰ



**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਤੇ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚਾਲੇ ਸੋਧੇ ਹੋਏ ਨਾਨਕਸ਼ਾਹੀ ਕੈਲੰਡਰ ਨੂੰ ਲੈ ਕੇ ਚੱਲ ਰਿਹਾ ਵਿਵਾਦ ਅਜੇ ਵੀ ਜਾਰੀ ਹੈ। ਇਸ ਤਹਿਤ ਦੋਵਾਂ ਜਥੇਬੰਦੀਆਂ ਵੱਲੋਂ ਸ੍ਰੀ ਗੁਰੂ ਅਰਜਨ ਦੇਵ ਦਾ ਸ਼ਹੀਦੀ ਦਿਹਾੜਾ ਕ੍ਰਮਵਾਰ 12 ਤੇ 16 ਜੂਨ ਨੂੰ ਮਨਾਇਆ ਜਾ ਰਿਹਾ ਹੈ। ਸ਼੍ਰੋਮਣੀ ਕਮੇਟੀ ਵੱਲੋਂ ਇਸ ਵੇਲੇ ਸਮੂਹ ਗੁਰਪੁਰਬ ਤੇ ਹੋਰ ਦਿਨ ਦਿਹਾੜੇ ਸੋਧੇ ਹੋਏ ਨਾਨਕਸ਼ਾਹੀ ਕੈਲੰਡਰ ਅਨੁਸਾਰ ਮਨਾਏ ਜਾ ਰਹੇ ਹਨ ਜਦੋਂਕਿ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਇਹ ਸਮੂਹ ਦਿਹਾੜੇ ਮੂਲ ਨਾਨਕਸ਼ਾਹੀ ਕੈਲੰਡਰ ਅਨੁਸਾਰ ਮਨਾਏ ਜਾ ਰਹੇ ਹਨ।

ਇਸੇ ਤਹਿਤ ਹੀ ਹੁਣ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਗੁਰਪੁਰਬ 16 ਜੂਨ ਨੂੰ ਮਨਾਉਣ ਦਾ ਪ੍ਰੋਗਰਾਮ ਹੈ ਤੇ ਇਸੇ ਆਧਾਰ 'ਤੇ ਹੀ ਪਾਕਿਸਤਾਨ ਕਮੇਟੀ ਵੱਲੋਂ ਵੱਖ ਵੱਖ ਮੁਲਕਾਂ ਤੋਂ ਸਿੱਖ ਸ਼ਰਧਾਲੂਆਂ ਦੇ ਜਥਿਆਂ ਨੂੰ ਅੱਠ ਜੂਨ ਤੋਂ 18 ਜੂਨ ਤਕ ਪਾਕਿਸਤਾਨ ਆਉਣ ਦਾ ਸੱਦਾ ਦਿੱਤਾ ਗਿਆ ਹੈ। ਦੂਜੇ ਪਾਸੇ ਸ਼੍ਰੋਮਣੀ ਕਮੇਟੀ ਵੱਲੋਂ ਸ਼ਹੀਦੀ ਗੁਰਪੁਰਬ 12 ਜੂਨ ਨੂੰ ਮਨਾਇਆ ਜਾ ਰਿਹਾ ਹੈ ਤੇ ਉਨ੍ਹਾਂ ਇਸੇ ਆਧਾਰ 'ਤੇ ਪਾਕਿਸਤਾਨ ਸਥਿਤ ਗੁਰਧਾਮਾਂ ਦੀ ਯਾਤਰਾ ਲਈ ਸਿੱਖ ਸ਼ਰਧਾਲੂਆਂ ਦਾ ਜਥਾ ਚਾਰ ਤੋਂ 14 ਜੂਨ ਤਕ ਭੇਜਣ ਦਾ ਪ੍ਰੋਗਰਾਮ ਬਣਾਇਆ ਸੀ।

ਸ਼੍ਰੋਮਣੀ ਕਮੇਟੀ ਵੱਲੋਂ ਇਸ ਬਾਰੇ ਪਾਕਿਸਤਾਨੀ ਸਫ਼ਾਰਤਖਾਨੇ ਨਾਲ ਗੱਲਬਾਤ ਵੀ ਕੀਤੀ ਗਈ ਸੀ ਤੇ ਉਨ੍ਹਾਂ ਉਧਰ ਇਹ ਮਾਮਲਾ ਵਿਚਾਰਨ ਲਈ ਪਾਕਿਸਤਾਨ ਔਕਾਫ ਬੋਰਡ ਦੀ ਮੀਟਿੰਗ ਕਰਨ ਦਾ ਭਰੋਸਾ ਦਿੱਤਾ ਸੀ। ਮਿਲੇ ਵੇਰਵਿਆਂ ਅਨੁਸਾਰ ਪਾਕਿਸਤਾਨ ਕਮੇਟੀ ਸ਼ਹੀਦੀ ਗੁਰਪੁਰਬ 16 ਜੂਨ ਨੂੰ ਹੀ ਮਨਾਉਣ ਲਈ ਬਜ਼ਿੱਦ ਹੈ। ਸ਼੍ਰੋਮਣੀ ਕਮੇਟੀ ਵੱਲੋਂ ਸੋਧੇ ਹੋਏ ਨਾਨਕਸ਼ਾਹੀ ਕੈਲੰਡਰ ਮੁਤਾਬਕ ਸ਼ਹੀਦੀ ਗੁਰਪੁਰਬ 12 ਜੂਨ ਨੂੰ ਮਨਾਇਆ ਜਾ ਰਿਹਾ ਹੈ।

ਜ਼ਿਕਰਯੋਗ ਹੈ ਕਿ ਇਸੇ ਵਿਵਾਦ ਕਾਰਨ ਪਾਕਿਸਤਾਨੀ ਹਾਈ ਕਮਿਸ਼ਨ ਵੱਲੋਂ ਪਿਛਲੇ ਦੋ ਸਾਲਾਂ ਵਿਚ ਸ਼ਹੀਦੀ ਗੁਰਪੁਰਬ ਮੌਕੇ ਸ਼੍ਰੋਮਣੀ ਕਮੇਟੀ ਨੂੰ ਸਿੱਖ ਸ਼ਰਧਾਲੂਆਂ ਦਾ ਜਥਾ ਭੇਜਣ ਵਾਸਤੇ ਵੀਜ਼ੇ ਨਹੀਂ ਦਿੱਤੇ ਗਏ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੇ ਪਾਕਿਸਤਾਨੀ ਸਫ਼ਾਰਤਖ਼ਾਨੇ ਦੇ ਅਧਿਕਾਰੀਆਂ ਨਾਲ ਗੱਲਬਾਤ ਕੀਤੀ ਹੈ। ਉਨ੍ਹਾਂ ਦੱਸਿਆ ਕਿ ਸ਼੍ਰੋਮਣੀ ਕਮੇਟੀ ਦਾ ਵਫ਼ਦ ਸੋਧੇ ਹੋਏ ਨਾਨਕਸ਼ਾਹੀ ਕੈਲੰਡਰ ਬਾਰੇ ਲੋੜੀਂਦੇ ਦਸਤਾਵੇਜ਼ ਨਾਲ ਲੈ ਕੇ ਜਾਏਗਾ। ਇਹ ਸਮੁੱਚੇ ਦਸਤਾਵੇਜ਼ ਉਨ੍ਹਾਂ ਨੂੰ ਦਿਖਾਉਣ ਮਗਰੋਂ ਸਮਝਾਉਣ ਦਾ ਯਤਨ ਕਰਨਗੇ ਕਿ ਸੋਧਿਆ ਹੋਇਆ ਨਾਨਕਸ਼ਾਹੀ ਕੈਲੰਡਰ ਹੀ ਅਸਲ ਵਿਚ ਮਾਨਤਾ ਪ੍ਰਾਪਤ ਹੈ।

ਦੂਜੇ ਪਾਸੇ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ਼ਾਮ ਸਿੰਘ ਦਾ ਕਹਿਣਾ ਹੈ ਕਿ ਪਾਕਿਸਤਾਨ ਕਮੇਟੀ ਵੱਲੋਂ ਮੂਲ ਨਾਨਕਸ਼ਾਹੀ ਕੈਲੰਡਰ ਨੂੰ ਹੀ ਮਾਨਤਾ ਦਿੱਤੀ ਹੋਈ ਹੈ ਤੇ ਇਸ ਮੁਤਾਬਕ ਹੀ ਸਾਰੇ ਗੁਰਪੁਰਬ ਮਨਾਏ ਜਾਂਦੇ ਹਨ। ਇਸੇ ਮੁਤਾਬਕ ਹੀ ਡਾਇਰੀਆਂ, ਜੰਤਰੀ ਤੇ ਹੋਰ ਸਾਹਿਤ ਪ੍ਰਕਾਸ਼ਤ ਕਰਵਾਇਆ ਹੋਇਆ ਹੈ। ਇਸ ਵਰ੍ਹੇ ਦਾ ਕੈਲੰਡਰ ਵੀ ਮੂਲ ਨਾਨਕਸ਼ਾਹੀ ਕੈਲੰਡਰ ਮੁਤਾਬਕ ਹੀ ਪ੍ਰਕਾਸ਼ਤ ਕੀਤਾ ਗਿਆ ਹੈ। ਪਾਕਿਸਤਾਨ ਕਮੇਟੀ ਵੱਲੋਂ ਮੂਲ ਨਾਨਕਸ਼ਾਹੀ ਕੈਲੰਡਰ ਅਨੁਸਾਰ ਹੀ ਸ਼ਹੀਦੀ ਗੁਰਪੁਰਬ 16 ਜੂਨ ਨੂੰ ਮਨਾਇਆ ਜਾਵੇਗਾ।

ਪਿਛਲੇ ਵਰ੍ਹੇ ਵੀ ਪਾਕਿਸਤਾਨ ਕਮੇਟੀ ਵੱਲੋਂ ਇਹ ਸ਼ਹੀਦੀ ਪੁਰਬ 16 ਜੂਨ ਨੂੰ ਹੀ ਮਨਾਇਆ ਗਿਆ ਸੀ ਜਦੋਂਕਿ ਸ਼੍ਰੋਮਣੀ ਕਮੇਟੀ ਨੇ ਸੋਧੇ ਹੋਏ ਕੈਲੰਡਰ ਮੁਤਾਬਕ 25 ਮਈ ਨੂੰ ਮਨਾਇਆ ਸੀ। ਇਸ ਮੌਕੇ ਪਾਕਿਸਤਾਨੀ ਸਫ਼ਾਰਤਖ਼ਾਨੇ ਨੇ 17 ਤੋਂ 26 ਮਈ ਤੱਕ ਇਹ ਪੁਰਬ ਮਨਾਉਣ ਲਈ ਜਥਾ ਭੇਜਣ ਵਾਸਤੇ ਵੀਜ਼ੇ ਦੇਣ ਤੋਂ ਨਾਂਹ ਕਰ ਦਿੱਤੀ ਸੀ।

# ਜੱਜ ਵੱਲੋਂ ਟਾਈਟਲਰ ਦੀ ਅਪੀਲ 'ਤੇ ਸੁਣਵਾਈ ਤੋਂ ਇਨਕਾਰ

**ਨਵੀਂ ਦਿੱਲੀ:** ਕਾਂਗਰਸੀ ਆਗੂ ਜਗਦੀਸ਼ ਟਾਈਟਲਰ ਵੱਲੋਂ 1984 ਦੇ ਸਿੱਖ ਕਤਲੇਆਮ ਦੇ ਇਕ ਕੇਸ ਬਾਰੇ ਦਾਇਰ ਅਪੀਲ ਦੀ ਸੁਣਵਾਈ ਕਰਨ ਤੋਂ ਦਿੱਲੀ ਹਾਈ ਕੋਰਟ ਦੇ ਜਸਟਿਸ ਕੈਲਾਸ਼ ਗੰਭੀਰ ਨੇ ਇਨਕਾਰ ਕਰ ਦਿੱਤਾ ਹੈ। ਇਸ ਬਾਰੇ ਕੋਈ ਕਾਰਨ ਦੱਸੇ ਬਿਨਾਂ ਜਸਟਿਸ ਗੰਭੀਰ ਨੇ ਕਿਹਾ ਕਿ ਉਹ ਇਸ ਮਾਮਲੇ ਦੀ ਸੁਣਵਾਈ ਨਹੀਂ ਕਰਨਗੇ। ਹੁਣ ਇਸ ਅਪੀਲ ਦੀ ਸੁਣਵਾਈ ਤਿੰਨ ਜੁਲਾਈ ਨੂੰ ਕਿਸੇ ਦੂਜੇ ਬੈਂਚ ਤੋਂ ਕਰਵਾਈ ਜਾ ਸਕਦੀ ਹੈ। ਟਾਈਟਲਰ ਨੇ ਆਪਣੇ ਖ਼ਿਲਾਫ਼ ਜਾਂਚ ਮੁੜ ਖੋਲ੍ਹਣ ਤੇ ਉਸ ਨੂੰ ਸੀਬੀਆਈ ਵੱਲੋਂ ਦਿੱਤੀ ਕਲੀਨ ਚਿੱਟ ਖ਼ਾਰਜ ਕਰਨ ਬਾਰੇ ਹੇਠਲੀ ਅਦਾਲਤ ਦੇ ਫ਼ੈਸਲੇ ਖ਼ਿਲਾਫ਼ ਹਾਈ ਕੋਰਟ ਵਿਚ ਪਟੀਸ਼ਨ ਦਾਇਰ ਕੀਤੀ ਸੀ। ਇਸ ਮੌਕੇ ਜੱਜ ਨੇ ਕਿਹਾ ਕਿ ਕੁਝ ਵੀ ਹੋਵੇ, ਉਹ ਇਸ ਦੀ ਸੁਣਵਾਈ ਨਹੀਂ ਕਰਨਗੇ।

ਹੇਠਲੀ ਅਦਾਲਤ ਨੇ ਸੀਬੀਆਈ ਵੱਲੋਂ ਟਾਈਟਲਰ ਨੂੰ ਦਿੱਤੀ ਕਲੀਨ ਚਿੱਟ ਖ਼ਾਰਜ ਕਰਨ ਦੇ ਨਾਲ ਹੀ ਕੇਸ ਵਿਚ ਜਾਂਚ ਏਜੰਸੀ ਦੀ ਕਲੋਜ਼ਰ ਰਿਪੋਰਟ ਵੀ ਰੱਦ ਕਰ ਦਿੱਤੀ ਸੀ। ਇਸ ਕੇਸ ਦੀ ਸ਼ਿਕਾਇਤ ਕਰਤਾ ਲਖਵਿੰਦਰ ਕੌਰ ਨੇ ਦਾਅਵਾ ਕੀਤਾ ਸੀ ਕਿ ਕਤਲੇਆਮ ਦੌਰਾਨ ਇੱਕ ਨਵੰਬਰ, 1984 ਨੂੰ ਟਾਈਟਲਰ ਗੁਰਦੁਆਰਾ ਪੁਲ ਬੰਗਸ਼ ਕੋਲ ਖੜ੍ਹ ਕੇ ਭੀੜ ਨੂੰ ਸਿੱਖਾਂ ਖਿਲਾਫ਼ ਹਿੰਸਾ ਲਈ ਭੜਕਾ ਰਿਹਾ ਸੀ ਜਿਸ ਕਾਰਨ ਉਥੇ ਤਿੰਨ ਸਿੱਖਾਂ ਨੂੰ ਕਤਲ ਕਰ ਦਿੱਤਾ ਗਿਆ ਪਰ ਸੀਬੀਆਈ ਇਸ ਦਾਅਵੇ ਨੂੰ ਸਾਬਤ ਕਰਨ ਵਿਚ ਫੇਲ੍ਹ ਰਹੀ ਸੀ ਕਿ ਵਾਰਦਾਤ ਦੇ ਸਮੇਂ ਟਾਈਟਲਰ ਉਥੇ ਮੌਜੂਦ ਸੀ। ਟਾਈਟਲਰ ਦੇ ਵਕੀਲਾਂ ਨੇ ਦਾਅਵਾ ਕੀਤਾ ਸੀ ਕਿ ਵਾਰਦਾਤ ਦੇ ਸਮੇਂ ਉਹ ਪੁਲ ਬੰਗਸ਼ ਇਲਾਕੇ ਵਿਚ ਨਹੀਂ ਬਲਕਿ ਮਰਹੂਮ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਨਿਵਾਸ ਵਿਖੇ ਮੌਜੂਦ ਸੀ। ਮੁਕੱਦਮੇ ਦੀ ਸੁਣਵਾਈ ਦੌਰਾਨ ਸੀਨੀਅਰ ਵਕੀਲ ਐਚਐਸ ਫੂਲਕਾ ਨੇ ਦਾਅਵਾ ਕੀਤਾ ਸੀ ਕਿ ਜਾਂਚ ਏਜੰਸੀ ਨੇ ਬਹੁਤ ਸਾਰੇ ਤੱਥਾਂ ਤੇ ਸਬੂਤਾਂ ਨੂੰ ਅਣਗੌਲਿਆਂ ਕਰ ਦਿੱਤਾ ਸੀ। ਐਡਵੋਕੇਟ ਫੂਲਕਾ ਦੀ ਮੰਗ 'ਤੇ ਹੇਠਲੀ ਅਦਾਲਤ ਨੇ ਉਕਤ ਆਦੇਸ਼ ਰਾਹੀਂ ਸੀਬੀਆਈ ਨੂੰ ਕੇਸ ਦੇ ਚਸ਼ਮਦੀਦ ਗਵਾਹਾਂ ਦੇ ਇਲਾਵਾ ਦੰਗਿਆਂ ਦੀ ਜਾਣਕਾਰੀ ਰੱਖਣ ਦਾ ਦਾਅਵਾ ਕਰਨ ਵਾਲੇ ਹੋਰਾਂ ਲੋਕਾਂ ਦੇ ਬਿਆਨ ਲੈਣ ਦਾ ਆਦੇਸ਼ ਦਿੱਤਾ ਸੀ। ਹੁਣ ਹਾਈ ਕੋਰਟ ਵਿਚ ਅਪੀਲ ਰਾਹੀਂ ਹੇਠਲੀ ਅਦਾਲਤ ਦੇ ਇਸ ਹੁਕਮ ਨੂੰ ਖਾਰਜ ਕਰਨ ਦੀ ਮੰਗ ਕੀਤੀ ਹੈ।

# ਸਿੱਖ ਫੁਟਬਾਲਰਾਂ ਉਤੇ ਪਟਕੇ ਬੰਨ੍ਹਣ 'ਤੇ ਪਾਬੰਦੀ



**ਟੋਰਾਂਟੋ:** ਕੈਨੇਡੀਅਨ ਸੂਬੇ ਕਿਊਬੈਕ ਦੀ ਫੁਟਬਾਲ ਫੈਡਰੇਸ਼ਨ ਨੇ ਸਿੱਖ ਖਿਡਾਰੀਆਂ ਦੇ ਪਟਕੇ ਤੇ ਕੇਸਕੀ ਬੰਨ੍ਹ ਕੇ ਖੇਡਣ ਉਤੇ ਪਾਬੰਦੀ ਲਾ ਕੇ ਨਵਾਂ ਵਿਵਾਦ ਖੜ੍ਹਾ ਕਰ ਦਿੱਤਾ ਹੈ ਜਿਸ ਕਾਰਨ ਸੂਬੇ ਵਿਚ ਸਿੱਖ ਫੁਟਬਾਲ ਖਿਡਾਰੀਆਂ ਦਾ ਖੇਡਣਾ ਅਸੰਭਵ ਹੋ ਗਿਆ ਹੈ। ਇਸ ਕਾਰਨ ਸਿੱਖ ਭਾਈਚਾਰੇ ਵਿਚ ਭਾਰੀ ਰੋਹ ਹੈ ਤੇ ਇਸ ਵੱਲੋਂ ਕਾਨੂੰਨੀ ਕਾਰਵਾਈ ਲਈ ਵਿਚਾਰ ਕੀਤੀ ਜਾ ਰਹੀ ਹੈ।

ਸੂਬਾਈ ਫੈਡਰੇਸ਼ਨ ਨੇ ਬੀਤੇ ਦਿਨ ਆਪਣੇ ਡਾਇਰੈਕਟਰਜ਼ ਬੋਰਡ ਦੀ ਮੀਟਿੰਗ ਤੋਂ ਬਾਅਦ ਇਸ ਫੈਸਲੇ ਦਾ ਐਲਾਨ ਕੀਤਾ, ਹਾਲਾਂਕਿ ਕੈਨੇਡੀਅਨ ਫੁਟਬਾਲ ਐਸੋਸੀਏਸ਼ਨ ਨੇ ਸੂਬਾਈ ਫੈਡਰੇਸ਼ਨਾਂ ਨੂੰ ਬੀਤੇ ਅਪਰੈਲ ਵਿਚ ਕਿਹਾ ਸੀ ਕਿ ਉਹ ਸਿੱਖ ਖਿਡਾਰੀਆਂ ਨੂੰ ਪਟਕੇ ਬੰਨ੍ਹ ਕੇ ਖੇਡਣ ਦੇਣ। ਗੌਰਤਲਬ ਹੈ ਕਿ ਕਿਊਬੈਕ ਵਿਚ ਰੈਫਰੀਆਂ ਨੇ ਬੀਤੇ ਸਾਲ ਹੀ ਪਟਕਾਧਾਰੀ ਖਿਡਾਰੀਆਂ ਨੂੰ ਰੋਕਣਾ ਸ਼ੁਰੂ ਕਰ ਦਿੱਤਾ ਸੀ।

ਫੈਡਰੇਸ਼ਨ ਨੇ ਇਸ ਫੈਸਲੇ ਪਿੱਛੇ ਸੁਰੱਖਿਆ ਦਾ ਹਵਾਲਾ ਦਿੱਤਾ ਹੈ ਤੇ ਕਿਹਾ ਹੈ ਕਿ ਇਹ ਫੈਸਲਾ ਫੁਟਬਾਲ ਦੇ ਸਿਖਰਲੇ ਕੌਮਾਂਤਰੀ ਅਦਾਰੇ ਫੀਫਾ ਦੇ ਨਿਯਮਾਂ ਮੁਤਾਬਕ ਹੈ। ਬਿਆਨ ਵਿਚ ਕਿਹਾ ਗਿਆ ਹੈ ਕਿ ਜੇ ਫੀਫਾ ਵੱਲੋਂ ਪਾਬੰਦੀ ਹਟਾਈ ਜਾਂਦੀ ਹੈ ਤਾਂ ਉਸ ਵੱਲੋਂ ਵੀ ਹਟਾ ਲਈ ਜਾਵੇਗੀ। ਵਰਲਡ ਸਿੱਖ ਆਰਗੇਨਾਈਜ਼ੇਸ਼ਨ ਆਫ ਕੈਨੇਡਾ ਦੇ ਤਰਜਮਾਨ ਬਲਪ੍ਰੀਤ ਸਿੰਘ ਨੇ ਕਿਹਾ ਕਿ ਸਿਰਫ ਕਿਊਬੈਕ ਸੂਬੇ ਵਿਚ ਹੀ ਸਿੱਖ ਖਿਡਾਰੀਆਂ ਨੂੰ ਕੇਸਕੀਆਂ ਤੇ ਪਟਕੇ ਬੰਨ੍ਹ ਕੇ ਖੇਡਣ ਵਿਚ ਮੁਸ਼ਕਲ ਆ ਰਹੀ ਹੈ।

ਉਨ੍ਹਾਂ ਫੈਡਰੇਸ਼ਨ ਵੱਲੋਂ ਫੀਫਾ ਨਿਯਮਾਂ ਸਬੰਧੀ ਦਿੱਤੀ ਦਲੀਲ ਨੂੰ ਗਲਤ ਦੱਸਦਿਆਂ ਕਿਹਾ ਹੈ ਕਿ ਫੀਫਾ ਦਾ ਤੁਅੱਲਕ ਕੌਮਾਂਤਰੀ ਮੁਕਾਬਲਿਆਂ ਨਾਲ ਹੈ ਜਦੋਂਕਿ ਕਿਊਬੈਕ ਦੀ ਫੈਡਰੇਸ਼ਨ ਨਿੱਕੇ ਵਿਦਿਆਰਥੀਆਂ ਦੇ ਸ਼ੌਕੀਆ ਖੇਡਣ ਉਤੇ ਵੀ ਰੋਕਾਂ ਲਾ ਰਹੀ ਹੈ।

ਉਨ੍ਹਾਂ ਕਿਹਾ ਕਿ ਆਰਗੇਨਾਈਜ਼ੇਸ਼ਨ ਇਸ ਸਬੰਧੀ ਕਾਨੂੰਨੀ ਕਦਮ ਚੁੱਕਣ 'ਤੇ ਵਿਚਾਰ ਕਰ ਰਹੀ ਹੈ।

# ਅਜੇ ਤੱਕ ਨਹੀਂ ਮਿਲੀਆਂ ਸਾਕਾ ਨੀਲਾ ਤਾਰਾ ਵੇਲੇ ਲਾਪਤਾ ਕਿਤਾਬਾਂ



*ਸਾਕਾ ਨੀਲਾ ਤਾਰਾ ਸਮੇਂ ਸੜ ਕੇ ਸੁਆਹ ਹੋਈ ਸਿੱਖ ਰੈਂਫਰੈਂਸ ਲਾਇਬ੍ਰੇਰੀ ਦਾ ਦ੍ਰਿਸ਼। ਲਾਇਬ੍ਰੇਰੀ ਦੇ ਬਚਦੇ ਦਸਤਾਵੇਜ਼ ਭਾਰਤੀ ਫੌਜ ਲੈ ਗਈ ਸੀ।*

**ਚੰਡੀਗੜ੍ਹ:** ਭਾਰਤੀ ਫ਼ੌਜ ਵੱਲੋਂ 29 ਸਾਲ ਪਹਿਲਾਂ ਸ੍ਰੀ ਹਰਿਮੰਦਰ ਸਾਹਿਬ 'ਤੇ ਕੀਤੇ ਹਮਲੇ ਸਮੇਂ ਸਿੱਖ ਰੈਫ਼ਰੈਂਸ ਲਾਇਬ੍ਰੇਰੀ ਦਾ ਵੱਡਾ ਨੁਕਸਾਨ ਹੋਇਆ ਸੀ। ਸਾਕਾ ਨੀਲਾ ਤਾਰਾ ਸਮੇਂ ਫ਼ੌਜ ਵੱਲੋਂ ਲਾਪਤਾ ਕੀਤੀਆਂ ਗਈਆਂ ਸਿੱਖ ਵਿਰਾਸਤ ਦੀ ਲਾਇਬ੍ਰੇਰੀ ਦੀਆਂ ਤਕਰੀਬਨ 15 ਹਜ਼ਾਰ ਅਹਿਮ ਇਤਿਹਾਸਕ, ਧਾਰਮਿਕ ਕਿਤਾਬਾਂ ਦਾ ਅੱਜ ਤੱਕ ਕੋਈ ਪਤਾ ਨਹੀਂ ਲੱਗ ਸਕਿਆ।

ਇਸ ਬਾਰੇ ਵੱਖ-ਵੱਖ ਸਮੇਂ 'ਤੇ ਉਸ ਸਮੇਂ ਦੌਰਾਨ ਭਾਰਤ ਦੇ ਰਾਸ਼ਟਰਪਤੀ, ਪ੍ਰਧਾਨ ਮੰਤਰੀ, ਰੱਖਿਆ ਮੰਤਰੀ, ਗ੍ਰਹਿ ਮੰਤਰੀ ਤੇ ਉੱਚ ਅਧਿਕਾਰੀਆਂ ਤੱਕ ਸ਼੍ਰੋਮਣੀ ਕਮੇਟੀ ਵੱਲੋਂ ਕੀਤੀ ਗਈ ਪਹੁੰਚ ਅਸਫ਼ਲ ਰਹੀ। ਕਿਹਾ ਜਾਂਦਾ ਹੈ ਕਿ ਇਨ੍ਹਾਂ ਅਹਿਮ ਕਿਤਾਬਾਂ, ਖਰੜੇ, ਹੱਥ ਲਿਖ਼ਤ ਪਾਵਨ ਸਰੂਪ ਤੇ ਪੁਸਤਕਾਂ ਨੂੰ ਸਾਕਾ ਨੀਲਾ ਤਾਰਾ ਸਮੇਂ ਭਾਰਤੀ ਫੌਜ ਲੈ ਗਈ ਸੀ। ਸ਼੍ਰੋਮਣੀ ਕਮੇਟੀ ਦੇ ਸਕੱਤਰ ਦਿਲਮੇਘ ਸਿੰਘ ਨੇ ਦੱਸਿਆ ਕਿ ਕੇਂਦਰ ਸਰਕਾਰ ਇਨ੍ਹਾਂ ਕਿਤਾਬਾਂ ਦੀ ਪ੍ਰਾਪਤੀ ਪ੍ਰਤੀ ਗੰਭੀਰ ਨਹੀਂ ਹੈ।

ਕੇਂਦਰ ਸਰਕਾਰ ਸੀਬੀਆਈ ਨੂੰ ਇਹ ਅਹਿਮ ਮਾਮਲਾ ਸੌਂਪਦੀ ਰਹੀ ਤੇ ਅੱਗੋਂ ਇਹ ਖ਼ੁਫ਼ੀਆ ਵਿਭਾਗ ਫ਼ੌਜ ਨੂੰ ਜ਼ਿੰਮੇਵਾਰ ਕਰਾਰ ਦਿੰਦਾ ਰਿਹਾ। ਉਨ੍ਹਾਂ ਦੱਸਿਆ ਕਿ ਮੌਜੂਦਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਵੀ ਲਿਖਤੀ ਤੇ ਨਿੱਜੀ ਤੌਰ 'ਤੇ ਮਿਲ ਕੇ ਅਪੀਲਾਂ ਕੀਤੀਆਂ ਪਰ ਕੋਈ ਲਾਭ ਨਾ ਹੋਇਆ। ਇਸ ਬਾਰੇ ਸ਼੍ਰੋਮਣੀ ਕਮੇਟੀ ਦੇ ਨਿੱਜੀ ਸਕੱਤਰ ਤਰਲੋਚਨ ਸਿੰਘ ਨੇ ਦੱਸਿਆ ਕਿ ਸਿੱਖ ਰੈਫਰੈਂਸ ਲਾਇਬ੍ਰੇਰੀ ਦੇ ਨਾਲ-ਨਾਲ ਸ਼੍ਰੋਮਣੀ ਕਮੇਟੀ ਦਾ ਬਹੁਤ ਕੀਮਤੀ ਰਿਕਾਰਡ ਵੀ ਸਾੜ ਦਿੱਤਾ ਗਿਆ ਜੋ ਬਚ ਗਿਆ ਉਸ ਨੂੰ ਸੈਨਾ ਲੈ ਗਈ। ਉਧਰ, ਸਿੱਖ ਜਥੇਬੰਦੀ ਦਲ ਖਾਲਸਾ ਨੇ ਸਾਕਾ ਨੀਲਾ ਤਾਰਾ ਦੀ ਵਰ੍ਹੇਗੰਢ ਮੌਕੇ ਸ੍ਰੀ ਹਰਿਮੰਦਰ ਸਾਹਿਬ ਸਥਿਤ ਸਿੱਖ ਰੈਫਰੈਂਸ ਲਾਇਬਰੇਰੀ ਦੇ ਅਮੁੱਲੇ ਖ਼ਜ਼ਾਨੇ ਬਾਰੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਕੋਲੋਂ ਜਾਣਕਾਰੀ ਮੰਗੀ ਹੈ। ਜਥੇਬੰਦੀ ਦੇ ਬੁਲਾਰੇ ਕੰਵਰਪਾਲ ਸਿੰਘ ਨੇ ਆਖਿਆ ਕਿ ਸਰਕਾਰ ਨੇ ਹੁਣ ਤੱਕ ਇਹ ਸਪੱਸ਼ਟ ਨਹੀਂ ਕੀਤਾ ਹੈ ਕਿ ਸਾਕਾ ਨੀਲਾ ਤਾਰਾ ਸਮੇਂ ਨੁਕਸਾਨੀ ਗਈ ਸਿੱਖ ਰੈਫਰੇਂਸ ਲਾਇਬਰੇਰੀ ਦਾ ਅਮੁੱਲਾ ਖਜ਼ਾਨਾ ਕਿੱਥੇ ਹੈ।

## ਕਰਮ ਮੋਹਨ ਬਣੇ ਲੰਡਨ ਦੀ ਯੋਜਨਾ ਕਮੇਟੀ ਦੇ ਚੇਅਰਮੈਨ

**ਲੰਡਨ:** ਪੰਜਾਬੀ ਲੇਖਕ ਤੇ ਪੱਤਰਕਾਰ ਕੌਂਸਲਰ ਕੇਸੀ ਮੋਹਨ (ਕਰਮ ਮੋਹਨ) ਨੂੰ ਲੰਡਨ ਦੀ ਈਜ਼ਿੰਗ ਕੌਂਸਲ ਦੀ ਯੋਜਨਾ ਕਮੇਟੀ ਦਾ ਚੇਅਰਮੈਨ ਨਾਮਜ਼ਦ ਕੀਤਾ ਗਿਆ ਹੈ। ਸ੍ਰੀ ਮੋਹਨ ਪਿਛਲੇ ਤਿੰਨ ਸਾਲਾ ਤੋਂ ਇਸ ਅਹਿਮ ਕਮੇਟੀ ਦੇ ਉਪ ਚੇਅਰਮੈਨ ਚੁਣੇ ਜਾਂਦੇ ਰਹੇ ਹਨ। ਇੰਗਲੈਂਡ ਆਉਣ ਤੋਂ ਬਾਅਦ ਮੋਹਨ ਲੇਬਰ ਪਾਰਟੀ ਵਿਚ ਹਮੇਸ਼ਾ ਤੋਂ ਹੀ ਸਰਗਰਮ ਰਹੇ ਹਨ। ਪਿਛਲੀਆਂ ਕੌਂਸਲ ਚੋਣਾਂ ਵਿਚ ਉਹ ਲੇਡੀ ਮਾਰਗਹਿਟ ਵਾਰਡ ਤੋਂ ਕੌਂਸਲਰ ਚੁਣੇ ਗਏ ਸਨ।

ਸ੍ਰੀ ਮੋਹਨ ਵੈਸਟ ਲੰਡਨ ਇੰਸਟੀਚਿਊਟ ਆਫ ਹਾਇਰ ਐਜੂਕੇਸ਼ਨ (ਬਰੂਨਲ ਯੂਨੀਵਰਸਿਟੀ) ਦੇ ਯੋਗਤਾ ਪ੍ਰਾਪਤ ਸੋਸ਼ਲ ਸਾਲ ਵਰਕਰ ਹਨ ਤੇ ਲੰਡਨ ਦੀ ਇਕ ਕੌਂਸਲ ਦੇ ਬੱਚਿਆਂ ਤੇ ਪਰਿਵਾਰਾਂ ਦੇ ਸੈਕਸ਼ਨ ਵਿਚ ਕੰਮ ਕਰਦੇ ਰਹੇ ਹਨ। ਉਹ ਪ੍ਰਗਤੀਸ਼ੀਲ ਲਿਖਾਰੀ ਸਭਾ ਸਾਊਥਾਲ ਦੇ ਸਕੱਤਰ ਹਨ। ਇਸ ਤੋਂ ਇਲਾਵਾ ਉਹ ਬ੍ਰਿਟਿਸ਼ ਐਸੋਸੀਏਸ਼ਨ ਆਫ ਜਰਨਲਿਸਟਸ (21) ਦੇ ਵੀ ਮੈਂਬਰ ਹਨ। ਉਨ੍ਹਾਂ ਦੀ ਚਾਰ ਪੁਸਤਕਾਂ ਛਪ ਚੁੱਕੀਆਂ ਹਨ। ਸ੍ਰੀ ਮੋਹਨ ਦਾ ਜੱਦੀ ਪਿੰਡ ਬੱਬਨਪੁਰ (ਧੂਰੀ) ਜ਼ਿਲ੍ਹਾ ਸੰਗਰੂਰ ਹੈ।

ਗੁਰਬਾਣੀ
24 ਘੰਟੇ ਸੁਣਨ ਲਈ
Dial 832.551.5029 Ext. 4
www.GurbaniRadio.org

ਪੰਜਾਬੀ ਗਾਣੇ
24 ਘੰਟੇ ਸੁਣਨ ਲਈ
Dial 832.551.5029 Ext. 3
www.NonStopPunjabi.com

ਪੰਜਾਬੀ ਰੇਡੀਓ ਯੂਐਸਏ
Punjabi RADIO USA
Uniting Punjabi's All Over
www.PunjabiRadioUSA.com
408-272-5200

DIAL TO LISTEN:
US: 832-551-5029 | 605-475-6868 | 712-432-5838 (METRO PCS)
UK: +44 203-519-0455
GERMANY: +511 80-90-40-41

NEW PROGRAM: TODAY IN SIKH HISTORY | ਅੱਜ ਦਾ ਦਿਨ ਸਿੱਖ ਇਤਿਹਾਸ ਵਿੱਚ DAILY | ਰੋਜ਼ਾਨਾ 9AM | 12PM

LIQUOR STORE
GAS STATION
INSURANCE

Call to check our lowest rates for Auto • Home • Health • Life. You won't believe It.

Licensed in: Alabama • Arkansas • Arizona • California • Colorado • Connecticut • DC • Georgia Florida • Idaho • Iowa • Indiana • Illinois • Kansas • Louisiana • Maryland • Mississippi • Michigan Minnesota • Nevada • New Jersey • New York • New Mexico • Oregon • Ohio • Oklahoma Pennsylvania • Texas • Utah • Virginia • Vermont • Washington • Wisconsin



Gas Stations, Repair Shops, Liquor/Grocery Stores, Restaurants, 99 Cent stores, Hotels & Motels

CALIFORNIA ADMITTED COMPANY WITH A RATING (EXCELLENT, A-) BY AM BEST

Give us a Call for a Free Quote

Toll Free 800.954.5409

LiquorStoreGasStationInsurance.com

Ph: 408.272.2500 Fax: 408.272.2670

3750 McKee Rd., Suite A • San Jose, CA 95127

www.LiquorStoreGasStationinsurance.com is wholly owned by Khalsa Insurance Agency, Inc. CA LICENSE #0F89805

# ਵਿਸਾਖੀ ਨਗਰ ਕੀਰਤਨ ਨੂੰ 'ਸਿਵਿਕ ਪਰੇਡ' ਦਾ ਦਰਜਾ

**ਵੈਨਕੂਵਰ:** ਸਿਟੀ ਕੌਂਸਲ ਨੇ ਇਕ ਅਹਿਮ ਐਲਾਨ ਰਾਹੀਂ ਵਿਸਾਖੀ ਨਗਰ ਕੀਰਤਨ ਨੂੰ 'ਸਿਵਿਕ ਪਰੇਡ' ਦਾ ਦਰਜਾ ਦੇ ਦਿੱਤਾ। ਅਜਿਹੇ ਐਲਾਨ ਮਗਰੋਂ ਵੈਨਕੂਵਰ ਦੇ ਨਗਰ ਕੀਰਤਨ ਦੇ ਪ੍ਰਬੰਧਕਾਂ ਤੇ ਤਿਆਰੀਆਂ ਤੋਂ ਲੈ ਕੇ ਪ੍ਰਚਾਰ ਤੱਕ ਦੇ ਵੱਡੇ ਖਰਚਿਆਂ ਲਈ, ਵੈਨਕੂਵਰ ਪ੍ਰਸ਼ਾਸਨ ਵੱਲੋਂ ਨਾ ਸਿਰਫ ਪ੍ਰਮੁੱਖ ਜ਼ਿੰਮੇਵਾਰੀ ਹੀ ਨਿਭਾਈ ਜਾਵੇਗੀ, ਸਗੋਂ ਵੈਨਕੂਵਰ ਸ਼ਹਿਰ ਦੀ ਬਹੁ-ਸਭਿਆਚਾਰਤਾ ਤੇ ਵੰਨ-ਸੁਵੰਨਤਾ ਲਈ ਵੀ ਵਿਸਾਖੀ ਪਰੇਡ ਨੂੰ ਨਮੂਨੇ ਵਜੋਂ ਪੇਸ਼ ਕੀਤਾ ਜਾਇਆ ਕਰੇਗਾ।

ਵੈਨਕੂਵਰ ਦੇ ਸਿਟੀ ਕੌਂਸਲਰ ਟਿਮ ਸਟੀਵਨਸ ਵੱਲੋਂ ਪੇਸ਼ ਕੀਤੇ ਉਕਤ ਮਤੇ ਨੂੰ ਸਮੁੱਚੀ ਕੌਂਸਲ ਨੇ ਸਰਬ ਸੰਮਤੀ ਨਾਲ ਪ੍ਰਵਾਨਗੀ ਦਿੱਤੀ ਤੇ 2014 ਤੋਂ ਨਗਰ ਕੀਰਤਨ ਨੂੰ 'ਸਿਵਿਕ ਪਰੇਡ' ਵਜੋਂ ਪੇਸ਼ ਕਰਨ ਦਾ ਫ਼ੈਸਲਾ ਲਿਆ। ਉੱਤਰੀ ਅਮਰੀਕਾ ਵਿਚ ਗ਼ਦਰ ਲਹਿਰ



ਦੀ ਮੋਢੀ ਤੇ ਸਿੱਖਾਂ ਦੀ ਪਹਿਲੀ ਜਥੇਬੰਦੀ ਖਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਦੇ ਇਤਿਹਾਸ ਵਿਚ ਇਸ ਨੂੰ ਇਕ ਅਹਿਮ ਫੈਸਲਾ ਮੰਨਿਆ ਜਾ ਰਿਹਾ ਹੈ।

ਇਸ ਮੌਕੇ ਸੁਸਾਇਟੀ ਦੇ ਪ੍ਰਧਾਨ ਸੋਹਣ ਸਿੰਘ ਦਿਓ ਨੇ ਕਿਹਾ ਕਿ ਵੈਨਕੂਵਰ ਕੌਂਸਲ ਨੇ ਅਹਿਮ ਐਲਾਨ ਕਰਕੇ ਜਿਥੇ ਸਿੱਖਾਂ ਦਾ ਦਿਲ ਜਿੱਤ ਲਿਆ ਹੈ, ਉਥੇ ਹਰੇਕ ਰੰਗ, ਨਸਲ ਤੇ ਧਰਮ ਦੇ ਵਿਅਕਤੀ ਨੂੰ ਸਿਵਿਕ ਪਰੇਡ ਦਾ ਹਿੱਸਾ ਬਣਾਉਂਦਿਆਂ ਵਿਸਾਖੀ ਪਰੇਡ ਨੂੰ 'ਸਰਬ-ਸਾਂਝੇ ਤਿਉਹਾਰ' ਦੀ ਮਾਨਤਾ ਵੀ ਦਿੱਤੀ ਹੈ। ਉਨ੍ਹਾਂ ਆਸ ਪ੍ਰਗਟਾਈ ਕਿ ਵੈਨਕੂਵਰ ਤੋਂ ਸੇਧਨ ਲੈ ਕੇ ਕੈਨੇਡਾ ਦੇ ਬਾਕੀ ਸ਼ਹਿਰ ਵੀ ਸਿੱਖ ਪਰੇਡਾਂ ਨੂੰ ਸਿਵਿਕ ਮਾਨਤਾ ਦੇਣ ਦੇ ਉਪਰਾਲੇ ਕਰਨਗੇ।

ਜ਼ਿਕਰਯੋਗ ਹੈ ਕਿ ਸਰੀ ਸਮੇਤ ਕੈਨੇਡਾ ਦੇ ਪ੍ਰਮੁੱਖ ਨਗਰਾਂ ਵਿਚ ਵਿਸਾਖੀ ਨਗਰ ਕੀਰਤਨਾਂ ਨੂੰ 'ਸਿਵਿਕ ਪਰੇਡ' ਨਾ ਐਲਾਨੇ ਹੋਣ ਕਾਰਨ ਆਰਥਿਕ ਚੁਣੌਤੀਆਂ ਵਿਚੋਂ ਗੁਜ਼ਰਨਾ ਪੈਂਦਾ ਹੈ, ਚਾਹੇ ਇਨ੍ਹਾਂ ਮੌਕਿਆਂ 'ਤੇ ਲੱਖਾਂ ਲੋਕਾਂ ਦੇ ਇਕੱਠਾਂ ਕਾਰਨ ਸ਼ਹਿਰਾਂ ਨੂੰ ਮਾਲੀ ਹੁਲਾਰੇ ਵੀ ਮਿਲਦੇ ਹਨ।

## ਈਲਿੰਗ ਕੌਂਸਲ ਦੇ ਮੇਅਰ ਬਣੇ ਕਮਲਜੀਤ ਢੀਂਡਸਾ

**ਚੰਡੀਗੜ੍ਹ:** ਪੰਜਾਬੀ ਮੂਲ ਦੇ ਕਮਲਜੀਤ ਸਿੰਘ ਢੀਂਡਸਾ ਇੰਗਲੈਂਡ ਵਿਚ ਈਲਿੰਗ ਕੌਂਸਲ (ਲੰਡਨ) ਦੇ ਮੇਅਰ ਚੁਣੇ ਗਏ ਹਨ। ਸ. ਢੀਂਡਸਾ 1970 ਤੋਂ ਇੰਗਲੈਂਡ ਦੇ ਸਾਊਥਹਾਲ ਵਿਚ ਰਹਿ ਰਹੇ ਹਨ ਤੇ ਉਨ੍ਹਾਂ ਲੇਬਰ ਪਾਰਟੀ ਰਾਹੀਂ ਸਿਆਸਤ ਵਿਚ ਪ੍ਰਵੇਸ਼ ਕੀਤਾ। ਉਹ 14 ਸਾਲ ਤੋਂ ਸਾਊਥਹਾਲ ਤੋਂ ਕੌਂਸਲਰ ਚੱਲੇ ਆ ਰਹੇ ਹਨ।

ਇਸ ਤੋਂ ਇਲਾਵਾ ਉਹ ਕੌਂਸਲ ਦੇ ਕੈਬਨਿਟ ਮੈਂਬਰ ਵਜੋਂ ਆਪਣੀ ਜ਼ਿੰਮੇਵਾਰੀ ਨਿਭਾਅ ਰਹੇ ਹਨ ਤੇ ਉਹ ਈਲਿੰਗ ਤੇ ਸਾਊਥਹਾਲ ਦੀਆਂ ਕਈ ਕਮੇਟੀਆਂ ਦੇ ਚੇਅਰਮੈਨ ਵੀ ਰਹਿ ਚੁੱਕੇ ਹਨ। ਕਮਲਜੀਤ ਢੀਂਡਸਾ ਮੁਤਾਬਕ ਉਹ ਪੰਜਾਬ ਨਾਲ ਵੀ ਲਗਾਤਾਰ ਜੁੜੇ ਹੋਏ ਹਨ ਤੇ ਉਨ੍ਹਾਂ ਆਪਣੇ ਪਿੰਡ ਢੀਂਡਸਾ ਵਿਚ ਐਜੂਕੇਸ਼ਨ ਟਰੱਸਟ ਬਣਾਇਆ ਹੈ ਜਿਸ ਰਾਹੀਂ ਬੱਚਿਆਂ ਦੀ ਸਿੱਖਿਆ ਵਿਚ ਮਦਦ ਕੀਤੀ ਜਾ ਰਹੀ ਹੈ।

# ਵਿਦੇਸ਼ਾਂ ਵਿਚ ਭਾਰਤੀਆਂ ਨੇ ਮਾਰੀਆਂ ਮੱਲਾਂ

**ਵਾਸ਼ਿੰਗਟਨ:** ਭਾਰਤੀ ਮੂਲ ਦੇ ਵਿਦਿਆਰਥੀਆਂ ਨੇ ਇਥੇ ਲਗਾਤਾਰ ਛੇਵੇਂ ਸਾਲ ਸਕ੍ਰਿਪਸ ਨੈਸ਼ਨਲ ਸਪੈਲਿੰਗ ਬੀਅ ਮੁਕਾਬਲਾ ਜਿੱਤ ਕੇ ਨਵਾਂ ਇਤਿਹਾਸ ਸਿਰਜਿਆ ਹੈ।

ਭਾਰਤੀ ਵਿਦਿਆਰਥੀ ਮੁਕਾਬਲੇ ਵਿਚ ਪਹਿਲੀਆਂ ਤਿੰਨ ਥਾਵਾਂ ਹਾਸਲ ਕਰਨ ਵਿਚ ਕਾਮਯਾਬ ਰਹੇ ਹਨ ਜਦੋਂਕਿ ਪਹਿਲੀ ਥਾਂ 13 ਸਾਲਾ ਅਰਵਿੰਦ ਮਹਾਂਕਾਲੀ ਨੇ ਹਾਸਲ ਕੀਤੀ ਹੈ। ਅਰਵਿੰਦ ਨੇ ਇਕ ਜਰਮਨ ਸ਼ਬਦ 'ਨਾਇਦਲ' ਦੇ ਸਹੀ ਸ਼ਬਦ-ਜੋੜ ਲਿਖ ਕੇ ਇਹ ਮੱਲ ਮਾਰੀ। ਇਸ ਸ਼ਬਦ ਦਾ ਮਤਲਬ ਹੈ ਖਮੀਰ ਹੋਏ ਗੁੰਨ੍ਹੇ ਆਟੇ ਦੀ ਛੋਟੀ ਜਿਹੀ ਲੋਈ।

**ਲੰਡਨ:** **ਨਾਮੀ** ਭਾਰਤੀ ਫੋਟੋ ਕਲਾਕਾਰ ਸਮਰ ਸਿੰਘ ਜੋਧਾ ਵੱਲੋਂ ਆਪਣੀਆਂ ਫੋਟੋਆਂ ਵੇਨਿਸ ਬਾਇਸਲ 2013 ਵਿਚ ਪੇਸ਼ ਕੀਤੀਆਂ ਜਾਣਗੀਆਂ ਜਿਸ ਨੂੰ ਇਸ ਬਾਰੇ ਦੁਨੀਆਂ ਦਾ ਸਭ ਤੋਂ ਵੱਡਾ ਮੰਚ ਮੰਨਿਆ ਜਾਂਦਾ ਹੈ। ਇਹ ਨੁਮਾਇਸ਼ ਹਰ ਦੋ ਸਾਲਾਂ ਬਾਅਦ ਲੱਗਦੀ ਹੈ ਤੇ ਪਿਛਲੇ 106 ਸਾਲਾਂ ਤੋਂ ਲਾਈ ਜਾ ਰਹੀ ਹੈ। ਸ. ਜੋਧਾ ਇਸ ਖੇਤਰ ਵਿਚ ਬੀਤੇ ਦੋ ਦਹਾਕਿਆਂ ਤੋਂ ਨਾਮਣਾ ਖੱਟ ਰਹੇ ਹਨ।

ਇਸੇ ਤਰ੍ਹਾਂ ਬਰਤਾਨੀਆ ਵਿਚ ਭਾਰਤੀ ਕਲਾ ਤੇ ਸੱਭਿਆਚਾਰ ਨੂੰ ਹੁਲਾਰਾ ਦੇਣ ਲਈ ਅਹਿਮ ਯੋਗਦਾਨ ਪਾਉਣ ਵਾਲੇ ਭਾਰਤੀ ਹੋਟਲਰ ਜੋਗਿੰਦਰ ਸੰਗਰ੍ਹ ਨੂੰ ਵੱਕਾਰੀ 'ਪ੍ਰਾਈਡ ਆਫ ਇੰਡੀਆ' ਐਵਾਰਡ ਨਾਲ ਸਨਮਾਨਿਆ ਗਿਆ ਹੈ। ਸਾਲ 2012 ਲਈ ਇਹ ਐਵਾਰਡ ਇੰਡੀਆ ਇੰਟਰਨੈਸ਼ਨਲ ਫਾਊਂਡੇਸ਼ਨ ਵੱਲੋਂ ਦਿੱਤਾ ਗਿਆ ਜੋ ਬਰਤਾਨੀਆ ਦੇ ਟਰਾਂਸਪੋਰਟ ਮੰਤਰੀ ਸਟੀਫਨ ਹਾਮੰਡ ਨੇ ਉਨ੍ਹਾਂ ਨੂੰ ਭੇਟ ਕੀਤਾ।

**ਨਿਊ ਯਾਰਕ:** ਭਾਰਤੀ ਮੂਲ ਦੇ ਪਾਰਥਾ ਦਾਸ ਗੁਪਤਾ ਜੋ ਕੈਂਬਰਿਜ ਯੂਨੀਵਰਸਿਟੀ ਵਿਚ ਅਰਥ ਸ਼ਾਸਤਰ ਦੇ ਪ੍ਰੋਫੈਸਰ ਹਨ, ਨੂੰ ਹਾਰਵਰਡ ਯੂਨੀਵਰਸਿਟੀ ਵੱਲੋਂ ਡਾਕਟਰ ਆਫ ਲਾਅ ਦੀ ਆਨਰੇਰੀ ਡਿਗਰੀ ਦਿੱਤੀ ਗਈ ਹੈ। ਇਨ੍ਹਾਂ ਦਾ ਜਨਮ 1942 ਵਿਚ ਢਾਕਾ ਵਿਚ ਹੋਇਆ ਸੀ ਤੇ ਉਨ੍ਹਾਂ ਪੜ੍ਹਾਈ ਵਾਰਾਨਸੀ, ਨਵੀਂ ਦਿੱਲੀ ਤੇ ਕੈਂਬਰਿਜ ਵਿਚ ਕੀਤੀ।

# ਨਿਊਜ਼ੀਲੈਂਡ ਦਾ 'ਜਸਟਿਸ ਆਫ਼ ਪੀਸ' ਮਨਪ੍ਰੀਤ ਸਿੰਘ ਬਰੀ



**ਸੰਗਰੂਰ:** ਅਦਾਲਤ ਨੇ ਸਥਾਨਕ ਜ਼ਿਲ੍ਹਾ ਜੇਲ੍ਹ ਵਿਚ ਵਾਪਰੇ ਗੋਲੀ, ਕੁੱਟਮਾਰ ਕਾਂਡ ਤੇ ਟਾਡਾ ਐਕਟ ਨਾਲ ਸਬੰਧਤ ਮਨਪ੍ਰੀਤ ਸਿੰਘ ਨੂੰ ਬਰੀ ਕਰ ਦਿੱਤਾ ਹੈ। ਨਿਊਜ਼ੀਲੈਂਡ ਦਾ 'ਜਸਟਿਸ ਆਫ ਪੀਸ' ਮਨਪ੍ਰੀਤ ਸਿੰਘ ਕੁਝ ਸਮਾਂ ਆਸਟ੍ਰੇਲੀਆ ਆ ਗਿਆ ਸੀ। ਉਸ ਨੂੰ ਭਾਰਤ ਦੀ ਪੁਲਿਸ ਨੇ ਉਸ ਸਮੇਂ ਗ੍ਰਿਫ਼ਤਾਰ ਕਰ ਲਿਆ ਸੀ। ਪੁਲਿਸ ਰਿਪੋਰਟ ਮੁਤਾਬਕ 14 ਅਕਤੂਬਰ, 1987 ਨੂੰ ਜੇਲ੍ਹ ਦੇ ਕੁਝ ਕੈਦੀਆਂ ਨੇ ਜੇਲ੍ਹ ਵਿਚ ਬੰਦ ਭਾਈ ਗੁਰਦੇਵ ਸਿੰਘ ਨੂੰ ਮਿਲਣ ਦੀ ਮੰਗ ਕੀਤੀ ਸੀ ਪਰ ਜੇਲ੍ਹ ਅਧਿਕਾਰੀਆਂ ਨੇ ਅਜਿਹਾ ਕਰਨ ਤੋਂ ਨਾਂਹ ਕਰ ਦਿੱਤੀ ਜਿਸ ਕਾਰਨ ਜੇਲ੍ਹ ਵਿਚ ਹੰਗਾਮਾ ਹੋ ਗਿਆ।

ਇਸ ਪਿੱਛੋਂ ਜੇਲ੍ਹ ਸੁਪਰਡੈਂਟ ਗੁਰਚਰਨ ਸਿੰਘ ਵੀ ਮੌਕੇ 'ਤੇ ਪਹੁੰਚ ਗਏ। ਭੜਕੀ ਹੋਈ ਭੀੜ ਨੇ ਜੇਲ੍ਹ ਸੁਪਰਡੈਂਟ ਨੂੰ ਥੱਲੇ ਸੁੱਟ ਲਿਆ ਜਿਸ ਉਤੇ ਡਿਪਟੀ ਸੁਪਰਡੈਂਟ ਨੇ ਜੇਲ੍ਹ ਗਾਰਦ ਨੂੰ ਹਵਾਈ ਫਾਇਰ ਕਰਨ ਦੇ ਹੁਕਮ ਕਰ ਦਿੱਤੇ। ਭੀੜ ਵੱਲੋਂ ਪਥਰਾਅ ਤੇ ਲੋਹੇ ਦੀਆਂ ਪਾਈਪਾਂ ਨਾਲ ਜਵਾਬੀ ਹਮਲਾ ਕੀਤਾ ਗਿਆ।

ਇਸ ਕਾਂਡ ਦੌਰਾਨ ਚਾਰ ਵਿਅਕਤੀ ਮਾਰੇ ਗਏ ਤੇ ਕਈ ਜ਼ਖ਼ਮੀ ਹੋ ਗਏ। ਪੁਲਿਸ ਵੱਲੋਂ 48 ਵਿਅਕਤੀਆਂ 'ਤੇ ਕੇਸ ਦਰਜ ਕੀਤਾ ਗਿਆ ਜਿਨ੍ਹਾਂ ਵਿਚੋਂ ਕੁਝ ਦੀ ਮੌਤ ਹੋ ਗਈ ਤੇ ਕੁਝ ਇਧਰ ਉਧਰ ਹੋ ਗਏ ਜਦਕਿ 22 ਵਿਅਕਤੀ ਬਰੀ ਹੋ ਚੁੱਕੇ ਹਨ।

ਮਨਪ੍ਰੀਤ ਸਿੰਘ ਨੇ ਸਾਲ 1989 ਵਿਚ ਮਾਨਵੀ ਆਧਾਰ 'ਤੇ ਨਿਊਜ਼ੀਲੈਂਡ ਵਿਚ ਸ਼ਰਨ ਲੈ ਲਈ ਸੀ ਤੇ ਉਥੋਂ ਦਾ ਵਸਨੀਕ ਬਣ ਕੇ 'ਜਸਟਿਸ ਆਫ਼ ਪੀਸ' ਦਾ ਅਹੁਦਾ ਸੰਭਾਲ ਲਿਆ। ਅਦਾਲਤ ਨੇ ਮਾਮਲੇ ਦਾ ਨਬੇੜਾ ਕਰਦਿਆਂ ਮਨਪ੍ਰੀਤ ਨੂੰ ਬਰੀ ਕਰਨ ਦਾ ਹੁਕਮ ਸੁਣਾਇਆ।

# ਸਿੱਖ ਬਜ਼ੁਰਗ 'ਤੇ ਹਮਲਾ ਕਰਨ ਵਾਲੇ ਨੇ ਖ਼ੁਦ ਨੂੰ ਨਿਰਦੋਸ਼ ਦੱਸਿਆ

**ਫਰਿਜ਼ਨੋ (ਬਿਊਰੋ):** ਸਥਾਨਕ ਗੁਰਦੁਆਰਾ ਨਾਨਕਸਰ ਸਿੱਖ ਟੈਂਪਲ ਦੇ ਬਾਹਰਵਾਰ ਬਜ਼ੁਰਗ ਸਿੱਖ ਪਿਆਰਾ ਸਿੰਘ (82 ਸਾਲ) ਉਪਰ ਵਹਿਸ਼ੀ ਹਮਲਾ ਕਰਨ ਵਾਲੇ ਗਿਲਬਰਟ ਗਾਰਸੀਆ (29 ਸਾਲ) ਨੇ ਦਾਅਵਾ ਕੀਤਾ ਹੈ ਕਿ ਉਸ ਨੇ ਹੱਤਿਆ ਦਾ ਯਤਨ ਤੇ ਬਦਸਲੂਕੀ ਨਹੀਂ ਕੀਤੀ। ਇਸ ਮਾਮਲੇ ਦੀ ਸੁਣਵਾਈ 26 ਜੂਨ ਨੂੰ ਹੋਵੇਗੀ।

ਫਰਿਜ਼ਨੋ ਕਾਊਂਟੀ ਜ਼ਿਲ੍ਹਾ ਅਟਾਰਨੀ ਦਫਤਰ ਨੇ ਇਸ ਘਟਨਾ ਨੂੰ ਨਸਲੀ ਨਫਰਤ ਕਰਾਰ ਦਿੱਤਾ ਹੋਇਆ ਹੈ। ਇਹ ਘਟਨਾ ਪੰਜ ਮਈ ਨੂੰ ਤੜਕੇ 7 ਵਜੇ ਵਾਪਰੀ ਸੀ। ਬਜ਼ੁਰਗ ਪਿਆਰਾ ਸਿੰਘ ਦੇ ਸਿਰ, ਫੇਫੜਿਆਂ ਤੇ ਜਬਾੜੇ ਉਪਰ ਜ਼ੋਰਦਾਰ ਸੱਟਾਂ ਲੱਗੀਆਂ ਸਨ। ਪੁਲਿਸ ਮੁਤਾਬਕ ਮੁਲਜ਼ਮ ਸਾਈਕਲ ਉਪਰ ਗੁਰਦੁਆਰੇ ਨੇੜੇ ਆਇਆ। ਉਸ ਨੇ ਸਟੀਲ ਦੀ ਰਾਡ ਫੜੀ ਹੋਈ ਸੀ।

ਉਸ ਨੇ ਇਕਦਮ ਪਿਆਰਾ ਸਿੰਘ ਉਪਰ ਰਾਡ ਨਾਲ ਹਮਲਾ ਕਰ ਦਿੱਤਾ। ਅਮਰੀਕਨ ਸਿੱਖ ਕਾਂਗਰੈਸ਼ਨਲ ਕੌਕਸ ਜਥੇਬੰਦੀ ਨੇ ਐਫ ਬੀ ਆਈ ਉਪਰ ਘਟਨਾ ਦੀ ਨਸਲੀ ਨਫਰਤ ਵਜੋਂ ਜਾਂਚ ਕਰਨ ਉਪਰ ਦਬਾਅ ਬਣਾਇਆ। ਅਮਰੀਕਾ ਵਿਚਲੇ ਸਿੱਖਾਂ ਤੇ ਹਿੰਦੂਆਂ ਦੀ ਮੰਗ ਪ੍ਰਵਾਨ ਕਰਦਿਆਂ ਅਟਾਰਨੀ ਜਨਰਲ ਐਰਿਕ ਹੋਲਡਰ ਨੇ ਐਫ ਬੀ ਆਈ ਨੂੰ ਇਸ ਬਾਰੇ ਸਿਫਾਰਸ਼ ਕੀਤੀ ਸੀ।

## ਅਮਰੀਕਾ ਵਿਚ ਨਸਲੀ ਹਮਲਿਆਂ 'ਤੇ ਫਿਕਰ ਜ਼ਾਹਿਰ

**ਵਾਸ਼ਿੰਗਟਨ:** ਅਮਰੀਕਾ ਵਿਚ ਸਿੱਖਾਂ, ਹਿੰਦੂਆਂ ਤੇ ਅਰਬਾਂ ਖ਼ਿਲਾਫ਼ ਹੋਣ ਵਾਲੇ ਨਫਰਤੀ ਤੇ ਨਸਲੀ ਹਮਲਿਆਂ 'ਤੇ ਫਿਕਰ ਜ਼ਾਹਿਰ ਕਰਦਿਆਂ ਇਥੋਂ ਦੇ ਇਕ ਰਸੂਖਦਾਰ ਕਾਨੂੰਨਸਾਜ਼ ਨੇ ਮੁਲਕ ਦੀ ਜਾਂਚ ਏਜੰਸੀ ਐਫਬੀਆਈ ਨੂੰ ਜ਼ੋਰ ਦੇ ਕੇ ਕਿਹਾ ਹੈ ਕਿ ਉਹ ਮੁਲਕ ਵਿਚ ਅਜਿਹੇ ਵਰਤਾਰੇ ਨੂੰ ਰੋਕਣ ਕਾਰਵਾਈ ਸ਼ੁਰੂ ਕਰੇ ਤੇ ਇਨ੍ਹਾਂ ਦਾ ਪੂਰਾ ਵੇਰਵਾ ਰੱਖੇ। ਅਮਰੀਕੀ ਕਾਂਗਰਸ ਦੇ ਹੇਠਲੇ ਸਦਨ ਪ੍ਰਤੀਨਿਧ ਸਭਾ ਦੇ ਮੈਂਬਰ ਜੋਅ ਕਰਾਊਲੀ ਨੇ ਇਨ੍ਹਾਂ ਘਟਨਾਵਾਂ 'ਤੇ ਦੁੱਖ ਜ਼ਾਹਰ ਕੀਤਾ ਹੈ। ਉਨ੍ਹਾਂ ਕਿਹਾ ਕਿ ਇਸ ਬਾਰੇ ਫੌਰੀ ਕਦਮ ਚੁੱਕੇ ਜਾਣੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਸਿੱਖਾਂ, ਹਿੰਦੂਆਂ ਤੇ ਅਰਬ ਅਮਰੀਕੀਆਂ ਖਿਲਾਫ ਹਿੰਸਾ ਤੇ ਨਫਰਤੀ ਜੁਰਮਾਂ ਨੂੰ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ ਪਰ ਇਸ ਸਮੱਸਿਆ ਨਾਲ ਤਾਂ ਹੀ ਸਿੱਝਿਆ ਜਾ ਸਕੇਗੇ ਜੇ ਇਸ ਦੇ ਪੂਰੇ ਵੇਰਵਿਆਂ ਬਾਰੇ ਚੰਗੀ ਤਰ੍ਹਾਂ ਵਾਕਫ ਹੋਵਾਂਗੇ। ਆਪਣੇ ਮੰਗ ਪੱਤਰ ਵਿਚ ਸ੍ਰੀ ਕਰਾਊਲੀ ਨੇ ਕਿਹਾ ਹੈ ਕਿ ਸਿੱਖ, ਹਿੰਦੂ ਤੇ ਅਰਬ ਮੁਸਲਮਾਨ ਲਗਾਤਾਰ ਇਨ੍ਹਾਂ ਨਫਰਤੀ ਤੇ ਮਾਰੂ ਹਮਲਿਆਂ ਦਾ ਸ਼ਿਕਾਰ ਹੋ ਰਹੇ ਹਨ। ਸ੍ਰੀ ਕਰਾਊਲੀ ਲੰਬੇ ਸਮੇਂ ਤੋਂ ਇਹ ਮੁੱਦਾ ਉਠਾ ਰਹੇ ਹਨ। ਉਨ੍ਹਾਂ ਅਪਰੈਲ 2012 ਵਿਚ ਵੀ 93 ਕਾਨੂੰਨਸਾਜ਼ਾਂ ਦੇ ਦਸਤਖਤਾਂ ਵਾਲੀ ਇਕ ਚਿੱਠੀ ਇਸ ਬਾਰੇ ਐਫਬੀਆਈ ਨੂੰ ਦਿੱਤੀ ਸੀ।

## ਲੈਸਟਰ ਵਿਚ ਖੁੱਲ੍ਹੇਗਾ ਭਾਰਤੀ ਵੀਜ਼ਾ ਸੈਂਟਰ

**ਲੰਡਨ:** ਬਰਤਾਨੀਆ ਦੇ ਸ਼ਹਿਰ ਲੈਸਟਰ ਵਿਚ ਭਾਰਤੀ ਵੀਜ਼ਾ ਸੈਂਟਰ ਸਥਾਪਤ ਕੀਤਾ ਜਾ ਰਿਹਾ ਹੈ। ਲੈਸਟਰ ਵਿਚ ਭਾਰਤੀ ਮੂਲ ਦੇ ਨਾਗਰਿਕਾਂ ਦੀ ਕਾਫੀ ਗਿਣਤੀ ਹੈ। ਇਹ ਐਲਾਨ ਭਾਰਤ ਦੇ ਡਿਪਟੀ ਹਾਈ ਕਮਿਸ਼ਨਰ ਡਾ. ਵੀਰੇਂਦਰਪਾਲ ਵੱਲੋਂ ਕੀਤਾ ਗਿਆ। ਇਸ ਸਮੇਂ ਭਾਰਤ ਸਰਕਾਰ ਵੱਲੋਂ ਬਰਮਿੰਘਮ, ਲੰਡਨ, ਈਡਨਬਰਗ ਤੇ ਕਾਰਡਿਫ ਵਿਚ ਵੀਜ਼ਾ ਕੇਂਦਰ ਚਲਾਏ ਜਾ ਰਹੇ ਹਨ।

# ਮੁਹਾਲੀ 'ਚ ਬਣੇਗਾ ਅਮਰੀਕੀ ਬਿਜਨਸ ਡੈਸਕ

**ਚੰਡੀਗੜ੍ਹ:** ਅਮਰੀਕੀ ਸਫ਼ਾਰਤਖ਼ਾਨਾ ਛੇਤੀ ਹੀ ਅਜੀਤਗੜ੍ਹ ਵਿਚ ਇਕ ਬਿਜ਼ਨਸ ਡੈਸਕ ਕਾਇਮ ਕਰੇਗਾ। ਇਹ ਭਰੋਸਾ ਅਮਰੀਕਾ ਦੀ ਰਾਜਦੂਤ ਨੈਨਸੀ ਜੇ ਪੋਵੈਲ ਨੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਦਿੱਤਾ। ਸ. ਬਾਦਲ ਨੇ ਮੁੱਲਾਂਪੁਰ ਵਿਖੇ ਬਣਾਏ ਜਾ ਰਹੇ ਮੈਡੀਕਲ ਸਿਟੀ (ਮੈਡੀਸਿਟੀ) ਤੇ ਐਜੂਕੇਸ਼ਨ ਸਿਟੀ (ਐਜੂਸਿਟੀ) ਦੇ ਪ੍ਰਾਜੈਕਟਾਂ ਵਿਚ ਅਮਰੀਕਾ ਦੀ ਰਾਜਦੂਤ ਤੋਂ ਨਿਵੇਸ਼ ਦੀ ਮੰਗ ਕੀਤੀ।



ਮੁੱਖ ਮੰਤਰੀ ਨੇ ਅਮਰੀਕੀ ਰਾਜਦੂਤ ਨੂੰ ਇਹ ਪੇਸ਼ਕਸ਼ ਉਸ ਸਮੇਂ ਕੀਤੀ ਜਦੋਂ ਉਹ ਸ. ਬਾਦਲ ਨੂੰ ਉਨ੍ਹਾਂ ਦੇ ਨਿਵਾਸ ਸਥਾਨ 'ਤੇ ਮਿਲਣ ਆਏ। ਮੁੱਖ ਮੰਤਰੀ ਨੇ ਪੋਵੈਲ ਨੂੰ ਦੱਸਿਆ ਕਿ ਉਨ੍ਹਾਂ ਨੇ ਇਹ ਦੋਵੇਂ ਪ੍ਰੋਜੈਕਟ ਪਹਿਲਾਂ ਹੀ ਪ੍ਰਵਾਨ ਕਰ ਦਿੱਤੇ ਹਨ ਤੇ ਇਨ੍ਹਾਂ ਨੂੰ ਮੈਡੀਕਲ ਤੇ ਸਿੱਖਿਆ ਦੇ ਧੁਰੇ ਦੇ ਤੌਰ 'ਤੇ ਵਿਕਸਤ ਕੀਤਾ ਜਾ ਰਿਹਾ ਹੈ।

ਇਥੇ ਵਿਸ਼ਵ ਪੱਧਰੀ ਸਿਹਤ ਸਹੂਲਤਾਂ ਤੇ ਵਿਦਿਆਰਥੀਆਂ ਨੂੰ ਕਿੰਡਰ ਗਾਰਡਨ ਤੋਂ ਲੈ ਕੇ ਯੂਨੀਵਰਸਿਟੀ ਤੱਕ ਦੀਆਂ ਉੱਤਮ ਸਿੱਖਿਆ ਸਹੂਲਤਾਂ ਦਿੱਤੀਆਂ ਜਾਣਗੀਆਂ। ਅਮਰੀਕਾ ਦੇ ਰਾਜਦੂਤ ਨੇ ਸ. ਬਾਦਲ ਨੂੰ ਅਮਰੀਕਾ ਅਧਾਰਤ ਉਦਮੀਆਂ ਤੇ ਨਿਵੇਸ਼ਕਾਂ ਨੂੰ ਪ੍ਰੇਰ ਕੇ ਇਨ੍ਹਾਂ ਉਦਮਾਂ ਵਿਚ ਵੱਡਾ ਨਿਵੇਸ਼ ਲਿਆਉਣ ਦਾ ਭਰੋਸਾ ਦਿਵਾਇਆ।

ਮੁੱਖ ਮੰਤਰੀ ਨੇ ਇਸ ਬਾਰੇ ਉਨ੍ਹਾਂ ਨੂੰ ਹਰ ਸੰਭਵ ਮਦਦ ਤੇ ਸਹਿਯੋਗ ਦਾ ਭਰੋਸਾ ਦਿੱਤਾ। ਰਾਜ ਵਿਚ ਖੇਤੀ ਅਰਥਚਾਰੇ ਬਾਰੇ ਮੁੱਖ ਮੰਤਰੀ ਨੇ ਨੈਨਸੀ ਪੋਵੈਲ ਤੋਂ ਖੇਤੀ ਵਿਭਿੰਨਤਾ ਵਿਚ ਸਹਾਇਤਾ ਦੀ ਮੰਗ ਕੀਤੀ ਤੇ ਐਗਰੋ ਤੇ ਫੂਡ ਪ੍ਰਾਸੈਸਿੰਗ ਉਦਯੋਗ ਵਿਚ ਨਿਵੇਸ਼ ਰਾਹੀਂ ਸਹਿਯੋਗ ਦੇਣ ਲਈ ਕਿਹਾ।

## 'ਪਰਵਾਸੀਆਂ ਦੀ ਜਾਇਦਾਦ ਬਾਰੇ ਫੈਸਲਾ ਲਾਗੂ ਹੋਵੇ'

**ਜਲੰਧਰ:** ਐਨਆਰਆਈ ਸਭਾ ਪੰਜਾਬ ਨੇ ਸੂਬਾ ਸਰਕਾਰ ਵੱਲੋਂ ਪਰਵਾਸੀ ਪੰਜਾਬੀਆਂ ਦੀਆਂ ਕਿਰਾਏ ਜਾਂ ਲੀਜ਼ ਉੱਪਰ ਦਿੱਤੀਆਂ ਜਾਇਦਾਦਾਂ ਖਾਲੀ ਕਰਵਾਉਣ ਬਾਰੇ ਕੀਤੇ ਫੈਸਲੇ ਦਾ ਸਵਾਗਤ ਕਰਦਿਆਂ ਅਦਾਲਤੀ ਫੈਸਲਿਆਂ ਨੂੰ ਲਾਗੂ ਕਰਾਉਣ ਦੀ ਸਮਾਂ-ਸੀਮਾ ਮਿਥੇ ਜਾਣ ਦੀ ਮੰਗ ਕੀਤੀ ਹੈ। ਕਾਨੂੰਨ ਮੁਤਾਬਕ ਪਹਿਲਾਂ ਕੋਈ ਪ੍ਰਵਾਸੀ ਸਿਰਫ ਇਕ ਵਾਰ ਹੀ ਆਪਣੀ ਜਾਇਦਾਦ ਖਾਲੀ ਕਰਵਾਉਣ ਦਾ ਹੱਕਦਾਰ ਸੀ ਪਰ ਨਵੇਂ ਸਰਕਾਰੀ ਫੈਸਲੇ ਮੁਤਾਬਕ ਇਹ ਹੱਦ ਖਤਮ ਕਰ ਦਿੱਤੀ ਹੈ ਤੇ ਪਰਵਾਸੀ ਪੰਜਾਬੀ ਜਦ ਮਰਜ਼ੀ ਆਪਣੀਆਂ ਜਾਇਦਾਦਾਂ ਖਾਲੀ ਕਰਵਾ ਸਕਣਗੇ। ਸਭਾ ਦੇ ਸਾਬਕਾ ਪ੍ਰਧਾਨ ਪ੍ਰੀਤਮ ਸਿੰਘ ਨਾਰੰਗਪੁਰ ਨੇ ਕਿਹਾ ਕਿ ਫੈਸਲਿਆਂ ਨੂੰ ਲਾਗੂ ਕਰਾਉਣ ਲਈ ਕੋਈ ਨੀਤੀ ਨਾ ਹੋਣ ਕਾਰਨ ਬਹੁਤ ਸਾਰੇ ਪਰਵਾਸੀ ਸਾਲਾਂ ਬੱਧੀ ਮੁੜ ਅਧਿਕਾਰੀਆਂ ਦੇ ਦਫ਼ਤਰਾਂ ਵਿਚ ਚੱਕਰ ਕੱਟਦੇ ਰਹਿੰਦੇ ਹਨ।

## ਨੋਕ-ਝੋਕ



ਐਸ. ਅਸ਼ੋਕ ਭੌਰਾ

# ਚਰਚਾ ਹੁੰਦੀ ਸੱਥਾਂ ਵਿਚ ਅੱਜਕੱਲ੍ਹ ਸਿਆਸਤ ਦੀ

*ਇੱਦਾਂ ਦੀ ਕਲਪਨਾ ਹਾਲੇ ਨਹੀਂ ਕੀਤੀ ਜਾ ਸਕਦੀ ਕਿ ਕਦੇ ਕਾਂ ਵੀ ਗੌਣ ਲੱਗ ਪੈਣਗੇ, ਜਾਂ ਕੋਇਲਾਂ ਰੌਲਾ ਪਾਉਣ ਲੱਗ ਪੈਣਗੀਆਂ। ਜੇ ਅਜਿਹਾ ਹੋਇਆ ਤਾਂ ਸੂਰਜ ਤੇ ਚੰਦ ਵੀ ਗਲ ਲੱਗ ਕੇ ਮਿਲਣ ਨੂੰ ਬੁਰਾ ਨਹੀਂ ਮਨਾਉਣਗੇ। ਮਹਾਂਪੁਰਸ਼ ਵੀ ਆਖ ਰਹੇ ਨੇ ਤੇ ਸੰਤ ਫਕੀਰ ਵੀ ਇਹ ਦੱਸਦੇ ਆਏ ਨੇ ਕਿ ਪੂਰਬਲੇ ਚੰਗੇ ਕਰਮਾਂ ਤੇ ਜਨਮਾਂ ਦਾ ਫਲ ਹੈ ਕਿ ਚੁਰਾਸੀ ਲੱਖ ਜੂਨਾਂ 'ਚੋਂ ਸਭ ਤੋਂ ਉਤਮ ਮਾਨਸ ਦਾ ਜਾਮਾ ਨਸੀਬ ਹੁੰਦਾ ਹੈ, ਪਰ ਜੇ ਇਹ ਸੱਚ ਹੈ ਤਾਂ ਇਹ ਗੱਲ ਸਮਝ ਤੋਂ ਬਾਹਰ ਹੈ ਕਿ ਸੜਕ 'ਤੇ ਰੋੜੀ ਕੁੱਟਣਾ, ਬੱਚੇ ਨੂੰ ਜਨਮ ਦੇਣਾ ਜਾਂ ਗਰੀਬ ਘਰ 'ਚ ਪੈਦਾ ਹੋ ਕੇ ਗਰੀਬੀ 'ਚ ਮਰ ਜਾਣਾ ਕੀ ਇਸ ਕਥਨ 'ਤੇ ਪੂਰਾ ਉਤਰਦਾ ਹੈ, "ਮਾਨਸ ਜਨਮ ਅਮੋਲਕ ਹੀਰਾ ਹੈ।" ਜੇ ਚੁਰਾਸੀ ਲੱਖ ਜੂਨਾਂ ਤੋਂ ਬਾਅਦ ਹੀ ਅਜਿਹੀ ਕੁੱਤੀ ਜੂਨ ਨਸੀਬ ਹੋਣੀ ਹੈ ਤਾਂ ਇਹਦੇ ਖੁਣੋਂ ਕੀ ਖੜ੍ਹਾ ਸੀ? ਪਰ ਇਸ ਗੱਲ 'ਤੇ ਯਕੀਨ ਕੀਤਾ ਜਾ ਸਕਦਾ ਹੈ ਕਿ ਮੁੱਖ ਮੰਤਰੀ ਦੇ ਘਰ ਵਿਚ ਜਨਮ ਲੈਣ ਵਾਲਾ ਪਿਛਲੇ ਜਨਮ ਵਿਚ ਜ਼ਰੂਰ ਕੋਈ ਦੇਵਤਾ ਹੋਵੇਗਾ। ਧਰਮ ਰਾਜ ਦੀ ਉਸ ਵੇਲੇ ਅੱਖ ਪਤਾ ਨਹੀਂ ਕਿੱਥੇ ਲੱਗੀ ਹੁੰਦੀ ਹੈ ਜਦੋਂ ਬੰਦੇ ਉਹਨੂੰ ਛੱਡ ਕੇ ਬੰਦੇ ਅੱਗੇ ਹੱਥ ਅੱਡ ਕੇ ਹੀ ਮੰਗਣ ਲੱਗੇ ਹੋਏ ਹਨ। ਉਨ੍ਹਾਂ ਲੋਕਾਂ ਦੇ ਮੁਕੱਦਰਾਂ ਦਾ ਕੀ ਲੇਖਾ-ਜੋਖਾ ਕਰੀਏ ਜਿਨ੍ਹਾਂ ਨੂੰ ਪਹਿਲਾਂ ਤਾਂ ਫਿਕਰਾਂ ਵਿਚ ਨੀਂਦ ਨਹੀਂ ਆਉਂਦੀ ਤੇ ਜਦੋਂ ਫਿਰ ਜਾਗ ਖੁੱਲ੍ਹਦੀ ਹੈ, ਤਾਂ ਗ਼ਮ ਤੇ ਉਦਾਸੀਆਂ ਚੂੰਢੀਆਂ ਵੱਢ ਰਹੀਆਂ ਹੁੰਦੀਆਂ ਹਨ। ਵਰਤਮਾਨ ਯੁੱਗ ਨੂੰ ਪੜ੍ਹਿਆਂ ਲਿਖਿਆਂ ਦਾ ਯੁੱਗ ਤਾਂ ਕਹੀ ਜਾਨੇ ਆਂ, ਪਰ ਪਾਖੰਡ ਤੇ ਪਾਖੰਡੀਆਂ ਦੀ ਜਿੰਨੀ ਚੜ੍ਹਾਈ ਇਸ ਯੁੱਗ ਵਿਚ ਹੋਈ ਹੈ, ਵੇਖ ਕੇ ਕਹਿ ਸਕਦੇ ਹਾਂ ਕਿ ਬੀਤਿਆ ਯੁੱਗ ਅਨਪੜ੍ਹਾਂ ਦਾ ਤਾਂ ਹੋ ਸਕਦੈ, ਪਰ ਸਿਆਣੇ ਲੋਕਾਂ ਦਾ ਵੀ ਸੀ। ਜਿਸ ਦੌਰ ਵਿਚ ਸੰਤ ਤੇ ਸਾਧ ਅਦਾਲਤਾਂ ਦੇ ਕਟਹਿਰੇ 'ਚ ਖੜ੍ਹੇ ਹੋ ਕੇ ਵੀ ਸ਼ਰਮ ਮਹਿਸੂਸ ਨਾ ਕਰਨ, ਉਸ ਦੌਰ ਵਿਚ ਰੱਬ ਵੀ ਸ਼ਾਇਦ ਵੋਟਾਂ ਦੀ ਰਾਜਨੀਤੀ ਵਿਚ ਵਿਸ਼ਵਾਸ ਕਰਨ ਲੱਗ ਗਿਆ ਹੋਵੇ। ਬੋਹੜ ਤੇ ਪਿੱਪਲ ਚੱਤੋ-ਪਹਿਰ ਇਸ ਕਰ ਕੇ ਉਦਾਸ ਰਹਿਣ ਲੱਗ ਪਏ ਹਨ ਕਿ ਉਨ੍ਹਾਂ ਹੇਠ ਸਿਆਣੇ ਨਹੀਂ ਬਹਿੰਦੇ, ਮੂਰਖ ਨਸ਼ਈ ਝਗੜਨ ਆਉਂਦੇ ਹਨ। ਅਸਲ ਵਿਚ ਕਈ ਚਿੱਤਰ ਵੇਖ ਕੇ ਅੰਦਾਜ਼ਾ ਨਹੀਂ ਲਗਾਇਆ ਜਾ ਸਕਦਾ ਕਿ ਇਹ ਉਦਾਸ ਹਨ ਜਾਂ ਖੁਸ਼। ਪੁਲਿਸ ਵਿਚ 'ਡਸਿਪਲਿਨ' ਨਾ ਰਹਿਣ ਕਰ ਕੇ ਡਾਂਗਾਂ ਵਰਦੀ ਨਾਲੋਂ ਵੀ ਵੱਧ ਚਮਕਣ ਲੱਗ ਪਈਆਂ ਹਨ। ਅਸਲ ਵਿਚ ਹਦਵਾਣੇ ਅੰਦਰੋਂ ਕਰੇਲੇ ਦੇ ਬੀਜ ਨਿਕਲਣ ਦਾ ਡਰ ਪੈਦਾ ਹੋ ਗਿਆ ਹੈ। ਖ਼ੈਰ! ਫਿਰ ਵੀ ਇਨ੍ਹਾਂ ਵੰਗਾਂ ਤੋਂ ਛਣਕਾਟਾ ਪਾ ਕੇ ਵੇਖਦੇ ਹਾਂ...।*

"ਬਈ ਲੂਹ ਸੁੱਟੇ ਐਤਕੀਂ ਤਾਂ। ਨਾ ਸਾਲੀ ਦਿਨ ਨੂੰ ਚੈਨ, ਨਾ ਰਾਤ ਨੂੰ। ਅੱਗ ਵਰ੍ਹਦੀ ਐ। ਏਨਾ ਤਾਂ ਚੌਧਰੀਆਂ ਦਾ ਭੱਠਾ ਨ੍ਹੀਂ ਤਪਦਾ ਹੋਣਾ ਹਾੜ੍ਹ ਨੂੰ।" ਨਾਜਰ ਨੇ ਬੋਹੜ ਹੇਠ ਜੁੱਤੀ ਦਾ ਇਕ ਪੈਰ ਲਾਹ ਕੇ ਹੇਠਾਂ ਦਿੰਦਿਆਂ ਕਿਹਾ।

"ਐਸੀ ਤੈਸੀ 'ਚ ਪਏ ਗਰਮੀ, ਤੇ ਵਿਚੇ ਚੌਧਰੀਆਂ ਦਾ ਭੱਠਾ। ਫਿਕਰ ਤਾਂ ਪਿਆ ਹੋਇਆ ਪਈ ਆਹ ਜਿਹੜਾ ਸਰਕਾਰ ਨੇ ਨਵਾਂ ਪੁਆੜਾ ਪਾ'ਤਾ।" ਸਾਫਾ ਵਿਛਾ ਕੇ ਬੈਠਣ ਲੱਗਾ ਜਾਗਰ ਵੀ ਭੁੜਕ ਪਿਆ।

"ਨਾ ਤੇਰੀ ਬੱਕਰੀ ਤੂ ਗਈ ਆ, ਜੋ ਆਉਂਦਾ ਈ ਸਰਕਾਰ 'ਤੇ ਚੜ੍ਹ ਗਿਐਂ?" ਮਾਸਟਰ ਰਾਮ ਆਸਰੇ ਨੇ ਵੀ ਆਉਂਦੇ ਨੇ ਝਾੜ'ਤੀ।

"ਚੜ੍ਹਨਾ ਈ ਪੈਣੈ। ਆਹ ਇਕ ਨਵਾਂ ਪੰਗਾ ਖੜ੍ਹਾ ਕਰ'ਤਾ ਸਰਕਾਰ ਨੇ।"

"ਉਦੋਂ ਤਾਂ ਜੀਭ ਨ੍ਹੀਂ ਤਾਲੂਏ ਤੋਂ ਲਾਹੁੰਦਾ ਸੀ 'ਜ਼ਿੰਦਾਬਾਦ' ਆਂਹਦਾ। ਹੁਣ ਅੜ੍ਹਾਟ ਕਢਾ'ਤੇ ਤਾਂ ਚੀਕਦੈ। ਲਾ ਦੋ ਦੋ ਵਾਰੀ ਮੋਹਰਾਂ। ਚੱਲ ਜਾਗਰਾ ਤੂੰ ਸਰਕਾਰ ਤੋਂ ਏਨਾ ਔਖਾ ਕਾਹਨੂੰ ਆਂ?"

"ਹੋਵਾਂ ਨਾ ਔਖਾ, ਅਸੀਂ ਚਾਰ ਜਣੇ ਰਲ ਕੇ ਤਾਸ਼ ਦੇ ਪੱਤਿਆਂ ਨਾਲ ਖੇਡ ਕੇ ਸੌ ਦੋ ਸੌ ਬਣਾ ਲਈਦਾ ਸੀ। ਹੁਣ ਆਂਹਦੇ ਇਨ੍ਹਾਂ ਨੇ ਸਭ ਕੁਝ ਐਨ-ਲੈਨ ਕਰ'ਤਾ।"

ਮਾਸਟਰ ਨੇ ਵਿਚੋਂ ਟੋਕਦਿਆਂ ਕਿਹਾ, "ਜਾਗਰਾ, ਐਨ-ਲੈਨ ਨਹੀਂ, ਆਨਲਾਈਨ।"

"ਤੂੰ ਤਾਂ ਰਾਮ ਆਸਰਿਆ ਐਂ ਗੱਲ ਕਰਦੈਂ ਜਿੱਦਾਂ ਮੈ ਸੋਲਾਂ ਪੜ੍ਹਿਆ ਹੁੰਨਾਂ। ਕੱਲ੍ਹ ਮੈਂ ਲੱਛੇ ਅਮਲੀ ਨੂੰ ਪੁੱਛਿਆ, ਪਈ ਇਹ ਕੋਈ ਬਿਜਲੀ ਦੀਆਂ ਨਵੀਆਂ ਤਾਰਾਂ ਪਾਉਣ ਲੱਗੇ ਆ। ਉਹ ਬਣਾ ਸੁਆਰ ਕੇ ਆਂਹਦਾ, ਇਕ ਡੱਬਾ ਜਿਹਾ ਲੈਣਾ ਪੈਣੈ।"

"ਫੇਰ?" ਰਾਮ ਆਸਰਾ ਫਿਰ ਬੋਲ ਪਿਆ।

"ਮੈਂ ਕਿਹਾ, ਭਲਾ ਕਿੰਨੇ ਕੁ ਦਾ ਆਊ। ਮੇਰੇ ਖੀਸੇ ਵਿਚ ਤਾਂ ਸੌ ਡੂਢ ਸੌ ਹੋਊ।"

ਮਾਸਟਰ ਖੜ੍ਹਾ ਹੋ ਗਿਆ ਉਠ ਕੇ। ਆਂਹਦਾ, "ਓ ਭੋਲਿਆ ਜਾਗਰਾ! ਜੀਹਨੂੰ ਤੂੰ ਡੱਬਾ ਕਹਿਨੈ, ਕੰਪਿਊਟਰ ਐ। 30-40 ਹਜ਼ਾਰ ਦਾ ਆਊ।"

"ਢਕਿਆ ਰਹਿ ਬਹੁਤ ਸਿਆਣੇ ਆਂ ਇਹ ਪੇ-ਪੁੱਤ। ਹੈਨੇ ਪੈਸੇ ਤਾਂ ਅਸੀਂ ਸਾਰੀ ਜ਼ਿੰਦਗੀ ਨ੍ਹੀਂ ਦੇਖੇ। ਘਰੋਂ ਹਵੇਲੀ ਜਾਣ ਨੂੰ ਹੁਣ ਹਜਾਜ (ਜਹਾਜ) ਖਰੀਦੀਏ। ਬੱਲੇ ਓਏ ਥੋਡੇ।"

"ਸਾਰੇ 'ਕੱਠੇ ਹੋ ਕੇ ਚੱਲੇ ਆ ਚੰਡੀਗੜ੍ਹ।"

"ਕੀ ਕਰਨ?"

"ਮੁੱਖ ਮੰਤਰੀ ਦੀ ਕੋਠੀ ਅੱਗੇ ਧਰਨਾ ਦੇਣ, ਪਈ ਜੇ ਜੂਆ ਖਿਡਾ ਕੇ ਖ਼ਜ਼ਾਨਾ ਭਰਨੈ ਤਾਂ ਪਹਿਲਾਂ ਸਾਡੇ ਘਰੋ-ਘਰੀ ਕੰਪਿਊਟਰ ਭੇਜੋ।"

"ਸਦਕੇ ਤੇਰੇ ਪੜ੍ਹੇ ਲਿਖੇ ਦੇ! ਝੋਟੇ ਹੇਠੋਂ ਮਣ ਦੁੱਧ!! ਮੁਲਾਜ਼ਮ ਵਿਚਾਰੇ ਪਹਿਲਾਂ ਕਈ ਵਾਰ ਛਿੱਤਰ ਖਾ ਹਟੇ ਆ, ਹੁਣ ਇਹ ਖਾ ਲੈਣ। ਪਹਿਲੀਆਂ ਸਰਕਾਰਾਂ ਤਾਂ ਲਹੂ ਪੀਂਦੀਆਂ ਸੀ, ਇਹ ਤਾਂ ਪੂਰੇ ਦਾ ਪੂਰਾ ਨਿਗਲਣ ਨੂੰ ਫਿਰਦੇ ਐ।"

"ਜਾਗਰਾ ਕੀ ਝੇੜੇ ਕਰਦੈਂ?"

"ਲੈ ਆਹ ਵੀ ਆਹ ਗਿਆ ਕਲਬੂਤ ਵਰਗਾ ਮੂੰਹ ਵਲੈਤੋਂ ਗੋਰਾ ਕਰਾ ਕੇ। ਟਕੇ ਦਾ ਬੰਦਾ ਨ੍ਹੀਂ, ਤੇ ਨਾਂ ਐ ਲੱਖਾ ਸਿੰਹੁ।"

"ਬੱਲੇ ਓਏ ਤੇਰੇ ਜਾਗਰਾ! ਸਿਰ 'ਚ ਇਕ ਨ੍ਹੀਂ ਚਿੱਟਾ, ਪਰ ਆਦਤਾਂ ਉਹੀ ਦੀਆਂ ਉਹੀ। ਭਲਾ ਘਰੇ ਪਈ ਆ ਤੋਲਾ-ਮਾਸਾ ਨਾਗਣੀ, ਸਰੀਰ ਭੱਜਿਆ ਪਿਐ?"

"ਕਦ ਆਇਆ ਵਲੈਤੋਂ?" ਨਾਜਰ ਨੇ ਟੇਡਾ ਜਿਹਾ ਹੋ ਕੇ ਮੂੰਹ ਵਲ ਕੇ ਲੱਖਾ ਸਿੰਹੁ ਨੂੰ ਪੁੱਛਿਆ।

"ਵੀਕ ਹੋ ਗਿਐ।"

"ਗੋਲੀ ਮਾਰ ਵੀਕ ਨੂੰ। ਸਿੱਧਾ ਕਹਿ, ਪਈ ਹਫ਼ਤਾ ਹੋ ਗਿਆ ਆਏ ਨੂੰ। ਆਦਤਾਂ ਨ੍ਹੀਂ ਗਈਆਂ ਪਰ ਲੱਖਿਆ ਤੇਰੀਆਂ?"

"ਜੁਆਕਾਂ ਵਾਲੀ ਗੱਲ ਕਰਦੈਂ ਤੂੰ ਵੀ ਨਾਜਰਾ। ਅਖੇ ਵਲੈਤੋਂ ਆਇਆਂ। ਕੁੱਤਾ ਕਿਤੇ ਦੁੱਧ ਪੀ ਕੇ ਗੌਣ ਆਲਾ ਬਣ ਜਾਂਦੈ?" ਜਾਗਰ ਦਾ ਟੋਟਕਾ ਸੁਣ ਕੇ ਸੱਥ 'ਚ ਪੂਰਾ ਹਾਸਾ ਖਿਲਰ ਗਿਆ।

"ਲੈ ਮਾਹਟਰਾ ਇਕ ਹੋਰ ਆ ਗਿਆ ਲੰਬੜਦਾਰ ਬਚਨਾ।"

"ਏ ਕੀ ਹੋ ਗਿਆ, ਤੂੰ ਤਾਂ ਆਏਂ ਕਹਿੰਨਾਂ ਜਿੱਦਾਂ ਸਾਲਾ ਟੁੰਡੀਲਾਟ ਹੁੰਦਾ। ਜੂਠ ਨਿਰੀ, ਕੌਲੀ ਚੱਟ।"

"ਭਲਾ ਇਹ ਕੌਲੀ ਚੱਟ ਕੀਹਨੂੰ ਆਂਹਦੇ ਆ ਜਾਗਰਾਂ?"

"ਜੰਮ ਕੇ ਗੁਆਇਆ ਤੂੰ ਤਾਂ। ਬੁੱਢਾ ਹੋ ਗਿਐਂ, ਹਾਲੇ ਇਹ ਨ੍ਹੀਂ ਪਤਾ ਲੱਗਾ ਪਈ ਕੌਲੀ ਚੱਟ ਕੀਹਨੂੰ ਆਂਹਦੇ ਨੇ?"

"ਨਾ ਇਹ ਕਿਤੇ ਟੈਲੀਵਿਜ਼ਨ 'ਤੇ ਮਸ਼ਹੂਰੀ ਆਉਂਦੀ ਐਂ। ਜੇ ਪਤਾ, ਤਾਂ ਇਹਦੇ ਆਉਣ ਤੋਂ ਪਹਿਲਾਂ ਦੱਸ ਦੇ।"

"ਹੁਣੇ ਪੇ-ਪੁੱਤ ਦੀ ਗੱਲ ਨ੍ਹੀਂ ਹੁੰਦੀ ਸੀ?"

"ਆਹੋ।"

"ਉਹ ਕਿਤੇ ਖਾਂਦੇ ਖਾਂਦੇ ਦੋ ਬੁਰਕੀਆਂ ਛੱਡ ਤਾਂ ਦੇਣ, ਚਮਚੇ ਲੜ ਲੜ ਮਰਦੇ ਆ, 'ਮੈਨੂੰ ਦੇਹ ਮੈਨੂੰ ਦੇਹ' ਹੁੰਦੀ ਐ। ਭਾਂਡਾ ਮੁੜ ਕੇ ਧੋਣ ਦੀ ਲੋੜ ਦੀ ਨ੍ਹੀਂ ਰਹਿੰਦੀ।"

"ਬਈ ਗੱਲ ਤੇਰੀ ਠੀਕ ਐ। ਅਸੀਂ ਇਕ ਚਲਦਾ ਫਿਰਦਾ ਕੁੱਤਾ ਬੰਨ੍ਹ ਲਿਆ ਘਰੇ। ਜੂਠੀ ਲੱਸੀ ਪਾਈਦੀ ਆ ਉਹਨੂੰ ਛਿੱਦੀ ਆਲੀ। ਕੰਜਰ ਦਾ ਕੌਲੀ ਦੂਜੇ ਪਾਸਿਉਂ ਵੀ ਮਾਂਜ ਸੁੱਟਦਾ।"

"ਯਾਰ ਗੱਲ ਬੰਦਿਆਂ ਦੀ ਕਰਦੇ ਸੀ, ਤੂੰ ਵਿਚ ਕੁੱਤੇ ਬਿੱਲੇ ਫਸਾ ਲਏ।"

"ਬੜਾ ਦੁੱਖ ਲੱਗਾ। ਉਹ ਗਰੀਬੜਾ ਜਿਹਾ ਹਰੀ ਨ੍ਹੀਂ, ਦੋ ਕੁੜੀਆਂ ਵਿਆਹ ਲਈਆਂ। ਤਿੰਨ ਸਾਲ ਹੋ ਗਏ ਦਫ਼ਤਰਾਂ 'ਚ ਖੱਜਲ ਹੁੰਦੇ ਨੂੰ...ਟਕਾ ਨ੍ਹੀਂ ਮਿਲਿਆ ਸ਼ਗਨ ਦਾ। ਉਹਨੂੰ ਪੁੱਛ ਕੇ ਵੇਖੀਂ, ਕੀ ਕੀ ਆਂਹਦਾ।"

"ਮਾਹਟਰਾ ਵੇਖ ਲੈ ਪੇ-ਪੁੱਤ ਫੇਰ ਬਾਜ਼ੀ ਮਾਰ ਗਏ। ਚਾਹੇ ਆ ਜਾਏ ਬਰਾੜ ਤੇ ਚਾਹੇ ਆ ਜਾਏ ਕੋਈ ਹੋਰ; ਧੋਬੀ ਪਟਕੇ ਆਂਙੂੰ ਵਗਾਹ ਵਗਾਹ ਮਾਰਦੇ ਆ। ਦਿੱਲੀ ਕਬਜ਼ੇ 'ਚ ਲੈ ਲਈ, ਜ਼ਿਲ੍ਹੇ ਵੀ, ਪਿੰਡ ਵੀ ਨ੍ਹੀਂ ਛੱਡਣੇ...ਹੜ੍ਹ ਦੇ ਪਾਣੀ ਵਾਂਗ ਗੱਲ ਹੋਈ ਪਈ ਐ...ਭਲਾ ਕਿਤੇ ਪਊ ਅੜਿੱਕਾ ਕਿ ਨਹੀਂ?" ਜਾਗਰ ਨੇ ਗੱਲ ਬਦਲਦਿਆਂ ਮਾਸਟਰ ਰਾਮ ਆਸਰੇ ਨੂੰ ਸੁਆਲ ਕਰ'ਤਾ।

ਨਾਜਰ ਨੇ ਨਸਵਾਰ ਦੀ ਚੁਟਕੀ ਨਾਸੀਂ ਦਿੰਦਿਆਂ ਛੁਰਲੀ ਛੱਡ'ਤੀ, "ਬਈ ਦੇਖੋ, ਸਹੁਰੀ ਸੜੀ ਸਿਆਸਤ ਤਾਂ ਨ੍ਹੀਂ ਆਉਂਦੀ ਸਾਨੂੰ, ਪਰ ਗੱਲ ਧਿਆਨ ਨਾਲ ਸੁਣਿਓ! ਫਾਰੇ ਪਏ ਤੇ ਤਾਂ ਦਵਾ ਦਾਰੂ ਹੋ ਜਾਂਦੈ, ਬੰਨ੍ਹ ਪਏ ਦਾ ਛੇਤੀ ਨ੍ਹੀਂ ਹੁੰਦਾ।"

"ਤੂੰ ਛੱਡ ਧੂੜ 'ਚ ਟੱਟੂ ਨਵਾਂ ਈ।"

"ਉਏ ਲੱਖਿਆ, ਫੀਮ ਦਿਆ ਲਾਲਚੀਆ। ਗੱਲ ਸੋਲਾਂ ਆਨੇ ਕਰੂੰ। ਜਮਾਤਾਂ ਈ ਨ੍ਹੀਂ ਦੋ ਪੜ੍ਹ ਸਕਿਆ। ਇੱਦਾਂ ਦੇ ਰਾਮ ਆਸਰੇ ਵਰਗੇ ਮਾਹਟਰ ਤਾਂ ਅਸੀਂ ਹੁਣ ਨ੍ਹੀਂ ਖੰਘਣ ਦਈ ਦੇ, ਫੇਰ ਕਿੱਥੇ ਅੰਗੂਰਾਂ ਦੀ ਵੇਲ ਕੰਧ ਟੱਪਣ ਦੇਣੀ ਸੀ।"

"ਤੂੰ ਰਾਮ ਆਸਰੇ ਦੀ ਗੱਲ ਛੱਡ, ਅੱਗੇ ਚੱਲ।"

"ਕੇਰਾਂ ਠੀਕਰੀ ਆਲਿਆਂ ਦਾ ਫੁੰਮਣ...।"

"ਜਿਹੜਾ ਖਾ ਕੇ ਮਰ ਗਿਆ ਸੀ?"

"ਉਹ ਤਾਂ ਸਾਰਿਆਂ ਨੂੰ ਪਤੈ, ਪਰ ਸੁਣ ਤਾਂ ਸਹੀ...ਅਸੀਂ ਗਏ ਦਸ੍ਹੈਰਾ ਦੇਖਣ। ਖਾਣ ਪੀਣ ਨੂੰ ਖੁੱਲ੍ਹਾ ਸੀ ਪਹਿਲਾਂ ਤੋਂ ਈ। ਮੁੰਡ੍ਹੀਰ ਨੇ ਛੇੜ'ਤਾ, ਪਈ ਜੇ ਦੋ ਕਿਲੋ ਜਲੇਬੀਆਂ ਖਾ ਲਏਂ ਤਾਂ ਪੈਸੇ ਸਾਡੇ।"

"ਖਾ ਗਿਆ ਫੇਰ?"

"ਬਿੰਦ ਨ੍ਹੀਂ ਲਾਇਆ। ਮੁੜ ਕੇ ਆਉਂਦਿਆਂ ਨੂੰ ਠੇਕੇ 'ਤੇ ਬੋਤਲ ਖੋਲ੍ਹ ਕੇ ਬੈਠੇ ਅੰਬਰਸਰੀਏ ਹਰੀ ਹੋਰੀਂ ਪੁੱਛ ਬੈਠੇ-ਤਾਇਆ ਲਾਉਣੀ ਘੁੱਟ। ਫੁੰਮਣ ਆਂਹਦਾ, ਪਾਈਆ ਕੁ ਤਾਂ ਥੋਡੇ ਕੋਲ ਹੈਗੀ ਸਾਰੀ। ਘੁੱਟੋ-ਘੁੱਟ ਬੋਤਲ ਤਾਂ ਹੋਵੇ। ਥੋਨੂੰ ਪਤਾ ਹਰੀ ਪੂਰਾ ਹਰਾਮੀ। ਕਹਿਣ ਲੱਗਾ-ਜੇ ਤਾਇਆ ਬੋਤਲ ਪੀ ਲਵੇਂ ਤਾਂ ਪੰਜਾਹ ਰੁਪਏ ਇਨਾਮ।"

"ਉਹ ਵੀ ਪੀ ਲਈ?"

"ਮੂੰਹ ਬੰਦ ਰੱਖ ਦੋ ਮਿੰਟ। ਛੇ ਪੈਗ ਕੀਤੇ, ਜਿੱਤ ਗਿਆ ਪੰਜਾਹ। ਫਿਰ ਕਹਿੰਦਾ ਭੁੱਖ ਲੱਗੀ ਆ। ਹਰੀ ਨੇ ਹੋਰ ਲਾਲਚ ਦੇ'ਤਾ, ਪਈ ਆਹ ਪਈਆਂ ਆਂਡਿਆਂ ਦੀਆਂ ਦੋ ਟਰੇਆਂ। ਜੇ ਕੱਚੇ ਪੀ ਜਾਏਂ ਤਾਂ ਨਾਲ ਵੀਹ ਰੁਪਏ ਹੋਰ। ਉਹਨੇ ਸਾਹ ਨ੍ਹੀਂ ਲਿਆ, ਦੇਹ ਅੰਦਰ ਦੇਹ ਅੰਦਰ! ਅੱਗੇ ਆਏ ਹਰਨਾਮੇ ਕਿਆਂ ਦੇ ਪਿੰਡ ਵਿਆਹ। ਉਥੇ ਸ਼ਰਤ ਲਾ ਕੇ ਇੱਕੀ ਫੁਲਕੇ ਛਕ ਗਿਆ। ਘਰ ਆ ਕੇ ਚਾਰ ਗਲਾਸ ਲੱਸੀ ਦੇ ਪੀ ਲਏ।"

"ਯਾਰ ਉਹ ਬੰਦਾ ਸੀ ਕਿ ਉਖਲ?"

"ਸ਼ਰਤਾਂ ਤਾਂ ਸਾਰੀਆਂ ਜਿੱਤ ਗਿਆ, ਪਰ ਸਵੇਰੇ ਫਿਰ ਉਹ ਬੰਨ੍ਹ ਪਿਆ ਜਿਹੜਾ ਉਦੋਂ ਖੁੱਲ੍ਹਿਆ ਜਦੋਂ ਜਮਾਂ (ਯਮਾਂ) ਨੇ ਆ ਕੇ ਬੋਲੋ ਤਾ-ਰਾ-ਰਾ ਕਿਹਾ।"

"ਮਾਹਟਰਾ, ਵੇਖ ਲੈ ਲੋਕੀਂ ਆਂਹਦੇ ਨਾਜਰ ਅਮਲੀ ਅਨਪੜ੍ਹ ਐ, ਗੱਲ ਸਿਰੇ ਲਾ ਗਿਆ ਪੂਰੀ।"

"ਜਾਗਰਾ, ਕਿਤੇ ਹੋਰ ਇੱਦਾਂ ਲਾ ਕੇ ਸੁਣਾ'ਤੀ ਤਾਂ ਹੱਡ ਤੁੜਾ ਲਊ।"

"ਹਾਲੇ ਪੰਝੀ ਸਾਲ ਲੱਗਦੈ ਹੋਰ ਕਿਸੇ ਨੇ ਆਉਣਾ ਨ੍ਹੀਂ।"

"ਲੈ ਬਈ ਅੱਜ ਸੱਥ ਭਰ'ਗੀ। ਨੱਥੂ ਵੀ ਆ ਗਿਆ। ਇਹ ਵੀ ਕੋਈ ਪਾਕਿਸਤਾਨੀਆਂ ਆਂਙੂੰ ਨਵੀਂ ਦਾਗੂ। ਵੀਰਾ, ਜੀ ਆਇਆਂ ਨੂੰ! ਸਿਹਤ ਰਾਜੀ ਬਾਜੀ ਐ।"

"ਜਾਗਰਾ ਸਿਹਤ ਤਾਂ ਠੀਕ ਐ। ਤੈਂ ਹੋਰ ਨ੍ਹੀਂ ਗੱਲ ਸੁਣੀ?"

"ਕਿਹੜੀ?"

"ਬਾਂਕੇ ਦਾ ਬੁੱਢ-ਬਲੇਡ ਆਇਆ ਹੋਇਐ 'ਮਰੀਕਾ ਤੋਂ।"

"ਆਹੋ, ਜਿਹਦਾ ਵਿਆਹ ਸੀਗਾ ਪਿੱਛੇ ਜਿਹੇ।"

"ਕੱਲ੍ਹ ਮੈਨੂੰ ਸ਼ਹਿਰ ਟੱਕਰ ਗਿਆ। ਮੈਂ ਕਿਹਾ, ਬਚਿੱਤਰਾ! ਬਹੂ ਤਾਂ ਤੇਰੀ ਜਮਾ ਲਗਰ ਜਿਹੀ ਆ, ਤੇ ਤੂੰ ਚਿੱਟਾ ਕੁੱਕੜ ਹੋਣ ਨੂੰ ਫਿਰਦੈਂ। 'ਮਰੀਕਾ ਦਾ ਲਾਲਚ ਕਰ ਗਏ। ਉਹ ਮੂਹਰਿਉਂ ਹੱਸ ਕੇ ਕਹਿਣ ਲੱਗਾ, ਤਾਇਆ, ਐਵੇਂ ਵਹਿਮ ਐ। ਅਸੀਂ ਹੁਣੇ ਆਏ ਆਂ ਗੋਆ ਤੋਂ ਹਨੀਮੂਨ ਮਨਾ ਕੇ।"

"ਅੱਛਾ, ਅੱਛਾ! ਜਿੱਥੇ ਸਾਰੀ ਸਰਕਾਰ ਗਈ ਹੋਈ ਸੀ।"

"ਜਾਗਰਾ, ਤੂੰ ਗੱਲ ਨੂੰ ਮੋਛਾ ਨ੍ਹੀਂ ਪਾਉਣੋਂ ਹਟਦਾ। ਮੈਂ ਗੱਲ ਵਿਆਹ ਦੀ ਕਰਦੈਂ, ਤੇ ਤੂੰ ਵਿਚ ਸਰਕਾਰ ਫਸਾ ਲਈ, ਉਹੀ ਗੋਆ...ਹੋਰ ਨ੍ਹੀਂ ਹੈਗਾ ਕੋਈ।'

"ਅੱਛਾ ਫਿਰ?"

"ਬਚਿੱਤਰ ਆਂਹਦਾ, ਅਸੀਂ ਬੀਚ ਦੇ ਕਿਨਾਰੇ ਬੈਠੇ ਸਾਂ ਦੋਵੇਂ।"

"ਇਹ ਬੀਚ ਕੀ ਬਲਾ ਐ?"

"ਜਾਗਰਾ, ਇਹ ਨਾਜਰ ਦੇ ਮੂੰਹ ਮੂਹਰੇ ਹੱਥ ਦੇਹ ਰਤਾ। ਅਨਪੜ੍ਹਾ-ਗੁਆਰਾ, ਬੀਚ ਹੁੰਦੀ ਐ ਸਮੁੰਦਰ ਦਾ ਕੰਢਾ। ਬਚਿੱਤਰ ਦੱਸ, ਪਈ ਜਦੋਂ ਠੰਢੇ ਪਾਣੀ ਦੀਆਂ ਛੱਲਾਂ ਪੈਰਾਂ 'ਤੇ ਪੈਣ ਤਾਂ ਇਕ ਤਾਂ 'ਮਰੀਕਾ ਜਾਣ ਦਾ ਚਾਅ, ਦੂਜਾ ਨਵਾਂ ਨਵਾਂ ਮੁਕਲਾਵਾ। ਉਹਦੀ ਬਹੂ ਪੁੱਛਣ ਲੱਗੀ-ਜੀ ਤੁਸੀਂ ਮੈਨੂੰ ਕਿੰਨਾ ਕੁ ਪਿਆਰ ਕਰਦੇ ਓ। ਬਚਿੱਤਰ ਕਹੀ ਜਾਵੇ, ਮਣਾਂ ਮੂੰਹ। ਬਹੁਤ। ਉਹ ਕਹੀ ਜਾਵੇ, ਅੱਜ ਮਿਣ ਕੇ ਦੱਸੋ ਕਿੰਨਾ ਕੁ। ਜਦੋਂ ਨਾ ਹਟੀ ਤਾਂ ਬਚਿੱਤਰ ਕਹਿਣ ਲੱਗਾ-ਭਾਗਵਾਨੇ! ਮੈਂ ਉਨਾ ਪਿਆਰ ਕਰਦਾਂ ਜਿੰਦਾਂ ਮੋਬਾਇਲ 'ਚ ਸਿੰਮ ਹੁੰਦੀ ਹੈ। ਕਹਿਣ ਦੀ ਦੇਰ ਸੀ ਕਿ ਵਿਚਾਰੀ ਉਹਦੇ ਗਲ ਨਾਲ ਚਿੰਬੜ ਗਈ, ਪਰ ਬਚਿੱਤਰ ਦੱਸੇ, ਪਈ ਇਸ ਭੋਲੀ ਨੂੰ ਕੀ ਪਤੈ ਅੱਜਕੱਲ੍ਹ ਇਕ ਮੋਬਾਇਲ 'ਚ ਦੋ ਦੋ ਸਿੰਮਾਂ ਪੈਂਦੀਆਂ ਨੇ।"

"ਭਲਾ ਸਿੰਮਾਂ ਕੀ ਹੁੰਦੀਆਂ ਨੱਥੂ ਰਾਮਾ?"

"ਸਾਲਾ ਕੋਰਾ ਕੁੱਜਾ ਈ ਆ। ਕਾਰਡ ਹੁੰਦੇ ਆ ਜਿਹੜੇ ਹੱਥ ਆਲੇ ਫੋਨ 'ਚ ਪੈਂਦੇ ਆ।"

"ਹੈਂ ਦੱਸ, ਸਾਨੂੰ ਸਾਲਾ ਦੋ ਕਾਰਡਾਂ ਦਾ ਈ ਪਤਾ। ਇਕ ਰਾਸ਼ਨ ਕਾਰਡ, ਇਕ ਵੋਟ ਕਾਰਡ।"

"ਮਾਸਟਰ ਜੀ, ਭਲਾ ਬਚਿੱਤਰ ਦੀਆਂ ਦੋ ਸਿੰਮਾਂ ਦਾ ਕੀ ਮਤਲਬ ਹੋਇਆ?"

"ਇਕ ਕੰਜਰ ਦੇ ਨੇ 'ਮਰੀਕਾ ਰੱਖੀ ਹੋਈ ਐ ਜਾਗਰਾ, ਤੇ ਦੂਜੀ ਇੱਥੇ ਲਈ ਫਿਰਦੈ।"

"ਪਰ ਹਾਅ ਜਿਹੜਾ ਮਸਾਲੇ ਲਾ ਲਾ ਕੇ ਦੱਸਦੈ ਨੱਥੂ। ਇਹ ਲੁੱਚਾ ਛੜੇ ਦਾ ਛੜਾ। ਇਕ ਨ੍ਹੀਂ ਥਿਆਈ ਇਹਨੂੰ।"

"ਮੂੰਹ ਸੰਭਾਲ ਕੇ ਬੋਲੀਂ। ਤੈਂ ਮੈਨੂੰ ਲੁੱਚਾ ਕਿਉਂ ਕਿਹਾ।"

"ਢਕਿਆ ਰਹਿ, ਸਾਰੇ ਪਿੰਡ ਨੂੰ ਪਤੈ; ਪਈ ਨੰਦੋ ਤੇਰੇ ਨਾਲ ਰਹਿੰਦੀ ਸੀ। ਹਾਅ ਜਿਨ੍ਹਾਂ ਨੂੰ ਦੋ ਦੋ ਜੋੜ ਕੇ ਪਾਉਨੈਂ ਵੋਟਾਂ, ਇਨ੍ਹਾਂ ਬਚਾਈ ਰੱਖਿਐ।"

"ਹਟੋ ਸਿਆਣੇ ਬਿਆਣੇ ਹੋ ਕੇ ਇਕ ਦੂਜੇ ਦਾ ਝੱਗਾ ਖਿੱਚੀ ਜਾਨੇ ਆਂ।"

"ਇਹ ਹਟਦਾ ਨ੍ਹੀਂ ਸੁਆਦ ਖਰਾਬ ਕਰ ਦਿੰਦਾ ਹਰ ਥਾਂ। ਨੰਦੋ ਲਿਆ ਕੇ ਖੜ੍ਹੀ ਕਰ ਦਿੰਦਾ ਹਰ ਵਾਰੀ।"

"ਚੱਲ ਆਹ ਲੱਖਾ ਸਿਹੁੰ ਨੂੰ ਪੁੱਛਦੇ ਆਂ, ਪਈ ਤੂੰ ਵੀ ਕਿਤੇ ਗਿਆ ਘੁੰਮਣ-ਫਿਰਨ ਕਿ ਵਲੈਤੋਂ ਆ ਕੇ ਬਚਨੀ ਉਸੇ ਬਾਣ ਵਾਲੀ ਮੰਜੀ 'ਤੇ ਪੈਂਦੀ ਆ।"

"ਮੁਕਲਾਵੇ ਆਲੇ ਦਿਨ ਮੀਂਹ ਲੱਗ ਪਿਆ। ਸਾਰੀ ਰਾਤ ਕੋਠਾ ਚੋਂਦਾ ਤੇ ਹੁਣ ਜਾਣਾ ਸੀ ਬਚਨੀ ਨੂੰ ਲੈ ਕੇ ਜਦੋਂ, ਮੂੰਹ ਬਿਨਾਂ ਦੰਦਾਂ ਤੋਂ ਖਾਲੀ ਪੀਪੇ ਵਰਗੈ।"

"ਜਾਗਰਾ ਚੱਲ ਤੂੰ ਸੁਣਾ ਕੋਈ ਹੱਡ-ਬੀਤੀ।"

"ਪਿਛਲੇ ਸਾਲ ਕਿਤੇ ਮੇਰੇ ਸਾਲੇ ਦਾ ਮੁੰਡਾ ਆਇਆ ਕੈਨੇਡਾ ਤੋਂ। ਆਂਹਦਾ ਫੁੱਫੜਾ, ਚੱਲ ਤੈਨੂੰ ਤਾਜ ਮਹਿਲ ਦਿਖਾ ਕੇ ਲਿਆਉਣੈ। ਮੈਂ ਤਾਂ ਮੰਨਾਂ ਨਾ, ਪਰ ਤੇਰੀ ਭਾਬੀ ਨ੍ਹੀਂ ਹਟੀ ਬਾਨੀ। ਅਖੇ ਚੱਲ ਪੈ, ਪੈਸਾ ਖਰਚ ਕਰਨਾ ਮੇਰੇ ਭਤੀਜੇ ਨੇ। ਤੈਨੂੰ ਮੁਫ਼ਤ ਦੇ ਬਦਾਮ ਨ੍ਹੀਂ ਪਚਦੇ।"

"ਗਿਆ ਫਿਰ?"

"ਹਟੀ ਨ੍ਹੀਂ ਮਗਰੋਂ ਭਾਨੀ। ਚਲੇ ਗਏ ਆਗਰੇ ਨੂੰ।"

"ਆਗਰਾ ਬੜਾ ਟਿਕਾ ਕੇ ਕਿਹੈ।"

"ਭਾਈਆ ਸਾਡਾ ਪੇਠੇ ਬੀਜਦਾ ਹੁੰਦਾ ਸੀ, ਪਈ ਆਗਰੇ ਪੇਠਾ ਬਣਦਾ ਇਨ੍ਹਾਂ ਦਾ, ਤਾਂ ਮੈਨੂੰ ਚੇਤੇ ਆ।"

"ਕਿੱਦਾਂ ਲੱਗਾ ਫੇਰ ਤਾਜ ਮਹੱਲ।"

"ਬਈ ਅਸ਼ਕੇ ਭਤੀਜ ਦੇ। ਨਹੀਂ ਤਾਂ ਹਮਾਤੜਾਂ ਨੇ ਕਿੱਥੇ ਵੇਖਣਾ ਸੀ। ਦੁੱਧ ਨਾਲੋਂ ਵੀ ਚਿੱਟਾ। ਭਤੀਜਾ ਤੇ ਭਤੀਜ ਨੂੰਹ ਤਾਂ ਚਲੇ ਗਏ ਕੁਝ ਖਰੀਦਣ। ਸਾਡੇ ਕੋਲ ਫੋਟੂਆਂ ਖਿੱਚਣ ਵਾਲਾ ਛੱਡ ਗਏ। ਪਤਾ ਨ੍ਹੀਂ ਕੀ ਹੋਇਆ ਉਦਣ ਭਾਨੀ ਨੂੰ, ਮੱਲੋ-ਮੱਲੀ ਕਲਾਵੇ ਭਰੀ ਜਾਵੇ ਮੇਰੇ। ਮੈਂ ਪੁੱਛ ਬੈਠਾ, ਭਾਨੀਏ ਕੀ ਹੋ ਗਿਆ ਅੱਜ ਤੈਨੂੰ?"

"ਕੀ ਕਹਿੰਦੀ ਫਿਰ ਭਾਨੀ?"

"ਆਂਹਦੀ, ਤੈਨੂੰ ਪਤੈ ਇਹ ਤਾਜ ਮਹੱਲ ਕਿੱਦਾਂ ਬਣਿਆ ਸੀ? ਮੈਂ ਕਿਹਾ-ਨਹੀਂ। ਦੱਸਣ ਲੱਗੀ, ਮੈਨੂੰ ਵੀ ਭਤੀਜ ਨੂੰਹ ਨੇ ਦੱਸਿਆ ਕਿ ਬਾਦਸ਼ਾਹ ਸ਼ਾਹਜਹਾਂ ਨੇ ਇਹ ਤਾਂ ਬਣਾਇਆ ਸੀ ਕਿ ਉਹਦੀ ਬੇਗ਼ਮ ਨੇ ਸੁਪਨੇ ਵਿਚ ਇੱਦਾਂ ਦਾ ਮਹਿਲ ਵੇਖਿਆ ਸੀ। ਖਹਿੜੇ ਪੈ ਗਈ, ਪਈ ਇੱਦਾਂ ਦਾ ਬਣਾ ਕੇ ਦੇਹ।"

"ਫਿਰ?"

"ਭਾਨੀ ਨੇ ਮੈਨੂੰ ਕਰ'ਤਾ ਸੁਆਲ, ਪਈ ਰੱਬ ਦਿਆ ਬੰਦਿਆ! ਤੂੰ ਮੈਨੂੰ ਦੋ ਬੰਦ ਨਾ ਬਣਾ ਕੇ ਦੇ ਸਕਿਆ! ਰਾਣੀਹਾਰ ਨਾ ਸਰਿਆ ਤੈਥੋਂ। ਸਾਰੀ ਇੱਦੇਂ ਈ ਲੰਘਾ'ਤੀ। ਹੁਣ ਇਥੇ ਆ ਕੇ ਤਾਂ ਕੋਈ ਵਾਅਦਾ ਕਰ ਕਿ ਬਣਾ ਕੇ ਦਏਂਗਾ ਹੁਣ?"

"ਕੀ ਜੁਆਬ ਦਿੱਤਾ ਤੂੰ?"

"ਮੈਂ ਕਿਹੜਾ ਘੱਟ ਸੀ। ਮੈਂ ਕਿਹਾ-ਭਾਨੀਏ ਪਸ਼ੂਆਂ ਆਲੀ ਚਾਰ ਮਰਲੇ ਥਾਂ ਖਾਲੀ ਪਈ ਆ। ਹੁਣ ਤੇਰੀ ਦੇਰੀ ਆ, ਤੂੰ ਮਰ ਤਾਂ ਸਹੀ; ਸੰਗਮਰਮਰ ਦੀ ਕਬਰ ਬਣਾਊਂ।"

ਤੇ ਸੱਥ ਵਿਚ ਹਾਸਾ ਦਾਣਿਆਂ ਵਾਂਗ ਖਿਲਰ ਗਿਆ।

## ਗੱਲ ਬਣੀ ਕਿ ਨਹੀਂ

ਐਸ. ਅਸ਼ੋਕ ਭੌਰਾ

### ਗੋਪੀਆਂ 'ਚ ਕਾਨ੍ਹ

ਬੇੜੀ ਡੁੱਬੂਗੀ ਵਿਚਾਲੇ ਜੇ ਮਲਾਹ ਬੇਈਮਾਨ।
ਜੰਗ ਜਿੱਤੀ ਨਹੀਂਉਂ ਜਾਂਦੀ ਢਿੱਲੀ ਛੱਡ ਕੇ ਕਮਾਨ।
ਕਿੰਨਾ ਹੋਵੇ ਵੀ ਸਿਆਣਾ ਕਿਹੜਾ ਲਊ ਉਹਦੀ ਮੱਤ,
ਜਿਹਦੀ ਕਾਬੂ ਹੇਠ ਹੁੰਦੀ ਨਹੀਂਉਂ ਆਪਣੀ ਜ਼ੁਬਾਨ।
ਸਾਰੀ ਉਮਰ ਗਰੀਬਾਂ ਦਾ ਜੋ ਪੀਂਦਾ ਰਿਹਾ ਖ਼ੂਨ,
ਗੀਤਾ ਕਿੰਨੀ ਵੀ ਸੁਣਾਇਓ ਔਖੀ ਨਿਕਲੇਗੀ ਜਾਨ।
ਹਾਲਾਤ ਲੀਡਰਾਂ ਦੇ ਅੱਜਕੱਲ੍ਹ ਇੱਦਾਂ ਹੋਈ ਜਾਂਦੇ,
ਜਿਵੇਂ ਭੂਤਰਿਆ ਗਊਆਂ ਵਿਚ ਫ਼ਿਰਦਾ ਕੋਈ ਸਾਨ੍ਹ।
ਖੁੰਡ ਆਪਣੇ 'ਤੇ ਹੁੰਦੇ ਕਈ ਅੱਸੀਆਂ ਦੇ ਪੂਰੇ,
ਬਾਹਰ ਜਿਨ੍ਹਾਂ ਵੱਟੇ ਮਿਲਦੀ ਠਿਆਨੀ ਦੀ ਨ੍ਹੀਂ ਭਾਨ।
ਰੁੱਤਾਂ ਲੰਘ ਗਈਆਂ ਨਹੀਂਉਂ ਕੋਈ ਪੁੱਛਦਾ ਟਕੇ ਨੂੰ,
ਕਦੇ ਚੁੱਕਿਆ ਖਮੀਨੀ ਨੇ ਸੀ ਸਿਰ 'ਤੇ ਇਰਾਨ।
ਕਈ ਵੇਖਣੇ ਨੂੰ ਬੀਬੇ ਬੰਦੇ ਲਗਦੇ ਸੀ ਬਹੁਤੇ,
ਪਿੱਛੇ ਤੀਵੀਆਂ ਦੇ ਫੂਕ ਦਿੱਤਾ ਦੀਨ ਤੇ ਇਮਾਨ।
ਗੁਆਚੇ ਫ਼ਿਰਦੇ ਨੇ ਇੱਥੇ ਆਪ ਸੰਤ ਤੇ ਫਕੀਰ,
ਦਾਅਵੇ ਕਰਦੇ ਨੇ ਸਾਡੇ ਗੋਡੇ ਹੇਠ ਭਗਵਾਨ।
ਗੁਣ ਆਪਣੇ ਦੀ ਸਦਾ 'ਭੌਰੇ' ਖਾਈਦੀ ਏ ਖੱਟੀ,
ਐਵੇਂ ਮੱਲੋ-ਮੱਲੀ ਬਣੀਂਦਾ ਨਹੀਂ ਗੋਪੀਆਂ ਵਿਚ ਕਾਨ੍ਹ।

# ਬਹਾਦਰ ਸਿੱਖ ਬੀਬੀਆਂ



ਡਾ. ਗੁਰਨਾਮ ਕੌਰ, ਕੈਨੇਡਾ

ਬੀਬੀਆਂ ਦੀ ਬਹਾਦਰੀ ਨਾਲ ਸਿੱਖ ਇਤਿਹਾਸ ਭਰਿਆ ਪਿਆ ਹੈ। ਇਨ੍ਹਾਂ ਲੇਖਾਂ ਦਾ ਮਕਸਦ ਇਤਿਹਾਸ ਦੀਆਂ ਕੁੱਝ ਚੋਣਵੀਆਂ ਮਿਸਾਲਾਂ ਰਾਹੀਂ ਅਜੋਕੀਆਂ ਬੀਬੀਆਂ ਨੂੰ ਇਹ ਚੇਤੇ ਕਰਵਾਉਣਾ ਹੈ ਕਿ ਗੁਰੂ ਦੇ ਅੰਮ੍ਰਿਤ ਅਤੇ ਸਿੱਖ ਇਸਤਰੀ ਵਿਚ ਬੇਹੱਦ ਸਮਰੱਥਾ ਹੈ। ਸਿੱਖ ਇਤਿਹਾਸ ਤੋਂ ਅਗਵਾਈ ਲੈ ਕੇ ਉਹ ਅਜੋਕੇ ਸਮੇਂ ਦੀਆਂ ਚੁਣੌਤੀਆਂ ਦਾ ਬਹਾਦਰੀ ਨਾਲ ਸਾਹਮਣਾ ਕਰ ਸਕਦੀਆਂ ਹਨ। ਗੁਰੂ ਨਾਨਕ ਦੇ ਸਮੇਂ ਤੋਂ ਲੈ ਕੇ 18ਵੀਂ ਜਾਂ 19ਵੀਂ ਸਦੀ ਤੱਕ ਦੀਆਂ ਚੁਣੌਤੀਆਂ ਸਿੱਧੀਆਂ ਦਿਖਾਈ ਦਿੰਦੀਆਂ, ਵੱਖਰੀ ਕਿਸਮ ਦੀਆਂ ਅਤੇ ਬਾਹਰੋਂ ਸਨ ਪਰ ਅੱਜ ਚੁਣੌਤੀਆਂ ਵੱਧ ਗੁੰਝਲਦਾਰ ਅਤੇ ਅੰਦਰੋਂ ਘੁਣ ਵਾਂਗ ਪੰਥ ਦੀਆਂ ਜੜ੍ਹਾਂ ਨੂੰ ਖੋਖਲਾ ਕਰ ਰਹੀਆਂ ਹਨ।

ਸਿੱਖ ਧਰਮ ਨੇ ਹਮੇਸ਼ਾ ਇਤਿਹਾਸ ਰਚਿਆ ਹੈ, ਇਤਿਹਾਸ ਨੂੰ ਨਵਾਂ ਮੋੜ ਦਿੱਤਾ ਹੈ। ਇਤਿਹਾਸ ਘੜਨ ਵਿਚ ਬੀਬੀਆਂ ਦਾ ਵੀ ਅਹਿਮ ਯੋਗਦਾਨ ਰਿਹਾ ਹੈ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਨੂੰ ਸਿੱਖ ਰਾਜ ਦੇ ਤੌਰ 'ਤੇ ਯਾਦ ਕੀਤਾ ਜਾਂਦਾ ਹੈ ਜਿਸ ਦੀਆਂ ਗੂੰਜਾਂ ਧੁਰ ਕਾਬਲ ਤੱਕ ਪੈਂਦੀਆਂ ਸਨ। ਜੇ ਹਰੀ ਸਿੰਘ ਨਲੂਆ ਵਰਗੇ ਬਹਾਦਰ ਜਰਨੈਲ ਅਤੇ ਅਕਾਲੀ ਫੂਲਾ ਸਿੰਘ ਵਰਗੇ ਸੂਰਮੇ ਸਿੱਖ ਰਾਜ ਦੇ ਥੰਮ ਸਨ ਤਾਂ ਮਹਾਰਾਣੀ ਸਦਾ ਕੌਰ ਦਾ ਯੋਗਦਾਨ ਵੀ ਕੋਈ ਘੱਟ ਨਹੀਂ ਸੀ ਜਿਸ ਨੇ ਰਣਜੀਤ ਸਿੰਘ ਨੂੰ ਲਾਹੌਰ ਦੇ ਤਖ਼ਤ 'ਤੇ ਬਿਠਾਇਆ। ਮਹਾਰਾਜਾ ਰਣਜੀਤ ਸਿੰਘ ਦੀ ਸਫ਼ਲਤਾ ਪਿੱਛੇ ਉਸ ਦੀ ਸੱਸ ਰਾਣੀ ਸਦਾ ਕੌਰ ਦਾ ਬਹੁਤ ਵੱਡਾ ਹੱਥ ਸੀ। ਇਤਿਹਾਸਕਾਰਾਂ ਅਨੁਸਾਰ ਜਦੋਂ ਕਾਬਲ ਦੇ ਬਾਦਸ਼ਾਹ ਸ਼ਾਹ ਜਮਾਨ ਨੂੰ ਇਹ ਯਕੀਨ ਹੋ ਗਿਆ ਕਿ ਉਹ ਪੰਜਾਬ ਉਤੇ ਰਾਜ ਨਹੀਂ ਕਰ ਸਕਦਾ ਤਾਂ ਉਸ ਨੇ ਰਣਜੀਤ ਸਿੰਘ ਨੂੰ ਗੁਪਤ ਸੁਨੇਹਾ ਦਿੱਤਾ ਕਿ ਉਹ ਲਾਹੌਰ ਦੇ ਤਖ਼ਤ ਤੇ ਕਬਜ਼ਾ ਕਰ ਲਵੇ। ਲਾਹੌਰ ਵਾਸੀ ਵੀ ਨਿੱਤ ਚੜ੍ਹਦੇ ਸੂਰਜ ਨਾਲ ਬਦਲਦੇ ਰਾਜਿਆਂ ਤੋਂ ਤੰਗ ਆ ਚੁੱਕੇ ਸਨ। ਜਿਉਂ ਹੀ ਉਨ੍ਹਾਂ ਨੂੰ ਸ਼ਾਹ ਦੇ ਸੁਨੇਹੇ ਦੀ ਖ਼ਬਰ ਮਿਲੀ ਤਾਂ ਉਨ੍ਹਾਂ ਨੇ ਵੀ ਰਣਜੀਤ ਸਿੰਘ ਨੂੰ ਲਾਹੌਰ ਦੇ ਤਖ਼ਤ 'ਤੇ ਕਬਜ਼ਾ ਕਰਨ ਦਾ ਸੁਨੇਹਾ ਭੇਜ ਦਿੱਤਾ। ਰਣਜੀਤ ਸਿੰਘ ਰਾਮ ਨਗਰ ਵਿਚ ਸੀ ਜਿਸ ਵਕਤ ਉਸ ਨੂੰ ਲਾਹੌਰ ਵਾਸੀਆਂ, ਤੇ ਸ਼ਾਹ ਜਮਾਨ ਦਾ ਕਾਬਲ ਤੋਂ ਲਾਹੌਰ 'ਤੇ ਕਬਜ਼ਾ ਕਰਨ ਦਾ ਸੁਨੇਹਾ ਮਿਲਿਆ। ਉਸ ਵਾਸਤੇ ਇਹ ਏਨਾ ਸੌਖਾ ਕੰਮ ਨਹੀਂ ਸੀ ਕਿਉਂਕਿ ਨਾ ਤੇ ਲਾਹੌਰ ਵਾਸੀਆਂ ਨੇ ਹੀ ਕਿਸੇ ਫ਼ੌਜ ਦਾ ਇੰਤਜ਼ਾਮ ਕੀਤਾ ਸੀ ਅਤੇ ਨਾ ਹੀ ਸ਼ਾਹ ਨੇ ਕਾਬਲ ਤੋਂ ਕੋਈ ਫ਼ੌਜੀ ਇਮਦਾਦ ਭੇਜੀ ਸੀ। ਇਸ ਲਈ ਰਣਜੀਤ ਸਿੰਘ ਫ਼ੈਸਲਾ ਨਹੀਂ ਸੀ ਲੈ ਸਕਿਆ।

ਬਹੁਤ ਘੱਟ ਲੋਕਾਂ ਨੂੰ ਇਹ ਜਾਣਕਾਰੀ ਹੈ ਕਿ ਲਾਹੌਰ ਦੇ ਤਖ਼ਤ 'ਤੇ ਕਬਜ਼ਾ ਰਣਜੀਤ ਸਿੰਘ ਦੀ ਸ਼ਕਤੀ ਜਾਂ ਬੁੱਧੀ ਕਾਰਨ ਨਹੀਂ ਸੀ ਹੋ ਸਕਿਆ ਪ੍ਰੰਤੂ ਇਹ ਇੱਕ ਜ਼ਹੀਨ ਅਤੇ ਬਹਾਦਰ ਇਸਤਰੀ ਦੀ ਦ੍ਰਿੜਤਾ ਅਤੇ ਸਿਆਣਪ ਕਰਕੇ ਹੋ ਸਕਿਆ ਸੀ ਅਤੇ ਇਹ ਇਸਤਰੀ ਰਣਜੀਤ ਸਿੰਘ ਦੀ ਸੱਸ ਬਟਾਲੇ ਦੀ ਰਾਣੀ ਸਦਾ ਕੌਰ ਵਾਲੀਆ ਸੀ। ਸ਼ਾਹ ਜਮਾਨ ਅਤੇ ਲਾਹੌਰ ਵਾਸੀਆਂ ਦਾ ਸੁਨੇਹਾ ਮਿਲਦਿਆਂ ਹੀ ਰਣਜੀਤ ਸਿੰਘ ਰਾਮ ਨਗਰ ਤੋਂ ਬਟਾਲੇ ਪਹੁੰਚ ਗਿਆ। ਰਣਜੀਤ ਸਿੰਘ ਨੇ ਰਾਣੀ ਨੂੰ ਫ਼ਤਿਹ ਬੁਲਾਈ ਅਤੇ ਅੱਗੇ ਹੋ ਕੇ ਚਰਨ ਛੂਹੇ ਤਾਂ ਰਾਣੀ ਨੇ ਉਸ ਦੇ ਸਿਰ 'ਤੇ ਪਿਆਰ ਦਿੱਤਾ। ਵਾਰਤਾਲਾਪ ਸ਼ੁਰੂ ਕਰਦਿਆਂ ਰਣਜੀਤ ਸਿੰਘ ਨੇ ਲਾਹੌਰ 'ਤੇ ਕਬਜ਼ੇ ਸਬੰਧੀ ਸੁਨੇਹਿਆਂ ਬਾਰੇ ਦੱਸਿਆ ਅਤੇ ਪ੍ਰਸ਼ਨ ਕੀਤਾ, "ਮਾਤਾ ਜੀ ਮੈਨੂੰ ਦੱਸੋ ਕਿ ਹੁਣ ਕੀ ਕਰਨਾ ਚਾਹੀਦਾ ਹੈ?" ਸਦਾ ਕੌਰ ਨੇ ਇਸ ਦੇ ਉਤਰ ਵਿਚ ਪੁੱਛਿਆ, "ਤੁਸੀਂ ਇਸ ਬਾਰੇ ਕੀ ਸੋਚਿਆ ਹੈ?"

ਰਣਜੀਤ ਸਿੰਘ ਦਾ ਉਤਰ ਸੀ, "ਹੁਣੇ ਚਾਲੇ ਪਾਉਣੇ, ਧਾਵਾ ਬੋਲਣਾ ਅਤੇ ਲਾਹੌਰ 'ਤੇ ਕਬਜ਼ਾ ਕਰਨਾ।"

ਸਦਾ ਕੌਰ ਨੇ ਫਿਰ ਪੁੱਛਿਆ, "ਤੁਹਾਡੇ ਕੋਲ ਕਿੰਨੀ ਫ਼ੌਜ ਹੈ?"

ਰਣਜੀਤ ਸਿੰਘ ਨੇ ਉਤਰ ਦਿੱਤਾ, "ਕਰੀਬ 3500 ਸਿਪਾਹੀ।" ਸਦਾ ਕੌਰ ਨੇ ਕਿਹਾ, "2000 ਕੁ ਹਜ਼ਾਰ ਇੱਥੇ ਹਨ ਅਤੇ ਕੁੱਲ ਮਿਲਾ ਕੇ 5 ਕੁ ਹਜਾਰ ਬਣਦੇ ਹਨ।" ਉਸ ਨੇ ਜਦੋਂ ਹਾਂ ਵਿਚ ਜੁਆਬ ਦਿੱਤਾ ਤਾਂ ਸਦਾ ਕੌਰ ਨੇ ਅੱਗੋਂ ਪ੍ਰਸ਼ਨ ਕੀਤਾ, "ਬੀਬਾ ਕੀ ਏਨੀ ਕੁ ਫ਼ੌਜ ਨਾਲ ਤੁਸੀਂ ਇਹ ਆਸ ਕਰਦੇ ਹੋ ਕਿ ਤੁਸੀਂ ਲਾਹੌਰ 'ਤੇ ਧਾਵਾ ਬੋਲੋਗੇ ਅਤੇ ਕਬਜ਼ਾ ਕਰ ਲਵੋਗੇ?" ਇਸ ਉਤਰ ਨਾਲ ਰਣਜੀਤ ਸਿੰਘ ਦੇ ਚਿਹਰੇ ਤੇ ਮਾਯੂਸੀ ਛਾ ਗਈ। ਉਹ ਸਿਰ ਨੀਵਾਂ ਕਰਕੇ ਡੂੰਘੀਆਂ ਸੋਚਾਂ ਵਿਚ ਪੈ ਗਿਆ। ਅੰਮ੍ਰਿਤਸਰ 'ਤੇ ਉਸ ਦੇ ਪੁਰਾਣੇ ਦੁਸ਼ਮਣ ਰਾਮਗੜ੍ਹੀਏ ਅਤੇ ਭੰਗੀ ਕਾਬਜ਼ ਸਨ। ਜੇ ਉਹ 5000 ਦੀ ਨਫ਼ਰੀ ਲੈ ਕੇ ਬਟਾਲਾ ਛੱਡਦਾ ਅਤੇ ਲਾਹੌਰ 'ਤੇ ਹਮਲਾ ਕਰਦਾ ਤਾਂ ਫ਼ਤਿਹ ਕਰਨਾ ਤਾਂ ਇੱਕ ਪਾਸੇ ਉਸ ਲਈ ਲਾਹੌਰ ਪਹੁੰਚਣਾ ਵੀ ਮੁਸ਼ਕਿਲ ਸੀ।

ਉਸ ਨੂੰ ਸੋਚਾਂ ਵਿਚ ਡੁੱਬਿਆ ਦੇਖ ਕੇ ਰਾਣੀ ਸਦਾ ਕੌਰ ਨੇ ਕਿਹਾ, "ਸਫ਼ਲਤਾ ਦਾ ਇੱਕ ਰਸਤਾ ਹੈ।" ਜਦੋਂ ਰਣਜੀਤ ਸਿੰਘ ਨੇ ਤੀਬਰਤਾ ਨਾਲ ਪੁੱਛਿਆ ਕਿ ਕਿਹੜਾ? ਤਾਂ ਸਦਾ ਕੌਰ ਨੇ ਕਿਹਾ, "ਤੁਹਾਡੇ ਲਾਹੌਰ ਪਹੁੰਚਣ ਤੋਂ ਪਹਿਲਾਂ ਕਿਸੇ ਨੂੰ ਵੀ ਇਸ ਦੀ ਸੂਹ ਨਹੀਂ ਲੱਗਣੀ ਚਾਹੀਦੀ।" ਰਣਜੀਤ ਸਿੰਘ ਦੇ ਇਹ ਪੁੱਛਣ 'ਤੇ ਕਿ ਇਹ ਕਿਵੇਂ ਸੰਭਵ ਹੋਵੇਗਾ ਅਤੇ ਮੁੜ ਸੋਚਾਂ ਵਿਚ ਡੁੱਬ ਜਾਣ 'ਤੇ ਸਦਾ ਕੌਰ ਨੇ ਹੱਸ ਕੇ ਕਿਹਾ ਕਿ ਸਭ ਕੁੱਝ ਸੰਭਵ ਹੈ। ਉਸ ਦੇ ਮਨ ਵਿਚ ਇੱਕ ਯੋਜਨਾ ਸੀ। ਫ਼ੌਜਾਂ ਨੂੰ ਕੂਚ ਕਰਨ ਦਾ ਹੁਕਮ ਦੇ ਦਿੱਤਾ, ਜਦੋਂ ਕਮਾਂਡਰਾਂ ਨੇ ਪੁੱਛਿਆ ਕਿ ਸਰਦਾਰ ਕਿਧਰ ਨੂੰ? ਤਾਂ ਸਦਾ ਕੌਰ ਨੇ ਉਤਰ ਦਿੱਤਾ ਕਿ ਅੰਮ੍ਰਿਤਸਰ ਇਸ਼ਨਾਨ ਕਰਨ ਲਈ। ਸਾਰੇ ਪਾਸੇ ਇਹ ਖ਼ਬਰ ਜੰਗਲ ਦੀ ਅੱਗ ਦੀ ਤਰ੍ਹਾਂ ਫੈਲ ਗਈ ਕਿ ਰਾਣੀ ਸਦਾ ਕੌਰ ਆਪਣੇ ਜੁਆਈ ਨਾਲ ਅੰਮ੍ਰਿਤਸਰ ਇਸ਼ਨਾਨ ਕਰਨ ਜਾ ਰਹੀ ਹੈ। ਸਾਰੇ ਅਮਲੇ ਨੇ ਦੁਪਹਿਰ ਤੋਂ ਬਾਅਦ ਬਟਾਲੇ ਤੋਂ ਕੂਚ ਕੀਤਾ ਅਤੇ ਸ਼ਾਮ ਨੂੰ ਅੰਮ੍ਰਿਤਸਰ ਪਹੁੰਚ ਗਏ। ਸਭ ਨੇ ਸਰੋਵਰ ਵਿਚ ਇਸ਼ਨਾਨ ਕੀਤਾ, ਮੱਥਾ ਟੇਕਿਆ, ਅਰਦਾਸ ਕੀਤੀ ਅਤੇ ਸ਼ਹਿਰ ਦੇ ਬਾਹਰ ਡੇਰਾ ਲਾ ਲਿਆ। ਫਿਰ ਸਦਾ ਕੌਰ ਨੇ ਸਾਰੇ ਕਮਾਂਡਰਾਂ ਨੂੰ ਮੀਟਿੰਗ ਲਈ ਬੁਲਾਇਆ ਅਤੇ ਆਪਣੀ ਯੁੱਧ-ਨੀਤੀ ਦੱਸੀ। ਜਦੋਂ ਮੀਟਿੰਗ ਖ਼ਤਮ ਹੋਈ ਤਾਂ ਅੱਧੀ ਰਾਤ ਬੀਤ ਚੁੱਕੀ ਸੀ। ਇੱਕਦਮ ਘੋੜਿਆਂ ਨੂੰ ਕਾਠੀਆਂ ਪਾ ਲਈਆਂ ਗਈਆਂ ਅਤੇ ਕੂਚ ਕਰ ਦਿੱਤਾ। ਸੂਰਜ ਚੜ੍ਹਦੇ ਤੱਕ ਰਣਜੀਤ ਸਿੰਘ ਆਪਣੀ ਸੱਸ ਸਮੇਤ ਲਾਹੌਰ ਦੇ ਦਰਵਾਜ਼ਿਆਂ ਤੱਕ ਪਹੁੰਚ ਗਿਆ ਅਤੇ ਨਵਾਬ ਵਜ਼ੀਰ ਖਾਨ ਦੀ ਜ਼ਮੀਨ 'ਤੇ ਛਉਣੀ ਪਾ ਲਈ। ਵਜ਼ੀਰ ਖਾਨ ਬਿਨਾਂ ਕਿਸੇ ਦੀ ਜਾਣਕਾਰੀ ਦੇ ਚੁੱਪ-ਚਾਪ ਲਾਹੌਰ ਤੋਂ ਖਿਸਕ ਗਿਆ। ਇਹ ਸਦਾ ਕੌਰ ਦੀ ਵਿਉਂਤ ਸਦਕਾ ਸੀ।

ਰਣਜੀਤ ਸਿੰਘ ਨੂੰ ਪਹੁੰਚਿਆ ਦੇਖ ਕੇ ਲਾਹੌਰ ਦੇ ਰਾਜਿਆਂ ਨੇ ਹਿਫ਼ਾਜ਼ਤ ਕਰਨ ਲਈ ਫ਼ੌਜ ਭੇਜੀ ਪਰ ਕਿਸੇ ਨੇ ਲੜਾਈ ਨਹੀਂ ਕੀਤੀ। ਇਹ ਸਦਾ ਕੌਰ ਦੀ ਰਣਨੀਤੀ ਦਾ ਜਾਦੂਈ ਅਸਰ ਸੀ। ਸਦਾ ਕੌਰ ਨੇ ਸਮਝੌਤੇ ਨਾਲ ਹਥਿਆਰ ਸੁੱਟਵਾ ਲਏ ਅਤੇ ਲਾਹੌਰ ਉਤੇ ਕਬਜ਼ੇ ਤੋਂ ਬਾਅਦ ਨੌਕਰੀਆਂ ਦੀ ਪੇਸ਼ਕਸ਼ ਕੀਤੀ। ਲਾਹੌਰ ਵਾਸੀਆਂ ਨੇ ਆਪਣਾ ਵਾਅਦਾ ਨਿਭਾਇਆ ਅਤੇ ਦਰਵਾਜ਼ੇ ਖੋਲ੍ਹ ਦਿੱਤੇ। ਰਣਜੀਤ ਸਿੰਘ ਇੱਕ ਵੀ ਗੋਲੀ ਚਲਾਏ ਬਿਨਾਂ ਲਾਹੌਰ ਅੰਦਰ ਦਾਖ਼ਲ ਹੋ ਗਿਆ। ਦੋ ਸਰਦਾਰ ਦੌੜ ਗਏ ਅਤੇ ਤੀਸਰੇ ਨੇ ਕਿਲੇ ਅੰਦਰੋਂ ਬਗ਼ਾਵਤ ਕਰ ਦਿੱਤੀ। ਰਣਜੀਤ ਸਿੰਘ ਦੀਆਂ ਫ਼ੌਜਾਂ ਨੇ ਤੁਰੰਤ ਕਿਲੇ ਨੂੰ ਘੇਰ ਲਿਆ ਅਤੇ ਮੋਰਚਿਆਂ ਵਿਚੋਂ ਗੋਲੀਆਂ ਚਲਾਉਣ ਲੱਗੇ। ਪਰ ਇਸ ਦਾ ਕਿਲੇ 'ਤੇ ਕੋਈ ਅਸਰ ਨਹੀਂ ਸੀ ਹੋ ਰਿਹਾ। ਇਸ ਤਰ੍ਹਾਂ ਲਾਹੌਰ ਦੇ ਅੰਦਰ ਜਾ ਕੇ ਉਸ ਨੂੰ ਇੱਕ ਹੋਰ ਤਰ੍ਹਾਂ ਦੇ ਹਾਲਾਤ ਦਾ ਸਾਹਮਣਾ ਕਰਨਾ ਪਿਆ। ਉਸ ਨੇ ਇੱਕ ਵਾਰ ਫਿਰ ਸਦਾ ਕੌਰ ਤੋਂ ਸਲਾਹ ਲਈ, "ਮਾਤਾ ਜੀ ਹੁਣ ਸਾਨੂੰ ਕੀ ਕਰਨਾ ਚਾਹੀਦਾ ਹੈ?" ਸਦਾ ਕੌਰ ਨੇ ਮੋੜਵਾਂ ਪ੍ਰਸ਼ਨ ਕੀਤਾ "ਕੀ ਤੁਸੀਂ ਸੋਚਦੇ ਹੋ ਕਿ ਗੋਲੀਆਂ ਨਾਲ ਕਿਲੇ 'ਤੇ ਕਬਜ਼ਾ ਹੋ ਸਕਦਾ ਹੈ?" ਰਣਜੀਤ ਸਿੰਘ ਨੂੰ ਆਪਣੀ ਗਲਤੀ ਦਾ ਅਹਿਸਾਸ ਹੋਇਆ ਅਤੇ ਉਸ ਨੇ 'ਨਾਂਹ' ਵਿਚ ਉਤਰ ਦਿੱਤਾ, ਜਿਸ 'ਤੇ ਸਦਾ ਕੌਰ ਨੇ ਫਿਰ ਪ੍ਰਸ਼ਨ ਕੀਤਾ ਕਿ ਗੋਲੀ-ਸਿੱਕਾ ਕਿਉਂ ਬਰਬਾਦ ਕੀਤਾ ਜਾ ਰਿਹਾ ਸੀ? ਰਣਜੀਤ ਸਿੰਘ ਨੇ ਸਿਰ ਨੀਵਾਂ ਕਰ ਲਿਆ ਤਾਂ ਸਦਾ ਕੌਰ ਨੇ ਤੁਰੰਤ ਗੋਲੀਆਂ ਬੰਦ ਕਰਾਉਣ ਲਈ ਕਿਹਾ। ਰਣਜੀਤ ਸਿੰਘ ਨੂੰ ਆਪਣੀ ਸੱਸ ਦੀ ਸਿਆਣਪ 'ਤੇ ਭਰੋਸਾ ਸੀ। ਉਸ ਨੇ ਬਿਨਾਂ ਕਿਸੇ ਪ੍ਰਸ਼ਨ ਦੇ ਗੋਲੀਆਂ ਚਲਾਉਣੀਆਂ ਬੰਦ ਕਰਾ ਦਿੱਤੀਆਂ।



ਮਹਾਰਾਣੀ ਸਦਾ ਕੌਰ

ਸਦਾ ਕੌਰ ਉਸੇ ਵੇਲੇ ਹੱਥ ਵਿਚ ਚਿੱਟਾ ਝੰਡਾ ਲੈ ਕੇ ਮੋਰਚੇ ਤੋਂ ਬਾਹਰ ਆਈ ਅਤੇ ਕਿਲੇ ਵੱਲ ਵਧੀ। ਕਿਲੇ ਦੇ ਦਰਵਾਜ਼ੇ 'ਤੇ ਚੇਤ ਸਿੰਘ ਦਾ ਦੂਤ ਉਸ ਦਾ ਇੰਤਜ਼ਾਰ ਕਰ ਰਿਹਾ ਸੀ। ਉਸ ਨੇ ਚੇਤ ਸਿੰਘ ਨੂੰ ਮਿਲਣ ਲਈ ਕਿਹਾ ਤਾਂ ਦੂਤ ਨੇ ਪੁੱਛਿਆ ਕਿ ਉਹ ਕੌਣ ਸੀ? ਸਦਾ ਕੌਰ ਨੇ ਆਪਣੇ ਬਾਰੇ ਦੱਸਦਿਆਂ ਕਿਹਾ ਕਿ ਉਹ ਚੇਤ ਸਿੰਘ ਦੇ ਫ਼ਾਇਦੇ ਵਾਸਤੇ ਹੀ ਉਸ ਨੂੰ ਮਿਲਣਾ ਚਾਹੁੰਦੀ ਸੀ। ਥੋੜੀ ਦੇਰ ਬਾਅਦ ਦੂਤ ਵਾਪਸ ਆਇਆ ਅਤੇ ਸੁਨੇਹਾ ਦਿੱਤਾ ਕਿ ਸਰਦਾਰ ਕਿਲੇ ਦੇ ਅੰਦਰ ਹੀ ਮਿਲਣਾ ਚਾਹੁੰਦਾ ਸੀ। ਰਾਣੀ ਨੇ ਦੱਸਿਆ ਕਿ ਉਸ ਨੂੰ ਕੋਈ ਇਤਰਾਜ਼ ਨਹੀਂ ਕਿਉਂਕਿ ਉਸ ਲਈ ਚੇਤ ਸਿੰਘ ਵੀ ਰਣਜੀਤ ਸਿੰਘ ਵਰਗਾ ਹੀ ਪੁੱਤਰ ਸੀ। ਚੇਤ ਸਿੰਘ ਉਸ ਦਾ ਦੂਰ ਦਾ ਰਿਸ਼ਤੇਦਾਰ ਸੀ। ਉਸ ਨੇ ਅੰਦਰ ਜਾਂਦਿਆਂ ਹੀ ਕਿਲੇ ਦੇ ਹਾਲਾਤ ਦਾ ਜਾਇਜ਼ਾ ਲਿਆ ਅਤੇ ਦੇਖਿਆ ਕਿ ਕਿਲੇ ਅੰਦਰ ਹਾਲਾਤ ਵਿਗੜ ਰਹੇ ਸਨ। ਚੇਤ ਸਿੰਘ ਨੂੰ ਮਿਲਦਿਆਂ ਹੀ ਉਸ ਨੇ ਦੱਸਿਆ ਕਿ ਉਹ ਉਸ ਦਾ ਕੋਈ ਨੁਕਸਾਨ ਨਹੀਂ ਸੀ ਕਰਨਾ ਚਾਹੁੰਦੀ ਅਤੇ ਉਸ ਦੇ ਭਲੇ ਵਾਸਤੇ ਆਈ ਸੀ। ਚੇਤ ਸਿੰਘ ਪਹਿਲਾਂ ਹੀ ਡਰਿਆ ਹੋਇਆ ਸੀ ਅਤੇ ਉਸ ਦੀ ਗੱਲ ਸੁਣ ਕੇ ਹੋਰ ਡਰ ਗਿਆ। ਉਸ ਨੂੰ ਨਹੀਂ ਸੀ ਪਤਾ ਕਿ ਉਸ 'ਤੇ ਕੀ ਆਫ਼ਤ ਆ ਪਵੇਗੀ।

ਉਸ ਨੇ ਚੇਤ ਸਿੰਘ ਨੂੰ ਸਮਝਾਇਆ ਕਿ ਰਣਜੀਤ ਸਿੰਘ ਕੋਲ ਫ਼ੌਜੀ ਤਾਕਤ ਹੈ ਅਤੇ ਉਸ ਨੇ ਗੋਲੀਬੰਦੀ ਲਈ ਉਸ ਨੂੰ ਬੜੀ ਮੁਸ਼ਕਿਲ ਨਾਲ ਮਨਾਇਆ ਸੀ ਅਤੇ ਸਾਰੇ ਸਰਦਾਰਾਂ ਨੇ ਰਣਜੀਤ ਸਿੰਘ ਦੀ ਤਾਕਤ ਨੂੰ ਸਵੀਕਾਰ ਕਰ ਲਿਆ ਸੀ। ਚੇਤ ਸਿੰਘ ਕੋਲ ਏਨੀ ਫ਼ੌਜੀ ਸ਼ਕਤੀ ਨਹੀਂ ਸੀ ਕਿ ਉਹ ਰਣਜੀਤ ਸਿੰਘ ਦਾ ਸਾਹਮਣਾ ਕਰ ਸਕੇ। ਇਸ ਲਈ ਉਹ ਮਾਰਿਆ ਵੀ ਜਾ ਸਕਦਾ ਸੀ। ਚੇਤ ਸਿੰਘ ਨੇ ਸਵਾਲ ਕੀਤਾ ਕਿ ਅਗਰ ਮਰਨਾ ਹੀ ਹੈ ਤਾਂ ਬਹਾਦਰ ਸਿਪਾਹੀ ਦੀ ਤਰ੍ਹਾਂ ਲੜ ਕੇ ਕਿਉਂ ਨਾ ਮਰਿਆ ਜਾਵੇ? ਸਦਾ ਕੌਰ ਨੇ ਫਿਰ ਸਮਝਾਇਆ ਕਿ ਮਰਨ ਦੀ ਲੋੜ ਨਹੀਂ ਕਿਉਂਕਿ ਉਹ ਬਾਲ-ਬੱਚੇਦਾਰ ਸੀ। ਜੇ ਉਹ ਉਸ ਦੀ ਮੌਤ ਹੀ ਚਾਹ ਰਹੀ ਹੁੰਦੀ ਤਾਂ ਉਸ ਕੋਲ ਚੱਲ ਕੇ ਕਿਉਂ ਆਉਂਦੀ? ਉਸ ਨੇ ਫਿਰ ਸਮਝਾਇਆ ਕਿ ਜੇ ਉਹ ਕਿਲਾ ਛੱਡ ਦੇਵੇ ਤਾਂ ਨਾ ਸਿਰਫ ਉਹ ਤੇ ਉਸ ਦਾ ਪਰਿਵਾਰ ਸਹੀ ਸਲਾਮਤ ਰਹਿਣਗੇ ਸਗੋਂ ਉਹ ਉਨ੍ਹਾਂ ਦੀ ਲਗਾਤਾਰ ਗੁਜ਼ਾਰੇ ਦੀ ਵੀ ਜ਼ਿੰਮੇਵਾਰੀ ਲਵੇਗੀ।

ਸਦਾ ਕੌਰ ਦੇ ਸ਼ਬਦਾਂ ਨੇ ਚੇਤ ਸਿੰਘ ਦੇ ਮਨ ਤੇ ਕਾਟ ਕੀਤੀ ਅਤੇ ਚੇਤ ਸਿੰਘ ਕਿਲਾ ਛੱਡਣ ਲਈ ਮੰਨ ਗਿਆ। ਦੋ ਘੰਟੇ ਬਾਅਦ ਉਹ ਰਾਣੀ ਸਦਾ ਕੌਰ ਨਾਲ ਰਣਜੀਤ ਸਿੰਘ ਦੇ ਤੰਬੂ ਵਿਚ ਗਿਆ ਅਤੇ ਕਿਲੇ ਦੀਆਂ ਚਾਬੀਆਂ ਸੌਂਪ ਦਿੱਤੀਆਂ। ਲਾਹੌਰ ਦੇ ਕਿਲੇ 'ਤੇ ਰਣਜੀਤ ਸਿੰਘ ਦਾ ਕਬਜ਼ਾ ਹੋ ਗਿਆ ਅਤੇ ਕਿਲੇ 'ਤੇ ਕੇਸਰੀ ਨਿਸ਼ਾਨ ਝੂਲਣ ਲੱਗਾ। ਸਦਾ ਕੌਰ ਦੇ ਕੀਤੇ ਵਾਅਦੇ ਅਨੁਸਾਰ ਚੇਤ ਸਿੰਘ ਨੂੰ ਜਗੀਰ ਲਾ ਦਿੱਤੀ ਗਈ। ਲਾਹੌਰ ਦੇ ਦਰਵਾਜ਼ੇ ਬੰਦ ਕਰਵਾ ਦਿੱਤੇ ਗਏ, ਕਿਲੇ ਨੂੰ ਮਜ਼ਬੂਤ ਕੀਤਾ ਗਿਆ ਅਤੇ ਭਵਿੱਖ ਵਿਚ ਸੁਰੱਖਿਆ ਲਈ ਕਿਲੇ ਦੁਆਲੇ ਖਾਈਆਂ ਪੁੱਟ ਦਿੱਤੀਆਂ ਗਈਆਂ। ਇਸੇ ਸਮੇਂ ਖ਼ਬਰ ਮਿਲੀ ਕਿ ਜੋਧ ਸਿੰਘ ਰਾਮਗੜ੍ਹੀਆ, ਗੁਲਾਬ ਸਿੰਘ ਭੰਗੀ, ਸਾਹਿਬ ਸਿੰਘ ਭੰਗੀ, ਨਿਜਾਮ ਦੀਨ ਕਸੂਰੀਆ ਅਤੇ ਕੁੱਝ ਹੋਰ ਸਰਦਾਰਾਂ ਨੇ ਆਪਣੀਆਂ ਫ਼ੌਜਾਂ ਨਾਲ ਬਸੀਨ ਦੇ ਮੈਦਾਨਾਂ ਵਿਚ ਡੇਰੇ ਲਾ ਲਏ ਸਨ। ਉਹ ਵਾਧੂ ਨਫ਼ਰੀ ਦੀ ਇੰਤਜ਼ਾਰ ਕਰ ਰਹੇ ਸਨ ਅਤੇ ਲਾਹੌਰ 'ਤੇ ਹਮਲੇ ਦੀ ਤਿਆਰੀ ਵਿਚ ਸਨ। ਰਣਜੀਤ ਸਿੰਘ ਨੂੰ ਬਹੁਤ ਚਿੰਤਾ ਹੋ ਗਈ, ਇਸ ਕਰਕੇ ਨਹੀਂ ਕਿ ਉਹ ਜੁੱਧ ਤੋਂ ਡਰਦਾ ਸੀ ਪਰ ਇਸ ਲਈ ਕਿ ਉਸ ਦੀ ਆਪਣੀ ਫ਼ੌਜ ਖਿਲਰੀ ਹੋਈ ਸੀ। ਲਾਹੌਰ ਦੀ ਜਿੱਤ ਤੋਂ ਬਾਅਦ ਨਾ ਹੀ ਉਸ ਨੇ ਆਪਣੀ ਫ਼ੌਜ ਨੂੰ ਲੁੱਟ ਮਚਾਉਣ ਦੀ ਆਗਿਆ ਦਿੱਤੀ ਸੀ ਅਤੇ ਨਾ ਹੀ ਉਹ ਕਈ ਮਹੀਨੇ ਤੋਂ ਤਨਖਾਹਾਂ ਦੇ ਸਕਿਆ ਸੀ। ਸਿਪਾਹੀਆਂ ਨੇ ਖੁਲ੍ਹੇ-ਆਮ ਐਲਾਨ ਕਰ ਦਿੱਤਾ ਸੀ ਕਿ ਉਹ ਤਨਖਾਹ ਲਏ ਬਿਨਾ ਨਹੀਂ ਲੜਨਗੇ। ਰਣਜੀਤ ਸਿੰਘ ਖਾਲੀ ਹੱਥ ਸੀ ਕਿਉਂਕਿ ਉਸ ਦਾ ਆਪਣਾ ਖ਼ਜ਼ਾਨਾ ਸਿਆਲਕੋਟ ਵਿਚ ਸੀ ਜਿਸ ਦਾ ਰਾਹ ਦੁਸ਼ਮਣਾਂ ਨੇ ਰੋਕ ਰੱਖਿਆ ਸੀ। ਉਸ ਸਵੇਰ ਉਸ ਨੇ ਆਪਣੀ ਚਿੰਤਾ ਰਾਣੀ ਸਦਾ ਕੌਰ ਕੋਲ ਜ਼ਾਹਰ ਕੀਤੀ, ਜਿਸ ਨੇ ਉਸ ਨੂੰ ਭਰੋਸਾ ਦਿੱਤਾ ਕਿ ਕੁੱਝ ਨਾ ਕੁੱਝ ਪ੍ਰਬੰਧ ਹੋ ਜਾਵੇਗਾ।

ਰਣਜੀਤ ਸਿੰਘ ਚਿੰਤਾ ਵਿਚ ਸੀ ਕਿ ਲੱਖਾਂ ਰੁਪਏ ਦਾ ਇੰਤਜ਼ਾਮ ਰਾਣੀ ਕਿਥੋਂ ਕਰੇਗੀ? ਉਹ ਫ਼ਿਕਰ ਵਿਚ ਗੁੰਮ ਸੀ ਜਦੋਂ ਪਹਿਰੇਦਾਰ ਨੇ ਕਿਹਾ ਕਿ ਰਾਣੀ ਜੀ ਇਸ ਪਾਸੇ ਆ ਰਹੇ ਹਨ। ਰਣਜੀਤ ਸਿੰਘ ਨੇ ਕਿਹਾ ਕਿ ਆਉਣ ਦਿੱਤਾ ਜਾਵੇ ਅਤੇ ਉਸ ਦੀ ਆਸ ਬੱਝੀ। ਸਦਾ ਕੌਰ ਇਕੱਲੀ ਨਹੀਂ ਸੀ, ਉਸ ਨਾਲ ਸੌ ਸਾਲ ਦਾ ਇੱਕ ਮੁਸਲਮਾਨ ਬਜ਼ੁਰਗ ਵੀ ਸੀ। ਉਸ ਬਜ਼ੁਰਗ ਦੀ ਅਗਵਾਈ ਵਿਚ ਕਿਲੇ ਦਾ ਇੱਕ ਕੋਨਾ ਪੁੱਟਿਆ ਗਿਆ ਜਿਸ ਵਿਚੋਂ ਮੀਰ ਮਨੂੰ ਦੇ ਦੱਬੇ ਹੋਏ ਖ਼ਜ਼ਾਨੇ ਦੇ ਕਰੋੜਾਂ ਰੁਪਏ ਨਿਕਲੇ ਅਤੇ ਪਿਛਲੀ ਤਨਖਾਹ ਦੇ ਨਾਲ ਦੋ ਮਹੀਨੇ ਦੀ ਅਗਾਊਂ ਤਨਖਾਹ ਵੀ ਪਾ ਕੇ ਸਿਪਾਹੀ ਲੜਨ ਲਈ ਤਤਪਰ ਹੋ ਗਏ। ਬਜ਼ੁਰਗ ਦੇ ਇਸ਼ਾਰੇ ਤੇ ਇੱਕ ਹੋਰ ਥਾਂ ਪੁੱਟੀ ਗਈ ਜਿੱਥੋਂ ਹਥਿਆਰਾਂ ਅਤੇ ਗੋਲੀ-ਸਿੱਕੇ ਦਾ ਵੱਡਾ ਭੰਡਾਰ ਮਿਲਿਆ। ਬਜ਼ੁਰਗ ਨੂੰ ਬਹੁਤ ਸਾਰੇ ਨਜ਼ਰਾਨੇ ਦੇ ਕੇ ਵਿਦਾ ਕੀਤਾ ਗਿਆ ਜਿਸ ਨੂੰ ਲੱਭਣ ਲਈ ਸਦਾ ਕੌਰ ਨੂੰ ਸਾਰਾ ਦਿਨ ਲੱਗ ਗਿਆ ਸੀ। ਇੱਕ ਵਾਰ ਫਿਰ ਉਸ ਨੇ ਆਪਣੀ ਸਿਆਣਪ ਅਤੇ ਦੂਰ-ਅੰਦੇਸ਼ੀ ਦਾ ਸਬੂਤ ਦਿੱਤਾ। ਪੂਰੀ ਤਿਆਰੀ ਨਾਲ ਉਸ ਨੇ ਆਪ ਵੀ ਬਸੀਨ ਦੀ ਜੰਗ ਵਿਚ ਹਿੱਸਾ ਲਿਆ। ਉਸ ਦੀ ਸਿਆਣਪ ਸਦਕਾ ਇੱਕ ਵਾਰ ਫੇਰ ਦੁਸ਼ਮਣ ਦੀਆਂ ਬਹੁਤ ਸਾਰੀਆਂ ਫ਼ੌਜਾਂ ਰਣਜੀਤ ਸਿੰਘ ਨਾਲ ਮਿਲ ਗਈਆਂ ਅਤੇ ਰਣਜੀਤ ਸਿੰਘ ਜੇਤੂ ਬਣ ਕੇ ਲਾਹੌਰ ਪਰਤਿਆ।

ਹੁਣ ਰਣਜੀਤ ਸਿੰਘ ਦਾ ਲਾਹੌਰ 'ਤੇ ਪੂਰਨ ਕਬਜ਼ਾ ਸੀ ਅਤੇ ਤੁਰੰਤ ਕਿਸੇ ਕਿਸਮ ਦਾ ਕੋਈ ਖ਼ਤਰਾ ਨਹੀਂ ਸੀ। ਸਦਾ ਕੌਰ ਆਪਣੇ ਜੁਆਈ ਦੇ ਲਾਹੌਰ ਦੇ ਤਖ਼ਤ 'ਤੇ ਪੈਰ ਜਮਾ ਕੇ ਅਤੇ ਉਸ ਨੂੰ ਮਹਾਰਾਜਾ ਬਣਾ ਕੇ ਬਟਾਲੇ ਪਰਤਣ ਦੀ ਤਿਆਰੀ ਕਰਨ ਲੱਗੀ। ਮਹਾਰਾਜਾ ਉਸ ਨੂੰ ਅੰਮ੍ਰਿਤਸਰ ਤੱਕ ਛੱਡਣ ਆਇਆ। ਉਹ ਉਸ ਦਾ ਕਿਸੇ ਦੇਵੀ ਵਾਂਗ ਸਤਿਕਾਰ ਕਰਨ ਲੱਗਾ ਕਿਉਂਕਿ ਉਸ ਦੀਆਂ ਪ੍ਰਾਪਤੀਆਂ ਦਾ ਸਿਹਰਾ ਸਦਾ ਕੌਰ ਨੂੰ ਜਾਂਦਾ ਸੀ। ਜੇ ਸੋਚਿਆ ਜਾਵੇ ਤਾਂ ਸਿੱਖ ਰਾਜ ਦੀ ਨੀਂਹ ਰੱਖਣ ਵਾਲੀ ਅਸਲ ਵਿਚ ਰਾਣੀ ਸਦਾ ਕੌਰ ਸੀ।

*(ਸੋਮਾ: ਗੇਵ ਵੇ ਟੂ ਸਿਖਇਜ਼ਮ)*

## ਗੁਰਬਾਣੀ ਗਿਆਨ

# ਜਾ ਤੂ ਤਾ ਮੈ ਸਭੁ ਕੋ...

ਸੂਹੀ ਮਹਲਾ ੧ ਸੁਚਜੀ
ਜਾ ਤੂ ਤਾ ਮੈ ਸਭੁ ਕੋ
ਤੂ ਸਾਹਿਬੁ ਮੇਰੀ ਰਾਸਿ ਜੀਉ॥
ਤੁਧੁ ਅੰਤਰਿ ਹਉ ਸੁਖਿ ਵਸਾ
ਤੂੰ ਅੰਤਰਿ ਸਾਬਾਸਿ ਜੀਉ॥
ਭਾਣੈ ਤਖਤਿ ਵਡਾਈਆ
ਭਾਣੈ ਭੀਖ ਉਦਾਸਿ ਜੀਉ॥
ਭਾਣੈ ਥਲ ਸਿਰਿ ਸਰੁ ਵਹੈ
ਕਮਲੁ ਫੁਲੈ ਆਕਾਸਿ ਜੀਉ॥
ਭਾਣੈ ਭਵਜਲੁ ਲੰਘੀਐ
ਭਾਣੈ ਮੰਝਿ ਭਰੀਆਸਿ ਜੀਉ॥
ਭਾਣੈ ਸੋ ਸਹੁ ਰੰਗੁਲਾ
ਸਿਫਤਿ ਰਤਾ ਗੁਣਤਾਸਿ ਜੀਉ॥
ਭਾਣੈ ਸਹੁ ਭੀਹਾਵਲਾ
ਹਉ ਆਵਣਿ ਜਾਣਿ ਮੁਈਆਸਿ ਜੀਉ॥
ਤੂ ਸਹੁ ਅਗਮੁ ਅਤੋਲਵਾ ਹਉ
ਕਹਿ ਕਹਿ ਢਹਿ ਪਈਆਸਿ ਜੀਉ॥
ਕਿਆ ਮਾਗਉ ਕਿਆ ਕਹਿ ਸੁਣੀ
ਮੈ ਦਰਸਨ ਭੂਖ ਪਿਆਸਿ ਜੀਉ॥
ਗੁਰ ਸਬਦੀ ਸਹੁ ਪਾਇਆ ਸਚੁ
ਨਾਨਕ ਕੀ ਅਰਦਾਸਿ ਜੀਉ॥੨॥

ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਇਸ ਸ਼ਬਦ ਵਿਚ ਦੱਸਦੇ ਹਨ ਕਿ ਸੁਚਜੀ ਜੀਵ ਰੂਪੀ ਇਸਤਰੀ ਆਪਣੇ ਪ੍ਰਭੂ ਪਤੀ ਦੀ ਰਜ਼ਾ ਵਿਚ ਕਿਵੇਂ ਸਮਰਪਿਤ ਹੁੰਦੀ ਹੈ। ਹੇ ਮੇਰੇ ਪ੍ਰਭੂ ਜੀਉ! ਜਦੋਂ ਤੂੰ ਮੇਰੇ ਨਾਲ ਹੁੰਦਾ ਹੈਂ ਤਾਂ ਹਰ ਕੋਈ ਮੈਨੂੰ ਆਦਰ ਦਿੰਦਾ ਹੈ। ਤੂੰ ਹੀ ਮੇਰਾ ਮਾਲਕ ਹੈਂ ਅਤੇ ਰਾਸਿ, ਭਾਵ ਤੂੰ ਹੀ ਮੇਰਾ ਸਰਮਾਇਆ ਹੈਂ। ਜਦੋਂ ਮੈਂ ਤੈਨੂੰ ਆਪਣੇ ਅੰਦਰ ਵਸਾ ਲੈਂਦੀ ਹਾਂ ਤਾਂ ਸੁੱਖ ਨਾਲ ਵਸਦੀ ਹਾਂ ਅਤੇ ਮੈਨੂੰ ਹਰ ਥਾਂ ਵਡਿਆਈ ਮਿਲਦੀ ਹੈ।

ਭਾਣੈ ਤਖਤਿ ਵਡਾਈਆ
ਭਾਣੈ ਭੀਖ ਉਦਾਸਿ ਜੀਉ॥
ਭਾਣੈ ਥਲ ਸਿਰਿ ਸਰੁ ਵਹੈ
ਕਮਲੁ ਫੁਲੈ ਆਕਾਸਿ ਜੀਉ॥

ਹੇ ਸਖੀ! ਉਸ ਪ੍ਰਭੂ ਦੇ ਹੁਕਮ ਵਿਚ ਹੀ ਕੋਈ ਤਖ਼ਤ ਉਤੇ ਬੈਠਾ ਹੈ ਅਤੇ ਉਸ ਦੀ ਹਰ ਪਾਸੇ ਤੋਂ ਵਡਿਆਈ ਹੋ ਰਹੀ ਹੈ। ਉਸ ਪ੍ਰਭੂ ਦੀ ਰਜ਼ਾ ਵਿਚ ਹੀ ਜੀਵ ਘਰ-ਪਰਿਵਾਰ ਤਿਆਗ ਕੇ ਦਰ ਦਰ 'ਤੇ ਭਿਖਿਆ ਮੰਗਦਾ ਫਿਰਦਾ ਹੈ। ਪ੍ਰਭੂ ਦੇ ਭਾਣੇ ਵਿਚ ਹੀ ਕਿਤੇ ਸੁੱਕੀ-ਸੜੀ ਧਰਤੀ ਉਤੇ ਸਰੁ, ਭਾਵ ਨਦੀਆਂ-ਨਾਲੇ ਵਗ ਤੁਰਦੇ ਹਨ ਤੇ ਕੰਵਲ ਫੁੱਲ ਖਿੜ ਪੈਂਦੇ ਹਨ। ਪ੍ਰਭੂ ਦੀ ਕਿਰਪਾ ਨਾਲ ਹਉਮੈ ਭਰੇ ਹੰਕਾਰੀ, ਪ੍ਰੇਮ ਤੋਂ ਸੱਖਣੇ ਹਿਰਦੇ ਵਿਚ ਭੀ ਪ੍ਰਭੂ ਪ੍ਰੇਮ ਦਾ ਪ੍ਰਵਾਹ ਚਲ ਪੈਂਦਾ ਹੈ।

ਭਾਣੈ ਭਵਜਲੁ ਲੰਘੀਐ
ਭਾਣੈ ਮੰਝਿ ਭਰੀਆਸਿ ਜੀਉ॥
ਭਾਣੈ ਸੋ ਸਹੁ ਰੰਗੁਲਾ
ਸਿਫਤਿ ਰਤਾ ਗੁਣਤਾਸਿ ਜੀਉ॥

ਹੇ ਸਖੀ! ਜੇ ਪ੍ਰਭੂ ਪਤੀ ਮਿਹਰਬਾਨ ਹੋ ਜਾਵੇ ਤਾਂ ਵਿਕਾਰਾਂ ਭਰੇ ਇਸ ਸੰਸਾਰ ਰੂਪੀ ਸਮੁੰਦਰ ਤੋਂ ਪਾਰ ਲੰਘ ਜਾਈਦਾ ਹੈ। ਉਹਦੇ ਹੁਕਮ ਵਿਚ ਹੀ ਵਿਕਾਰਾਂ ਭਰੇ ਜੀਵਨ ਵਿਚ ਫਸ ਕੇ ਵਿਚੇ ਹੀ ਡੁੱਬ ਜਾਈਦਾ ਹੈ। ਉਹਦੇ ਹੁਕਮ ਨਾਲ ਹੀ ਭਾਗਾਂ ਵਾਲੀ ਜੀਵ ਇਸਤਰੀ ਨੂੰ ਉਹ ਮਿਹਰਬਾਨ ਪਤੀ ਪਿਆਰਾ ਲਗਦਾ ਹੈ ਤੇ ਉਹਦੇ ਹੁਕਮ ਵਿਚ ਹੀ ਜੀਵ ਗੁਣਾਂ ਦੇ ਖ਼ਜ਼ਾਨੇ ਉਸ ਪ੍ਰਭੂ ਦੀ ਸਿਫ਼ਤ-ਸਲਾਹ ਕਰ ਕੇ ਅਨੰਦ ਲੈ ਰਿਹਾ ਹੈ।

ਭਾਣੈ ਸਹੁ ਭੀਹਾਵਲਾ
ਹਉ ਆਵਣਿ ਜਾਣਿ ਮੁਈਆਸਿ ਜੀਉ॥
ਤੂ ਸਹੁ ਅਗਮੁ ਅਤੋਲਵਾ ਹਉ
ਕਹਿ ਕਹਿ ਢਹਿ ਪਈਆਸਿ ਜੀਉ॥

ਹੇ ਸਖੀ! ਆਪਣੇ ਮਾੜੇ ਕਰਮਾਂ ਕਰ ਕੇ ਹੀ ਕਦੀ ਉਹ ਸਹੁ ਮੈਨੂੰ ਡਰਾਵਣਾ ਭੀ ਲਗਦਾ ਹੈ। ਮੈਂ ਜਨਮ-ਮਰਨ ਦੇ ਗੇੜ 'ਚ ਪੈ ਕੇ ਜੰਮਦੀ ਤੇ ਮਰਦੀ ਹਾਂ। ਉਹ ਅਗਮੁ ਬੇਅੰਤ ਗੁਣਾਂ ਵਾਲਾ ਹੈ। ਹੇ ਮੇਰੇ ਪ੍ਰੀਤਮ ਜੀਉ! ਮੈਂ ਤੇਰੇ ਦਰ 'ਤੇ ਹੀ ਢਹਿ ਪਈ ਹਾਂ, ਮੈਨੂੰ ਤੇਰਾ ਹੀ ਆਸਰਾ ਹੈ।

ਕਿਆ ਮਾਗਉ ਕਿਆ ਕਹਿ ਸੁਣੀ
ਮੈ ਦਰਸਨ ਭੂਖ ਪਿਆਸਿ ਜੀਉ॥
ਗੁਰ ਸਬਦੀ ਸਹੁ ਪਾਇਆ ਸਚੁ
ਨਾਨਕ ਕੀ ਅਰਦਾਸਿ ਜੀਉ॥੨॥

ਹੇ ਮਿਹਰਬਾਨ ਪ੍ਰਭੂ ਜੀਉ! ਮੈਂ ਗਰੀਬ ਤੇਰੇ ਦਰ 'ਤੇ ਹੀ ਡਿੱਗ ਪਈ ਹਾਂ, ਹੋਰ ਤੈਥੋਂ ਕੀ ਮੰਗਾਂ? ਹੋਰ ਤੈਨੂੰ ਕੀ ਸੁਣਾਵਾਂ ਜੋ ਤੂੰ ਸੁਣੇ। ਮੈਨੂੰ ਤਾਂ ਤੇਰੇ ਦਰਸ਼ਨਾਂ ਦੀ ਭੁੱਖ-ਪਿਆਸ ਹੈ। ਤੂੰ ਸਦਾ ਹੀ ਰਹਿਣ ਵਾਲਾ ਮਾਲਕ ਹੈਂ ਤੇ ਗੁਰੂ ਦੇ ਸ਼ਬਦ ਰਾਹੀਂ ਹੀ ਮਿਲਦਾ ਹੈ। ਇਸ ਨਾਨਕ ਦੀ ਤੇਰੇ ਅੱਗੇ ਅਰਦਾਸਿ ਹੈ ਕਿ ਗੁਰੂ ਦੇ ਰਾਹੀਂ ਮੈਨੂੰ ਭੀ ਆਪਣਾ ਮਿਲਾਪ ਦੇਹ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ: 916-687-3536*

ਸੁਰਤ ਤੇ ਸੰਗੀਤ

# ਕਲਾ ਨੂੰ ਅਮੁੱਲ ਮੰਨਦੇ ਗਮੰਤਰੀ



**ਗੁਰਬਚਨ ਸਿੰਘ ਭੁੱਲਰ**
ਫੋਨ:91-11-65736868

ਸਾਡੇ ਬਚਪਨ ਸਮੇਂ ਰਿਆਸਤਾਂ ਵਿਚ ਅਜਿਹੀਆਂ ਗੱਲਾਂ ਪਿੰਡਾਂ ਦੀਆਂ ਸੱਥਾਂ ਵਿਚ ਆਮ ਹੀ ਹੁੰਦੀਆਂ ਸਨ ਕਿ ਨਾਭਾ, ਪਟਿਆਲਾ, ਫਰੀਦਕੋਟ, ਸੰਗਰੂਰ, ਆਦਿ ਰਿਆਸਤਾਂ ਦੇ ਰਾਜੇ ਭਲਵਾਨਾਂ, ਵਿਦਵਾਨਾਂ, ਕਵੀਸ਼ਰਾਂ, ਗਵੰਤਰੀਆਂ ਤੇ ਵਜੰਤਰੀਆਂ ਦੀ ਕਦਰ, ਹੌਸਲਾ-ਅਫਜ਼ਾਈ ਤੇ ਸਾਂਭ-ਸੰਭਾਲ ਕਰਨਾ ਆਪਣਾ ਫਰਜ਼ ਸਮਝਦੇ ਸਨ। ਹੀਰਾ ਸਿੰਘ ਨਾਭਾ ਤਾਂ ਖੇਤੀ ਕਰਦੇ ਅੰਪੜ੍ਹ ਕਿਸਾਨ ਤੋਂ ਰਾਜਾ ਬਣਿਆ ਸੀ। ਲੋਕਾਂ ਲਈ ਉਹਦਾ ਹਰ ਰੋਜ਼ ਖੁੱਲ੍ਹਾ ਦਰਸ਼ਨ-ਮੇਲਾ ਸਜਦਾ। ਬਚਪਨ ਵਿਚ ਮੈਂ ਉਹਦੇ ਨਿਆਂ ਤੇ ਖੁੱਲ੍ਹੇ ਦਿਲ ਦੀਆਂ ਅਨੇਕ ਗੱਲਾਂ ਸੁਣੀਆਂ ਸਨ। ਨਾਭਾ ਰਿਆਸਤ ਵਿਚ ਉਹਦੇ ਕਿੱਸੇ-ਕਹਾਣੀਆਂ ਇਉਂ ਪ੍ਰਚਲਿਤ ਹਨ, ਜਿਵੇਂ ਪੂਰੇ ਪੰਜਾਬ ਵਿਚ ਮਹਾਰਾਜਾ ਰਣਜੀਤ ਸਿੰਘ ਦੇ। ਉਹ ਲੋਕਾਂ ਦੀਆਂ ਫਰਿਆਦਾਂ ਵੀ ਸੁਣਦਾ ਤੇ ਹਰ ਭਾਂਤ ਦੇ ਗੁਣੀਆਂ ਦਾ ਆਦਰ-ਮਾਣ ਵੀ ਕਰਦਾ। ਅਜਿਹੇ ਹੀ ਇਕ ਦਰਸ਼ਨ ਮੇਲੇ ਸਮੇਂ ਸਾਡੇ ਪਿੰਡ ਵਾਲੇ ਪਾਠੀ ਨਰਾਇਣ ਸਿੰਘ ਨੇ ਅਤੀ ਅਖੰਡ ਪਾਠ, ਭਾਵ ਇਕੱਲਿਆਂ ਅਖੰਡ ਪਾਠ ਕਰਨ ਬਾਰੇ ਦੱਸਿਆ ਸੀ ਅਤੇ ਮਹਿਲ ਵਿਚ ਰਾਜੇ ਦੀ ਹਾਜ਼ਰੀ ਵਿਚ ਨਿਰਵਿਘਨ ਸਮਾਪਤੀ ਉਪਰੰਤ ਦੋਵਾਂ ਦੀ ਨੇੜਤਾ ਬਣੀ ਸੀ, ਜਿਸ ਸਦਕਾ ਉਹਦਾ ਸਪੁੱਤਰ, ਭਾਈ ਕਾਨ੍ਹ ਸਿੰਘ ਏਨੇ ਉਚੇ ਮਰਾਤਬੇ ਨੂੰ ਪਹੁੰਚ ਸਕਿਆ। ਸਵਰਗੀ ਪ੍ਰੋ. ਕਰਮ ਸਿੰਘ ਬਠਿੰਡਾ ਰਾਜਿਆਂ ਦੇ ਦਿਲ ਵਿਚ ਗਮੰਤਰੀਆਂ ਦੀ ਕਦਰ ਅਤੇ ਸਰਪਰਸਤੀ ਦੀ ਭਾਵਨਾ ਦੀਆਂ ਅਨੇਕ ਗੱਲਾਂ ਸੁਣਾਇਆ ਕਰਦੇ ਸਨ।

ਮਹਾਰਾਜਾ ਹੀਰਾ ਸਿੰਘ ਨਾਭਾ ਗੌਣ ਸੁਣਨ ਦਾ ਬੜਾ ਸ਼ੌਕੀਨ ਸੀ। ਧਨੌਲੇ ਨੇੜਲੇ ਪਿੰਡ ਲੋਹਾਖੇੜਾ ਦਾ ਮੋਦਨ, ਜਿਸ ਨੂੰ 'ਮਾਲਵੇ ਦਾ ਤਾਨਸੈਨ' ਆਖਿਆ ਜਾਂਦਾ ਸੀ, ਉਹਦਾ ਖਾਸ ਕਿਰਪਾ-ਪਾਤਰ ਸੀ। ਜੈਤੋ ਦੇ ਇਕ ਉਤਾਰੇ ਸਮੇਂ ਮਹਾਰਾਜਾ ਮੋਦਨ ਦੇ ਚੇਲੇ, ਪਿੰਡ ਵੱਡੀ ਗੁਮਟੀ ਦੇ ਖਿੱਦੂ ਮੋਚੀ ਦਾ ਗੌਣ ਮਾਣ ਰਿਹਾ ਸੀ। "ਬੰਨ੍ਹ ਲੰਗੋਟਾ ਹੀਰ ਨੈਂ ਵਿਚ ਠਿੱਲ੍ਹ ਪਈ, ਕਰਦੀ ਜਾਂਦੀ ਮਾਹੀ ਮਾਹੀ ਮਾਹੀ" ਸੁਣ ਕੇ ਹੀਰਾ ਸਿੰਘ ਹੈਰਾਨ ਹੋਇਆ, ਗਮੰਤਰੀਆ, ਜਨਾਨੀ ਦੇ ਲੰਗੋਟ? ਖਿੱਦੂ ਕਹਿੰਦਾ, ਮਹਾਰਾਜ, ਜਤ-ਸਤ ਦਾ ਲੰਗੋਟ! ਮਹਾਰਾਜੇ ਨੇ ਖਿੱਦੂ ਦੀ ਦਲੀਲ ਤੋਂ ਖ਼ੁਸ਼ ਹੋ ਕੇ ਉਥੇ ਹੀ ਇਕ ਰੁਪਈਆ ਰੋਜ਼ਾਨਾ ਬੰਨ੍ਹ ਦਿੱਤਾ।

ਪਟਿਆਲੇ ਵਾਲੇ ਮਹਾਰਾਜਾ ਭੂਪਿੰਦਰ ਸਿੰਘ ਨੇ ਬਠਿੰਡੇ ਦੇ ਆਪਣੇ ਇਕ ਉਤਾਰੇ ਸਮੇਂ ਨਗੀਨੇ ਮਰਾਸੀ ਦੀ ਗਾਇਕੀ ਤੋਂ ਗਦਗਦ ਹੋ ਕੇ ਵੀਹ ਕਿੱਲੇ ਜ਼ਮੀਨ ਉਹਦੇ ਨਾਂ ਕਰ ਦਿੱਤੀ। ਇਹ ਉਹੋ ਨਗੀਨਾ ਸੀ ਜੀਹਨੇ ਰਾਜੇ ਲਈ ਗਾਉਣ ਵਾਸਤੇ ਬੁਲਾਉਣ ਗਏ ਜ਼ੈਲਦਾਰ ਦਸੌਂਧਾ ਸਿੰਘ ਨੂੰ ਪੁੱਛਿਆ ਸੀ, "ਜ਼ੈਲਦਾਰਾ, ਮਹਾਰਾਜੇ ਨੂੰ ਗੌਣ ਸੁਣਨਾ ਆਉਂਦਾ ਵੀ ਹੈ?" ਤੇ ਫੇਰ ਦਸੌਂਧਾ ਸਿੰਘ ਦਾ ਹਾਸਾ ਦੇਖ ਕੇ ਆਖਿਆ ਸੀ, "ਚੰਗਾ, ਦੋ ਗੱਡੇ ਕੱਕੇ ਰੇਤੇ ਦੇ ਵਿਛਵਾ ਲਿਉ, ਆਪ ਮੇਰਾ ਗੌਣ ਸੁਣਨ ਆਈ ਮਾਈ ਹੀਰ ਦੀਆਂ ਪੈੜਾਂ ਮਹਾਰਾਜੇ ਨੂੰ ਦਿਖਾਵਾਂਗੇ!"

ਮਹਾਰਾਜਾ ਸੰਗਰੂਰ ਰਘੁਬੀਰ ਸਿੰਘ ਨੇ ਢੱਡਿਆਂ ਵਾਲਾ ਵਧਾਵਾ ਮਰਾਸੀ ਦਰਬਾਰੀ ਗਮੰਤਰੀ ਰੱਖਿਆ ਹੋਇਆ ਸੀ। ਜਦੋਂ ਇੰਗਲੈਂਡ ਵਿਚ ਪਾਰਲੀਮੈਂਟ ਨੇ ਮਲਕਾ ਵਿਕਟੋਰੀਆ ਨੂੰ ਹਿੰਦੁਸਤਾਨ ਦੀ ਮਹਾਰਾਣੀ ਐਲਾਨਿਆ, ਇਸ ਐਲਾਨ ਦਾ ਜਸ਼ਨ ਦਿੱਲੀ ਵਿਚ ਇਕ ਦਰਬਾਰ ਦੇ ਰੂਪ ਵਿਚ ਮਨਾਇਆ ਗਿਆ। ਵਾਇਸਰਾਇ ਦੇ ਅਜਿਹੇ ਜਸ਼ਨਾਂ ਵਿਚ ਰਿਆਸਤੀ ਰਾਜਿਆਂ ਦਾ ਹਾਜਰੀ ਭਰਨਾ ਜ਼ਰੂਰੀ ਹੁੰਦਾ ਸੀ। ਕਹਿੰਦੇ, ਮਹਾਰਾਜਾ ਸੰਗਰੂਰ ਵਧਾਵੇ ਨੂੰ ਆਪਣੇ ਨਾਲ ਦਿੱਲੀ ਲੈ ਕੇ ਗਿਆ। ਉਥੇ ਉਹ ਉਹਦੇ ਮਹਿਮਾਨ ਰਾਜਿਆਂ, ਅਹਿਲਕਾਰਾਂ ਤੇ ਸਰਦਾਰਾਂ ਦੀਆਂ ਮਹਿਫਲਾਂ ਦਾ ਸ਼ਿੰਗਾਰ ਬਣਿਆ। ਮਹਾਰਾਜਾ ਪਟਿਆਲਾ ਵੀ ਉਹਦਾ ਕਦਰਦਾਨ ਸੀ। ਕਈ ਧਨਾਢ ਉਹਨੂੰ ਵਿਆਹ-ਸਾਹੇ ਸਮੇਂ ਬੁਲਾਉਂਦੇ। ਉਸ ਜ਼ਮਾਨੇ ਵਿਚ ਉਹਨੂੰ ਸੋਨੇ ਦੀ ਛਾਪ ਤੇ ਸਵਾ ਸੌ ਰੁਪਈਆ ਭੇਟ ਕੀਤਾ ਜਾਂਦਾ; ਸਭ ਸਾਥੀਆਂ ਨੂੰ ਚੁਤਹੀਆਂ ਤੇ ਰਸਦ ਵੱਖਰੀ।

ਫਰੀਦਕੋਟ ਦੇ ਰਾਜਿਆਂ ਦੀ ਸਿੱਧੀ ਸਰਪ੍ਰਸਤੀ ਅਤੇ ਹਾਜ਼ਰੀ ਸਦਕਾ ਦੂਰ ਦੂਰ ਤੱਕ ਮਸ਼ਹੂਰ ਹੋਏ ਉਥੋਂ ਦੇ ਦੁਸਹਿਰੇ ਵੇਲੇ ਗੌਣ ਤਾਂ ਲੱਗਣੇ ਹੀ ਹੋਏ। ਬੁਢਲਾਡੇ ਨੇੜਲੇ ਪਿੰਡ ਹਸਨਪੁਰ ਦਾ ਜੱਟ ਪਰਤਾਪਾ ਮਹਾਰਾਜੇ ਦਾ ਖਾਸ ਚਹੇਤਾ ਗਮੰਤਰੀ ਸੀ। ਜਾਂ ਫੇਰ ਰਾਊਆਲੇ ਦਾ ਰੁਲੀਆ ਮਰਾਸੀ ਉਹਦੇ ਬਰਾਬਰ ਮੜਿੱਕਦਾ। ਇਹ ਉਹੋ ਰੁਲੀਆ ਮਰਾਸੀ ਸੀ ਜੀਹਦੇ ਗਜ਼ ਨਾਲ ਹਰ ਵਜੰਤਰੀ ਵਾਂਗੂੰ ਘੁੰਗਰੂਆਂ ਦਾ ਗੁੱਛਾ ਤਾਂ ਬੰਨ੍ਹਿਆ ਹੀ ਹੁੰਦਾ, ਇਕ ਪੈਰ ਨਾਲ ਵੀ ਘੁੰਗਰੂ ਬੰਨ੍ਹੇ ਹੋਏ ਹੁੰਦੇ। ਤਾਲ ਪੂਰਾ ਹੋਣ ਸਮੇਂ ਉਹ ਗਜ਼ ਦੇ ਹੁਲਾਰੇ ਦੇ ਨਾਲ ਹੀ ਪੈਰ ਦਾ ਅਜਿਹਾ ਛਣਕਾਟਾ ਦਿੰਦਾ ਕਿ ਕੀਲੇ ਹੋਏ ਸਰੋਤੇ ਦੇਖਦੇ ਹੀ ਰਹਿ ਜਾਂਦੇ।

ਕਈ ਗਮੰਤਰੀਆਂ ਦੀ ਬੋਲ-ਬਾਣੀ ਵਿਚ ਤਾਂ ਏਨਾ ਰਸ ਹੁੰਦਾ ਤੇ ਉਨ੍ਹਾਂ ਦਾ ਏਨਾ ਨਾਂ ਹੋ ਜਾਂਦਾ ਕਿ ਉਨ੍ਹਾਂ ਨੂੰ ਇਕ ਤੋਂ ਵੱਧ ਰਾਜਿਆਂ ਦੀ ਸਰਪ੍ਰਸਤੀ ਹਾਸਲ ਹੋ ਜਾਂਦੀ। ਲੋਹਾਖੇੜੀਆ ਮੋਦਨ ਇਹੋ ਜਿਹਾ ਹੀ ਖੁਸ਼ਕਿਸਮਤ ਗਮੰਤਰੀ ਸੀ। ਉਹ ਆਪੇ ਕਲੀਆਂ ਜੋੜਦਾ ਤੇ ਆਪੇ ਗਾਉਂਦਾ। ਉਹ ਆਪਣੀ ਰਿਆਸਤ ਨਾਭਾ ਦੇ ਰਾਜੇ ਹੀਰਾ ਸਿੰਘ ਤੋਂ ਇਲਾਵਾ ਪਟਿਆਲਾ ਤੇ ਜੀਂਦ ਦੇ ਰਾਜਿਆਂ ਦੇ ਦਰਬਾਰਾਂ ਦਾ ਸ਼ਿੰਗਾਰ ਵੀ ਬਣਦਾ ਰਿਹਾ। ਅਜਿਹੇ ਲਗਭਗ ਸਾਰੇ ਗਮੰਤਰੀ ਹੀ ਉਸਤਾਦਾਂ ਤੋਂ ਲਈ ਹੋਈ ਵਿੱਦਿਆ ਅੱਗੇ ਆਪਣੇ ਸ਼ਿਸ਼ਾਂ ਦੇ ਹਵਾਲੇ ਕਰ ਦਿੰਦੇ। ਇਉਂ ਗਮੰਤਰੀਆਂ ਦੀ ਗਾਇਕੀ ਦੇ ਵੀ ਰਿਆਸਤੀ ਘਰਾਣੇ ਬਣ ਜਾਂਦੇ।

ਰਿਆਸਤਾਂ ਦੇ ਟੁੱਟਣ ਨਾਲ ਤੇ ਜਗੀਰਦਾਰੀ ਦੇ ਖਾਤਮੇ ਨਾਲ ਰਾਜਿਆਂ ਤੇ ਸਰਦਾਰੜਿਆਂ ਤੋਂ ਕਵੀਸ਼ਰਾਂ ਤੇ ਢਾਡੀਆਂ ਨੂੰ ਮਿਲਦੀ ਸਰਪ੍ਰਸਤੀ ਦਾ ਸੋਮਾ ਸੁੱਕ ਗਿਆ। ਗੀਤਾਂ ਤੇ ਮਨਪ੍ਰਚਾਵੇ ਦੇ ਨਵੇਂ ਨਵੇਂ ਸਾਧਨਾਂ ਦੀ ਆਮਦ ਤੋਂ ਇਲਾਵਾ ਇਹ ਵੀ ਇਸ ਕਲਾ ਦੇ ਨਿਵਾਣ ਵੱਲ ਜਾਣ ਦਾ ਇਕ ਕਾਰਨ ਬਣਿਆ।

ਰਾਜਿਆਂ ਤੇ ਸਰਦਾਰਾਂ ਤੋਂ ਗਮੰਤਰੀ ਭਾਵੇਂ ਕਿੰਨੀਆਂ ਵੱਡੀਆਂ ਸੁਗਾਤਾਂ, ਬਖਸ਼ਿਸ਼ਾਂ, ਖਿਲਅਤਾਂ ਤੇ ਜਾਇਦਾਦਾਂ-ਜਗੀਰਾਂ ਖੁਸ਼ੀ-ਖੁਸ਼ੀ ਲੈ ਲੈਂਦੇ, ਆਪਣੀ ਕਲਾ ਨੂੰ ਅਨਮੋਲ ਮੰਨਦਿਆਂ ਖਾੜਿਆਂ ਵਿਚ ਆਮ ਸਰੋਤੇ ਤੋਂ ਕਦਰ ਦੀ ਨਿਸ਼ਾਨੀ ਵਜੋਂ ਸਿਰਫ ਇਕ ਰੁਪਿਆ ਹੀ ਪ੍ਰਵਾਨ ਕਰਦੇ। ਇਹ ਵਿਹਾਰ ਮੈਂ ਬਚਪਨ ਵਿਚ ਕਈ ਖਾੜਿਆਂ ਵਿਚ ਅੱਖੀਂ ਦੇਖਿਆ ਹੋਇਆ ਹੈ। ਉਹ ਰੁਪਈਆ ਦੇਣ ਵਾਲੇ ਦੇ ਸ਼ੁਕਰਾਨੇ ਵਜੋਂ ਉਹੋ ਸਤਰ ਇਕ ਵਾਰ ਫੇਰ ਦੁਹਰਾਉਂਦੇ ਜਿਸ ਤੋਂ ਖੁਸ਼ ਹੋ ਕੇ ਸਰੋਤੇ ਨੇ ਰੁਪਈਆ ਦਿੱਤਾ ਹੁੰਦਾ। ਸਭ ਕਿਸਮ ਦੇ ਖਾੜਿਆਂ ਵਾਲੇ ਇਸੇ ਰੀਤ ਉਤੇ ਚਲਦੇ ਸਨ।

ਇਸ ਰੀਤ ਨੂੰ ਦਰਸਾਉਂਦਾ ਇਕ ਬੜਾ ਹੀ ਦਿਲਚਸਪ ਕਿੱਸਾ ਮੇਰੇ ਬਚਪਨ ਸਮੇਂ ਮਸ਼ਹੂਰ ਸੀ। ਖਾੜਾ ਬੰਨ੍ਹ ਕੇ ਗਾਉਂਦੀ ਕੰਚਨੀ ਨੇ ਇਕ ਥਾਂ ਬਾਂਹ ਉਲਾਰ ਕੇ ਤੇ ਸਰੋਤਿਆਂ ਦੀ ਅੱਖ ਵਿਚ ਅੱਖ ਪਾ ਕੇ ਹੇਕ ਲਾਈ, "ਤੇਰੇ ਮਨ ਕੀ ਬਾਤ ਬਤਾ ਦੂੰਗੀ!" ਮਾੜੇ ਕਰਮਾਂ ਨੂੰ ਐਨ ਉਥੇ ਇਕ ਅਜਿਹਾ ਬੰਦਾ ਬੈਠਾ ਸੀ ਜੋ ਕੁਛ ਚਿਰ ਪਹਿਲਾਂ ਧੁੱਪ ਤੋਂ ਡਰਦਾ ਖੇਤ ਵਿਚ ਬੇਰੀ ਦੀ ਛਾਂ ਵਿਚ ਹੌਲਾ ਹੋ ਕੇ ਆਇਆ ਸੀ। ਇਕ ਤਾਂ ਲੋਕ, ਭਾਵੇਂ ਕਿੰਨੀ ਵੀ ਲੂਹਵੀਂ ਧੁੱਪ ਹੋਵੇ, ਛਾਂਵੇਂ ਹੌਲੇ ਨਹੀਂ ਸਨ ਹੁੰਦੇ। ਕੀ ਪਤਾ, ਮਗਰੋਂ ਕੋਈ ਰਾਹੀ-ਪਾਂਧੀ ਦਮ ਲੈਣ ਲਈ ਉਸੇ ਛਾਂ ਵਿਚ ਆ ਬੈਠੇ! ਦੂਜੇ, ਇਉਂ ਬੈਠੇ ਨੇ ਉਹਨੇ ਬੇਰੀ ਤੋਂ ਐਨ ਸਾਹਮਣੇ ਆ ਡਿੱਗਿਆ ਬੇਰ ਚੁੱਕ ਕੇ ਮੂੰਹ ਵਿਚ ਪਾ ਲਿਆ ਸੀ। ਉਹ ਕੰਚਨੀ ਦੀ ਗੱਲ ਸੁਣ ਕੇ ਬੜਾ ਹੈਰਾਨ-ਪ੍ਰੇਸ਼ਾਨ ਹੋਇਆ ਕਿ ਇਹਨੂੰ ਕਿਵੇਂ ਪਤਾ ਲੱਗਿਆ! ਭੇਤ ਖੁੱਲ੍ਹਣ ਦੇ ਡਰੋਂ ਉਹਨੇ ਕੰਚਨੀ ਦਾ ਮੂੰਹ ਬੰਦ ਕਰਨ ਲਈ ਇਕ ਰੁਪਈਆ ਭੇਟ ਕਰ ਦਿੱਤਾ। ਉਹ ਗੇੜਾ ਦੇ ਕੇ ਆਈ ਤੇ ਨੇਮ ਅਨੁਸਾਰ ਪ੍ਰਸ਼ੰਸਾ ਦੇ ਸ਼ੁਕਰਾਨੇ ਵਜੋਂ ਉਸ ਕੋਲ ਆ ਕੇ ਦੁਹਰਾਇਆ, "ਤੇਰੇ ਮਨ ਕੀ ਬਾਤ ਬਤਾ ਦੂੰਗੀ!" ਉਹਨੇ ਫੇਰ ਰੁਪਈਆ ਦੇ ਦਿੱਤਾ ਤੇ ਉਹਨੂੰ ਰੀਤ ਅਨੁਸਾਰ ਅਗਲੇ ਗੇੜੇ ਫੇਰ ਇਹੋ ਬੋਲ ਗਾਉਣੇ ਪਏ। ਸਬੱਬ ਨਾਲ ਉਹਦੀ ਜੇਬ ਵਿਚ ਇਕ ਇਕ ਦੇ ਕਈ ਨੋਟ ਸਨ ਅਤੇ ਕੰਚਨੀ ਦੀ ਤੇ ਲੋਕਾਂ ਦੀ ਇਸ ਹੈਰਾਨੀ ਦੇ ਬਾਵਜੂਦ ਕਿ ਇਸ ਬੋਲ ਵਿਚ ਅਜਿਹੀ ਕਿਹੜੀ ਖਿੱਚ ਹੈ, ਇਹੋ ਚੱਕਰ ਚਲਦਾ ਰਿਹਾ। ਅੰਤ ਨੂੰ ਰੁਪਏ ਮੁੱਕ ਗਏ। ਨਵੇਂ ਗੇੜੇ ਆਈ ਕੰਚਨੀ ਨੇ ਅੱਕੀ ਹੋਈ ਹੋਣ ਦੇ ਬਾਵਜੂਦ ਪਿਛਲੇ ਰੁਪਏ ਦੇ ਸ਼ੁਕਰਾਨੇ ਵਜੋਂ ਫੇਰ ਗਾਇਆ, "ਤੇਰੇ ਮਨ ਕੀ ਬਾਤ ਬਤਾ ਦੂੰਗੀ!" ਖਾਲੀ ਹੋ ਗਈ ਜੇਬ ਕਾਰਨ ਉਹ ਅੱਗ-ਭਬੂਕਾ ਹੋ ਕੇ ਖੜ੍ਹਾ ਹੋਇਆ ਤੇ ਚੀਕਿਆ, "ਚੱਲ ਸਾਲੀ ਲੁਟੇਰੀ! ਛਾਂਵੇਂ ਹਾਜਤ ਬੈਠੇ ਨੇ ਬੇਰੀ ਤੋਂ ਡਿੱਗਿਆ ਬੇਰ ਹੀ ਖਾਧਾ ਸੀ ਨਾ, ਕੋਈ ਕਤਲ ਤਾਂ ਨਹੀਂ ਕਰ ਦਿੱਤਾ, ਜਾਹ ਦੱਸ ਦੇ ਸਾਰਿਆਂ ਨੂੰ!" ਸਾਰੇ ਖਾੜੇ ਵਿਚ ਹਾਸੜ ਪੈ ਗਈ।

ਪ੍ਰੋ. ਕਰਮ ਸਿੰਘ ਨੂੰ ਮੈਂ ਇਕ ਵਾਰ ਇਸ ਰੀਤ ਬਾਰੇ ਪੁੱਛਿਆ, ਤਾਂ ਉਨ੍ਹਾਂ ਨੇ ਇਹਦੇ ਮੁੱਢ ਨੂੰ ਲੋਹਾਖੇੜੀਏ ਮੋਦਨ ਨਾਲ ਹੀ ਜੋੜਿਆ ਤੇ ਬੜੀ ਦਿਲਚਸਪ ਕਹਾਣੀ ਸੁਣਾਈ। ਜੈਤੋ ਮੰਡੀ ਵਿਚ ਮੋਦਨ ਦਾ ਖਾੜਾ ਪੂਰਾ ਭਖਿਆ ਹੋਇਆ ਸੀ। ਸਰੋਤਿਆਂ ਵਿਚੋਂ ਰਾਹ ਬਣਾਉਂਦੀ ਇਕ ਮਾਈ ਅੱਗੇ ਆਈ ਤੇ ਗਲ ਵਿਚੋਂ ਲਾਹ ਕੇ ਸੋਨੇ ਦਾ ਹੱਸ ਮੋਦਨ ਦਾ ਵਾਰਨਾ ਕਰ ਕੇ ਉਹਦੀ ਸਾਰੰਗੀ ਉਤੇ ਟੰਗ ਦਿੱਤਾ। ਉਦੋਂ ਗਮੰਤਰੀਆਂ ਦੇ ਖਾੜਿਆਂ ਵਿਚ ਇਸਤਰੀਆਂ ਦੇ ਆਉਣ ਦੀ ਰੀਤ ਜਾਂ ਖੁੱਲ੍ਹ ਨਹੀਂ ਸੀ। ਪਹਿਲਾਂ ਤਾਂ ਮੋਦਨ ਇਸੇ ਗੱਲ ਤੋਂ ਹੈਰਾਨ ਹੋਇਆ। ਦੂਜੇ, ਸੋਨੇ ਦਾ ਹੱਸ ਵਾਰਨਾ! ਸਾਧਾਰਨ ਪੇਂਡੂ ਵੇਸ ਵਿਚ ਦਿਸਦੀ ਗਰੀਬੜੀ ਮਾਈ ਨੇ ਇਹ ਕੀ ਲੋਹੜਾ ਮਾਰਿਆ! ਮੋਦਨ ਦਾ ਗਜ਼ ਸਾਰੰਗੀ ਉਤੇ ਜਿਥੇ ਸੀ, ਉਥੇ ਹੀ ਥੰਮ੍ਹ ਗਿਆ ਤੇ ਪੁੱਛਿਆ, ਬੇਬੇ, ਤੂੰ ਇਹ ਕੀ ਕੌਤਕ ਵਰਤਾਇਆ?

ਮਾਈ ਬੋਲੀ, "ਵੇ ਭਾਈ ਮੋਦਨਾ, ਮੈਂ ਤਾਂ, ਸੱਚੀ ਗੱਲ ਐ, ਘਰੋਂ ਗੁੱਸੇ ਦੀ ਭਰੀ-ਭਰਾਈ ਤੇਰੇ ਨਾਲ ਲੜਨ ਆਈ ਸੀ, ਬਈ ਤੂੰ ਮੇਰੇ ਪੁੱਤ ਤੋਂ ਬਲ੍ਹਦ ਖਰੀਦਣ ਨੂੰ ਦਿੱਤੇ ਸਾਰੇ ਪੈਸੇ ਖੋਹ ਲਏ। ਮੈਂ ਰੰਡੀ ਬੁੜ੍ਹੀ ਨੇ ਇਕ ਇਕ ਕਰ ਕੇ ਦੋਜਕਾਂ ਨਾਲ ਰੁਪਈਏ ਜੋੜੇ ਸੀ। ਮੈਂ ਤਾਂ ਭਾਈ ਕਾਂਸੀ ਦੀ ਥਾਲੀ ਵਿਚ ਚਾਂਦੀ ਦਾ ਰੁਪਈਆ ਰੱਖ ਕੇ ਉਡੀਕਾਂ, ਬਈ ਘਰ ਆਏ ਨਵੇਂ ਪਸੂ ਨੂੰ ਸੁੰਘਾਊਂ, ਸਾਨੂੰ ਸੁਹੰਢਣਾ ਹੋਵੇ। ਜਦੋਂ ਮੁੰਡਾ ਖਾਲੀ ਹੱਥ ਜਾ ਵੜਿਆ, ਮੈਂ ਸੋਚਿਆ, ਕੋਈ ਬਲ੍ਹਦ ਪਸਿੰਦ ਨਹੀਂ ਆਇਆ ਹੋਣਾ। ਪਰ ਜਦੋਂ ਉਹਨੇ ਦੱਸਿਆ ਬਈ ਗੌਣ ਤੇ ਰੀਝ ਕੇ ਮੈਂ ਤਾਂ ਸਾਰੇ ਦੇ ਸਾਰੇ ਤੀਹ ਰੁਪਈਏ ਹਰੇਕ ਗੇੜੇ ਦੋ ਦੋ ਚਾਰ ਚਾਰ ਕਰ ਕੇ ਮੋਦਨ ਨੂੰ ਦੇ ਦਿੱਤੇ, ਮੈਨੂੰ ਤਾਂ ਭਾਈ ਮੋਦਨਾ, ਸੱਚੀ ਗੱਲ ਐ, ਅੱਗ ਲੱਗ ਗਈ! ਆਈ ਲੜਨ ਸੀ ਪਰ, ਵੇ ਵੀਰਾ, ਕਮਲੇ ਪੁੱਤ ਦੀ ਕਮਲੀ ਮਾਂ, ਤੇਰੇ ਬੋਲਾਂ 'ਤੇ ਐਸੀ ਰੀਝੀ, ਕੋਲੇ ਬੱਸ ਇਹੋ ਹੱਸ ਸੀ, ਇਹੋ ਤੈਥੋਂ ਵਾਰ ਦਿੱਤਾ। ਰੱਖ ਲੈ ਪੁੱਤ ਮੋਦਨਾ, ਰੱਬ ਤੇਰੇ ਕੰਠ ਵਿਚ ਹੋਰ ਮਿਠਾਸ ਭਰੇ, ਜਿਉਣ ਜੋਗਿਆ!"

ਮੋਦਨ ਦੀਆਂ ਅੱਖਾਂ ਵਗ ਤੁਰੀਆਂ। ਉਹਦੀ ਕਲਾ ਦਾ ਐਡਾ ਵੱਡਾ ਮੁੱਲ ਤਾਂ ਅੱਜ ਤੱਕ ਕੋਈ ਰਾਜਾ-ਰਾਣਾ ਨਹੀਂ ਸੀ ਪਾ ਸਕਿਆ! ਉਹਨੇ ਮਾਈ ਦੇ ਚਰਨੀਂ ਹੱਥ ਲਾਏ ਤੇ ਨਾਂਹ-ਨਾਂਹ ਕਰਦੀ ਨੂੰ ਮੱਲੋਜ਼ੋਰੀ ਹੱਸ ਤੇ ਰੁਪਈਏ ਮੋੜੇ। ਉਸੇ ਦਿਨ ਤੋਂ ਮੋਦਨ ਨੇ ਛੇ ਮਹੀਨੀਂ ਹੁੰਦੀਆਂ ਹਾੜ੍ਹੀਆਂ-ਸੌਣੀਆਂ ਦੀ ਇਕ ਫਸਲ ਵਿਚੋਂ ਇਕ ਸਰੋਤੇ ਤੋਂ ਸਿਰਫ ਇਕੋ ਵਾਰ ਇਕ ਰੁਪਈਆ ਲੈਣ ਦਾ ਪ੍ਰਣ ਕਰ ਲਿਆ ਤੇ ਦੂਜੇ ਸਭ ਗਮੰਤਰੀਆਂ ਨੂੰ ਵੀ ਇਹ ਰੀਤ ਪਾਲਣ ਦੀ ਬੇਨਤੀ ਕੀਤੀ। ਭਲੇ ਜ਼ਮਾਨੇ ਸੀ, ਸਭ ਨੇ ਆਪਣੇ ਉਤੇ ਇਹ ਇਕ ਰੁਪਏ ਦਾ ਬੰਨ੍ਹਣ ਖੁਸ਼ੀ ਖੁਸ਼ੀ ਪ੍ਰਵਾਨ ਕਰ ਲਿਆ।

ਕਹਿੰਦੇ ਨੇ, ਮੋਦਨ ਨੂੰ ਮਾਈ ਵਾਲਾ ਝੰਜੋੜਾ ਆਉਣ ਮਗਰੋਂ ਇਹ ਫੈਸਲਾ ਕਰਨ ਵਾਸਤੇ ਉਹਦੀ ਆਪਣੀ ਹੀ ਇਕ ਰਚਨਾ ਨੇ ਪ੍ਰੇਰਿਆ। ਉਹਦਾ ਨਿਹਚਾ ਸੀ ਕਿ ਗਮੰਤਰੀਆਂ ਤੇ ਕਵੀਸ਼ਰਾਂ ਵਰਗੇ ਲੋਕਾਂ ਨੂੰ ਕਲਾ ਦੀ ਦਾਤ ਬਦਲੇ ਰੱਬ ਦੀ ਸ਼ੁਕਰਗੁਜ਼ਾਰੀ ਵਿਚ ਸਾਧਾਂ-ਫਕੀਰਾਂ ਵਾਂਗੂੰ ਮਾਣ ਛੱਡ ਕੇ ਫੱਕਰਾਂ ਵਾਲਾ ਸੁਭਾਅ ਰੱਖਣਾ ਚਾਹੀਦਾ ਹੈ। ਰਾਜਾ ਗੋਪੀ ਚੰਦ ਦੀ ਵਾਰਤਾ ਉਹ ਇਉਂ ਗਾਇਆ ਕਰਦਾ ਸੀ,

ਗੋਪੀ ਚੰਦ ਨੇ ਫਕੀਰੀ ਲੈ ਲਈ,
ਟਿਲਿਓਂ ਗੋਰਖ ਦਿਓਂ ਜੀ ਥਿਆਈ।
ਫੜ ਕੇ ਕਾਸਾ ਮੰਗਣ ਤੁਰ ਪਿਆ,
ਉਹਨੇ ਘਰ ਘਰ ਅਲਖ ਜਗਾਈ।
ਜੀਹਨੇ ਆਬਦਾ ਦੁਆਰਾ ਮੰਗ ਲਿਆ,
ਸਮਝੋ ਓਸ ਨੇ ਫਕੀਰੀ ਪਾਈ।
ਪਹਿਲਾਂ ਘਰ ਦਾ ਦੁਆਰਾ ਮੰਗਿਆ,
ਖੈਰ ਪਾ ਦੇ ਧਰਮ ਦੀ ਮਾਈ।
ਸੀਲਾਂਵੰਤੀ ਨੇ ਬੋਲ ਪਛਾਣਿਆ,
ਭਰ ਕੇ ਥਾਲ ਮੋਤੀਆਂ ਦਾ ਲਿਆਈ।
ਲੈ ਵੇ ਫਕੀਰਾ, ਮੈਂ ਪੱਥਰ ਪੂਜ ਦਿਆਂ,
ਤੂੰ ਰਾਣੀ ਨੂੰ ਦਸਦੈਂ ਮਾਈ।
ਰਾਜੇ ਹੁੰਦੇ ਤਾਂ ਰਾਣੀ ਆਖਦੇ,
ਸਾਡੀ ਸਾਧਾਂ ਦੀ ਲਗਦੀ ਮਾਈ।
ਮੋਤੀ ਮੋੜ ਕੇ ਖਜ਼ਾਨੇ ਪਾ ਲੈ,
ਸਾਡੇ ਕੰਮ ਫੱਕਰਾਂ ਦੇ ਨਾ ਕਾਈ।
ਆਟਾ ਕੋਟਾ ਸੂਸੜ ਜਵਾਂ ਦਾ,
ਇਹ ਖੈਰ ਫੱਕਰਾਂ ਨੂੰ ਪਾਈਂ!

ਕਵੀਸ਼ਰ ਗੰਗਾ ਸਿੰਘ ਭੂੰਦੜ ਨੇ ਵੀ ਲਿਖਿਆ ਹੈ, "ਵਿਦਵਾਨ ਸੋਈ ਜਿਹੜਾ ਮਾਣ ਕੋ ਤਿਆਗ ਦੇਵੇ...!" ਤੀਜੇ ਗੁਰੂ ਸਾਹਿਬ ਅਮਰਦਾਸ ਜੀ ਕਮਾਲ ਦੀ ਗੱਲ ਕਹਿੰਦੇ ਹਨ ਕਿ ਹਉਮੈ ਨਾਲ ਗਾਏ ਤੋਂ ਗਾਇਕ ਦਾ ਆਪਣਾ ਮਨ ਵੀ ਅਨੰਦ ਅਨੁਭਵ ਨਹੀਂ ਕਰਦਾ, ਸਰੋਤਿਆਂ ਨੇ ਤਾਂ ਸੰਤੁਸ਼ਟ ਹੋਣਾ ਹੀ ਕੀ ਸੀ, "ਇਕਿ ਗਾਵਤ ਰਹੇ ਮਨਿ ਸਾਦੁ ਨ ਪਾਇ॥ ਹਉਮੈ ਵਿਚਿ ਗਾਵਹਿ ਬਿਰਥਾ ਜਾਇ॥" ਅਜਿਹੇ ਅਸਲੀ ਅਰਥਾਂ ਵਿਚ ਖਰੇ ਮਨੁੱਖ ਤੇ ਸੱਚੇ ਕਲਾਕਾਰ ਹੁੰਦੇ ਸਨ ਇਹ ਗਮੰਤਰੀ!

---

ਪੁਸਤਕ ਰਿਵਿਊ

# ਕਾਨਾ ਸਿੰਘ ਰਚਿਤ 'ਚਿੱਤ ਚੇਤਾ'

ਮੈਂ ਅੱਜ ਤਕ ਕਾਨਾ ਸਿੰਘ ਨੂੰ ਨਹੀਂ ਮਿਲਿਆ, ਕਿਸੇ ਸੈਮੀਨਾਰ ਜਾਂ ਕਾਨਫਰੰਸ ਵਿਚ ਵੀ ਨਹੀਂ। ਉਸ ਦੀ ਕੋਈ ਕਿਤਾਬ ਨਹੀਂ ਪੜ੍ਹੀ। ਮੇਰੇ ਕੋਲ ਜਿਹੜਾ ਪੰਜਾਬੀ ਅਖਬਾਰ ਰੋਜ਼ਾਨਾ ਆਉਂਦਾ ਹੈ, ਉਸ ਦੇ ਐਤਵਾਰੀ ਮੈਗਜ਼ੀਨ ਸੈਕਸ਼ਨ ਵਿਚ ਕਦੀ ਕਦਾਈਂ ਉਸ ਦਾ ਕੋਈ ਲੇਖ ਪੜ੍ਹਦਿਆਂ ਤਾਜ਼ਗੀ ਪ੍ਰਤੀਤ ਹੁੰਦੀ। ਕੁਝ ਕੁ ਲੇਖਕਾਂ ਦੇ ਨਾਮ ਜ਼ਿਹਨ ਵਿਚ ਦਰਜ ਹੋ ਜਾਂਦੇ ਹਨ, ਤੁਸੀਂ ਉਨ੍ਹਾਂ ਦੀ

**ਹਰਪਾਲ ਸਿੰਘ ਪੰਨੂ**
ਫੋਨ: 91-94642-51454

ਰਚਨਾ ਉਪਰ ਨਜ਼ਰ ਮਾਰਨ ਵੱਲ ਰੁਚਿਤ ਹੋ ਜਾਂਦੇ ਹੋ, ਕੁਝ ਨਾਮ ਦੇਖਣ ਸਾਰ ਅਗਲਾ ਵਰਕਾ ਖੋਲ੍ਹ ਲੈਂਦੇ ਹੋ।

ਕਾਨਾ ਸਿੰਘ ਦੀ ਲਿਖਤ ਦਾ ਕੇਂਦਰ ਪੋਠੋਹਾਰ ਹੈ, ਚਾਹੇ ਦਿੱਲੀ ਵਸੀ, ਮੁੰਬਈ ਰਹੀ, ਮੋਹਾਲੀ ਰਹਿ ਰਹੀ ਹੈ, ਜਿਥੇ ਕਾਨਾ ਸਿੰਘ ਹੈ, ਉਥੇ ਪੋਠੋਹਾਰ ਵਸਦਾ ਹੈ। ਉਸ ਦੀ ਕੋਈ ਰਚਨਾ ਅਖਬਾਰ ਵਿਚ ਪੜ੍ਹ ਕੇ ਫੋਨ ਕਰ ਦਿੱਤਾ, ਉਸ ਦੀ ਆਵਾਜ਼ ਅੱਲ੍ਹੜ ਕੁੜੀ ਦੀ ਹੈ ਜਦੋਂ ਕਿ ਮੈਨੂੰ ਪਤਾ ਹੈ, ਉਮਰ ਵਿਚ ਮੇਰੇ ਤੋਂ ਉਹ ਡੇਢ ਦਹਾਕਾ ਵੱਡੀ ਹੈ। ਉਸ ਨੇ ਮੈਨੂੰ ਦੱਸਿਆ ਕਿ ਉਹ ਮੇਰੀ ਪਾਠਕ ਹੈ ਤੇ ਉਸ ਨੂੰ ਮੇਰੀ ਲਿਖਤ ਚੰਗੀ ਲਗਦੀ ਹੈ। ਭਾਵੇਂ ਉਸ ਨੇ ਝੂਠ ਬੋਲਿਆ ਹੋਵੇ, ਮੈਂ ਖੁਸ਼ ਹੋ ਗਿਆ। ਟੈਗੋਰ ਦਸਦਾ ਹੈ, "ਕੁੜੀਆਂ ਝੂਠ ਬੋਲ ਕੇ ਮੁੰਡਿਆਂ ਨੂੰ ਖੁਸ਼ ਕਰ ਲੈਂਦੀਆਂ ਹਨ ਤੇ ਆਪ ਵੀ ਉਸ ਵਿਚੋਂ ਮਜ਼ਾ ਲੈਂਦੀਆਂ ਹਨ ਕਿ ਕਿੰਨਾ ਆਸਾਨ ਹੈ ਕਿਸੇ ਨੂੰ ਉੱਲੂ ਬਣਾਉਣਾ।"

ਉਸ ਦੇ ਬੋਲਾਂ ਅਤੇ ਲਿਖਤਾਂ ਵਿਚ ਇਕ ਸਦੀ ਪੁਰਾਣਾ ਪੋਠੋਹਾਰ ਜਿਉਂਦਾ ਵਸਦਾ ਦਿਖਾਈ ਦਿੰਦਾ ਹੈ। ਇਸ ਪੋਠੋਹਾਰ ਦੇ ਦੀਦਾਰ ਪਹਿਲੋਂ ਮੈਨੂੰ ਕਵੀ ਮੋਹਨ ਸਿੰਘ ਅਤੇ ਗਲਪਕਾਰ ਕਰਤਾਰ ਸਿੰਘ ਦੁੱਗਲ ਦੀਆਂ ਲਿਖਤਾਂ ਵਿਚੋਂ ਹੋਏ ਸਨ। ਅੰਮ੍ਰਿਤਾ ਪ੍ਰੀਤਮ ਪੋਠੋਹਾਰਨ ਸੀ, ਉਸ ਦੀ ਲਿਖਤ ਵਿਚ ਜ਼ਬਾਨ ਦਾ ਇਹ ਰੰਗ ਗਾਇਬ ਹੈ। ਕਾਨਾ ਸਿੰਘ ਦੀ ਮਾਂ ਉਨ੍ਹਾਂ ਲੋਕਾਂ ਨੂੰ ਫਟਕਾਰਦੀ ਹੈ ਜਿਹੜੇ ਬੋਲੀ ਬਦਲ ਲੈਣ।

ਮੇਰੀ ਮਾਂ ਅਤੇ ਦਾਦੀ ਹਰਿਆਣਾ ਤੋਂ ਸਨ। ਨਾਨਕਿਆਂ ਤੋਂ ਕੋਈ ਆਉਂਦਾ, ਮਾਂ ਉਸ ਨਾਲ ਬਾਂਗਰੂ ਬੋਲੀ ਬੋਲਦੀ, ਸਾਡੇ ਨਾਲ ਮਲਵਈ ਪੰਜਾਬੀ। ਦਾਦੀ ਨੇ ਸਾਰੀ ਉਮਰ ਪੰਜਾਬੀ ਨਹੀਂ ਬੋਲੀ, ਕਦੀ ਕਦੀ ਕਿਹਾ ਕਰਦੀ, ਥਾਰੀ ਮਾਂ ਸਿਆਣੀ ਐ, ਚੰਗੀ ਐ ਪਰ ਜੌਣਸਾ ਅਪਣੀ ਬੋਲੀ ਛੋੜ ਦੇਹ ਅਹੁ ਬੇਤਬਾਰਾ ਹੋਇਆ ਕਰੈ, ਚੰਗਪਣੇ ਦਾ ਕੇ ਕਰਨਾ ਫੇਰ?

ਇਹ ਰਜਿਆ ਪੁਜਿਆ, ਸੰਯੁਕਤ ਪਰਿਵਾਰ ਘੁੱਗ ਵਸਦਾ ਸੀ ਜਦੋਂ ਸੰਤਾਲੀ ਦੇ ਹੱਲੇ ਸ਼ੁਰੂ ਹੋ ਗਏ। ਮਾਂ ਮੰਨਦੀ ਹੀ ਨਹੀਂ ਸੀ ਕਿ ਉਜੜਨਾ ਪਵੇਗਾ, ਆਖਦੀ, ਰਾਜ ਬਦਲਨੇ ਹੀ ਆਏ ਨੇ। ਕਦੇ ਪਰਜਾ ਵੀ ਬਦਲੀ? ਇਹ ਦਰਦਨਾਕ ਭਾਣਾ ਵਾਪਰਿਆ, ਬੰਦਾ ਕਿਵੇਂ ਜੱਲਾਦ ਹੋ ਕੇ ਬੰਦੇ ਨੂੰ ਟੱਕਰਿਆ, 1947 ਦਾ ਘੱਲੂਘਾਰਾ ਆਦਮੀ ਦੀ




ਦਰਿੰਦਗੀ ਦਾ ਕੌੜਾ ਸੱਚ ਹੈ। ਸਿੱਖ ਨੂੰ ਸਿੱਖੀ ਭੁੱਲ ਗਈ ਤੇ ਮੁਸਲਮਾਨ ਨੂੰ ਇਸਲਾਮ। ਪਰ ਇਹ ਪਰਿਵਾਰ ਏਨਾ ਕੁ ਖੁਸ਼ਕਿਸਮਤ ਨਿਕਲਿਆ ਕਿ ਜਾਇਦਾਦਾਂ ਜਾਂਦੀਆਂ ਰਹੀਆਂ ਪਰ ਜਾਨਾਂ ਬਚ ਗਈਆਂ। ਕਿਵੇਂ ਰੇਹੜੀ ਲਾ ਕੇ ਫੇਰੀ ਪਾ ਕੇ ਨਿਕੀਆਂ ਮੋਟੀਆਂ ਵਸਤਾਂ ਨਾਲ ਰੁਜ਼ਗਾਰ ਤੋਰਿਆ, ਇਹ ਪੜ੍ਹਦਿਆਂ ਉਦਾਸੀ ਨਹੀਂ ਹੁੰਦੀ, ਹੌਸਲਾ ਬਣਦਾ ਹੈ, ਆਤਮ ਵਿਸ਼ਵਾਸ ਬਝਦਾ ਹੈ।

ਬੇਸ਼ਕ ਕਾਨਾ ਸਿੰਘ ਦਾ ਭੂਤ, ਵਰਤਮਾਨ ਸ਼ਹਿਰੀ ਹੈ ਪਰ ਉਹ ਦੂਰ-ਦਰਾਡੇ ਦੇ ਪਿੰਡਾਂ, ਖੇਤ ਖਲਿਹਾਨਾ, ਬਾਗਾਂ, ਚਿੜੀਆਂ, ਕਾਂਵਾਂ, ਪਸ਼ੂਆਂ ਤੋਂ ਦੂਰ ਨਹੀਂ। ਉਹ ਸਵਾਲ ਕਰਦੀ ਹੈ, ਪੰਛੀ ਆਹਲਣਿਆਂ ਵਿਚ ਪਹਿਲੋਂ ਆਪਣੇ ਬੋਟਾਂ ਨੂੰ ਪਾਲਦੇ ਹਨ, ਫਿਰ ਉਡਣ ਲਈ ਉਤਸ਼ਾਹਿਤ ਕਰਦੇ ਹਨ, ਫਿਰ ਆਪਣੀ ਹਿਫਾਜ਼ਤ ਵਿਚ ਦੂਰ ਉਡ ਜਾਣ ਲਈ ਕਹਿੰਦੇ ਹਨ। ਮਨੁਖ ਆਪਣੇ ਬੱਚਿਆਂ ਤੋਂ ਵਿਛੜ ਕੇ ਉਦਾਸ ਹੁੰਦਾ ਹੈ, ਪਰ ਪੰਛੀ ਉਵੇਂ ਦੇ ਉਵੇਂ ਚਹਿਕਦੇ ਫਿਰਦੇ ਹਨ। ਇਥੇ ਕਾਨਾ ਸਿੰਘ ਨੂੰ ਮੈਂ ਦਸ ਦਿਆਂ ਕਿ ਮੈਂ ਵੀ ਪੰਛੀਆਂ ਨੂੰ ਗਹੁ ਨਾਲ ਦੇਖਦਾ ਰਿਹਾ ਹਾਂ। ਚਿੜੀਆਂ ਆਪਣੇ ਬੱਚਿਆਂ ਕੋਲੋਂ ਉਡ ਕੇ ਗਾਉਂਦੀਆਂ ਗਾਉਂਦੀਆਂ ਚੋਗਾ ਚੁਗਣ ਜਾਂਦੀਆਂ ਹਨ ਤੇ ਵਾਪਸੀ ਵੇਲੇ ਵੀ ਗਾਉਂਦੀਆਂ ਆਉਂਦੀਆਂ ਹਨ। ਜਦੋਂ ਉਨ੍ਹਾਂ ਦੇ ਬੋਟ ਉਡਾਰ ਹੋ ਕੇ ਚਲੇ ਜਾਂਦੇ ਹਨ, ਤਦ ਚਿੜੀਆਂ ਖਾਮੋਸ਼ ਬੈਠੀਆਂ ਰਹਿੰਦੀਆਂ ਹਨ, ਗੀਤ ਨਹੀਂ ਗਾਉਂਦੀਆਂ।

ਮੈਂ ਚੰਗੀ ਰਚਨਾ ਉਸ ਨੂੰ ਸਮਝਦਾ ਹਾਂ ਜਿਸ ਨੂੰ ਪੜ੍ਹਦਿਆਂ ਤੁਹਾਨੂੰ ਹੋਰ ਚੰਗੀਆਂ ਚੀਜ਼ਾਂ ਯਾਦ ਆਉਣ। ਗਿਆਨ ਪ੍ਰਕਾਸ਼ ਵਿਵੇਕ ਨੇ ਹਿੰਦੀ ਵਿਚ ਆਪਣੇ ਪਿੰਡ ਉਪਰ ਲੇਖ ਲਿਖਿਆ ਹੈ, ਏਕ ਨਗਰ ਕਾ ਚਿਹਰਾ। ਇਸ ਵਿਚੋਂ ਕੁਝ ਸੁੰਦਰ ਵਾਕ ਯਾਦ ਹੋ ਗਏ ਹਨ, "ਪਿੰਡ ਅਜੇ ਵਸਿਆ ਨਹੀਂ ਸੀ, ਧੁੱਪਾਂ ਤੇ ਹਵਾਵਾਂ ਪਹਿਲਾਂ ਆ ਵਸੀਆਂ। ਹਵਾਵਾਂ ਨੇ ਹੋਰ ਹੀ ਕੰਮ ਫੜ ਲਿਆ। ਉਹ ਦੀਵਿਆਂ ਨਾਲ ਲੁਕਣ ਮੀਚੀ ਖੇਡਣ ਲੱਗ ਪਈਆਂ। ਕਦੀ ਕਦੀ ਮੇਰਾ ਪਿੰਡ ਮੈਨੂੰ ਉਦਾਸ ਲਗਦਾ। ਜਿਵੇਂ ਬਣਵਾਸ ਭੋਗਦਾ ਹੋਇਆ ਰਾਜਾ ਰਾਮ ਚੰਦਰ। ਮੇਰੇ ਪਿੰਡ ਦੇ ਦੁਆਲੇ ਤਲਾਬ ਬਹੁਤ ਹਨ। ਰੱਬ ਨੇ ਜਿਵੇਂ ਪਾਣੀ ਦੇ ਸਿੱਕੇ ਖਿਲਾਰ ਦਿਤੇ ਹੋਣ।"

ਬੱਚਿਆਂ ਦੀ ਹੌਸਲਾ ਅਫਜ਼ਾਈ ਕਿਵੇਂ ਕਰਨੀ ਹੈ, ਕਾਨਾ ਸਿੰਘ ਦੇ ਵੱਡੇ ਭਰਾ ਤੋਂ ਸਿਖੋ। ਉਹ ਬਚਪਨ ਵਿਚ ਬਿਮਾਰ ਹੋ ਗਈ, ਮਹੀਨਿਆਂ ਬੱਧੀ। ਭਰਾ ਨੂੰ ਪੁੱਛਦੀ ਹੈ, ਆਖਰ ਮੇਰੇ ਨਾਲ ਹੀ ਇੰਜ ਕਿਉਂ? ਭਰਾ ਆਖਦਾ ਹੈ, ਚੰਗੇ ਅਤੇ ਨੇਕ ਬੰਦਿਆਂ ਕੀ ਹੋਰਨਾਂ ਨਾਲੋਂ ਵੱਧ ਤਕਲੀਫਾਂ ਸਹਾਰਨੀਆਂ ਪੈਨੀਆਂ ਨੁ। ਤੂੰ ਚੰਗੀ ਏਂ ਨਾ, ਇਸੇ ਕਰਕੇ। ਇਹ ਪੜ੍ਹ ਕੇ ਮੈਨੂੰ ਬਾਬਾ ਬੰਦਾ ਸਿੰਘ ਯਾਦ ਆਏ। ਸ਼ਹਾਦਤ ਵਕਤ ਉਨ੍ਹਾਂ ਨੂੰ ਤਸੀਹੇ ਦਿੰਦਿਆਂ ਪ੍ਰਧਾਨ ਮੰਤਰੀ ਮੁਨੀਮ ਖਾਨ ਨੇ ਪੁੱਛਿਆ, ਤੂੰ ਆਖਦਾ

*(ਬਾਕੀ ਸਫਾ 31 'ਤੇ)*

# ਆਫੀਆ ਸਦੀਕੀ ਦਾ ਜਹਾਦ

ਕਿਸ਼ਤ ਵੀਹਵੀਂ



1972 ਵਿਚ ਪਾਕਿਸਤਾਨ 'ਚ ਜਨਮੀ ਆਫੀਆ ਸਦੀਕੀ ਦੀ ਕਹਾਣੀ ਰੌਂਗਟੇ ਖੜ੍ਹੇ ਕਰਨ ਵਾਲੀ ਹੈ। ਅਮਰੀਕਾ ਵਿਚ ਪੜ੍ਹੀ ਇਹ ਹੋਣਕਾਰ ਕੁੜੀ ਪਹਿਲਾਂ ਡਾਕਟਰ, ਤੇ ਫਿਰ ਜਹਾਦੀ ਬਣੀ। ਆਫੀਆ ਦੀ ਇਹ ਕਹਾਣੀ ਅਸਲ ਵਿਚ ਉਸ ਪੀੜ੍ਹੀ ਦੀ ਹੋਣੀ ਦਾ ਬਿਆਨ ਹੈ ਜੋ ਜਹਾਦ ਦੇ ਨਾਂ ਹੇਠ ਰਣ-ਮੈਦਾਨ ਵਿਚ ਕੁੱਦ ਪਏ ਪਰ ਕਿਸੇ ਤਣ-ਪੱਤਣ ਨਾ ਲੱਗ ਸਕੇ।

## ਤੁਸੀਂ ਪੜ੍ਹ ਚੁੱਕੇ ਹੋ...

*ਪਾਕਿਸਤਾਨ 'ਚ ਆਫੀਆ ਦੀ ਮਾਂ ਇਸਮਤ ਜਹਾਨ, ਮਜ਼ਹਬੀ ਤਾਲੀਮ ਦੇ ਖੇਤਰ ਦੀ ਉਘੀ ਸ਼ਖਸੀਅਤ ਸੀ। ਇਸ ਮਜ਼ਹਬੀ ਤਾਲੀਮ ਦਾ ਆਫੀਆ ਉਤੇ ਬਹੁਤ ਗੂੜ੍ਹਾ ਰੰਗ ਚੜ੍ਹਿਆ। ਆਲੇ-ਦੁਆਲੇ ਦੇ ਮਾਹੌਲ ਨੇ ਵੀ ਅਸਰ ਪਾਇਆ। ਆਫੀਆ ਦੇ ਪਰਿਵਾਰ ਦਾ 'ਜਹਾਦੀ' ਜਨਰਲ ਜ਼ਿਆ-ਉਲ-ਹੱਕ ਅਤੇ ਹੋਰ ਕਹਿੰਦੇ-ਕਹਾਉਂਦੇ ਪਰਿਵਾਰਾਂ ਨਾਲ ਰਾਬਤਾ ਸੀ। ਫਿਰ ਉਹ ਪੜ੍ਹਾਈ ਲਈ ਅਮਰੀਕਾ ਪੁੱਜ ਗਈ। ਆਪਣੇ ਭਰਾ ਅਲੀ ਕੋਲ ਆਉਂਦੇ ਉਸ ਦੇ ਦੋਸਤਾਂ ਨਾਲ ਉਹ ਅਕਸਰ ਇਸਲਾਮ ਬਾਰੇ ਬਹਿਸਾਂ ਕਰਦੀ ਤੇ ਹਰ ਗੱਲ ਮਜ਼ਹਬ ਦੇ ਪ੍ਰਸੰਗ ਵਿਚ ਹੁੰਦੀ। ਇਸਲਾਮ ਉਸ ਨੂੰ ਦੁਨੀਆਂ ਦਾ ਨਿਆਰਾ ਅਤੇ ਬਿਹਤਰ ਮਜ਼ਹਬ ਜਾਪਦਾ। ਇਸੇ ਜੋਸ਼ ਵਿਚ ਉਹ ਦੂਜੇ ਮਜ਼ਹਬਾਂ ਦੀ ਕਦਰ ਕਰਨਾ ਵੀ ਭੁੱਲ ਜਾਂਦੀ। ਉਸ ਦੀ ਲੋਚਾ ਸੰਸਾਰ ਉਤੇ ਇਸਲਾਮ ਦਾ ਬੋਲਬਾਲਾ ਸੀ। ਉਹ ਬੋਸਟਨ ਦੀ ਮੈਸਾਚੂਸੈਟਸ ਇੰਸੀਚਿਊਟ ਆਫ ਟੈਕਨਾਲੋਜੀ ਵਿਚ ਦਾਖਲ ਹੋਈ ਤਾਂ ਉਸ ਦਾ ਸੰਪਰਕ ਮੁਸਲਿਮ ਸਟੂਡੈਂਟਸ ਐਸੋਸੀਏਸ਼ਨ ਨਾਲ ਹੋਇਆ ਤੇ ਫਿਰ ਜਹਾਦੀਆਂ ਨਾਲ ਜਿਨ੍ਹਾਂ ਦਾ ਨਾਅਰਾ ਵੱਧ ਤੋਂ ਵੱਧ ਕਾਫਰ ਮਾਰਨ ਦਾ ਸੀ। 1993 ਦੀਆਂ ਛੁੱਟੀਆਂ ਵਿਚ ਆਫੀਆ ਪਾਕਿਸਤਾਨ ਗਈ ਅਤੇ ਤਕਰੀਰਾਂ ਕੀਤੀਆਂ। ਵਾਪਸੀ ਵੇਲੇ ਉਹ ਅਤਿਅੰਤ ਊਰਜਾ ਨਾਲ ਭਰੀ ਪਈ ਸੀ। ਉਹ ਜਹਾਦ ਨਾਲ ਹੋਰ ਡੂੰਘਾ ਜੁੜ ਗਈ। ਘਰਵਾਲਿਆਂ ਦੇ ਕਹਿਣ 'ਤੇ ਉਸ ਦਾ ਨਿਕਾਹ ਅਹਿਮਦ ਮੁਹੰਮਦ ਖਾਨ ਨਾਲ ਪੜ੍ਹਿਆ ਗਿਆ। ਫਿਰ 9/11 ਵਾਲਾ ਭਾਣਾ ਵਰਤ ਗਿਆ। ਜਹਾਦ ਦੇ ਮਾਮਲੇ ਬਾਰੇ ਦੋਹਾਂ ਵਿਚਕਾਰ ਪਾੜਾ ਲਗਾਤਾਰ ਵਧਣ ਲੱਗ ਪਿਆ ਤੇ ਆਖਰਕਾਰ ਦੋਵੇਂ ਵੱਖ ਹੋ ਗਏ। ਅਮਜਦ ਖਾਨ ਨੇ ਇਕ ਹੋਰ ਕੁੜੀ ਨਾਲ ਨਿਕਾਹ ਕਰਵਾ ਲਿਆ। ਫਿਰ ਵਾਪਸ ਪਾਕਿਸਤਾਨ ਪੁੱਜੀ ਆਫੀਆ ਦਾ ਸਿੱਧਾ ਸੰਪਰਕ ਅਲ-ਕਾਇਦਾ ਦੇ ਅਹਿਮ ਬੰਦਿਆਂ ਨਾਲ ਹੋ ਗਿਆ। ਇਹ ਬੰਦੇ ਅਮਰੀਕਾ ਵਿਚ ਦੂਜੇ ਵੱਡੇ ਹਮਲੇ ਦੀ ਤਿਆਰੀ ਕਰ ਰਹੇ ਸਨ ਕਿ ਐਫ.ਬੀ.ਆਈ. ਨੇ ਸਾਰੀ ਸੂਹ ਕੱਢ ਲਈ। 9/11 ਹਮਲਿਆਂ ਦੇ ਸੂਤਰਧਾਰ ਖਾਲਿਦ ਸ਼ੇਖ ਮੁਹੰਮਦ ਫੜਿਆ ਗਿਆ। ਹੋਰ ਗ੍ਰਿਫਤਾਰੀਆਂ ਵੀ ਹੋਈਆਂ, ਪਰ ਆਫੀਆ ਘਰੋਂ ਫਰਾਰ ਹੋ ਗਈ। ਫਿਰ ਉਸ ਦੇ ਫੜੇ ਜਾਣ ਦੀ ਖਬਰ ਆ ਗਈ...ਹੁਣ ਅੱਗੇ ਪੜ੍ਹੋ...*

ਸਭ ਨੂੰ ਲੱਗਦਾ ਸੀ ਕਿ ਜੇ ਆਫੀਆ ਆਪਣੇ ਵਕੀਲਾਂ ਦਾ ਕਿਹਾ ਮੰਨ ਲਵੇ ਤਾਂ ਉਹ ਇਸ ਕੇਸ 'ਚੋਂ ਬਰੀ ਹੋ ਸਕਦੀ ਹੈ, ਪਰ ਉਹ ਤਾਂ ਕੇਸ ਨੂੰ ਠੀਕ ਢੰਗ ਨਾਲ ਚੱਲਣ ਹੀ ਨਹੀਂ ਸੀ ਦਿੰਦੀ। ਉਸ ਦੇ ਵਕੀਲ ਉਸ ਨੂੰ ਕੁਝ ਵੀ ਕਹੀ ਜਾਂਦੇ, ਪਰ ਉਨ੍ਹਾਂ ਦੀ ਗੱਲ 'ਤੇ ਕੰਨ ਨਹੀਂ ਸੀ ਧਰਦੀ। ਆਫੀਆ ਨੂੰ ਉਸ ਦੇ ਆਪਣਿਆਂ ਨੇ ਵੀ ਸਮਝਾਇਆ ਕਿ ਉਹ ਵਕੀਲਾਂ ਦਾ ਕਿਹਾ ਮੰਨੇ, ਪਰ ਉਸ ਨੇ ਕਿਸੇ ਦੀ ਗੱਲ ਨਾ ਸੁਣੀ। ਵੱਡੀ ਗੱਲ ਇਹ ਵੀ ਸੀ ਕਿ ਉਸ



ਹਰਮਹਿੰਦਰ ਚਹਿਲ
ਫੋਨ: 703-362-3239
e-mail: chahals57@yahoo.com

ਉਪਰ ਅਤਿਵਾਦ ਦੇ ਦੋਸ਼ ਨਹੀਂ ਲੱਗੇ ਸਨ। ਸਿਆਣੇ ਵਕੀਲ ਸਮਝਦੇ ਸਨ ਕਿ ਜੇ ਸਰਕਾਰ ਉਸ 'ਤੇ ਅਤਿਵਾਦ ਦੇ ਦੋਸ਼ ਲਾ ਦਿੰਦੀ ਹੈ ਤਾਂ ਗਵਾਹਾਂ ਨੂੰ ਕੋਰਟ ਵਿਚ ਪੇਸ਼ ਕਰਨਾ ਪਊ। ਗਵਾਹ ਵੀ ਕੋਈ ਆਮ ਨਹੀਂ ਸਨ। ਇਨ੍ਹਾਂ ਵਿਚ ਖਾਲਿਦ ਸ਼ੇਖ ਮੁਹੰਮਦ (ਕੇ.ਐਸ.ਐਮ.) ਵਰਗੇ ਮੋਢੀ ਅਲ-ਕਾਇਦਾ ਮੈਂਬਰ ਸਨ। ਉਨ੍ਹਾਂ ਲੋਕਾਂ ਕੋਲ ਬਹੁਤ ਸਾਰੇ ਭੇਤ ਸਨ। ਉਨ੍ਹਾਂ ਨੂੰ ਅਦਾਲਤਾਂ 'ਚ ਪੇਸ਼ ਕਰ ਕੇ ਸਰਕਾਰ ਇਨ੍ਹਾਂ ਭੇਤਾਂ ਦੇ ਖੁੱਲ੍ਹਣ ਦਾ ਖਤਰਾ ਮੁੱਲ ਨਹੀਂ ਲੈ ਸਕਦੀ ਸੀ। ਇਸ ਤੋਂ ਇਲਾਵਾ ਇਹ ਦਹਿਸ਼ਤਪਸੰਦ ਅਜੇ ਤੱਕ ਗੁਪਤ ਜੇਲ੍ਹਾਂ 'ਚ ਕਿਧਰੇ ਕੈਦ ਸਨ। ਇਨ੍ਹਾਂ ਸਾਰੀਆਂ ਗੱਲਾਂ ਤੋਂ ਬਚਣ ਲਈ ਸਰਕਾਰ ਨੇ ਆਫੀਆ 'ਤੇ ਅਤਿਵਾਦ ਦੇ ਦੋਸ਼ ਨਹੀਂ ਲਗਾਏ ਸਨ। ਵਕੀਲਾਂ ਮੁਤਾਬਕ, ਉਸ ਉਤੇ ਜੋ ਵੀ ਚਾਰਜ ਲੱਗੇ ਹਨ, ਉਨ੍ਹਾਂ ਨੂੰ ਉਹ ਸਹਿਜੇ ਹੀ ਉਡਾ ਦੇਣਗੇ। ਇਹ ਵਕੀਲ ਕੋਈ ਆਮ ਵਕੀਲ ਨਹੀਂ ਸਨ। ਆਫੀਆ ਦੇ ਭਰਾ ਨੇ ਪਾਕਿਸਤਾਨ ਸਰਕਾਰ ਤੋਂ ਮਿਲੀ, ਦੋ ਮਿਲੀਅਨ ਡਾਲਰ ਦੀ ਮਦਦ ਨਾਲ ਬੜੇ ਉਚ ਕੋਟੀ ਦੇ ਵਕੀਲਾਂ ਦੀ ਟੀਮ ਖੜ੍ਹੀ ਕੀਤੀ ਸੀ, ਪਰ ਆਫੀਆ ਵਕੀਲਾਂ ਦਾ ਕਿਹਾ ਘੱਟ ਹੀ ਮੰਨ ਰਹੀ ਸੀ। ਆਖਰ ਉਸ ਦੇ ਵਕੀਲਾਂ ਨੇ ਆਫੀਆ ਦੇ ਭਰਾ ਨੂੰ ਸਲਾਹ-ਮਸ਼ਵਰੇ ਲਈ ਬੁਲਾਇਆ।

"ਮਿਸਟਰ ਸਦੀਕੀ, ਅਸੀਂ ਇਹ ਕੇਸ ਖਾਸ ਢੰਗ ਨਾਲ ਲੜਨ ਦੀ ਸਕੀਮ ਬਣਾਈ ਐ। ਉਸ ਬਾਬਤ ਈ ਤੇਰੇ ਨਾਲ ਗੱਲਬਾਤ ਕਰਨੀ ਐ।" ਆਫੀਆ ਦਾ ਭਰਾ ਆਇਆ ਤਾਂ ਮੋਢੀ ਵਕੀਲ ਨੇ ਗੱਲ ਤੋਰੀ।

"ਸਰ, ਉਹ ਕੀ?"

"ਗੱਲ ਤਾਂ ਬੜੀ ਸਾਦੀ ਜਿਹੀ ਐ, ਪਰ ਇਸ ਦੇ ਲਈ ਆਫੀਆ ਨੂੰ ਸਾਨੂੰ ਪੂਰਾ ਸਹਿਯੋਗ ਦੇਣਾ ਪਵੇਗਾ।"

"ਤੁਸੀਂ ਦੱਸੋ ਤਾਂ ਸਹੀ ਕਿ ਗੱਲ ਕੀ ਐ। ਉਸ ਨਾਲ ਮੈਂ ਗੱਲ ਕਰਾਂਗਾ।"

"ਅਸੀਂ ਜੱਜ ਨੂੰ ਬੇਨਤੀ ਕਰਾਂਗੇ ਕਿ ਸਾਡਾ ਕਲਾਇੰਟ ਕੋਰਟ 'ਚ ਬਿਲਕੁਲ ਚੁੱਪ ਰਹੇਗਾ। ਚੁੱਪ ਰਹਿਣਾ ਉਸ ਦਾ ਹੱਕ ਵੀ ਐ ਅਤੇ ਜੱਜ ਇਹ ਗੱਲ ਮੰਨ ਵੀ ਲਵੇਗਾ।"

"ਫਿਰ?"

"ਇਸ ਪਿੱਛੋਂ ਆਫੀਆ ਸਾਰੀ ਸੁਣਵਾਈ ਦੌਰਾਨ ਚੁੱਪ ਰਹੇਗੀ। ਸਰਕਾਰੀ ਵਕੀਲ ਵੀ ਉਸ ਨੂੰ ਕੋਈ ਸੁਆਲ ਨਹੀਂ ਕਰ ਸਕੇਗਾ। ਸਾਡੀ ਵਿਉਂਤ ਇਹ ਐ ਕਿ ਸਰਕਾਰ ਦੇ ਲਾਏ ਇਲਜ਼ਾਮਾਂ 'ਚੋਂ ਕਿਸੇ ਇੱਕ ਨੂੰ ਝੂਠਾ ਸਾਬਤ ਕਰ ਦੇਈਏ। ਇਹ ਕੋਈ ਵੱਡੀ ਗੱਲ ਨ੍ਹੀਂ, ਕਿਉਂਕਿ ਸਬੂਤਾਂ 'ਚ ਬਹੁਤ ਕਮਜ਼ੋਰੀਆਂ ਨੇ। ਸਾਡੇ ਇਸ ਤਰ੍ਹਾਂ ਕਰਨ ਨਾਲ ਇੱਕ ਅੱਧ ਜਿਊਰਰ ਦੇ ਮਨ 'ਚ ਇਹ ਗੱਲ ਜ਼ਰੂਰ ਆ ਜਾਏਗੀ ਕਿ ਸਰਕਾਰ ਨੇ ਝੂਠਾ ਕੇਸ ਤਿਆਰ ਕੀਤਾ ਐ।"

"ਇਸ ਨਾਲ ਕੀ ਹੋਊ?" ਆਫੀਆ ਦੇ ਭਰਾ ਨੂੰ ਅਜੇ ਵੀ ਗੱਲ ਦੀ ਸਮਝ ਨਾ ਲੱਗੀ।

"ਇਸ ਨਾਲ ਜਿਊਰੀ ਦਾ ਫੈਸਲਾ 'ਹੰਗ ਜਿਊਰੀ' ਹੋ ਜਾਊ ਤੇ ਕੇਸ ਖਤਮ ਹੋ ਜਾਏਗਾ। ਇੰਜ ਆਫੀਆ ਕੇਸ 'ਚੋਂ ਬਰੀ ਹੋ ਜਾਏਗੀ।"

"ਹੰਗ ਜਿਊਰੀ ਮਤਲਬ?"

"ਮਿਸਟਰ ਸਦੀਕੀ, ਜਿਊਰੀ ਜੋ ਵੀ ਫੈਸਲਾ ਕਰਦੀ ਐ, ਉਹ ਸਰਬਸੰਮਤੀ ਨਾਲ ਹੋਣਾ ਚਾਹੀਦਾ ਐ। ਜੇ ਇੱਕ ਵੀ ਜਿਊਰੀ ਮੈਂਬਰ ਫੈਸਲੇ ਨਾਲ ਅਸਹਿਮਤੀ ਪ੍ਰਗਟ ਕਰ ਦੇਵੇ ਤਾਂ ਉਸ ਨੂੰ ਹੰਗ ਜਿਊਰੀ ਕਿਹਾ ਜਾਂਦਾ ਐ। ਜੇ ਹੰਗ ਜਿਊਰੀ ਹੋ ਜਾਵੇ ਤਾਂ ਕੇਸ ਉਥੇ ਹੀ ਖਤਮ ਹੋ ਜਾਂਦਾ ਐ ਤੇ ਮੁਲਜ਼ਮ ਬਰੀ ਹੋ ਜਾਂਦਾ ਐ।"

"ਅੱਛਾ ਅੱਛਾ ਇਹ ਗੱਲ ਐ। ਮੈਂ ਪੂਰੀ ਗੱਲ ਸਮਝ ਗਿਆਂ।" ਆਫੀਆ ਦੇ ਭਰਾ ਨੂੰ ਲੱਗਿਆ ਕਿ ਵਕੀਲ ਵਾਕਿਆ ਹੀ ਬਹੁਤ ਚੰਗਾ ਰਸਤਾ ਚੁਣ ਰਹੇ ਹਨ।

"ਬੱਸ ਇਸ ਦੇ ਲਈ ਜ਼ਰੂਰੀ ਐ ਕਿ ਆਫੀਆ ਕੇਸ ਦੀ ਸਾਰੀ ਸੁਣਵਾਈ ਦੌਰਾਨ ਬਿਲਕੁਲ ਖਾਮੋਸ਼ ਰਹੇ। ਸਾਡੀ ਹਰ ਗੱਲ ਮੰਨੇ।"

ਆਫੀਆ ਦੇ ਭਰਾ ਨੇ ਵਕੀਲਾਂ ਨੂੰ ਭਰੋਸਾ ਦਿਵਾਇਆ ਕਿ ਉਹ ਆਫੀਆ ਨੂੰ ਮਿਲ ਕੇ ਸਾਰੀ ਗੱਲ ਸਮਝਾ ਦੇਵੇਗਾ। ਇਸ ਦੇ ਅਗਲੇ ਹੀ ਦਿਨ ਉਹ ਆਫੀਆ ਨਾਲ ਮੁਲਾਕਾਤ ਕਰਨ ਜੇਲ੍ਹ ਪਹੁੰਚਿਆ। ਆਫੀਆ ਨੂੰ ਲਿਆ ਕੇ ਉਸ ਦੇ ਕੋਲ ਬਿਠਾ ਦਿੱਤਾ ਗਿਆ। ਆਫੀਆ ਵੱਲ ਵੇਖਦਿਆਂ ਮੁਹੰਮਦ ਦਾ ਦਿਲ ਭਰ ਆਇਆ, ਪਰ ਉਸ ਨੇ ਆਪਣੇ ਆਪ 'ਤੇ ਜ਼ਬਤ ਰੱਖਿਆ ਤੇ ਵਕੀਲਾਂ ਨਾਲ ਹੋਈ ਗੱਲਬਾਤ ਦੱਸੀ। ਉਸ ਦੀ ਗੱਲ ਦਾ ਜੁਆਬ ਦੇਣ ਦੀ ਬਜਾਇ ਆਫੀਆ ਉਸ ਨੂੰ ਜਹਾਦ ਬਾਰੇ ਭਾਸ਼ਣ ਦੇਣ ਲੱਗ ਪਈ। ਬੜੀਆਂ ਕੋਸ਼ਿਸ਼ਾਂ ਨਾਲ ਮੁਹੰਮਦ ਨੇ ਆਫੀਆ ਨੂੰ ਉਸ ਦੀ ਗੱਲ ਸੁਣਨ ਲਈ ਮਨਾਇਆ। ਉਸ ਨੇ ਉਸ ਨੂੰ ਵਕੀਲਾਂ ਦੀ ਸਕੀਮ ਸਮਝਾਈ। ਉਹ ਸਿਰ ਜਿਹਾ ਮਾਰ ਕੇ ਵਕੀਲਾਂ ਮੁਤਾਬਕ ਚੱਲਣਾ ਮੰਨ ਗਈ, ਪਰ ਜਦੋਂ ਮੁਹੰਮਦ ਉਠ ਕੇ ਤੁਰਨ ਲੱਗਿਆ ਤਾਂ ਉਸ ਨੇ ਉਸ ਨੂੰ ਰੋਕ ਲਿਆ ਤੇ ਬੋਲੀ, "ਭਾਈ ਜਾਨ, ਤੁਸੀਂ ਮੇਰੀ ਗੱਲ ਛੱਡੋ ਤੇ ਆਪਣੇ ਮੁਸਲਮਾਨ ਭਰਾਵਾਂ ਦਾ ਫਿਕਰ ਕਰੋ।"

"ਕਿਹੜੇ ਮੁਸਲਮਾਨ ਭਰਾਵਾਂ ਦਾ?"

"ਜਿੰਨੇ ਵੀ ਇੱਥੇ ਰਹਿ ਰਹੇ ਨੇ। ਸਾਰਿਆਂ ਨੂੰ ਕਹੋ ਕਿ ਅਮਰੀਕਾ ਛੱਡ ਕੇ ਚਲੇ ਜਾਣ।"

"ਕਿਉਂ?"

"ਕਿਉਂਕਿ ਅਮਰੀਕਾ ਸਰਕਾਰ ਨੇ ਕਿਸੇ ਵੀ ਮੁਸਲਮਾਨ ਨੂੰ ਨ੍ਹੀਂ ਬਖਸ਼ਣਾ। ਸਭ ਨੂੰ ਮੇਰੀ ਤਰ੍ਹਾਂ ਜੇਲ੍ਹਾਂ ਅੰਦਰ ਡੱਕ ਦੇਣਾ ਐ।"

"ਆਫੀਆ ਮੈਂ ਤੇਰਾ ਸਕਾ ਭਰਾ ਆਂ। ਮੈਨੂੰ ਤਾਂ ਕਿਸੇ ਨੇ ਜੇਲ੍ਹ 'ਚ ਡੱਕਿਆ ਨ੍ਹੀਂ। ਮੈਂ ਤਾਂ ਆਪਣੇ ਪਰਿਵਾਰ ਨਾਲ ਪੂਰੀ ਆਜ਼ਾਦਾਨਾ ਜ਼ਿੰਦਗੀ ਜਿਉਂ ਰਿਹਾ ਆਂ।" ਮੁਹੰਮਦ ਜ਼ਰਾ ਖ਼ਰਵਾ ਬੋਲਿਆ।

"ਜੋ ਤੁਹਾਡੀ ਮਰਜ਼ੀ। ਪਿੱਛੋਂ ਭੁਗਤਣਾ ਪਿਆ ਤਾਂ ਰੋਂਦੇ ਫਿਰਿਓ।"

"ਆਫੀਆ, ਤੂੰ ਮੇਰੀ ਵਕੀਲਾਂ ਦੀ ਕਹੀ ਗੱਲ 'ਤੇ ਧਿਆਨ ਦੇਹ। ਇਸ ਵੇਲੇ ਬਾਕੀ ਸਭ ਭੁੱਲ ਜਾ।"

"ਠੀਕ ਐ।" ਆਫੀਆ ਉਠ ਕੇ ਤੁਰ ਪਈ। ਮੁਹੰਮਦ ਉਸ ਨੂੰ ਤੁਰੀ ਜਾਂਦੀ ਨੂੰ ਵੇਖਦਾ ਰਿਹਾ। ਉਸ ਨੂੰ ਖਿਆਲ ਆਇਆ ਕਿ ਇਹ ਕਿੰਨਾ ਬਦਲ ਗਈ ਹੈ। ਉਹ ਸੋਚਣ ਲੱਗਿਆ ਕਿ ਇੰਨੀ ਜ਼ਹੀਨ ਕੁੜੀ ਕਿਉਂ ਇਸ ਤਰ੍ਹਾਂ ਦੀਆਂ ਬੇਤੁਕੀਆਂ ਜਿਹੀਆਂ ਗੱਲਾਂ ਕਰ ਰਹੀ ਹੈ। ਫਿਰ ਉਸ ਨੂੰ ਲੱਗਿਆ ਕਿ ਇਹ ਵਾਕਿਆ ਹੀ ਐਫ.ਬੀ.ਆਈ. ਦੇ ਅੱਤਿਆਚਾਰਾਂ ਕਰ ਕੇ ਹੋਇਆ ਹੈ। ਉਹ ਜੇਲ੍ਹ 'ਚੋਂ ਬਾਹਰ ਨਿਕਲ ਆਇਆ।

ਮਿੱਥੇ ਦਿਨ ਕੋਰਟ ਸ਼ੁਰੂ ਹੋਈ ਤਾਂ ਟਰਾਇਲ ਦੀ ਜ਼ਰੂਰੀ ਕਾਰਵਾਈ ਹੋਣ ਪਿੱਛੋਂ ਸਰਕਾਰੀ ਵਕੀਲ ਨੇ ਆਫੀਆ 'ਤੇ ਲੱਗੇ ਚਾਰਜ ਪੜ੍ਹ ਕੇ ਸੁਣਾਏ। ਆਫੀਆ 'ਤੇ ਚਾਰਜ ਇਹ ਲੱਗੇ ਸਨ ਕਿ ਉਸ ਨੇ ਅਮਰੀਕੀ ਫੌਜ ਦੀ ਸਪੈਸ਼ਲ ਫੋਰਸ ਦੇ ਬੰਦਿਆਂ 'ਤੇ ਗੋਲੀ ਚਲਾਈ। ਉਸ ਉਤੇ ਇੱਕ ਤੋਂ ਵੱਧ ਬੰਦਿਆਂ ਦੇ ਇਰਾਦਾ ਕਤਲ ਦਾ ਦੋਸ਼ ਸੀ। ਸਰਕਾਰੀ ਵਕੀਲ ਨੇ ਕੋਰਟ ਨੂੰ ਕਹਾਣੀ ਇਸ



ਜੇਲ੍ਹ ਵਿਚ ਹਾਲੋਂ ਬੇਹਾਲ ਆਫੀਆ ਦੀ ਇਕ ਤਸਵੀਰ। ਉਸ ਦਾ ਕਹਿਣਾ ਸੀ ਕਿ ਗ੍ਰਿਫਤਾਰੀ ਦਿਖਾਉਣ ਤੋਂ ਪਹਿਲਾਂ ਉਸ ਨੂੰ ਲੰਮਾ ਸਮਾਂ ਕੈਦ ਰੱਖਿਆ ਗਿਆ।

ਤਰ੍ਹਾਂ ਦੱਸੀ, "ਜਿਸ ਦਿਨ ਆਫੀਆ ਗਜ਼ਨੀ ਪੁਲਿਸ ਵਲੋਂ ਫੜੀ ਗਈ ਸੀ, ਉਸ ਦੇ ਅਗਲੇ ਦਿਨ ਸਪੈਸ਼ਲ ਫੋਰਸ ਦੀ ਟੀਮ ਕੈਪਟਨ ਰਾਬਰਟ ਸ਼ਿੰਡਰ ਦੀ ਅਗਵਾਈ 'ਚ ਉਸ ਦੀ ਇੰਟਰਵਿਊ ਕਰਨ ਪਹੁੰਚੀ। ਉਸ ਵੇਲੇ ਉਸ ਨੂੰ ਕਿਸੇ ਵੱਡੇ ਕਮਰੇ ਵਿਚ ਰੱਖਿਆ ਹੋਇਆ ਸੀ। ਮੂਹਰੇ ਕੁਝ ਅਫਗਾਨ ਪੁਲਿਸ ਦੇ ਅਫਸਰ ਬੈਠੇ ਸਨ ਅਤੇ ਪਿੱਛੇ ਪਰਦੇ ਦੇ ਉਹਲੇ ਆਫੀਆ ਬੈਠੀ ਸੀ। ਜਦੋਂ ਸਪੈਸ਼ਲ ਫੋਰਸ ਵਾਲੇ ਵੀ ਅਫਗਾਨ ਅਫਸਰਾਂ ਕੋਲ ਬੈਠ ਗਏ ਤਾਂ ਅਗਲੇ ਹੀ ਪਲ ਆਫੀਆ ਨੇ ਪਰਦਾ ਪਾਸੇ ਹਟਾਉਂਦਿਆਂ ਵਾਰੰਟ ਅਫਸਰ ਦੀ ਐਮ 4 ਗੰਨ ਚੁੱਕ ਲਈ ਅਤੇ ਉਨ੍ਹਾਂ ਵੱਲ ਗੋਲੀਆਂ ਚਲਾਉਣ ਲੱਗੀ। ਇਹ ਵੇਖਦਿਆਂ ਹੀ ਵਾਰੰਟ ਅਫਸਰ ਨੇ ਆਪਣੀ ਸਰਵਿਸ ਰਿਵਾਲਵਰ ਕੱਢੀ ਅਤੇ ਆਫੀਆ ਦੇ ਗੋਲੀ ਮਾਰੀ। ਗੋਲੀ ਉਸ ਦੇ ਪੇਟ 'ਚ ਲੱਗੀ। ਵਾਰੰਟ ਅਫਸਰ ਦਾ ਕਹਿਣਾ ਐ ਕਿ ਜੇ ਉਹ ਆਫੀਆ ਨੂੰ ਜ਼ਖ਼ਮੀ ਨਾ ਕਰਦਾ ਤਾਂ ਉਸ ਨੇ ਉਨ੍ਹਾਂ ਨੂੰ ਮਾਰ ਦੇਣਾ ਸੀ। ਜਦੋਂ ਉਹ ਜ਼ਖ਼ਮੀ ਹੋ ਗਈ ਤਾਂ ਉਹ ਉਸ ਨੂੰ ਸਟਰੈਚਰ 'ਤੇ ਪਾ ਕੇ ਬਗਰਾਮ ਏਅਰਫੋਰਸ ਬੇਸ ਲੈ ਗਏ। ਉਥੇ ਉਸ ਦਾ ਇਲਾਜ ਕਰਵਾਉਣ ਪਿੱਛੋਂ ਉਸ ਨੂੰ ਅਮਰੀਕਾ ਲਿਆਂਦਾ ਗਿਆ।"

ਸਰਕਾਰੀ ਵਕੀਲ ਨੇ ਆਫੀਆ 'ਤੇ ਲੱਗੇ ਚਾਰਜ ਪੜ੍ਹ ਕੇ ਸੁਣਾਏ ਤਾਂ ਜੱਜ ਨਾਲ ਦੀ ਨਾਲ ਕੁਝ ਲਿਖਦਾ ਰਿਹਾ। ਥੋੜ੍ਹੀ ਬਹੁਤੀ ਹੋਰ ਕਾਰਵਾਈ ਹੋਈ ਤੇ ਅਦਾਲਤ ਬਰਖਾਸਤ ਹੋ ਗਈ। ਇਸੇ ਤਰ੍ਹਾਂ ਇੱਕ ਦੋ ਦਿਨ ਹੋਰ ਮੁਢਲਾ ਕੰਮ ਹੁੰਦਾ ਰਿਹਾ। ਫਿਰ ਜਦੋਂ ਪੂਰੀ ਬਾਕਾਇਦਗੀ ਨਾਲ ਆਫੀਆ ਦਾ ਕੇਸ ਚੱਲ ਪਿਆ ਤਾਂ ਗਵਾਹ ਭੁਗਤਣੇ ਸ਼ੁਰੂ ਹੋਏ। ਇਹ ਸਾਰੇ ਗਵਾਹ ਸਪੈਸ਼ਲ ਫੋਰਸ ਦੇ ਉਹੀ ਲੋਕ ਸਨ ਜਿਹੜੇ ਗੋਲੀ ਚੱਲਣ ਵੇਲੇ ਦੀ ਘਟਨਾ ਵੇਲੇ ਉਥੇ ਮੌਜੂਦ ਸਨ। ਇਨ੍ਹਾਂ 'ਚ ਉਸ ਵੇਲੇ ਮੌਕਾ-ਏ-ਵਾਰਦਾਤ 'ਤੇ ਮੌਜੂਦ ਦੁਭਾਸ਼ੀਆ ਵੀ ਸੀ ਜੋ ਅਫਗਾਨ ਸੀ। ਇੱਕ ਇੱਕ ਕਰ ਕੇ ਗਵਾਹ ਜੋ ਕੁਝ ਦੱਸ ਰਹੇ ਸਨ, ਉਹ ਸਾਰੀ ਗੱਲ ਆਪਸ 'ਚ ਮਿਲਦੀ ਜੁਲਦੀ ਸੀ। ਜਦੋਂ ਵਾਰੰਟ ਅਫਸਰ ਨੇ ਗਵਾਹੀ ਦਿੱਤੀ ਤਾਂ ਸਫਾਈ ਵਕੀਲ ਨੇ ਉਸ ਨੂੰ ਸੁਆਲ ਕੀਤਾ, "ਮਿਸਟਰ ਆਫੀਸਰ, ਤੇਰੀ ਐਮ ਫੋਰ ਗੰਨ ਤੇਰਾ ਸਰਵਿਸ ਵੈਪਨ ਐ ਜੋ ਹਰ ਵਕਤ ਤੇਰੇ ਕਬਜ਼ੇ 'ਚ ਰਹਿੰਦਾ ਐ ਅਤੇ ਰਹਿਣਾ ਵੀ ਚਾਹੀਦਾ ਐ। ਕੀ ਤੂੰ ਕੋਰਟ ਨੂੰ ਇਹ ਗੱਲ ਦੱਸੇਂਗਾ ਕਿ ਤੇਰੀ ਐਮ ਫੋਰ ਗੰਨ, ਆਫੀਆ ਕੋਲ ਕਿਵੇਂ ਚਲੀ ਗਈ?"

"ਗੱਲ ਇਹ ਐ ਕਿ ਮੈਂ ਜਦੋਂ ਵੀ ਅਫਗਾਨ ਲੋਕਾਂ ਨੂੰ ਮਿਲਣ ਲਈ ਉਨ੍ਹਾਂ ਕੋਲ ਬੈਠਦਾ ਹਾਂ ਤਾਂ ਸਤਿਕਾਰ ਵਜੋਂ ਆਪਣੀ ਗੰਨ ਮੋਢਿਉਂ ਉਤਾਰ ਕੇ ਪਾਸੇ ਰੱਖ ਦਿੰਦਾ ਹਾਂ।"

"ਇਸ ਵਿਚ ਸਤਿਕਾਰ ਵਾਲੀ ਕੀ ਗੱਲ ਐ। ਤੂੰ ਡਿਊਟੀ 'ਤੇ ਹੁੰਦਾ ਹੋਇਆ ਇਸ ਤਰ੍ਹਾਂ ਕਿਵੇਂ ਕਰ ਸਕਦਾ ਐਂ ਕਿ ਹਥਿਆਰ ਪਾਸੇ ਰੱਖ ਦੇਵੇਂ?" ਸਫਾਈ ਵਕੀਲ ਵਾਰੰਟ ਅਫਸਰ ਨੂੰ ਘੇਰਨ ਲੱਗਿਆ।

"ਸਾਨੂੰ ਉਥੇ ਇਹੀ ਸਿਖਾਇਆ ਜਾਂਦਾ ਐ ਕਿ ਅਸੀਂ ਅਫਗਾਨ ਲੋਕਾਂ ਦੀਆਂ ਭਾਵਨਾਵਾਂ ਦੀ ਕਦਰ ਕਰੀਏ, ਕਿਉਂਕਿ ਉਨ੍ਹਾਂ ਦਾ ਸੱਭਿਆਚਾਰ ਕੁਝ ਇਸ ਤਰ੍ਹਾਂ ਦਾ ਈ ਐ।"

"ਲੱਗਦਾ ਨ੍ਹੀਂ ਕਿ ਇਸ ਛੋਟੀ ਜਿਹੀ ਕੁੜੀ ਨੇ ਗੰਨ ਚੁੱਕ ਲਈ ਹੋਊ।" ਵਕੀਲ ਨੇ ਸੁਆਲ ਦਾ ਰੁਖ ਮੋੜਿਆ।

ਇਸ ਗੱਲ ਦਾ ਜੁਆਬ ਵਰੰਟ ਅਫਸਰ ਕੁਝ ਸੋਚ ਹੀ ਰਿਹਾ ਸੀ ਕਿ ਸਰਕਾਰੀ ਵਕੀਲ ਨੇ ਵਿਚ ਬੋਲਦਿਆਂ ਕੋਰਟ ਦੇ ਕਾਰਿੰਦੇ ਨੂੰ ਕਹਿ ਕੇ ਪਹਿਲਾਂ ਲਿਆ ਕੇ ਰੱਖੀ ਐਮ ਫੋਰ ਗੰਨ ਮੰਗਵਾ ਲਈ। ਸਰਕਾਰੀ ਵਕੀਲ ਜੋ ਖੁਦ ਵੀ ਆਫੀਆ ਕੁ ਜਿੱਡੀ ਹੀ ਸੀ, ਉਸ ਨੇ ਇੱਕ ਹੱਥ ਨਾਲ ਗੰਨ ਚੁੱਕ ਕੇ ਜਿਊਰੀ ਮੈਂਬਰਾਂ ਨੂੰ ਵਿਖਾਈ। ਸਾਰੇ ਮੈਂਬਰਾਂ ਨੇ ਗੰਨ ਚੁੱਕ ਕੇ ਵੇਖੀ। ਉਨ੍ਹਾਂ ਤੋਂ ਗੰਨ ਵਾਪਸ ਲੈਂਦਿਆਂ ਸਰਕਾਰੀ ਵਕੀਲ ਨੇ ਕਿਹਾ ਕਿ ਇਹ ਗੰਨ ਬਿਲਕੁਲ ਜੁਆਕਾਂ ਦੇ ਖਿਡੌਣੇ ਵਰਗੀ ਹੈ ਤੇ ਆਫੀਆ ਲਈ ਇਸ ਨੂੰ ਚੁੱਕਣਾ ਕੋਈ ਔਖੀ ਗੱਲ ਨਹੀਂ।

"ਫਿਰ ਅੱਗੇ ਕੀ ਹੋਇਆ?" ਸਫਾਈ ਵਕੀਲ ਫਿਰ ਵਾਰੰਟ ਅਫਸਰ ਨੂੰ ਮੁਖਾਤਬ ਹੋਇਆ।

"ਆਫੀਆ ਨੇ ਮੇਰੀ ਗੰਨ ਚੁੱਕ ਕੇ ਸਾਡੇ 'ਤੇ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਮੈਂ ਛੇਤੀ ਦੇਣੇ ਆਪਣਾ ਸਰਵਿਸ ਰਿਵਾਲਵਰ ਕੱਢਿਆ ਅਤੇ ਆਤਮ ਰੱਖਿਆ ਲਈ ਗੋਲੀ ਚਲਾਈ ਜੋ ਆਫੀਆ ਦੇ ਪੇਟ 'ਚ ਲੱਗੀ।"

"ਰਿਵਾਲਵਰ ਤੇਰੇ ਕੋਲ ਕਿੱਥੋਂ ਆ ਗਿਆ?"

"ਆਉਣਾ ਕਿੱਥੋਂ ਸੀ। ਮੇਰਾ ਸਰਵਿਸ ਰਿਵਾਲਵਰ ਮੇਰੇ ਲੱਕ ਨਾਲ ਬੰਨ੍ਹਿਆਂ ਹੋਇਆ ਸੀ।"

"ਪਰ ਹੁਣੇ ਤਾਂ ਤੂੰ ਕਹਿ ਕੇ ਹਟਿਆਂ ਕਿ ਅਫਗਾਨ ਲੋਕਾਂ ਨੂੰ ਮਿਲਣ ਵੇਲੇ ਤੂੰ ਹਥਿਆਰ ਲਾਹ ਕੇ ਪਾਸੇ ਰੱਖ ਦਿੰਦਾ ਐਂ ਜਿਵੇਂ, ਐਮ ਫੋਰ ਗੰਨ ਰੱਖ ਦਿੱਤੀ ਸੀ। ਫਿਰ ਤੂੰ ਇਹ ਰਿਵਾਲਵਰ ਕਿਉਂ ਨਾ ਲਾਹਿਆ?"

"ਉਹ ਮੈਂ...।" ਵਾਰੰਟ ਅਫਸਰ ਨੂੰ ਕੋਈ ਜੁਆਬ ਨਾ ਅਹੁੜਿਆ। ਸਫਾਈ ਵਕੀਲ ਦੇ ਚਿਹਰੇ 'ਤੇ ਮੁਸਕਾਣ ਆ ਗਈ। ਉਸ ਨੇ ਵੇਖਿਆ ਕਿ ਕਈ ਜਿਊਰੀ ਮੈਂਬਰਾਂ ਨੇ ਇਸ ਗੱਲ 'ਤੇ ਅੱਖਾਂ ਮਿਲਾਈਆਂ ਕਿ ਜਦੋਂ ਇੱਕ ਹਥਿਆਰ ਲਾਹ ਕੇ ਰੱਖ ਦਿੱਤਾ ਸੀ ਤਾਂ ਦੂਜਾ ਕਿਉਂ ਲੱਕ ਨਾਲ ਬੰਨ੍ਹੀ ਰੱਖਿਆ! ਉਨ੍ਹਾਂ ਦੇ ਮਨਾਂ 'ਚ ਕੁਝ ਕੁਝ ਸ਼ੱਕ ਉਪਜਿਆ। ਇਹੀ ਸਫਾਈ ਵਕੀਲ ਚਾਹੁੰਦਾ ਸੀ।

"ਫਿਰ ਤੇਰੀ ਉਸ ਗੰਨ ਦਾ ਕੀ ਬਣਿਆ ਜੋ ਆਫੀਆ ਨੇ ਚੁੱਕ ਲਈ ਸੀ ਤੇ ਪਿੱਛੋਂ ਉਸੇ ਨਾਲ ਤੁਹਾਡੇ 'ਤੇ ਗੋਲੀਆਂ ਚਲਾਈਆਂ ਸਨ?"

"ਜਦੋਂ ਆਫੀਆ ਜ਼ਖ਼ਮੀ ਹੋ ਗਈ ਤਾਂ ਮੈਂ ਉਹ ਗੰਨ ਆਪਣੇ ਕਬਜ਼ੇ 'ਚ ਲੈ ਲਈ।"

"ਉਹ ਵਾਰਦਾਤ 'ਤੇ ਵਰਤਿਆ ਗਿਆ ਹਥਿਆਰ ਸੀ। ਕਾਨੂੰਨਨ ਉਸ ਨੂੰ ਬੜਾ ਸੰਭਾਲ ਕੇ ਤੇ ਪਲਾਸਟਿਕ ਵਗੈਰਾ 'ਚ ਲਪੇਟ ਕੇ ਰੱਖਣਾ ਚਾਹੀਦਾ ਸੀ ਤਾਂ ਕਿ ਉਸ ਉਪਰ ਲੱਗ ਚੁੱਕੇ ਆਫੀਆ ਦੇ ਫਿੰਗਰ ਪ੍ਰਿੰਟ ਵਗੈਰਾ ਸਹੀ ਰਹਿੰਦੇ ਅਤੇ ਬਾਅਦ ਵਿਚ ਚੰਗੀ ਤਰ੍ਹਾਂ ਜਾਂਚ ਪੜਤਾਲ ਹੋ ਸਕਦੀ।"

"ਜੀ...।"

"ਤੂੰ ਅਜਿਹਾ ਕੀਤਾ? ਮਤਲਬ ਗੰਨ ਨੂੰ

ਇਸੇ ਢੰਗ ਨਾਲ ਸੰਭਾਲ ਕੇ ਰੱਖਿਆ?"

"ਜੀ ਨ੍ਹੀਂ। ਉਸ ਮੌਕੇ ਮੈਂ ਅਜਿਹਾ ਕੁਝ ਨ੍ਹੀਂ ਕਰ ਸਕਿਆ।"

"ਇਸ ਦਾ ਮਤਲਬ ਉਸ ਗੰਨ 'ਤੋਂ ਕੋਈ ਫਿੰਗਰ ਪ੍ਰਿੰਟ ਵਗੈਰਾ ਨ੍ਹੀਂ ਲਏ ਗਏ ਜੋ ਇਹ ਸਾਬਤ ਕਰਨ ਕਿ ਗੰਨ ਵਾਕਿਆ ਈ ਆਫੀਆ ਦੇ ਹੱਥਾਂ 'ਚ ਆਈ ਸੀ। ਨਾ ਹੀ ਤੁਸੀਂ ਉਸ ਗੰਨ ਦੀ ਕੋਈ ਅਜਿਹੀ ਜਾਂਚ ਕਰਵਾਈ ਜੋ ਇਹ ਸਾਬਤ ਕਰੇ ਕਿ ਉਸ ਦਿਨ ਉਹ ਗੰਨ ਚਲਾਈ ਗਈ ਸੀ। ਤੇ ਉਸ ਘਟਨਾ ਸਥਾਨ ਦੀ ਕੋਈ ਫੋਰੈਂਸਿਕ ਜਾਂਚ ਵਗੈਰਾ ਵੀ ਨ੍ਹੀ ਹੋਈ।"

"ਨਹੀਂ, ਅਜਿਹਾ ਅਸੀਂ ਨ੍ਹੀਂ ਕਰ ਸਕੇ।"

"ਯੂਅਰ ਆਨਰ, ਇਹ ਗੱਲ ਬੜਾ ਧਿਆਨ ਮੰਗਦੀ ਐ ਕਿ ਵਾਰਦਾਤ ਵੇਲੇ ਵਰਤੇ ਗਏ ਹਥਿਆਰ 'ਤੇ ਆਫੀਆ ਦੇ ਫਿੰਗਰ ਪ੍ਰਿੰਟ ਨ੍ਹੀਂ ਮਿਲੇ। ਵਾਰਦਾਤ ਵਾਲੀ ਥਾਂ 'ਤੋਂ ਹੋਰ ਵੀ ਲੋੜੀਂਦੇ ਸਬੂਤ ਇਕੱਠੇ ਨ੍ਹੀਂ ਕੀਤੇ ਗਏ। ਮਸਲਨ, ਉਨ੍ਹਾਂ ਗੋਲੀਆਂ ਦੇ ਖੋਲ ਕਿੱਥੇ ਨੇ ਜੋ ਆਫੀਆ ਨੇ ਚਲਾਈਆਂ। ਹੋਰ ਬਹੁਤ ਕੁਝ ਐ ਜੱਜ ਸਾਹਿਬ...।"

ਜੱਜ ਕੁਝ ਨੋਟ ਕਰਨ ਲੱਗਿਆ ਤਾਂ ਸਰਕਾਰੀ ਵਕੀਲ ਵਿਚੋਂ ਬੋਲੀ, "ਯੂਅਰ ਆਨਰ, ਉਹ ਵਾਰ ਜ਼ੋਨ ਐ। ਮਤਲਬ ਲੜਾਈ ਦਾ ਮੈਦਾਨ। ਜੰਗ ਦੇ ਮੈਦਾਨ 'ਚ ਫਿੰਗਰ ਪ੍ਰਿੰਟ ਵਰਗੀਆਂ ਕਾਰਵਾਈਆਂ ਸੰਭਵ ਨ੍ਹੀਂ ਹੁੰਦੀਆਂ, ਪਰ ਇੰਨੇ ਗਵਾਹਾਂ ਦੇ ਬਿਆਨ ਸਾਬਤ ਕਰ ਚੁੱਕੇ ਐ ਕਿ ਆਫੀਆ ਨੇ ਉਹ ਗੰਨ ਚੁੱਕੀ ਅਤੇ ਉਸ 'ਚੋਂ ਗੋਲੀਆਂ ਚਲਾਈਆਂ।"

"ਜੰਗ ਦੇ ਮੈਦਾਨ 'ਚ ਜੇ ਤੁਸੀਂ ਕਿਸੇ ਨੂੰ ਕਾਤਲ ਸਾਬਤ ਕਰਨ ਲਈ ਜ਼ਰੂਰੀ ਕਾਰਵਾਈਆਂ ਨ੍ਹੀਂ ਕਰ ਸਕਦੇ ਤਾਂ ਤੁਹਾਨੂੰ ਅਜਿਹੇ ਇਨਸਾਨ 'ਤੇ ਕੇਸ ਚਲਾਉਣ ਦਾ ਵੀ ਕੋਈ ਅਧਿਕਾਰ ਨ੍ਹੀਂ; ਕਿਉਂਕਿ ਸਿਰਫ ਕਿਸੇ ਦੇ ਕਹਿਣ ਨਾਲ ਹੀ ਕਤਲ ਸਾਬਤ ਨ੍ਹੀਂ ਹੋ ਜਾਂਦਾ। ਉਸ ਦੇ ਲਈ ਕਿਸੇ ਦੀਆਂ ਦਿੱਤੀਆਂ ਹੋਈਆਂ ਗਵਾਹੀਆਂ ਨਾਲ ਕੁਝ ਠੋਸ ਸਬੂਤ ਵੀ ਚਾਹੀਦੇ ਨੇ ਜੋ ਇਹ ਸਾਬਤ ਕਰਨ ਕਿ ਗਵਾਹ ਸੱਚ ਬੋਲ ਰਿਹਾ ਐ, ਪਰ ਇਸ ਕੇਸ 'ਚ ਇੱਕੋ ਈ ਰਟਿਆ ਰਟਾਇਆ ਬਿਆਨ ਦੇਣ ਵਾਲੇ ਤਾਂ ਬਹੁਤ ਨੇ, ਪਰ ਬਿਆਨ 'ਤੇ ਸੱਚ ਦਾ ਠੱਪਾ ਲਾਉਣ ਵਾਲਾ ਸਬੂਤ ਕੋਈ ਨ੍ਹੀਂ।"

"ਮੈਂ ਫਿਰ ਇਹੀ ਕਹੂੰਗੀ ਕਿ ਉਨ੍ਹਾਂ ਹਾਲਾਤ 'ਚ ਇਹ ਸਭ ਕਾਰਵਾਈ ਸੰਭਵ ਨ੍ਹੀਂ ਸੀ, ਕਿਉਂਕਿ ਅਸੀਂ ਉਥੇ ਲੜਾਈ ਲੜ ਰਹੇ ਆਂ ਤੇ ਉਹ ਵਾਰ ਜ਼ੋਨ ਐ।" ਸਰਕਾਰੀ ਵਕੀਲ ਨੇ ਆਪਣੀ ਗੱਲ ਦੁਹਰਾਈ।

"ਫਿਰ ਮੈਂ ਵੀ ਇਹ ਕਹਾਂਗੀ ਕਿ ਇਹ ਸਿਵਲ ਕੋਰਟ ਐ, ਇਹ ਕੋਈ ਮਿਲਟਰੀ ਟ੍ਰਿਬਿਊਨਲ ਨ੍ਹੀਂ।" ਸਫਾਈ ਵਕੀਲ ਨੇ ਉਸ ਦਾ ਉਤਰ ਦਿੱਤਾ।

"ਮੈਂ ਦੋਨਾਂ ਧਿਰਾਂ ਦੀਆਂ ਗੱਲਾਂ ਨੋਟ ਕਰ ਲਈਆਂ ਨੇ ਹੁਣ ਪਲੀਜ਼ ਕਾਰਵਾਈ ਅੱਗੇ ਚੱਲਣ ਦਿਉ।" ਜੱਜ ਨੇ ਦਖਲਅੰਦਾਜ਼ੀ ਕੀਤੀ ਤਾਂ ਸਰਕਾਰੀ ਵਕੀਲ ਫਿਰ ਤੋਂ ਆਫੀਆ ਤੋਂ ਸੁਆਲ ਪੁੱਛਣ ਲੱਗ ਪਈ।

ਉਦੋਂ ਹੀ ਇੱਕ ਡਿਫੈਂਸ ਵਕੀਲ ਆਪਣੀ ਟੀਮ ਦੇ ਮੋਢੀ ਦੇ ਨੇੜੇ ਹੁੰਦਾ, ਮਨ 'ਚ ਨਵਾਂ ਉਪਜਿਆ ਖਿਆਲ ਉਸ ਨਾਲ ਸਾਂਝਾ ਕਰਨ ਲੱਗਿਆ, "ਵੈਸੇ ਤਾਂ ਹੁਣ ਤੱਕ ਦੀ ਕਾਰਵਾਈ ਆਪਣੇ ਹੱਕ 'ਚ ਜਾ ਰਹੀ ਐ, ਪਰ ਜੇ ਇਹ ਗੱਲ ਸਿੱਧ ਕਰ ਦਿੱਤੀ ਜਾਵੇ ਕਿ ਆਫੀਆ ਨੇ ਭਾਵੇਂ ਗੰਨ ਚੁੱਕੀ ਸੀ ਪਰ ਉਸ ਨੇ ਇਹ ਆਪਣੀ ਸਵੈ-ਰੱਖਿਆ ਵਾਸਤੇ ਚੁੱਕੀ ਸੀ, ਕਿਉਂਕਿ ਪਹਿਲੇ ਦਿਨ ਤੋਂ ਹੀ ਜਦੋਂ ਤੋਂ ਆਫੀਆ ਫੜੀ ਗਈ ਸੀ, ਉਸ 'ਤੇ ਘੋਰ ਅੱਤਿਆਚਾਰ ਕੀਤਾ ਗਿਆ। ਸਿਰਫ ਸ਼ੱਕ ਦੇ ਆਧਾਰ 'ਤੇ ਉਸ ਨਾਲ ਅਣਮਨੁੱਖੀ ਵਿਹਾਰ ਕੀਤਾ ਗਿਆ। ਇਸ ਕਰ ਕੇ ਜਦੋਂ ਉਥੇ ਸਾਰੇ ਜਣੇ ਆਫੀਆ ਨੂੰ ਘੇਰ ਕੇ ਬੈਠ ਗਏ ਤਾਂ ਆਫੀਆ ਨੂੰ ਸ਼ੱਕ ਹੋਇਆ ਕਿ ਹੁਣ ਉਸ ਨੂੰ ਮਾਰ ਦਿੱਤਾ ਜਾਵੇਗਾ ਤਾਂ ਉਸ ਨੇ ਆਪਣੀ ਸਵੈ-ਰੱਖਿਆ ਲਈ ਗੰਨ ਚੁੱਕੀ ਹੋ ਸਕਦੀ ਹੈ। ਉਸ ਨੇ ਭਾਵੇਂ ਗੰਨ ਚਲਾਈ ਵੀ ਹੋਵੇ ਤਾਂ ਵੀ ਉਸ ਨੇ ਕਿਸੇ ਦੇ ਗੋਲੀ ਮਾਰੀ ਤਾਂ ਨਹੀਂ। ਮੇਰਾ ਖਿਆਲ ਐ ਕਿ ਇਹ ਗੱਲ ਇੱਕ ਅੱਧ ਜਿਊਰੀ ਮੈਂਬਰ ਨੂੰ ਜ਼ਰੂਰ ਜਚ ਜਾਵੇਗੀ ਤੇ ਉਹ ਨਾਂਹ ਵਿਚ ਸਿਰ ਮਾਰ ਦੇਵੇਗਾ। ਇਹੀ ਆਪਣਾ ਮੁੱਖ ਮਕਸਦ ਐ ਕਿ ਬੱਸ ਕੋਈ ਇੱਕ ਜਿਊਰੀ ਮੈਂਬਰ ਸ਼ੱਕ ਵਿਚ ਪੈ ਜਾਵੇ।"

ਮੋਢੀ ਸਫਾਈ ਵਕੀਲ ਨੂੰ ਇਹ ਗੱਲ ਬੜੀ ਜਚੀ। ਉਸ ਨੇ ਸੋਚਿਆ ਕਿ ਪਹਿਲਾਂ ਚੁੱਕੇ ਗਏ ਕਦਮ ਦੇ ਨਾਲ ਨਾਲ ਇਹ ਨੁਕਤਾ ਵਰਤਣ ਲਈ ਵੀ ਤਿਆਰ ਰਹਿਣਾ ਚਾਹੀਦਾ ਹੈ। ਉਹ ਆਪਣੇ ਪੇਪਰ ਉਪਰ ਇਸ ਨੁਕਤੇ ਦੀ ਰੂਪ-ਰੇਖਾ ਲਿਖਣ ਲੱਗਿਆ, ਪਰ ਉਦੋਂ ਹੀ ਉਸ ਦੇ ਕੰਨੀ ਜੋ ਆਵਾਜ਼ ਪਈ, ਉਸ ਨੇ ਉਸ ਦੇ ਸਾਰੇ ਜੋਸ਼ 'ਤੇ ਪਾਣੀ ਫੇਰ ਦਿੱਤਾ। ਉਸ ਦੇ ਕੋਲੋਂ ਹੀ ਆਫੀਆ ਖੜ੍ਹੀ ਹੋ ਕੇ ਜੱਜ ਨੂੰ ਮੁਖਾਤਬ ਹੁੰਦਿਆਂ ਬੋਲੀ, "ਜੱਜ ਸਾਹਿਬ, ਮੈਂ ਆਪਣੀ ਸਟੇਟਮੈਂਟ ਦੇਣਾ ਚਾਹੁੰਨੀ ਆਂ।"

ਇਸ ਗੱਲ ਨੇ ਉਸ ਦੇ ਵਕੀਲਾਂ ਦੀਆਂ ਉਮੀਦਾਂ 'ਤੇ ਹੀ ਪਾਣੀ ਨਹੀਂ ਫੇਰਿਆ, ਸਗੋਂ ਉਸ ਦਾ ਆਪਣਾ ਭਰਾ ਵੀ ਸਿਰ ਫੜ ਕੇ ਬੈਠ ਗਿਆ। ਭਰਾ ਨੇ ਇਸ਼ਾਰੇ ਨਾਲ ਆਫੀਆ ਨੂੰ ਬੈਠ ਜਾਣ ਨੂੰ ਵੀ ਕਿਹਾ, ਪਰ ਆਫੀਆ ਹੁਣ ਕਿਸੇ ਦੀ ਸੁਣਨ ਵਾਲੀ ਨਹੀਂ ਸੀ। ਜਿਸ ਗੱਲ ਦਾ ਸਫਾਈ ਟੀਮ ਨੂੰ ਡਰ ਸੀ, ਉਹੀ ਹੋ ਗਈ।

"ਮਿਸਟਰ ਡਿਫੈਂਸ ਅਟਾਰਨੀ (ਸਫਾਈ ਵਕੀਲ) ਆਪਣੀ ਕਲਾਇੰਟ ਨੂੰ ਬੋਲਣ ਤੋਂ ਰੋਕੋ, ਕਿਉਂਕਿ ਕੋਰਟ ਵਿਚ ਤੁਸੀਂ ਇਸ ਦੇ ਚੁੱਪ ਰਹਿਣ ਦਾ ਸਟੇਟਸ ਹਾਸਲ ਕੀਤਾ ਹੋਇਆ ਐ।" ਜੱਜ ਨੇ ਸਫਾਈ ਵਕੀਲ ਵੱਲ ਵੇਖਦਿਆਂ ਆਪਣਾ ਗੁੱਸਾ ਪ੍ਰਗਟ ਕੀਤਾ।

"ਨ੍ਹੀਂ ਮੈਂ ਬੋਲਣਾ ਐ।" ਆਫੀਆ ਫਿਰ ਤੋਂ ਬੋਲੀ ਤਾਂ ਜੱਜ ਦੇ ਮੱਥੇ ਤਿਉੜੀ ਪੈ ਗਈ। ਸਫਾਈ ਵਕੀਲਾਂ ਨੇ ਆਫੀਆ ਨੂੰ ਚੁੱਪ ਰਹਿਣ ਦਾ ਇਸ਼ਾਰਾ ਕੀਤਾ, ਪਰ ਉਸ ਨੇ ਕਿਸੇ ਦੀ ਪ੍ਰਵਾਹ ਨਾ ਕੀਤੀ ਅਤੇ ਆਪਣੀ ਗੱਲ 'ਤੇ ਅੜੀ ਰਹੀ। ਆਖਰ ਜੱਜ ਉਸੇ ਨੂੰ ਮੁਖਾਤਬ ਹੋਇਆ, "ਆਫੀਆ, ਕੀ ਤੂੰ ਸਮਝ ਰਹੀ ਐਂ ਕਿ ਤੂੰ ਕੀ ਕਰਨ ਜਾ ਰਹੀ ਐਂ?"

"ਹਾਂ ਮੈਂ ਸਭ ਸਮਝਦੀ ਆਂ।"

"ਆਫੀਆ, ਮੈਂ ਇੱਕ ਵਾਰ ਫਿਰ ਤੈਨੂੰ ਸਮਝਾਉਣਾ ਚਾਹਾਂਗਾ ਕਿ ਇਸ ਤਰ੍ਹਾਂ ਤੇਰੇ ਕੇਸ ਦਾ ਨੁਕਸਾਨ ਹੋ ਸਕਦਾ ਐ। ਤੈਨੂੰ ਆਪਣੇ ਵਕੀਲਾਂ ਦੀ ਗੱਲ ਮੰਨਣੀ ਚਾਹੀਦੀ ਐ।" ਜੱਜ ਖਰਵਾ ਬੋਲਿਆ।

"ਮੈਨੂੰ ਕਿਸੇ ਦੀ ਪ੍ਰਵਾਹ ਨ੍ਹੀਂ ਐ। ਮੈਂ ਆਪਣਾ ਬਿਆਨ ਦੇਣਾ ਐ।"

"ਉਹ ਤਾਂ ਤੂੰ ਜਦੋਂ ਚਾਹੇਂ ਦੇ ਸਕਦੀ ਐਂ। ਵੈਸੇ ਵੀ ਕੇਸ ਅਜੇ ਵਿਚ-ਵਿਚਾਲੇ ਈ ਐ। ਕੋਰਟ ਤੈਨੂੰ ਮੌਕੇ ਅਨੁਸਾਰ ਬਿਆਨ ਦੇਣ ਦੀ ਇਜਾਜ਼ਤ ਦੇਵੇਗੀ।" ਜੱਜ ਨੇ ਆਖਰੀ ਵਾਰ ਆਫੀਆ ਨੂੰ ਬੋਲਣ ਤੋਂ ਰੋਕਣ ਦੀ ਕੋਸ਼ਿਸ਼ ਕੀਤੀ।

"ਨ੍ਹੀਂ ਮੈਂ ਹੁਣੇ ਈ ਬਿਆਨ ਦੇਣਾ ਐ। ਇਹ ਮੇਰਾ ਹੱਕ ਐ।"

"ਓ.ਕੇ. ਗੋ ਅਹੈੱਡ। ਜੋ ਤੇਰੀ ਮਰਜ਼ੀ।" ਆਖਰ ਜੱਜ ਨੇ ਉਸ ਨੂੰ ਬੋਲਣ ਦੀ ਇਜਾਜ਼ਤ ਦਿੰਦਿਆਂ ਉਸ ਨੂੰ ਵਿਟਨੈਸ ਬਾਕਸ ਵਿਚ ਜਾਣ ਨੂੰ ਕਿਹਾ।


ਆਫੀਆ ਵਿਟਨਸ ਬਾਕਸ ਵਿਚ ਜਾ ਖੜੋਤੀ ਤਾਂ ਸਫਾਈ ਵਕੀਲ ਨੇ ਸੋਚਿਆ ਕਿ ਚਲੋ ਇਸੇ ਤਰ੍ਹਾਂ ਹੀ ਸਹੀ, ਪਰ ਉਸ ਨੇ ਇਸ ਪੈਦਾ ਹੋਈ ਨਵੀਂ ਸਥਿਤੀ ਨੂੰ ਵੀ ਆਪਣੇ ਹੱਕ 'ਚ ਰੱਖਣ ਦੀ ਕੋਸ਼ਿਸ਼ ਕਰਦਿਆਂ ਆਪ ਹੀ ਆਫੀਆ ਦਾ ਕਰਾਸ ਅਗਜ਼ਾਮੀਨੇਸ਼ਨ ਸ਼ੁਰੂ ਕਰ ਦਿੱਤਾ ਤਾਂ ਕਿ ਕੇਸ ਨੂੰ ਆਪਣੇ ਢੰਗ ਨਾਲ ਮੋੜ ਦਿੱਤਾ ਜਾ ਸਕੇ। ਉਸ ਨੇ ਆਫੀਆ ਨੂੰ ਕਿਹਾ ਕਿ ਉਹ ਆਪਣੀ ਸਾਰੀ ਕਹਾਣੀ ਸੁਣਾਵੇ। ਆਫੀਆ ਬੋਲਣ ਲੱਗੀ, "ਮੈਂ ਅਮਰੀਕਾ ਨੂੰ ਬਹੁਤ ਪਿਆਰ ਕਰਦੀ ਆਂ। ਮੇਰੀ ਨਿਊ ਯਾਰਕ ਅਤੇ ਬੋਸਟਨ ਸ਼ਹਿਰ ਨਾਲ ਬੜੀ ਜਜ਼ਬਾਤੀ ਸਾਂਝ ਹੈ। ਮੈਂ ਇਨ੍ਹਾਂ ਸ਼ਹਿਰਾਂ ਨੂੰ ਨੁਕਸਾਨ ਪਹੁੰਚਾਉਣ ਬਾਰੇ ਸੋਚ ਵੀ ਨ੍ਹੀਂ ਸਕਦੀ। ਮੈਂ ਬਹੁਤ ਹੁਸ਼ਿਆਰ ਸਟੂਡੈਂਟ ਰਹੀ ਆਂ। ਮੈਨੂੰ ਚੰਗੀ ਪੜ੍ਹਾਈ ਕਾਰਨ ਕਈ ਵਾਰ ਇਨਾਮ ਮਿਲੇ। ਇਸ ਤੋਂ ਬਿਨਾ ਸਮਾਜ ਸੇਵਾ ਲਈ ਮੈਨੂੰ ਮੇਰੀ ਯੂਨੀਵਰਸਿਟੀ ਨੇ ਕਈ ਵਾਰੀ ਸਨਮਾਨਿਤ ਕੀਤਾ...।"

"ਆਫੀਆ, ਜੋ ਤੇਰੇ 'ਤੇ ਇਲਜ਼ਾਮ ਲਾਇਆ ਗਿਆ ਐ ਕਿ ਤੂੰ ਸਪੈਸ਼ਲ ਫੋਰਸ 'ਤੇ ਗੋਲ ਚਲਾਈ, ਕੀ ਤੂੰ ਇਸ ਬਾਰੇ ਦੱਸੇਂਗੀ ਕਿ ਤੂੰ ਗੋਲੀ ਚਲਾਈ ਸੀ ਜਾਂ ਨ੍ਹੀਂ?" ਵਕੀਲ ਨੇ ਉਸ ਨੂੰ ਵਿਚਕਾਰੋਂ ਟੋਕਿਆ।

ਵਕੀਲ ਦੀ ਗੱਲ ਸੁਣ ਕੇ ਪਹਿਲਾਂ ਆਫੀਆ ਨੇ ਹੱਸਦਿਆਂ ਕੋਰਟ 'ਚ ਬੈਠੇ ਲੋਕਾਂ ਵੱਲ ਵੇਖਿਆ ਤੇ ਫਿਰ ਬੋਲੀ, "ਇਹ ਤਾਂ ਹਾਸੋਹੀਣਾ ਜਿਹਾ ਦੋਸ਼ ਐ। ਮੈਂ ਮਨ ਈ ਮਨ ਸੋਚਦੀ ਆਂ ਕਿ ਇਲਜ਼ਾਮ ਵੀ ਲਾਇਆ ਤਾਂ ਕਿੱਡਾ ਹਲਕਾ ਜਿਹਾ; ਜਿਸ ਦੀ ਕੋਈ ਤੁਕ ਈ ਨ੍ਹੀਂ ਬਣਦੀ।"

"ਆਫੀਆ ਮੇਰੇ ਸੁਆਲ ਦਾ ਉਤਰ ਦੇਵੋ ਪਲੀਜ਼।"

"ਉਹੀ ਦੇ ਰਹੀ ਆਂ ਨਾ। ਜ਼ਰਾ ਸੋਚ ਕੇ ਵੇਖੋ ਕਿ ਪੰਜ ਸੱਤ ਅਫਗਾਨ ਪੁਲਿਸ ਦੇ ਅਧਿਕਾਰੀ ਬੈਠੇ ਨੇ। ਉਨ੍ਹਾਂ ਕੋਲ ਪੰਜ ਸੱਤ ਈ ਅਮਰੀਕਨ ਹੱਟੇ ਕੱਟੇ ਫੌਜੀ ਆ ਬੈਠਦੇ ਨੇ। ਕੀ ਇਹ ਸੰਭਵ ਐ ਕਿ ਮੇਰੇ ਵਰਗੀ ਹਲਕੀ ਜਿਹੀ ਕੁੜੀ ਜਿਹੜੀ ਉਸ ਵੇਲੇ ਪੁਲਿਸ ਦੀ ਨਿਗਰਾਨੀ ਹੇਠ ਐ, ਉਹ ਪਿਛਾਂਹ ਤੋਂ ਆਉਂਦੀ ਹੈ ਤੇ ਸਾਰਿਆਂ ਦੇ ਵਿਚਕਾਰ ਪਹੁੰਚ ਕੇ ਇੱਕ ਅਫਸਰ ਦੀ ਗੰਨ ਚੁੱਕਦੀ ਐ। ਇਸ ਪਿੱਛੋਂ ਉਹ ਸਾਰਿਆਂ 'ਤੇ ਗੋਲੀਆਂ ਵਰ੍ਹਾਉਣ ਲੱਗਦੀ ਐ। ਅਜਿਹਾ ਕੁਛ ਕਿਸੇ ਫਿਲਮੀ ਸੀਨ ਵਿਚ ਤਾਂ ਹੋ ਸਕਦਾ ਐ ਪਰ ਅਸਲੀ ਜ਼ਿੰਦਗੀ 'ਚ ਬਿਲਕੁਲ ਸੰਭਵ ਨ੍ਹੀਂ।"



ਅਦਾਲਤ ਵਿਚ ਸੁਣਵਾਈ ਮੌਕੇ ਬੋਲ ਰਹੀ ਆਫੀਆ ਦਾ ਸਕੈੱਚ ਜੋ ਵੱਖ ਵੱਖ ਅਖਬਾਰਾਂ ਵਿਚ ਛਪਿਆ ਸੀ।

"ਆਫੀਆ, ਤੂੰ ਹਾਂ ਜਾਂ ਨਾਂਹ 'ਚ ਉਤਰ ਦੇਹ ਕਿ ਤੂੰ ਇਨ੍ਹਾਂ ਤੇ ਗੋਲੀ ਚਲਾਈ ਸੀ ਕਿ ਨ੍ਹੀਂ?"

"ਮੈਂ ਨਾ ਹੀ ਕੋਈ ਗੰਨ ਚੁੱਕੀ ਤੇ ਨਾ ਹੀ ਕਿਸੇ 'ਤੇ ਗੋਲੀ ਚਲਾਈ।"

"ਫਿਰ ਤੂੰ ਕੋਰਟ ਨੂੰ ਦੱਸ ਕਿ ਉਸ ਦਿਨ ਕੀ ਹੋਇਆ?"

"ਉਸ ਦਿਨ ਜਦੋਂ ਇੰਨੇ ਸਾਰੇ ਬੰਦੇ ਉਥੇ ਸਨ ਤਾਂ ਮੈਂ ਪਰਦੇ ਪਿੱਛੇ ਬੈਠੀ ਹੋਈ ਸੀ। ਬੈਠੀ ਵੀ ਨ੍ਹੀਂ, ਬਲਕਿ ਲੇਟੀ ਹੋਈ ਸੀ ਕਿਉਂਕਿ ਸਾਰੀ ਰਾਤ ਥਾਣੇ ਵਾਲੇ ਮੇਰੀ ਕੁੱਟਮਾਰ ਕਰਦੇ ਰਹੇ ਸਨ ਤੇ ਮੇਰਾ ਸਰੀਰ ਸੱਟਾਂ ਦਾ ਭੰਨਿਆਂ ਹੋਇਆ ਸੀ। ਉਸ ਵੇਲੇ ਮੇਰੇ ਕੰਨੀ ਹੇਠਾਂ ਇਕੱਠੇ ਹੋਏ ਲੋਕਾਂ ਦਾ ਸ਼ੋਰ ਵੀ ਪੈ ਰਿਹਾ ਸੀ ਜਿਹੜੇ ਗੁੱਸੇ 'ਚ ਚੀਕ ਚਿਲਾ ਰਹੇ ਸਨ। ਉਥੇ ਇਹ ਅਫਵਾਹ ਫੈਲੀ ਹੋਈ ਸੀ ਕਿ ਅਫਗਾਨ ਪੁਲਿਸ ਵਾਲੇ ਕਿਸੇ ਨਿਰਦੋਸ਼ ਔਰਤ ਨੂੰ ਅਮਰੀਕਨਾਂ ਨੂੰ ਸੌਂਪ ਰਹੇ ਨੇ। ਫਿਰ ਜਦੋਂ ਅਮਰੀਕੀ ਸਪੈਸ਼ਲ ਫੋਰਸ ਵਾਲੇ ਅੰਦਰ ਆਏ ਤਾਂ ਮੈਂ ਇਹ ਵੇਖਣ ਲਈ ਪਰਦਾ ਚੁੱਕ ਕੇ ਬਾਹਰ ਵੱਲ ਝਾਕੀ ਕਿ ਵੇਖਾਂ ਤਾਂ ਸਹੀ ਕਿ ਇੱਥੇ ਅਕਸਰ ਹੋ ਕੀ ਰਿਹਾ ਐ। ਮੈਂ ਵੇਖਿਆ ਕਿ ਅਮਰੀਕੀ ਫੌਜੀ ਅੰਦਰ ਆਉਂਦੇ ਬਹੁਤ ਡਰੇ ਤੇ ਘਾਬਰੇ ਹੋਏ ਸਨ ਅਤੇ ਉਨ੍ਹਾਂ ਬੰਦੂਕਾਂ ਸਿੰਨੀਆਂ ਹੋਈਆਂ ਸਨ। ਫਿਰ ਜਿਉਂ ਹੀ ਇੱਕ ਫੌਜੀ ਦੀ ਮੇਰੇ ਵੱਲ ਨਿਗ੍ਹਾ ਗਈ ਤਾਂ ਉਹ ਸ਼ਾਇਦ ਮੈਨੂੰ ਇਉਂ ਝਾਕਦੀ ਨੂੰ ਵੇਖ ਕੇ ਹੋਰ ਵੀ ਡਰ ਗਿਆ ਤੇ ਉਸ ਨੇ ਛੇਤੀ ਦੇਣੇ ਆਪਣੀ ਪਿਸਤੌਲ 'ਚੋਂ ਗੋਲੀ ਚਲਾ ਦਿੱਤੀ ਜੋ ਮੇਰੇ ਪੇਟ 'ਚ ਆਣ ਲੱਗੀ। ਇਸ ਪਿੱਛੋਂ ਉਥੇ ਹਫੜਾ-ਦਫੜੀ ਮੱਚ ਗਈ। ਇਹ ਸ਼ਾਇਦ ਆਪਣੇ ਬਚਾਅ ਲਈ ਮੈਨੂੰ ਜ਼ਖ਼ਮੀ ਹੋਈ ਨੂੰ ਚੁੱਕ ਕੇ ਨਾਲ ਈ ਲੈ ਗਏ। ਉਦੋਂ ਤਾਂ ਸ਼ਾਇਦ ਇਨ੍ਹਾਂ ਦੇ ਚਿੱਤ ਚੇਤੇ ਵੀ ਨ੍ਹੀਂ ਸੀ ਕਿ ਮੈਂ ਕੌਣ ਆਂ। ਪਿੱਛੋਂ ਜਦੋਂ ਇਨ੍ਹਾਂ ਨੂੰ ਮੇਰੀ ਅਸਲੀਅਤ ਪਤਾ ਚੱਲੀ ਤਾਂ ਸਰਕਾਰ ਨੇ ਮੇਰੇ 'ਤੇ ਉਹ ਕੇਸ ਬਣਾ ਲਿਆ ਜੋ ਇਸ ਨੂੰ ਠੀਕ ਬੈਠਦਾ ਹੈ।"

ਫਿਰ ਸਫਾਈ ਵਕੀਲ ਨੇ ਆਫੀਆ ਨੂੰ ਕਿਹਾ ਕਿ ਉਹ ਖੁੱਲ੍ਹ ਕੇ ਦੱਸੇ ਕਿ ਆਪਣੀ ਗ੍ਰਿਫਤਾਰੀ ਤੋਂ ਪਹਿਲਾਂ ਉਹ ਕਿੱਥੇ ਗਾਇਬ ਰਹੀ। ਸਫਾਈ ਵਕੀਲ ਨੂੰ ਪੂਰੀ ਉਮੀਦ ਸੀ ਕਿ ਆਫੀਆ ਉਹੀ ਗੱਲ ਸੁਣਾਏਗੀ ਜੋ ਉਹ ਹਮੇਸ਼ਾ ਕਹਿੰਦੀ ਹੈ ਕਿ ਉਸ ਨੂੰ ਐਫ.ਬੀ.ਆਈ. ਨੇ ਕਿਧਰੇ ਗੁਪਤ ਜੇਲ੍ਹ ਵਿਚ ਕੈਦ ਰੱਖਿਆ ਅਤੇ ਉਸ ਉਤੇ ਤਸ਼ੱਦਦ ਕੀਤਾ ਗਿਆ, ਪਰ ਆਫੀਆ ਨੇ ਇਹ ਸੁਆਲ ਹੀ ਟਾਲ ਦਿੱਤਾ ਤੇ ਗੱਲ ਨੂੰ ਹੋਰ ਈ ਪਾਸੇ ਲੈ ਤੁਰੀ। ਉਸ ਦੀ ਇਸ ਹਰਕਤ 'ਤੇ ਸਫਾਈ ਵਕੀਲ ਨੂੰ ਵੀ ਖਿਝ ਚੜ੍ਹੀ। ਉਹ ਸੋਚ ਰਿਹਾ ਸੀ ਕਿ ਜੇ ਇਹ ਖੁੱਲ੍ਹ ਕੇ ਦੱਸ ਦੇਵੇ ਕਿ ਕਿਵੇਂ ਇਸ ਨੂੰ ਏਜੰਸੀਆਂ ਨੇ ਇੰਨੇ ਸਾਲ ਟਾਰਚਰ ਕੀਤਾ ਤਾਂ ਜਿਊਰੀ ਦੀ ਇਸ ਨਾਲ ਹਮਦਰਦੀ ਵਧ ਜਾਵੇਗੀ, ਪਰ ਆਫੀਆ ਨੇ ਅਜਿਹਾ ਕੁਝ ਨਾ ਕਿਹਾ। ਆਖਰ ਮੱਥਾ-ਪੱਚੀ ਕਰਦਿਆਂ ਸਫਾਈ ਵਕੀਲ ਬੈਠ ਗਿਆ ਤਾਂ ਸਰਕਾਰੀ ਵਕੀਲ ਦੀ ਵਾਰੀ ਆ ਗਈ। ਉਹ ਵਿਟਨਸ ਬਾਕਸ ਦੇ ਸਾਹਮਣੇ ਆ ਖੜ੍ਹੋਤੀ। ਧਿਆਨ ਨਾਲ ਆਫੀਆ ਵੱਲ ਵੇਖਦਿਆਂ ਉਹ ਬੋਲੀ, "ਆਫੀਆ ਤੂੰ ਇੰਨੇ ਸਾਲ ਕਿੱਥੇ ਰਹੀ?"

"ਮੈਨੂੰ ਐਫ.ਬੀ.ਆਈ. ਨੇ ਅਫਗਾਨਿਸਤਾਨ ਦੀ ਕਿਸੇ ਗੁਪਤ ਜੇਲ੍ਹ 'ਚ ਰੱਖਿਆ ਹੋਇਆ ਸੀ ਜਿਥੇ ਉਨ੍ਹਾਂ ਮੇਰੇ 'ਤੇ ਘੋਰ ਤਸ਼ੱਦਦ ਕੀਤਾ।" ਜਿਸ ਗੱਲ ਨੂੰ ਉਹ ਸਫਾਈ ਵਕੀਲ ਯਾਨਿ ਆਪਣੇ ਹੀ ਵਕੀਲ ਮੂਹਰੇ ਟਾਲ ਗਈ ਸੀ, ਉਸ ਦਾ ਉਸ ਨੇ ਫੱਟ ਦੇਣੇ ਉਤਰ ਦੇ ਦਿੱਤਾ। ਇਸ ਨਾਲ ਸਫਾਈ ਵਕੀਲ ਨੂੰ ਥੋੜ੍ਹੀ ਰਾਹਤ ਮਿਲੀ ਕਿ ਚਲੋ ਇਸ ਨੇ ਜੋ ਕੁਝ ਮੇਰੇ ਕਹਿਣ 'ਤੇ ਨਹੀਂ ਦੱਸਿਆ ਉਹ ਹੁਣ ਦੱਸ ਰਹੀ ਹੈ।

"ਪਰ ਤੇਰੀ ਗ੍ਰਿਫਤਾਰੀ ਤੋਂ ਅਗਲੇ ਹੀ ਦਿਨ ਤੂੰ ਐਫ.ਬੀ.ਆਈ. ਦੀ ਇੱਕ ਔਰਤ ਅਫਸਰ ਕੋਲ ਇਹ ਕਿਹਾ ਸੀ ਕਿ ਤੂੰ ਆਪਣੀ ਮਰਜ਼ੀ ਨਾਲ ਅੰਡਰਗਰਾਊਂਡ ਰਹੀ ਸੀ।"

"ਉਹ ਗੱਲ ਤਾਂ ਮੈਂ ਇਸ ਗੱਲੋਂ ਡਰਦੀ ਨੇ ਕਹੀ ਸੀ ਕਿ ਹੁਣ 'ਇਹ' ਮੇਰੇ 'ਤੇ ਅੱਤਿਆਚਾਰ ਨਾ ਕਰਨ।"

"ਤੇਰੀ ਗ੍ਰਿਫਤਾਰੀ ਵੇਲੇ ਤੇਰੇ ਬੈਗ 'ਚੋਂ ਜੋ ਪੇਪਰ ਮਿਲੇ ਸਨ, ਉਹ ਤੇਰੇ ਸਨ?"

"ਨ੍ਹੀਂ ਉਹ ਤਾਂ ਮੈਨੂੰ ਆਈ.ਐਸ.ਆਈ. ਨੇ ਦਿੱਤੇ ਸਨ।" ਆਫੀਆ ਦਾ ਇਹ ਉਤਰ ਸੁਣਦਿਆਂ ਈ ਸਰਕਾਰੀ ਵਕੀਲ ਨੇ ਵੱਡੇ ਬੰਡਲ 'ਚੋਂ ਇੱਕ ਪੇਪਰ ਕੱਢ ਕੇ ਸਾਹਮਣੇ ਬੋਰਡ 'ਤੇ ਟੰਗ ਦਿੱਤਾ। ਇਸ ਕਾਗਜ਼ 'ਤੇ ਡਰਟੀ ਬੰਬ ਬਣਾਉਣ ਦੇ ਢੰਗ ਤਰੀਕੇ ਲਿਖੇ ਹੋਏ ਸਨ।

"ਆਫੀਆ ਇਹ ਹੱਥ ਲਿਖਤ ਕਾਗਜ਼ ਹਨ ਅਤੇ ਇਹ ਤੇਰੀ ਹੀ ਹੱਥ ਲਿਖਤ ਐ। ਇਸ ਬਾਰੇ ਤੂੰ ਕੀ ਕਹਿਣਾ ਚਾਹੁੰਨੀ ਐਂ?"

"ਉਹ ਇਹ! ਇਹ ਤਾਂ ਮੈਥੋਂ ਧੱਕੇ ਨਾਲ ਲਿਖਵਾਏ ਗਏ ਸਨ। ਮੈਨੂੰ ਇੱਕ ਰਸਾਲਾ ਦਿੱਤਾ ਗਿਆ ਸੀ। ਇਹ ਸਾਰੀ ਜਾਣਕਾਰੀ ਉਸ ਵਿਚ ਸੀ। ਮੈਂ ਤਾਂ ਸਿਰਫ ਕਾਪੀ ਹੀ ਕੀਤੀ ਸੀ।"

"ਤੂੰ ਫਿਰ ਕਾਪੀ ਕਿਉਂ ਕੀਤੀ?"

"ਜੇ ਮੈਂ ਅਜਿਹਾ ਨਾ ਕਰਦੀ ਤਾਂ ਉਹ ਮੇਰੇ ਬੱਚਿਆਂ 'ਤੇ ਤਸ਼ੱਦਦ ਕਰਨ ਦਾ ਡਰਾਵਾ ਦਿੰਦੇ ਸਨ। ਨਾਲੇ ਇਹ ਕੋਈ ਇੱਕ ਅੱਧ ਦਿਨ ਦੀ ਗੱਲ ਨ੍ਹੀਂ ਐ। ਪੂਰੇ ਚਾਰ ਸਾਲ ਮੈਂ ਅਜਿਹੇ ਲੋਕਾਂ ਦੀ ਕੈਦ 'ਚ ਬਿਤਾਏ ਨੇ ਜਿਨ੍ਹਾਂ ਦਾ ਹਰ ਰੋਜ਼ ਦਾ ਕੰਮ ਈ ਮੇਰੇ 'ਤੇ ਤਸ਼ਦਦ ਕਰਨਾ ਸੀ। ਇਹ ਸਭ ਕੁਛ ਮੈਨੂੰ ਬਾਅਦ ਵਿਚ ਬਲੈਕਮੇਲ ਕਰਨ ਲਈ ਕਰਵਾਇਆ ਗਿਆ ਸੀ। ਇਹ ਗੱਲ ਸੱਚ ਵੀ ਹੈ। ਹੁਣ ਤੁਸੀਂ ਉਨ੍ਹਾਂ ਕਾਗਜ਼ਾਂ ਨੂੰ ਈ ਮੇਰੇ ਖਿਲਾਫ ਵਰਤ ਰਹੇ ਓ।"

"ਆਫੀਆ ਕੀ ਤੈਨੂੰ ਬੰਦੂਕ ਜਾਂ ਪਿਸਤੌਲ ਚਲਾਉਣ ਦੀ ਕੋਈ ਜਾਣਕਾਰੀ ਐ?"

"ਨਹੀਂ।" ਆਫੀਆ ਨੇ ਨਾਂਹ 'ਚ ਸਿਰ ਮਾਰਦਿਆਂ ਉਤਰ ਦਿੱਤਾ।

"ਤੂੰ 1993 'ਚ ਬੰਦੂਕ ਪਿਸਤੌਲ ਚਲਾਉਣਾ ਸਿੱਖਣ ਲਈ ਕਲੱਬ ਜੁਆਇਨ ਕੀਤਾ ਸੀ।"

"ਮੈਨੂੰ ਕੁਛ ਯਾਦ ਨ੍ਹੀਂ।"

ਉਸ ਦੇ ਇੰਨਾ ਕਹਿੰਦਿਆਂ ਹੀ ਸਰਕਾਰੀ ਵਕੀਲ ਨੇ ਉਸ ਵੇਲੇ ਦੇ ਕਿਸੇ ਕਲੱਬ ਦੇ ਇੰਸਟਰੱਕਟਰ ਨੂੰ ਅਦਾਲਤ ਵਿਚ ਪੇਸ਼ ਕਰ ਦਿੱਤਾ ਜਿਸ ਨੇ ਦੱਸਿਆ ਕਿ ਉਸ ਨੂੰ ਚੰਗੀ ਤਰ੍ਹਾਂ ਯਾਦ ਹੈ ਕਿ ਉਸ ਨੇ ਇਸ ਔਰਤ ਨੂੰ ਅਸਲਾ ਚਲਾਉਣ ਦੀ ਸਿਖਲਾਈ ਦਿੱਤੀ ਸੀ। ਇਸੇ ਤਰ੍ਹਾਂ ਇਹ ਕਾਰਵਾਈ ਕਈ ਦਿਨ ਚਲਦੀ ਰਹੀ। ਆਖਰ ਗਵਾਹੀਆਂ ਖਤਮ ਹੋ ਗਈਆਂ ਤੇ ਜੱਜ ਨੇ ਦੋਨਾਂ ਧਿਰਾਂ ਨੂੰ ਕਲੋਜ਼ ਸਟੇਟਮੈਂਟ ਦੇਣ ਲਈ ਕਿਹਾ। ਸਰਕਾਰੀ ਵਕੀਲ ਨੇ ਆਪਣੀ ਕਲੋਜ਼ ਸਟੇਟਮੈਂਟ ਵਿਚ ਕਿਹਾ ਕਿ ਆਫੀਆ ਲਗਾਤਾਰ ਝੂਠ ਬੋਲਦੀ ਰਹੀ ਹੈ। ਇਸ ਨੇ ਕਿਸੇ ਵੀ ਸੁਆਲ ਦਾ ਸਿੱਧਾ ਉਤਰ ਨਹੀਂ ਦਿੱਤਾ। ਕਦੇ ਇਹ ਦਿਮਾਗੀ ਤੌਰ 'ਤੇ ਬਿਮਾਰ ਹੋਣ ਦਾ ਪਖੰਡ ਕਰਦੀ ਹੈ, ਕਦੇ ਕਹਿੰਦੀ ਹੈ ਕਿ ਇਹ ਆਪਣੀ ਮਰਜ਼ੀ ਨਾਲ ਅੰਡਰਗਰਾਊਂਡ ਰਹੀ ਤੇ ਕਦੇ ਸਰਕਾਰ 'ਤੇ ਇਲਜ਼ਾਮ ਲਾਉਂਦੀ ਹੈ। ਇਸ ਕਰ ਕੇ ਇਸ ਦੀ ਕੋਈ ਵੀ ਗੱਲ ਇਤਬਾਰ ਕਰਨ ਦੇ ਕਾਬਿਲ ਨਹੀਂ ਹੈਂ। ਜੋ ਕੇਸ ਇਸ 'ਤੇ ਚਲਾਇਆ ਗਿਆ ਹੈ, ਇਹ ਪੂਰੀ ਤਰ੍ਹਾਂ ਸਾਬਤ ਹੋ ਚੁੱਕਾ ਹੈ।

ਡਿਫੈਂਸ ਟੀਮ ਨੇ ਕਿਹਾ, "ਮਾਸੂਮ ਅਤੇ ਤਿੰਨ ਬੱਚਿਆਂ ਦੀ ਮਾਂ ਨੂੰ ਸਰਕਾਰੀ ਏਜੰਸੀਆਂ ਨੇ ਲਗਾਤਾਰ ਕਈ ਸਾਲ ਬਿਨਾਂ ਕਿਸੇ ਦੋਸ਼ ਦੇ ਕੈਦ ਕਰੀ ਰੱਖਿਆ ਤੇ ਉਸ 'ਤੇ ਘੋਰ ਅੱਤਿਆਚਾਰ ਕੀਤੇ। ਆਖਰ ਡਰਾਮਾ ਕਰਦਿਆਂ ਉਸ ਦੀ ਗ੍ਰਿਫਤਾਰੀ ਵਿਖਾਈ ਗਈ, ਪਰ ਕਿੰਨੇ ਅਫਸੋਸ ਦੀ ਗੱਲ ਹੈ ਕਿ ਜਿਨ੍ਹਾਂ ਦੋਸ਼ਾਂ ਕਰ ਕੇ ਉਸ ਨੂੰ ਕੈਦ ਰੱਖਿਆ ਤੇ ਉਸ ਉਪਰ ਅੱਤਿਆਚਾਰ ਕੀਤੇ, ਉਨ੍ਹਾਂ ਦੋਸ਼ਾਂ ਬਾਬਤ ਉਸ 'ਤੇ ਕੇਸ ਚਲਾਇਆ ਹੀ ਨਹੀਂ ਗਿਆ। ਉਸ 'ਤੇ ਮਨਘੜਤ ਦੋਸ਼ ਆਇਦ ਕਰ ਦਿੱਤਾ। ਇਸ ਕੇਸ ਵਿਚ ਵੀ ਕੋਈ ਠੋਸ ਸਬੂਤ ਉਸ ਦੇ ਖਿਲਾਫ ਨਹੀਂ ਮਿਲਿਆ। ਅਸੀਂ ਮਾਣਯੋਗ ਜਿਊਰੀ ਨੂੰ ਦੱਸਣਾ ਚਾਹਾਂਗੇ ਕਿ ਇਹ ਕੇਸ ਝੂਠਾ ਹੈ ਤੇ ਬੇਬੁਨਿਆਦ ਹੈ।"

ਫਿਰ ਜੱਜ ਨੇ ਦਿਸ਼ਾ ਨਿਰਦੇਸ਼ ਦਿੱਤੇ ਤੇ ਜਿਊਰੀ ਬੈਠ ਗਈ। ਤਿੰਨ ਦਿਨਾਂ ਪਿੱਛੋਂ ਜਿਊਰੀ ਨੇ ਆਪਣਾ ਫੈਸਲਾ ਸੁਣਾਉਂਦਿਆਂ ਆਫੀਆ ਨੂੰ ਦੋਸ਼ੀ ਕਰਾਰ ਦੇ ਦਿੱਤਾ। ਅਦਾਲਤ 'ਚ ਬੈਠੇ ਆਫੀਆ ਦੇ ਭਰਾ ਨੇ ਸਿਰ ਫੜ ਲਿਆ। ਉਹ ਆਫੀਆ ਨੂੰ ਇਹ ਸਮਝਾਉਣ ਲਈ ਸਾਰਾ ਜ਼ੋਰ ਲਾ ਚੁੱਕਾ ਸੀ ਕਿ ਪਾਕਿਸਤਾਨ ਸਰਕਾਰ ਨੇ ਦੋ ਮਿਲੀਅਨ ਡਾਲਰ ਦੀ ਮਦਦ ਦਿੰਦਿਆਂ ਉਸ ਦੇ ਲਈ ਦੁਨੀਆਂ ਦੇ ਬਿਹਤਰ ਵਕੀਲ ਚੁਣੇ ਹਨ। ਉਹ ਹੋਰ ਕੁਝ ਨਹੀਂ ਕਰ ਸਕਦੀ ਤਾਂ ਕਮ ਸੇ ਕਮ ਚੁੱਪ ਹੀ ਰਹੇ। ਹੁਣ ਉਹ ਸੋਚ ਰਿਹਾ ਸੀ ਕਿ ਇਸ ਬੇਵਕੂਫ ਕੁੜੀ ਨੇ ਸਾਰਾ ਝੁੱਗਾ ਚੌੜ ਕਰ ਕੇ ਰੱਖ ਦਿੱਤਾ, ਪਰ ਬਾਕਸ 'ਚ ਖੜ੍ਹੀ ਆਫੀਆ 'ਤੇ ਕੋਈ ਅਸਰ ਨਹੀਂ ਸੀ। ਉਸ ਨੇ ਉਚੀ ਬੋਲਦਿਆਂ ਇੰਨਾ ਹੀ ਕਿਹਾ, "ਮੈਨੂੰ ਜਿਊਰੀ ਦਾ ਇਹ ਫੈਸਲਾ ਸੁਣ ਕੇ ਕੋਈ ਹੈਰਾਨੀ ਨ੍ਹੀਂ ਹੋਈ, ਕਿਉਂਕਿ ਮੈਨੂੰ ਪਤਾ ਐ ਕਿ ਇਹ ਫੈਸਲਾ ਪਹਿਲਾਂ ਤੋਂ ਈ ਜਿਊਰੀ ਮੈਂਬਰਾਂ ਦੇ ਮਨਾਂ ਵਿਚ ਤੈਅਸ਼ੁਦਾ ਐ। ਮੈਂ ਇਹ ਉਮੀਦ ਵੀ ਨ੍ਹੀਂ ਸੀ ਕੀਤੀ ਕਿ ਅਮਰੀਕਾ ਦੀ ਕਿਸੇ ਕੋਰਟ ਵਿਚੋਂ ਮੈਨੂੰ ਇਨਸਾਫ ਮਿਲੇਗਾ। ਇਸੇ ਕਰ ਕੇ ਮੈਂ ਇਸ ਦੇ ਲਈ ਪਹਿਲਾਂ ਈ ਤਿਆਰ ਸੀ। ਜ਼ਰਾ ਸੋਚੋ...।"

"ਆਫੀਆ ਤੈਨੂੰ ਇਸ ਮੌਕੇ ਬੋਲਣ ਦੀ ਇਜਾਜ਼ਤ ਨ੍ਹੀਂ ਐ। ਨਾ ਹੀ ਹੁਣ ਤੇਰੇ ਬੋਲਣ ਨਾਲ ਕੋਈ ਫਰਕ ਪਵੇਗਾ। ਇਸ ਕਰ ਕੇ ਕੋਰਟ ਦਾ ਆਰਡਰ ਐ ਕਿ ਇਸ ਵੇਲੇ ਤੂੰ ਚੁੱਪ ਰਹੇਂ।"

"ਠੀਕ ਐ ਜੱਜ ਸਾਹਿਬ। ਮੁਲਕ ਤੁਹਾਡਾ, ਕੋਰਟ ਤੁਹਾਡੀ, ਜਿਊਰੀ ਤੁਹਾਡੇ ਲੋਕਾਂ ਦੀ, ਵਕੀਲ ਤੁਹਾਡੇ। ਫਿਰ ਇੱਥੇ ਕਿਸੇ ਬਿਗਾਨੇ ਦਾ ਕੇਸ ਕਿਵੇਂ ਨਿਰਪੱਖ ਢੰਗ ਨਾਲ ਚੱਲ ਸਕਦਾ ਐ, ਪਰ ਮੈਂ ਪਹਿਲਾਂ ਈ ਕਿਹਾ ਐ ਕਿ ਮੈਨੂੰ ਕੋਈ ਰੰਜਿਸ਼ ਨ੍ਹੀਂ। ਕਿਸੇ 'ਤੇ ਕੋਈ ਗੁੱਸਾ ਨ੍ਹੀਂ। ਤੁਹਾਡਾ ਹੁਕਮ ਸਿਰ ਮੱਥੇ।" ਇੰਨਾ ਕਹਿੰਦਿਆਂ ਆਫੀਆ ਚੁੱਪ ਹੋ ਗਈ। ਕੋਰਟ 'ਚ ਖਾਮੋਸ਼ੀ ਪਸਰ ਗਈ। ਫਿਰ ਜੱਜ ਨੇ ਇਹ ਖਾਮੋਸ਼ੀ ਤੋੜੀ। ਉਸ ਨੇ ਕੋਰਟ ਬਰਖਾਸਤ ਕਰਦਿਆਂ ਸਜ਼ਾ ਦੇਣ ਦੀ ਤਾਰੀਖ ਅਗਲੇ ਦਿਨ ਦੀ ਰੱਖ ਦਿੱਤੀ। ਮਾਰਸ਼ਲ ਆਫੀਆ ਨੂੰ ਜੇਲ੍ਹ ਵੱਲ ਲੈ ਗਏ ਤੇ ਕੋਰਟ ਖਾਲੀ ਹੋ ਗਈ।

*(ਚੱਲਦਾ)*

## ਮਿੰਨੀ ਕਹਾਣੀਆਂ

### ਉਲਟਾ ਚੋਰ ਕੋਤਵਾਲ ਨੂੰ...

ਸਾਊ ਪਰ ਤੇਜ਼ ਸੰਤੋਖ ਸਿੰਘ ਨੇ ਆਪਣੀ ਕੁੜੀ 'ਚੰਗੇ ਮੁੰਡੇ' ਨਾਲ ਵਿਆਹ ਲਈ। ਮੁੰਡੇ ਵਾਲੇ ਪੁੱਜ ਕੇ ਸ਼ਰੀਫ ਤੇ ਸਾਊ। ਕੁਝ ਸ਼ਰੀਕ ਤਾਂ ਉਨ੍ਹਾਂ ਨੂੰ 'ਸਿੱਧਰੇ' ਵੀ ਕਹਿੰਦੇ। ਜਲਦੀ ਹੀ ਕੁੜੀ ਦੇ ਘਰ ਦਾ ਰਿਮੋਟ ਕੰਟਰੋਲ ਵੀ ਸੰਤੋਖ ਸਿੰਘ ਨੇ ਫੜ ਲਿਆ। ਧੀ ਉਹਦੀ ਉਹਤੋਂ ਵੀ ਤਿੱਖੀ। ਸਹੁਰਿਆਂ ਦਾ ਘਰ ਜਿਵੇਂ ਦਾ ਤਿਵੇਂ ਤੇ ਪਿਉ ਦੇ ਘਰ ਦਾ ਉਹਨੇ ਨਕਸ਼ਾ ਹੀ ਬਦਲ ਦਿੱਤਾ। ਜੇ ਕਦੇ ਦੱਬੀ ਸੁਰ ਕੋਈ ਕੁਝ ਕਹਿੰਦਾ ਤਾਂ ਉਹ ਫੁਲ ਵੌਲਿਊਮ ਵਿਚ ਚੀਕਦੀ, "ਮੰਮੀ ਜੀ! 498 ਏ ਨਾ ਭੁੱਲੋ... ਪਤਾ ਜੇ ਇਸ ਜੁਰਮ ਵਿਚ ਅੰਦਰ ਗਿਆਂ ਦੀ ਜ਼ਮਾਨਤ ਨਹੀਂ ਹੁੰਦੀ।"

**-ਪ੍ਰੋ. ਪਰਕਾਸ਼ ਕੌਰ**

---

### ਮਨਾਹੀ

'ਤੰਬਾਕੂ ਪੀਣਾ ਮਨ੍ਹਾਂ ਹੈ' ਦਾ ਬੋਰਡ, ਹਥੌੜੀ ਤੇ ਕਿੱਲਾਂ ਹੱਥ ਵਿਚ ਫੜੀ ਤੇ ਮੂੰਹ ਵਿਚ ਦੱਬੀ ਬੀੜੀ ਦਾ ਧੂੰਆਂ ਛੱਡਦਿਆਂ ਚਪੜਾਸੀ ਨੇ ਅੰਦਰ ਵੜਦਿਆਂ ਹੀ ਬਾਬੂ ਨੂੰ ਪੁੱਛਿਆ, "ਕਿਧਰਲੀ ਕੰਧ 'ਤੇ ਟੰਗਾਂ ਇਹਨੂੰ?"

**-ਡਾ. ਗੁਰਵਿੰਦਰ ਅਮਨ**

## ਕਹਾਣੀ

# ਸੱਤੋ

***ਮੇਜਰ ਕੁਲਾਰ ਦੀ ਇਹ ਕਹਾਣੀ ਔਰਤ ਦੇ ਦੁੱਖਾਂ ਦੀ ਦਾਸਤਾਨ ਹੈ। ਲੇਖਕ ਨੇ ਸਾਧਾਰਨ ਸ਼ਬਦਾਂ ਵਿਚ ਔਰਤ ਦੇ ਦਰਦ ਨੂੰ ਜ਼ੁਬਾਨ ਦਿੱਤੀ ਹੈ। ਇਸ ਵਿਚ ਮਰਦ ਦੀ ਜ਼ਿੱਦ ਅਤੇ ਸਮਾਜ ਦੀਆਂ ਉਲਟ-ਰੀਤਾਂ ਦੀਆਂ ਝਾਕੀਆਂ ਵੀ ਝਾਤੀਆਂ ਮਾਰਦੀਆਂ ਹਨ ਜਿਹੜੀਆਂ ਇਸ ਦਰਦ ਨੂੰ ਬਹੁਤ ਵਧਾ ਦਿੰਦੀਆਂ ਹਨ। ਕਹਿਣ ਨੂੰ ਤਾਂ ਔਰਤ ਇਸ ਦੁਨੀਆਂ ਦੀ ਅੱਧ ਦੀ ਮਾਲਕ ਹੈ, ਪਰ ਇਸ ਦੀ ਵੁੱਕਅਤ ਅਜੇ ਵੀ ਸਦੀਆਂ ਪਹਿਲਾਂ ਵਾਲੀ ਹੈ ਜਦੋਂ ਉਸ ਬਾਰੇ ਫੈਸਲੇ ਕੋਈ ਹੋਰ ਲੋਕ ਹੀ ਕਰਦੇ ਸਨ। 21ਵੀਂ ਸਦੀ ਦੀ ਆਧੁਨਿਕਤਾ ਵੀ ਇਸ ਗਲ ਰਹੀ ਜੜ੍ਹ ਨੂੰ ਪੂਰੀ ਤਰ੍ਹਾਂ ਉਖਾੜਨ ਵਿਚ ਸਮਝੋ ਨਾਕਾਮ ਹੀ ਰਹੀ ਹੈ। -ਸੰਪਾਦਕ***

ਸਾਹੋ ਸਾਹ ਹੋਈ ਸੱਤੋ ਤੁਰ ਨਹੀਂ, ਸਗੋਂ ਦੌੜ ਰਹੀ ਸੀ। ਕੁੱਛੜ ਚੁੱਕਿਆ ਦੋ ਸਾਲ ਦਾ ਨਿਆਣਾ ਕੁੱਕੜ ਨਾਲੋਂ ਵੀ ਹਲਕਾ ਹੋਣ ਦੇ ਬਾਵਜੂਦ ਮਣ ਪੱਕੇ ਦਾ ਭਾਰਾ ਲੱਗ ਰਿਹਾ ਸੀ। ਦੂਜੇ ਪਾਸੇ ਖਾਦ ਵਾਲੀ ਬੋਰੀ ਵੱਢ ਕੇ ਬਣਾਇਆ ਝੋਲਾ ਲਮਕਦਾ ਹੋਇਆ, ਉਸ ਦੇ ਲੱਕ ਨੂੰ ਭੰਨ ਰਿਹਾ ਸੀ। ਸੂਟ ਵੀ ਕੋਈ ਪੂਰਾ ਨਹੀਂ ਸੀ, ਕਿਸੇ ਦੇ ਘਰੋਂ ਮਿਲੀ ਸਲਵਾਰ ਤੇ ਕਿਸੇ ਦਾ ਦਿੱਤੀ ਕੁੜਤੀ ਝੋਲੇ ਵਿਚ ਸੀ। ਰਾਹ ਵਿਚ ਪਾਣੀ ਪੀਣ ਲਈ ਉਹ ਡੱਬਾ ਵੀ ਝੋਲੇ ਵਿਚ ਸੁੱਟ ਲਿਆਈ ਸੀ। ਇਸ ਡੱਬੇ ਦਾ ਮੂੰਹ ਵਾਲਾ ਪਾਸਾ ਸੱਸ ਵਾਂਗ ਹੀ ਉਸ ਦੇ ਲੱਕ ਦਾ ਵੈਰੀ ਬਣ ਗਿਆ ਸੀ। ਸੱਤੋ ਨੇ ਅੱਖਾਂ ਦੀ ਬੈਟਰੀ ਦੂਰ ਤੱਕ



**ਮੇਜਰ ਕੁਲਾਰ ਬੋਪਾਰਾਏਕਲਾਂ**
**ਫੋਨ:916-273-2856**

ਘੁਮਾਈ। ਕੋਈ ਵੀ ਰਾਹੀ ਆਉਂਦਾ-ਜਾਂਦਾ ਨਾ ਦਿਸਿਆ। ਉਸ ਨੇ ਦੂਰੋਂ ਹੀ ਪੁਰਾਣਾ ਬਰੋਟਾ ਦੇਖਿਆ ਜਿਸ ਦੀਆਂ ਜੜ੍ਹਾਂ ਵਿਚ ਨਲਕਾ ਲੱਗਿਆ ਹੋਇਆ ਸੀ ਜਿਸ ਦਾ ਪਾਣੀ ਬਹੁਤ ਠੰਢਾ ਸੀ, ਕਿਉਂਕਿ ਇਸ ਨੇ ਬਰੋਟੇ ਦੇ ਨਾਲ ਵਗਦੇ ਸੂਏ ਦੀ ਕੁੱਖ ਵਿਚੋਂ ਜਨਮ ਲਿਆ ਸੀ। ਸੂਏ ਅਤੇ ਬਰੋਟੇ ਦੀ ਜਨਮ ਤਾਰੀਕ ਤਾਂ ਸ਼ਾਇਦ ਕਿਸੇ ਨੂੰ ਪਤਾ ਨਹੀਂ ਸੀ, ਪਰ ਸੂਏ ਉਪਰ ਬਣੇ ਪੁਲ ਦੀ ਸੱਜੀ ਖੱਬੀ ਵੱਖੀ 'ਤੇ ਸੰਨ 1899 ਈਸਵੀ ਲਿਖਿਆ ਹੋਇਆ ਸੀ। ਇਹ ਪੁਲ ਤਿੰਨ ਪਿੰਡਾਂ ਦਾ ਬਾਈਪਾਸ ਵੀ ਸੀ।

ਸੱਤੋ ਇਕ ਕਦਮ ਅਗਾਂਹ ਪੁੱਟਦੀ ਤਾਂ ਦੋ ਕਦਮ ਪਿਛਾਂਹ ਮੁੜਦੀ ਹੋਈ ਮਹਿਸੂਸ ਕਰਦੀ। ਹੰਭ-ਹਾਰ ਕੇ ਉਹ ਬਰੋਟੇ ਥੱਲੇ ਪਹੁੰਚ ਗਈ। ਕੁੱਛੜ ਵਾਲੇ ਨਿਆਣੇ ਨੂੰ ਉਸ ਨੇ ਬਿਠਾਇਆ ਨਹੀਂ, ਜਿਵੇਂ ਸਿੱਟ ਹੀ ਦਿੱਤਾ ਹੋਵੇ। ਜੋਗੀਆਂ ਵਾਂਗ ਝੋਲਾ ਮੋਢੇ ਤੋਂ ਉਤਾਰ ਕੇ ਉਸ ਨੇ ਡੱਬਾ ਬਾਹਰ ਕੱਢਿਆ ਅਤੇ ਨਲਕੇ ਦੇ ਮੂੰਹ ਥੱਲੇ ਕਰ ਕੇ ਹੱਥੀ ਫੜੀ। ਜਦ ਦੇਖਿਆ ਤਾਂ ਨਲਕੇ ਦੇ ਸਿਰ ਵਾਲਾ ਨਟ-ਬੋਲਟ ਗਾਇਬ ਸੀ। ਸੱਤੋ ਨੇ ਸੋਚਿਆ ਕਿ ਨਲਕੇ ਦੇ ਕਿੱਲ-ਕਾਬਲੇ ਵੀ ਮੇਰੇ ਸਹੁਰੇ ਦੇ ਦਿਮਾਗ ਵਾਂਗ ਗੁਆਚੇ ਲੱਗਦੇ ਸਨ ਜਿਸ ਨੇ ਕਦੇ ਸਿਆਣੀ ਗੱਲ ਨਹੀਂ ਕੀਤੀ। ਜਿਸ ਬਰੋਟੇ ਥੱਲੇ ਹਮੇਸ਼ਾ ਕੋਈ ਨਾ ਕੋਈ ਅਰਾਮ ਕਰਦਾ ਮਿਲ ਜਾਂਦਾ ਸੀ, ਅੱਜ ਉਥੇ ਵੀ ਕੋਈ ਨਹੀਂ ਸੀ। ਡੱਕਾ ਤੋੜ ਕੇ ਉਸ ਨੇ ਨਲਕੇ ਦੇ ਸਿਰ ਵਿਚ ਫਸਾ ਦਿੱਤਾ ਤੇ ਹੱਥੀ ਉਤੇ ਭਾਰ ਦਿੱਤਾ ਤਾਂ ਚਾਰ ਘੁੱਟਾਂ ਪਾਣੀ ਆ ਗਿਆ। ਦੁਬਾਰਾ ਹੱਥੀ 'ਤੇ ਭਾਰ ਦਿੱਤਾ ਤਾਂ ਡੱਕੇ ਦੇ ਸੁਆਸ ਮੁੱਕ ਗਏ, ਜਿਵੇਂ ਉਸ ਦੇ ਘਰ ਵਾਲੇ ਦੇ ਜਿਉਂਦਿਆਂ ਹੀ ਸੁਆਸ ਮੁੱਕੇ ਰਹਿੰਦੇ ਨੇ। ਪਹਿਲਾਂ ਉਸ ਨੇ ਆਪਣੇ ਜਿਗਰ ਦੇ ਟੁਕੜੇ ਦੇ ਮੂੰਹ ਨੂੰ ਪਾਣੀ ਲਾਇਆ, ਫਿਰ ਆਪਣੀਆਂ ਸੁੱਕੀਆਂ ਆਂਦਰਾਂ ਗਿੱਲੀਆਂ ਕੀਤੀਆਂ। ਨਿਆਣੇ ਨੂੰ ਚੁੱਕ ਕੇ ਹਿੱਕ ਨਾਲ ਲਾਇਆ ਤਾਂ ਨਿਆਣਾ ਦੁੱਧ ਤਲਾਸ਼ਣ ਲੱਗਿਆ। ਸੱਤੋ ਨੇ ਕੁੜਤੀ ਉਤਾਂਹ ਚੁੱਕ ਕੇ ਦੁੱਧ ਉਸ ਦੇ ਮੂੰਹ ਵਿਚ ਦਿੰਦਿਆਂ ਸਿਰ ਪਲੋਸਿਆ। ਤੋਕੜ ਹੋ ਚੁੱਕੇ ਦੁੱਧਾਂ ਵਿਚੋਂ ਦੁੱਧ ਸ਼ਾਇਦ ਤੁਪਕੇ ਵਾਂਗ ਆ ਰਿਹਾ ਸੀ, ਪਰ ਸੱਤੋ ਆਪਣੀ ਮਮਤਾ ਨਾਲ ਬੱਚੇ ਨੂੰ ਰਜਾਉਣਾ ਚਾਹੁੰਦੀ ਸੀ। ਫਿਰ ਉਸ ਨੂੰ ਪਤਾ ਹੀ ਨਾ ਲੱਗਾ ਜਦੋਂ ਉਸ ਨੇ ਆਪਣੇ ਅਤੀਤ ਦੀ ਗੱਠੜੀ ਖੋਲ੍ਹ ਲਈ।

ਸੱਤੋ ਦਾ ਪਿੰਡ ਮਾਲਵੇ ਦੀ ਧੁੰਨੀ ਵਿਚ ਵੱਸਦਾ ਹੈ। ਉਨ੍ਹਾਂ ਦੇ ਘਰ ਦੀ ਇਕ ਕੰਧ ਜੱਟਾਂ-ਜਿਮੀਦਾਰਾਂ ਨਾਲ ਤੇ ਦੂਜੀ ਰਾਮਦਾਸੀਆਂ ਨਾਲ ਸਾਂਝੀ ਹੈ। ਉਨ੍ਹਾਂ ਦਾ ਘਰ ਜਿਵੇਂ ਸਰਹੱਦ ਦੀ ਤਾਰ ਹੋਵੇ ਪਰ ਇਹ ਦੋਵੇਂ ਪਾਸੇ ਆ ਜਾ ਸਕਦੇ ਹਨ, ਬਿਨਾਂ ਡਰ ਤੋਂ। ਸੱਤੋ ਆਪਣੇ ਮਨ ਨਾਲ ਹੀ ਗੱਲ ਕਰਨ ਲੱਗੀ ਜਿਵੇਂ ਉਹ ਕਿਸੇ ਨੂੰ ਆਪਣੀ ਰਾਮ ਕਹਾਣੀ ਸੁਣਾ ਰਹੀ ਹੋਵੇ।

"ਸੱਜੇ ਪਾਸੇ ਵਾਲੇ ਘਰ ਕੋਲ ਜ਼ਮੀਨ ਨਹੀਂ ਸੀ ਪਰ ਲੱਗਦਾ ਉਹ ਸਾਡੇ ਅਤੇ ਖੱਬੇ ਪਾਸੇ ਵਾਲੇ ਘਰ ਨਾਲੋਂ ਜ਼ਿਆਦਾ ਸੁਖਾਲੇ ਸਨ। ਤਾਇਆ ਗੁਰਮੇਲ ਸਿੰਘ ਰਾਮਦਾਸੀਆ ਅਖੰਡ ਪਾਠੀ ਸੀ। ਉਹ ਬੜਾ ਨੇਕ ਦਿਲ ਤੇ ਧਾਰਮਿਕ ਖਿਆਲਾਂ ਦਾ ਬੰਦਾ ਸੀ। ਮੇਰਾ ਬਾਪੂ ਬਿਲਕੁਲ ਉਲਟ, ਜਿਵੇਂ ਧਰਤੀ ਤੇ ਅਸਮਾਨ, ਜੋ ਕਦੀ ਇਕ ਨਹੀਂ ਹੋ ਸਕਦੇ।

ਮੇਰਾ ਬਾਪੂ ਜੀਤਾ ਦਲਾਲ ਮੱਝਾਂ ਦਾ ਵਪਾਰੀ ਤੇ ਦਲਾਲ ਵੀ ਸੀ। ਅਸੀਂ ਦੋ ਭੈਣਾਂ-ਮੈਂ ਤੇ ਰਾਣੀ। ਸਭ ਤੋਂ ਛੋਟਾ ਇਕੋ ਇਕ ਭਰਾ ਮੰਗਤੂ। ਬੀਬੀ ਨੇ ਮਸਾਂ ਨੱਕ ਰਗੜ-ਰਗੜ ਕੇ ਪਰਮਾਤਮਾ ਤੋਂ ਮੰਗਿਆ ਸੀ। ਸਾਡੀ ਦੋਵਾਂ ਭੈਣਾਂ ਦੀ ਜਾਨ ਸੀ ਮੰਗਤੂ। ਗੁਰਮੇਲ ਤਾਏ ਦੀ ਕੁੜੀ ਭਾਗੋ ਤੇ ਮੰਗਤੂ ਦਾ ਹਾਣੀ ਪਾਲਾ ਸੀ। ਬਾਪੂ ਮੇਰਾ ਝੂਠ ਦੀ ਖੱਟੀ ਖਾਣ ਵਾਲਾ ਬੰਦਾ ਸੀ। ਮੱਝਾਂ ਦੀ ਦਲਾਲੀ ਕਰਦਾ ਪਤਾ ਨਹੀਂ ਕਿੰਨੀ ਵਾਰ ਗੁਰੂਆਂ ਦੀ ਝੂਠੀ ਸਹੁੰ ਖਾ ਜਾਂਦਾ। ਜ਼ਮੀਨ ਸਾਡੀ ਤਾਂ ਬੱਸ ਮੱਝਾਂ ਦੇ ਚਾਰੇ ਤੇ ਸਾਡੇ ਗੁਜ਼ਾਰੇ ਜੋਗੀ ਸੀ। ਜਿਮੀਦਾਰਾਂ ਦੇ ਘਰ ਸਾਡੇ ਘਰ ਨੂੰ ਵੀ ਰਾਮਦਾਸੀਆ ਮੁਹੱਲੇ ਵਿਚ ਗਿਣ ਛੱਡਦੇ ਸਨ। ਮੈਂ ਤੇ ਭਾਗੋ ਜਿਵੇਂ ਸਕੀਆਂ ਭੈਣਾਂ ਹੋਈਏ। ਤਾਇਆ ਤੇ ਤਾਈ ਵੀ ਜਨਮ-ਮਰਨ, ਵਿਆਹ-ਸ਼ਾਦੀ 'ਤੇ ਜਿਮੀਦਾਰਾਂ ਦੇ ਘਰਾਂ ਵਿਚ ਕੰਮ ਕਰਨ ਜਾਂਦੇ। ਉਹ ਸਾਰਾ ਕੰਮ-ਕਾਜ ਪੂਰੀ ਇਮਾਨਦਾਰੀ ਤੇ ਜ਼ਿੰਮੇਵਾਰੀ ਨਾਲ ਨੇਪਰੇ ਚੜ੍ਹਦੇ। ਤਾਈ ਖਾਣ-ਪੀਣ ਲਈ ਕਿੰਨਾ ਕੁਝ ਲਿਆਉਂਦੀ। ਭਾਗੋ ਹੋਰੀਂ ਹਮੇਸ਼ਾ ਖੁਸ਼ ਰਹਿੰਦੇ, ਪਰ ਕੰਧ ਤੋਂ ਇੱਧਰਲੇ ਪਾਸੇ ਪਤਾ ਨਹੀਂ ਕਿਉਂ ਸਦਾ ਭੰਗ ਭੁੱਜਦੀ ਰਹਿੰਦੀ ਸੀ। ਬਾਪੂ ਨਿੱਤ ਸ਼ਰਾਬ ਪੀਂਦਾ ਸਾਨੂੰ ਬਹੁਤ ਬੁਰਾ ਲੱਗਦਾ ਸੀ। ਉਸ ਤੋਂ ਵੱਧ ਬੁਰੇ ਉਹ ਲੋਕ ਲੱਗਦੇ ਜਿਹੜੇ ਬਾਪੂ ਨਾਲ ਆ ਕੇ ਪੀਂਦੇ। ਦੋ ਪੈਗ ਪੀ ਕੇ ਬਾਪੂ ਸਾਡੇ 'ਤੇ ਇਉਂ ਹੁਕਮ ਚਲਾਉਂਦਾ ਜਿਵੇਂ ਗੋਲੂ ਦੇ ਢਾਬੇ 'ਤੇ ਬੈਠਾ ਹੋਵੇ, 'ਸੱਤੋ ਅੰਬ ਦਾ ਆਚਾਰ ਫੜਾ...ਆਹ ਪਾਣੀ ਵੀ ਮੁੱਕ ਗਿਆ...ਮੈਂ ਤੈਨੂੰ ਕਿਹਾ ਗੰਢਾ ਚੀਰ ਕੇ ਲਿਆ।' ਮੇਰਾ ਦਿਲ ਕਰਦਾ ਹੱਥ ਵਿਚਲਾ ਚਾਕੂ ਬਾਪੂ ਦੀ ਹਿੱਕ ਤੋਂ ਪਾਰ ਕਰ ਦੇਵਾਂ। ਕੋਈ ਆਪਣੀਆਂ ਧੀਆਂ ਤੋਂ ਕੰਜਰਾਂ ਦੀ ਸੇਵਾ ਇਸ ਤਰ੍ਹਾਂ ਥੋੜ੍ਹੇ ਕਰਵਾਉਂਦਾ ਹੈ!"

ਸੱਤੋ ਦੇ ਬੁੱਕਲ ਵਿਚ ਪਏ ਨਿਆਣੇ ਨੇ ਦੁੱਧ ਪੀਂਦਿਆਂ ਦੰਦੀ ਵੱਢ ਕੇ ਉਸ ਦੀ ਅਤੀਤ ਵਾਲੀ ਲੜੀ ਤੋੜ ਦਿੱਤੀ। ਕੁੜਤੀ ਥੱਲੇ ਕਰਦਿਆਂ ਨਿਆਣਾ ਫਿਰ ਕੁੱਛੜ ਲਾ ਲਿਆ। ਲੀਰਾਂ ਦੀ ਗੱਠੜੀ ਫਿਰ ਮੋਢੇ ਲਟਕਾਉਂਦਿਆਂ ਆਪਣੇ ਕਦਮਾਂ ਦੀ ਗਤੀ ਤੇਜ਼ ਕੀਤੀ।

"ਬਾਪੂ ਨੂੰ ਆਪਣੀ ਦਾਰੂ ਅਤੇ ਵਪਾਰ ਪਿਆਰਾ ਸੀ, ਪਰ ਤਾਏ ਨੂੰ ਆਪਣੀ ਸਿੱਖੀ ਤੇ ਪਰਿਵਾਰ ਪਿਆਰਾ। ਮੈਂ ਕਈ ਵਾਰ ਸੋਚਦੀ ਕਿ ਬਾਪੂ ਤੇ ਤਾਏ ਦਾ ਇਕੋ ਧਰਮ ਹੈ, ਪਰ ਇਨ੍ਹਾਂ ਦੀ ਰਹਿਣੀ, ਬਹਿਣੀ ਤੇ ਕਹਿਣੀ ਵਿਚ ਐਨਾ ਫਰਕ ਕਿਉਂ ਹੈ? ਇਕ ਸ਼ਾਮ ਬਾਪੂ ਚਾਰ-ਪੰਜ ਵਪਾਰੀਆਂ ਦਾ ਟੋਲਾ ਨਾਲ ਲੈ ਆਇਆ। ਸਾਡੇ ਲਈ ਇਹ ਕੋਈ ਨਵੀਂ ਗੱਲ ਨਹੀਂ ਸੀ। ਬਾਪੂ ਨੇ ਪਾਣੀ ਦਾ ਜੱਗ ਤੇ ਗਲਾਸ ਮੰਗਵਾ ਲਏ। ਦਾਰੂ ਪੀਣ ਲੱਗਿਆਂ ਇਕ ਵਪਾਰੀ ਨੇ ਕਿਹਾ, 'ਜੀਤਿਆ! ਆਹ ਔਸਰ ਝੋਟੀ ਲੱਗਦਾ ਸੁਭਾਅ ਦੀ ਬਾਹਲੀ ਕੌੜ ਐ।' ਬਾਪੂ ਖੱਚਰੀ ਹਾਸਾ ਹੱਸਿਆ ਤੇ ਕਿਹਾ, 'ਪੂਰਨਾ, ਦੇਖਣ ਨੂੰ ਤੈਨੂੰ ਇੰਜ ਲੱਗਦੀ ਹੈ ਪਰ ਸਾਊ ਮਾਂ ਵਰਗੀ ਐ। ਭਲਾ ਥਾਪੀ ਦੇ ਕੇ ਹੁਣੇ ਹੀ ਥਣਾਂ ਨੂੰ ਹੱਥ ਲਾ ਲੈ।' ਬਾਪੂ ਦੀ ਅਣਖ ਦਾਰੂ ਦੇ ਗਲਾਸ ਵਿਚ ਡੁੱਬ ਚੁੱਕੀ ਸੀ ਪਰ ਮੈਨੂੰ 'ਮਾਈ ਭਾਗੋ' ਸਾਹਮਣੇ ਖੜ੍ਹੀ ਦਿਖਾਈ ਦੇ ਰਹੀ ਸੀ। ਹੱਥ ਵਿਚਲਾ ਚਾਕੂ ਖੂਨ ਦਾ ਪਿਆਸਾ ਹੋਣ ਲੱਗਾ।

'ਜੀਤਿਆ! ਦੱਸ ਫਿਰ ਇਸ ਝੋਟੀ ਦਾ ਕੀ ਲੈਣਾ।' ਪੂਰਨ ਨੇ ਖਾਲੀ ਗਲਾਸ ਥੱਲੇ ਰੱਖਦਿਆਂ ਮੁੱਛਾਂ 'ਤੇ ਪੁੱਠਾ ਹੱਥ ਰੰਦੇ ਵਾਂਗ ਫੇਰਿਆ।

'ਪੂਰਨਾ! ਇਹ ਝੋਟੀ ਤੇਰੀ ਹੀ ਹੈ, ਜਦੋਂ ਮਰਜ਼ੀ ਲੈ ਜਾਈਂ।' ਬਾਪੂ ਨੇ ਪੂਰਨ ਨੂੰ ਖੁੱਲ੍ਹੀ ਛੁੱਟੀ ਦੇ ਦਿੱਤੀ।

'ਆਹ ਕੁੜੇ ਪਾਣੀ ਫੜਾ ਕੇ ਜਾਈਂ।' ਮੱਧਰੇ ਜਿਹੇ ਕੱਦ ਵਾਲੇ ਨੇ ਕਿਹਾ।

ਮੈਂ ਪਾਣੀ ਦਾ ਜੱਗ ਲੈ ਕੇ ਗਈ। ਦੂਜੇ ਹੱਥ ਚਾਕੂ ਦੀ ਡੰਡੀ ਘੁੱਟੀ ਹੋਈ ਸੀ। ਸ਼ਾਇਦ ਬਾਪੂ ਤਾਂ ਪੂਰਨ ਦੀ ਨੀਅਤ ਤੋਂ ਅਣਜਾਣ ਸੀ ਪਰ ਮੈਂ ਉਸ ਦੀ ਬੋਲੀ ਸਮਝ ਚੁੱਕੀ ਸੀ। ਜਿਹੜਾ ਕੁਆਰੀ ਕੁੜੀ ਨੂੰ ਔਸਰ ਝੋਟੀ ਕਹਿ ਰਿਹਾ ਸੀ।

'ਔਸਰ ਝੋਟੀ ਕਿਸ ਨੇ ਖਰੀਦਣੀ ਐ?' ਮੈਂ ਜੱਗ ਮੇਜ਼ 'ਤੇ ਰੱਖਦਿਆਂ ਗੁੱਸੇ ਨਾਲ ਕਿਹਾ। ਸਾਰਿਆਂ ਦੇ ਗਲਾਸ ਤੇ ਹੱਥ ਥਾਉਂ-ਥਾਈਂ ਰੁਕ ਗਏ ਜਿਵੇਂ ਉਹ ਬੰਦੇ ਨਹੀਂ, ਪੱਥਰ ਦੇ ਬੁੱਤ ਹੋਣ। ਜ਼ੁਬਾਨ ਬੰਦ ਹੋ ਗਈ ਪਰ ਮੈਂ ਬੋਲਣੋਂ ਨਾ ਰੁਕੀ, 'ਬਾਪੂ, ਇਨ੍ਹਾਂ ਕੰਜਰਾਂ ਨੂੰ ਹੁਣੇ ਹੀ ਇੱਥੋਂ ਤੋਰ ਦੇ; ਨਹੀਂ ਤਾਂ ਮੈਂ ਇੱਕ-ਅੱਧੇ ਦਾ ਖੂਨ ਕਰ ਦੇਣਾ।' ਮੇਰੇ ਚਿਹਰੇ ਦਾ ਜਲੌਅ ਦੇਖ ਕੇ ਸਾਰੇ ਨੀਵੀਆਂ ਪਾ ਕੇ ਤੁਰ ਗਏ, ਪਰ ਪੂਰਨ ਜਾਂਦਾ ਹੋਇਆ ਆਖ ਗਿਆ ਕਿ ਤੈਨੂੰ ਸਾਡੀ ਕੀਤੀ ਬੇਇੱਜ਼ਤੀ ਦਾ ਮੁੱਲ ਉਤਾਰਨਾ ਪਊ।

ਤਾਇਆ ਭਾਗੋ ਤੇ ਪਾਲੇ ਨੂੰ ਗੁਰਬਾਣੀ ਪੜ੍ਹਾਉਂਦਾ ਰਹਿੰਦਾ, ਉਨ੍ਹਾਂ ਨੂੰ ਜੀਵਨ ਦੀ ਜਾਚ ਦੱਸਦਾ। ਆਪ ਕੱਖਾਂ ਨੂੰ ਗਿਆ ਕਿਸੇ ਦੀ ਫਸਲ ਦਾ ਇਕ ਤੀਲਾ ਵੀ ਨਾ ਭੰਨਦਾ। ਬਹੁਤੀ ਖਾਣ ਨਾਲੋਂ ਥੋੜ੍ਹੀ ਵਿਚ ਸਬਰ ਸੰਤੋਖ ਰੱਖਦਾ। ਭਾਗੋ ਦਸ ਜਮਾਤਾਂ ਪਾਸ ਕਰ ਗਈ ਪਰ ਮੈਂ ਅੱਠਵੀਂ ਵਿਚ ਹੀ ਬਾਪੂ ਦੇ ਜ਼ੁਲਮਾਂ ਦੀ ਭੇਟ ਚੜ੍ਹ ਗਈ।

ਪੂਰਨ ਵਪਾਰੀ ਵੀ ਬਾਪੂ ਦਾ ਡਬਲ ਰੋਲ ਸੀ। ਸੌ ਕੰਜਰ ਇਕ ਪਾਸੇ, ਤੇ ਦੂਜੇ ਪਾਸੇ ਇਕੱਲਾ ਪੂਰਨ। ਜਦ ਵੀ ਉਹ ਸਾਡੇ ਘਰ ਆਉਂਦਾ ਪਸ਼ੂਆਂ ਵੱਲ ਘੱਟ ਦੇਖਦਾ, ਚੁੱਲ੍ਹੇ-ਚੌਂਕੇ ਵੱਲ ਜ਼ਿਆਦਾ ਧਿਆਨ ਰੱਖਦਾ। ਅਸੀਂ ਉਸ ਦੀ ਹਰ ਹਰਕਤ ਤੋਂ ਜਾਣੂ ਸਾਂ ਪਰ ਬਾਪੂ ਜਿਵੇਂ ਜਾਣ-ਬੁੱਝ ਕੇ ਅਣਜਾਣ ਬਣ ਜਾਂਦਾ। ਧੀਆਂ ਦੀ ਇੱਜ਼ਤ ਨਾਲੋਂ ਉਸ ਨੂੰ ਪਾਪ ਦੀ ਖੱਟੀ ਵਿਚ ਜਿਵੇਂ ਅਨੰਦ ਜ਼ਿਆਦਾ ਆਉਂਦਾ ਹੋਵੇ! ਤਾਏ ਦੇ ਜਿੰਨੇ ਸੰਗੀ-ਸਾਥੀ ਆਉਂਦੇ, ਉਹ ਰਾਹ ਵਾਲੀ ਬੈਠਕ ਵਿਚ ਬੈਠ ਕੇ, ਤਾਏ ਨੂੰ ਮਿਲ ਕੇ ਚਲੇ ਜਾਂਦੇ। ਭਾਗੋ ਹੋਰਾਂ ਨੂੰ ਪਤਾ ਵੀ ਨਾ ਲੱਗਦਾ ਕਿ ਕੋਈ ਢਾਡੀ, ਕਵੀਸ਼ਰ ਆਇਆ ਸੀ ਜਾਂ ਕੋਈ ਅਖੰਡ ਪਾਠੀ। ਤਾਏ ਦੇ ਵਧੀਆ ਅਸੂਲ ਸਨ।

ਇਕ ਵਾਰ ਬਾਪੂ ਕਿਸੇ ਦੇ ਘਰੋਂ ਤੋਕੜ ਮੱਝ ਲੈ ਆਇਆ, ਜਿਹੜੀ ਦੋ ਡੰਗ ਟੀਕੇ 'ਤੇ ਮਿਲਦੀ ਸੀ। ਦੇਖਣ ਨੂੰ ਪੂਰੀ ਸੁਨੱਖੀ ਪਰ ਅੰਦਰੋਂ ਖੋਟੀ ਸੀ। ਮੱਝ ਖਰੀਦ ਕੇ ਬਾਪੂ ਨੇ ਮਰਿਆ ਸੱਪ ਗਲ ਪਾ ਲਿਆ ਸੀ ਪਰ ਬਾਪੂ ਵੀ ਪੂਰਾ ਕੌਤਕੀ ਸੀ। ਕਿਸੇ ਦੇ ਘਰੋਂ ਤਿੰਨ ਮਹੀਨਿਆਂ ਦਾ ਕੱਟਾ ਲੈ ਆਇਆ। ਮੱਝ ਨੂੰ ਤਿੰਨ ਡੰਗ ਨਾ ਚੋਇਆ, ਚੌਥੇ ਡੰਗ ਮੱਝ ਖੌਰੂ ਪਾਵੇ। ਬਾਪੂ ਨੇ ਤੜਕੇ ਮੱਝ ਥੱਲੇ ਕੱਟਾ ਛੱਡ ਦਿੱਤਾ। ਮੱਝ ਬਾਪੂ ਨਾਲੋਂ ਵੱਧ ਸਿਆਣੀ ਨਿਕਲੀ ਜਿਸ ਨੇ ਕੱਟੇ ਨੂੰ ਸਵੀਕਾਰ ਨਾ ਕੀਤਾ। ਗੁੱਸੇ ਵਿਚ ਆ ਕੇ ਬਾਪੂ ਨੇ ਤਿੰਨ ਪੈਗ ਦਾਰੂ ਦੇ ਪੀ ਕੇ ਮੱਝ ਨੂੰ ਸੱਤ ਪੋਰੀ ਡਾਂਗ ਦੀ ਧੂਫ ਦੇਣ ਲੱਗ ਪਿਆ। ਸਾਡੇ ਵਿਹੜੇ ਛੱਲੀਆਂ ਕੁੱਟ ਹੁੰਦੀਆਂ ਸੁਣ ਤਾਇਆ ਕੰਧ ਟੱਪ ਆਇਆ। ਬਾਪੂ ਹੱਥੋਂ ਡਾਂਗ ਫੜ੍ਹ ਲਈ ਤੇ ਵਾਸਤੇ ਪਾਉਣ ਲੱਗਿਆ, 'ਜੀਤ ਸਿਆਂ! ਕਿਸ ਲਈ ਇਹ ਪਸ਼ੂਆਂ 'ਤੇ ਅੱਤਿਆਚਾਰ ਕਰਦਾ ਹੈਂ। ਲੋਕ ਤਾਂ ਅੰਮ੍ਰਿਤ ਵੇਲੇ ਰੱਬ ਨਾਲ ਜੁੜਦੇ ਹੁੰਦੇ ਹਨ, ਤੂੰ ਜ਼ੁਲਮ ਢਾਹੀ ਜਾਨਾਂ ਏਂ। ਮੱਝ ਨੂੰ ਪਤਾ ਹੈ ਕਿ ਇਹ ਕੱਟੜੂ ਮੇਰੇ ਪੇਟੋਂ ਨਹੀਂ ਜਨਮਿਆ ਤੇ ਤੈਨੂੰ ਤਾਂ ਪਤਾ ਹੈ ਕਿ ਆਹ ਮੇਰੀਆਂ ਧੀਆਂ ਨੇ, ਤੂੰ ਫਿਰ ਕਿਉਂ ਇਨ੍ਹਾਂ ਨੂੰ ਉਸ ਕੰਜਰ ਵੱਲ ਤੋਰਨ ਨੂੰ ਤਿਆਰ ਹੋਇਆ ਪਿਆ ਹੈਂ।' ਤਾਏ ਨੂੰ ਪਤਾ ਲੱਗ ਗਿਆ ਸੀ ਕਿ ਮੇਰਾ ਬਾਪੂ ਸਾਡਾ ਦੋਵਾਂ ਭੈਣਾਂ ਦਾ ਰਿਸ਼ਤਾ ਪੂਰਨ ਦੇ ਮੁੰਡਿਆਂ ਨੂੰ ਕਰਨ ਲਈ ਤਿਆਰ ਸੀ। ਤਾਏ ਦੇ ਬੋਲਦਿਆਂ ਬੋਲਦਿਆਂ ਹੀ ਮੱਝ ਕੰਬਦੀ ਕੰਬਦੀ ਡਿੱਗ ਪਈ ਤੇ ਸੁਆਸ ਛੱਡ ਗਈ। ਮੱਝ ਨੂੰ ਸੱਜਰ ਬਣਾ ਕੇ ਵੇਚਣ ਵਾਲਾ ਬਾਪੂ ਤੋਕੜ ਤੋਂ ਵੀ ਗਿਆ। ਤਾਇਆ ਫਿਰ ਕਹਿਣ ਲੱਗਾ, 'ਜੀਤ ਸਿਆਂ, ਅਜੇ ਵੀ ਮੁੜਿਆ, ਗੁਰੂ ਦੇ ਦੁਆਰ ਤੋਂ ਬਖਸ਼ਿਆ ਜਾਵੇਂਗਾ, ਬਾਣੀ ਪੜ੍ਹਨ ਲੱਗ ਜਾਹ, ਸਭ ਕੁਝ ਆਪੇ ਸੂਤ ਹੋ ਜਾਊ।'

ਤਾਏ ਦੀਆਂ ਗੱਲਾਂ ਬਾਪੂ ਦੇ ਸਿਰ ਉਤੋਂ ਦੀ ਲੰਘ ਗਈਆਂ। ਬੱਸ ਮੱਝ ਦਾ ਕੰਨ ਫੜੀ ਬੈਠਾ ਰਿਹਾ। ਉਸੇ ਸ਼ਾਮ ਬਾਪੂ ਨੇ ਫਿਰ ਰੱਜ ਕੇ ਦਾਰੂ ਪੀਤੀ। ਪੂਰਨ ਤੋਂ ਰੁਪਏ ਫੜ ਕੇ ਫਿਰ ਮੱਝ ਖਰੀਦ ਲਿਆਇਆ। ਹੌਲੀ-ਹੌਲੀ ਬਾਪੂ ਪੂਰਨ ਦੇ ਕਰਜ਼ੇ ਥੱਲੇ ਆਉਂਦਾ ਗਿਆ। ਜਦੋਂ ਪੂਰਨ ਦੇ ਰੁਪਏ ਨਾ ਮੁੜੇ ਤਾਂ ਬਾਪੂ ਨੇ ਮੇਰਾ ਰੱਸਾ ਪੂਰਨ ਦੇ ਛੋਟੇ ਪੁੱਤ ਨੂੰ ਫੜਾ ਦਿੱਤਾ। ਮੇਰੇ ਅਰਮਾਨਾਂ 'ਤੇ ਆਰੀ ਚਲਾਉਂਦੇ ਬਾਪੂ ਨੂੰ ਮੈਂ ਰੋ-ਰੋ ਕੇ ਕਹਿੰਦੀ ਰਹੀ, 'ਬਾਪੂ! ਇਹ ਪਾਪ ਨਾ ਕਰ। ਇਸ ਨਾਲੋਂ ਤਾਂ ਨਹਿਰ ਵਿਚ ਧੱਕਾ ਦੇ ਆ।' ਬਾਪੂ ਪਾਪੀ ਨਾ ਮੰਨਿਆ। ਨਹਿਰ ਵਿਚ ਧੱਕਾ ਦੇ ਕੇ ਪੂਰਨ ਦੇ ਰੁਪਏ ਥੋੜ੍ਹਾ ਮੋੜੇ ਜਾਣੇ ਸੀ!

ਮੇਰੇ ਰੋਣ-ਕੁਰਲਾਉਣ ਦੇ ਵਾਜੇ ਵੱਜਣ ਲੱਗੇ। ਬਾਪੂ ਦੇ ਦਿਲ ਵਿਚ ਖੁਸ਼ੀਆਂ ਦੇ ਭੰਗੜੇ ਪੈ ਰਹੇ ਸਨ। ਮਾਂ ਤੇ ਭੈਣ ਦਿਲ ਮੁੱਠੀ ਵਿਚ ਲੈ ਕੇ ਰੋਣਾ ਥੰਮੀ ਬੈਠੀਆਂ ਸਨ। ਜਦ ਮੈਨੂੰ ਧੱਕੇ ਨਾਲ ਹੀ ਕਾਰ ਵਿਚ ਸੁੱਟ ਦਿੱਤਾ ਤਾਂ ਮਾਂ ਤੇ ਭੈਣ ਨੇ ਅੱਖਾਂ ਵਿਚੋਂ ਹੰਝੂਆਂ ਦਾ ਭਾਖੜਾ ਹੀ ਖੋਲ੍ਹ ਦਿੱਤਾ। ਫਿਰ ਕਾਰ ਦੀ ਧੂੜ ਨੇ ਮਾਂ ਤੇ ਭੈਣ ਨੂੰ ਅੱਖੋਂ ਉਹਲੇ ਕਰ ਦਿੱਤਾ। ਮੈਂ ਬਾਪੂ ਜ਼ਾਲਮ ਦਾ ਗਰਾਂ ਛੱਡ ਕੇ ਪਾਪੀ ਸਹੁਰਿਆਂ ਦੇ ਬੂਹੇ ਜਾ ਚੁੱਕੀ। ਸੱਸ ਨੇ ਮੂੰਹ ਨੂੰ ਪਾਣੀ ਇੰਜ ਲਾਇਆ ਜਿਵੇਂ ਮੈਂ ਉਸ ਦੀ ਨੂੰਹ ਨਹੀਂ, ਨਾਗਣ ਹੋਵਾਂ। ਉਸੇ ਦਿਨ ਤੋਂ ਮੇਰੀ ਜ਼ਿੰਦਗੀ ਦੀ ਦਰਦ ਕਹਾਣੀ ਸ਼ੁਰੂ ਹੋਈ। ਸਹੁਰੇ ਘਰ ਸੱਸ ਤੇ ਸਹੁਰਾ, ਸਹੁਰੇ ਦਾ ਛੜਾ ਭਰਾ ਤੇ ਮੇਰੇ ਕੰਤ ਦਾ ਵੱਡਾ ਭਰਾ ਕਪੂਰਾ ਸਨ।"



ਸੱਤੋ ਦੇ ਤੇਜ਼ ਕਦਮਾਂ ਨੇ ਉਸ ਨੂੰ ਨਿਢਾਲ ਕਰ ਦਿੱਤਾ। ਪੇਟ ਅੰਦਰੋਂ ਭੁੱਖ ਦੀਆਂ ਆਵਾਜ਼ਾਂ ਆਉਣ ਲੱਗੀਆਂ। ਸਹੁਰਿਆਂ ਦਾ ਪਿੰਡ ਬਹੁਤ ਦੂਰ ਛੱਡ ਆਈ ਸੀ ਤੇ ਪੇਕਿਆਂ ਦੇ ਪਿੰਡ ਨੇੜੇ ਪਹੁੰਚਣ ਵਾਲੀ ਸੀ। ਕੁੱਛੜ ਚੁੱਕੇ ਨਿਆਣੇ ਨੇ ਵੀ ਰੋਣਾ ਸ਼ੁਰੂ ਕਰ ਦਿੱਤਾ ਸੀ। ਫਿਰ ਸੜਕ ਕੰਢੇ ਸਾਹਮਣੇ ਕਿਸੇ ਦਾ ਟਿਊਬਵੈਲ ਚੱਲਦਾ ਦੇਖਿਆ। ਝੋਲਾ ਤੇ ਨਿਆਣਾ ਚੁੱਕ ਉਧਰਲੀ ਪਹੀ ਮੁੜ ਗਈ। ਪਹਿਲਾਂ ਪਾਣੀ ਪੀਤਾ, ਫਿਰ ਝੋਲੇ ਵਿਚੋਂ ਰਾਤ ਦੀ ਬਚੀ ਰੋਟੀ ਕੱਢੀ ਜਿਹੜੀ ਸੁੱਕ ਕੇ ਲੱਕੜ ਬਣ ਚੁੱਕੀ ਸੀ। ਉਸ ਨੇ ਡੱਬੇ ਵਿਚ ਪਾਣੀ ਪਾ ਕੇ ਰੋਟੀ ਗਿੱਲੀ ਕਰ ਕੇ ਖਾਧੀ ਤੇ ਨਿਆਣੇ ਨੂੰ ਵੀ ਖੁਆਈ। ਗਿੱਲੀ ਰੋਟੀ ਖਾ ਕੇ ਉਹਨੇ ਆਪਣੇ ਅਤੀਤ ਦਾ ਗਿੱਲਾ ਪੀਹਣ ਅੱਖਾਂ ਅੱਗੇ ਲੈ ਆਂਦਾ।

"ਪੇਕੇ ਘਰ ਵਾਲਾ ਝੂਠ ਫਰੇਬ ਝੂਠੀਆਂ ਸਹੁੰਆਂ ਜਿਵੇਂ ਮੇਰੇ ਨਾਲ ਦਾਜ ਵਿਚ ਹੀ ਆ ਗਈਆਂ ਹੋਣ। ਪੇਕੇ ਘਰ ਤਾਂ ਇਕੱਲਾ ਬਾਪੂ ਹੀ ਮੰਗਤੂ ਦੇ ਸਿਰ 'ਤੇ ਹੱਥ ਰੱਖ ਕੇ ਸਹੁੰ ਖਾ ਜਾਂਦਾ ਸੀ, ਪਰ ਇਥੇ ਤਾਂ ਚਾਰ ਜਣੇ ਸਨ। ਪਤਾ ਨਹੀਂ ਸੀ ਲੱਗਦਾ, ਕਿਸੇ ਨੇ ਕਿਸ ਦੀ ਸਹੁੰ ਖਾ ਕੇ ਅਗਲੇ ਨੂੰ ਝੂਠ ਦਾ ਸੱਚ ਬਣਾ ਦੇਣਾ ਹੈ। ਸਹੁਰੇ ਦਾ ਭਰਾ ਕਬੂਤਰਬਾਜ਼ ਸੀ। ਉਹ ਲੋਕਾਂ ਦੇ ਕੋਠਿਆਂ 'ਤੇ ਖੜ੍ਹ ਕੇ ਮੂੰਹ ਉਪਰ ਚੁੱਕੀ ਰੱਖਦਾ। ਜੇਠ ਕੁੱਤਿਆਂ ਦਾ ਸ਼ੌਕੀ ਸੀ। ਹਰ ਕੋਈ ਪਾਪਾਂ ਦੀ ਖੱਟੀ ਨਾਲ ਸ਼ੌਕੀ ਬਣਿਆ ਫਿਰਦਾ ਸੀ।

ਸੱਸ ਨੇ ਦੂਜੇ ਦਿਨ ਚੌਂਕੇ ਚਾੜ੍ਹ ਦਿੱਤਾ। ਮਿੱਠੀਆਂ ਰੋਟੀਆਂ ਦਾ ਸ਼ਗਨ ਨਹੀਂ ਕਰਵਾਇਆ, ਸਗੋਂ ਸਹੁਰੇ ਨੇ ਮੇਰੀਆਂ ਅੱਖਾਂ ਅੱਗੇ ਪੰਜ ਮੁਰਗੇ ਵੱਢ ਕੇ ਮੇਰੇ ਅੱਗੇ ਰੱਖ ਦਿੱਤੇ ਤੇ ਬੋਲਿਆ, 'ਲੈ...ਪੇਕੇ ਤਾਂ ਕਦੇ ਬਣਾ ਕੇ ਨਹੀਂ ਖੁਆਏ...ਹੁਣ ਇਥੇ ਬਣਾ ਕੇ ਖੁਆਈਂ।' ਮੁਰਗੇ ਦਾ ਮਾਸ ਰਿੰਨ੍ਹਣਾ ਮੇਰੇ ਲਈ ਉਨਾ ਹੀ ਔਖਾ ਸੀ, ਜਿੰਨਾ ਆਪਣੇ ਹੱਥਾਂ 'ਤੇ ਰੱਖੀ ਜ਼ਹਿਰ ਨੂੰ ਚੱਟਣਾ।

ਸੱਸ ਨੇ ਮਿਹਣਿਆਂ ਦੇ ਤੀਰ ਚਲਾਉਣੇ ਸ਼ੁਰੂ ਕਰ ਦਿੱਤੇ। ਸ਼ਾਮ ਨੂੰ ਕੰਜਰਾਂ ਦੀ ਟੋਲੀ ਇਕੱਠੀ ਹੋ ਗਈ। ਸਹੁਰਾ ਆਪਣੀ ਬੋਲੀ ਵਿਚ ਮੈਨੂੰ ਜ਼ਲੀਲ ਕਰਦਾ ਨਵੀਂ ਝੋਟੀ ਆਖ ਮੇਰੇ ਅੰਗਾਂ ਦੀਆਂ ਸਿਫ਼ਤਾਂ ਹੱਸ-ਹੱਸ ਕੇ ਕਰਦਾ। ਮੇਰੀ ਕੋਈ ਪੇਸ਼ ਨਹੀਂ ਜਾ ਰਹੀ ਸੀ। ਸਾਰਿਆਂ ਨੇ ਪੀ-ਖਾ ਕੇ ਖੌਰੂ ਪਾਉਣਾ ਸ਼ੁਰੂ ਕਰ ਦਿੱਤਾ। ਸੱਸ ਨੇ ਬਾਹੋਂ ਫੜ ਕੇ ਮੈਨੂੰ ਵੀ ਲੈ ਆਂਦਾ। ਪਤਾ ਨਹੀਂ ਕਿਸ ਕਿਸ ਨੇ ਮੇਰੀਆਂ ਬਾਹਾਂ ਫੜ ਕੇ ਮੈਨੂੰ ਘੁਮਾਇਆ। ਅਖੀਰ ਮੈਂ ਚੱਕਰ ਖਾ ਕੇ ਡਿੱਗ ਪਈ। ਜਦੋਂ ਹੋਸ਼ ਆਈ ਤਾਂ ਹਨ੍ਹੇਰੇ ਕੋਠੇ ਵਿਚ ਪਈ ਸੀ ਜਿੱਥੋਂ ਬੱਕਰੀਆਂ ਤੇ ਕੁੱਤਿਆਂ ਦੀ ਹਵਾੜ ਸਿਰ ਨੂੰ ਚੜ੍ਹ ਰਹੀ ਸੀ। ਦਿਲ ਨੇ ਉਠਣ ਦੀ ਗਵਾਹੀ ਨਾ ਭਰੀ।

ਸੱਸ ਤੋਂ ਬਾਅਦ ਇਸ ਘਰ ਵਿਚ ਮੈਂ ਦੂਜੀ ਜਨਾਨੀ ਆਈ ਸੀ। ਸੱਸ ਵੀ ਇਨ੍ਹਾਂ ਵਿਚ ਰਹਿ ਕੇ ਇਨ੍ਹਾਂ ਵਾਂਗ ਹੀ ਗਾਲ੍ਹਾਂ ਸਿੱਖ ਗਈ ਸੀ। ਸਾਡੇ ਘਰ ਮਰਦ ਤਾਂ ਤੁਰੇ ਰਹਿੰਦੇ ਸੀ ਪਰ ਕਦੇ ਕਿਸੇ ਜਨਾਨੀ ਨੇ ਪੈਰ ਨਹੀਂ ਸੀ ਪਾਇਆ। ਪਿਉ ਦੀ ਗਊ ਧੀ ਕਸਾਈਆਂ ਹੱਥੋਂ ਨਿੱਤ ਤਿਲ-ਤਿਲ ਵੱਢਣੀ ਸ਼ੁਰੂ ਹੋ ਗਈ। ਰੋਜ਼ ਹੀ ਕੰਜਰਾਂ ਦਾ ਟੋਲਾ ਆ ਜਾਂਦਾ, ਦਾਰੂ ਤੇ ਮੀਟ ਖਾ ਛੱਡਦੇ। ਮੇਰਾ ਕੰਤ ਲਾਈ ਲੱਗ ਸੀ। ਜਿਵੇਂ ਸੱਸ ਤੇ ਸਹੁਰਾ ਉਸ ਦੇ ਕੰਨ ਭਰ ਦਿੰਦੇ, ਉਹ ਉਵੇਂ ਹੀ ਮੇਰੇ ਨਾਲ ਕਰਦਾ। ਮੇਰੀ ਮਾਂ ਤੇ ਭੈਣ ਮੇਰਾ ਨਰਕਾਂ ਦਾ ਵਾਸਾ ਦੇਖ ਗਈਆਂ ਸਨ। ਬਾਪੂ ਤਾਂ ਕਈ ਵਾਰ ਆਇਆ ਸੀ, ਸਿਰ 'ਤੇ ਹੱਥ ਰੱਖ ਕੇ ਪੁੱਛਦਾ, 'ਧੀਏ ਰਾਜ਼ੀ ਖੁਸ਼ੀ ਏਂ?' ਮੇਰੀ ਚੁੱਪ ਉਸ ਨੂੰ ਉਸ ਦੇ ਕੀਤੇ ਦਾ ਪਛਤਾਵਾ ਕਰਵਾਉਣ ਦੀ ਗਵਾਹੀ ਭਰਦੀ ਸੀ। ਮੈਂ ਦਿਲ ਵਿਚ ਕਹਿ ਦਿੰਦੀ, 'ਰਾਜ਼ੀ ਖੁਸ਼ੀ ਹਾਂ, ਕਿਉਂਕਿ ਬਾਪੂ ਤੂੰ ਮੈਨੂੰ ਵੱਡੇ ਸਰਦਾਰਾਂ ਦੇ ਜੋ ਵਿਆਹਿਆ ਹੈ।' ਸ਼ਰਮ ਵੀ ਉਸ ਨੂੰ ਹੀ ਆਉਂਦੀ ਹੈ ਜਿਸ ਦੀ ਕੋਈ ਇੱਜ਼ਤ ਹੁੰਦੀ ਹੈ...ਬਾਪੂ ਨੇ ਸ਼ਰਮ ਤਾਂ ਕਿੱਲੇ 'ਤੇ ਇਉਂ ਟੰਗੀ ਸੀ, ਜਿਵੇਂ ਮੱਝ ਦਾ ਸੰਗਲ ਹੋਵੇ। ਸਹੁਰਾ ਪਰਿਵਾਰ ਡੰਗਰਾਂ ਵਾਂਗ ਹੀ ਮੈਨੂੰ ਕੁੱਟ ਸੁੱਟਦਾ। ਸੱਸ ਕਹਿੰਦੀ, 'ਆਪਣੀ ਭੈਣ ਦਾ ਰਿਸ਼ਤਾ ਲੈ ਕੇ ਆ।' ਮੈਂ ਮਰ ਤਾਂ ਜਾਂਦੀ ਪਰ ਭੈਣ ਨੂੰ ਨਰਕਾਂ ਵਿਚ ਨਾ ਸੁੱਟਣ ਦਿੰਦੀ। ਮੇਰਾ ਕੰਤ ਤਾਂ ਦਿਨੇ ਹੀ ਕਬੂਤਰ ਵਾਂਗ ਅੱਖਾਂ ਮੀਚ ਲੈਂਦਾ, ਮਾਂ-ਪਿਉ ਦਾ ਉਸ ਨੂੰ ਇੰਨਾ ਡਰ ਸੀ, ਜਿਵੇਂ ਉਹ ਉਸ ਨੂੰ ਕੱਚੇ ਨੂੰ ਹੀ ਖਾ ਜਾਣਗੇ।

ਇਕ ਵਾਰ ਸੱਸ ਨੇ ਮੈਨੂੰ ਜਾਣ ਕੇ ਘਰ ਇਕੱਲਿਆਂ ਛੱਡ ਦਿੱਤਾ। ਇਸ ਇਕੱਲ ਦਾ ਫਾਇਦਾ ਸਹੁਰਾ ਉਠਾਉਣਾ ਚਾਹੁੰਦਾ ਸੀ। ਜਦ ਉਸ ਨੇ ਮੈਨੂੰ ਹੱਥ ਪਾਇਆ ਤਾਂ ਮੈਂ ਕਮਾਦ ਵੱਢਣ ਵਾਲਾ

*(ਅਗਲੇ ਸਫੇ 'ਤੇ ਜਾਰੀ)*

# ਅਮਰੀਕਨ ਨਸਲਵਾਦ ਦਾ ਇਤਿਹਾਸ-ਲਿੰਚਿੰਗ

**ਇਤਿਹਾਸ ਦੇ ਕਾਲੇ ਪੰਨੇ**

ਦੁਨੀਆਂ ਵਿਚ ਅਮਰੀਕਾ ਇਕ ਤਾਕਤਵਰ ਦੇਸ਼ ਵਜੋਂ ਉਭਰਿਆ ਜਿਸ ਨੇ ਵਿਸ਼ਵ ਜੰਗਾਂ ਲੜੀਆਂ, ਦੂਜੇ ਦੇਸ਼ਾਂ ਤੇ ਹਮਲੇ ਕੀਤੇ, ਬਾਹਰ ਜਾ ਕੇ ਦੂਜੇ ਦੇਸ਼ਾਂ ਵਿਚ ਲੜਾਈਆਂ ਲੜੀਆਂ ਜੋ ਅੱਜ ਵੀ ਜਾਰੀ ਹਨ। ਜੇਮਜ ਬਾਲਡਵਿਨ ਲਿਖਦਾ ਹੈ ਕਿ ਅਮਰੀਕਾ ਦਾ ਇਤਿਹਾਸ ਲੰਮਾ ਹੈ, ਵੱਡਾ ਹੈ, ਅਨੇਕਾਂ ਕਿਸਮਾਂ ਦਾ ਹੈ, ਬਹੁਤ ਸੁਹਾਣਾ ਹੈ ਅਤੇ

**ਗੁਰਚਰਨ ਸਿੰਘ ਜੈਤੋ**
**ਫੋਨ: 91-97794-26698**

ਏਨਾ ਘਿਨਾਉਣਾ ਹੈ ਕਿ ਅੱਜ ਤੱਕ ਕਿਸੇ ਨੇ ਵੀ ਕਦੇ ਅਜਿਹਾ ਇਸ ਬਾਰੇ ਨਹੀਂ ਕਿਹਾ।

ਜੈਸੀ ਵਾਸ਼ਿੰਗਟਨ 1897 ਵਿਚ ਟੈਕਸਸ ਦੇ ਪੇਂਡੂ ਇਲਾਕੇ ਵਿਚ ਪੈਦਾ ਹੋਇਆ ਸੀ। ਉਹ ਕਾਲਾ ਅਮਰੀਕਨ ਸੀ। ਜਦੋਂ ਉਹ 17 ਕੁ ਸਾਲਾਂ ਦਾ ਸੀ ਤਾਂ ਉਹ ਵਾਕੋ ਸ਼ਹਿਰ ਦੇ ਨੇੜੇ ਇਕ ਗੋਰੇ ਅਮਰੀਕਨ ਜੌਰਜ ਤੇ ਉਹਦੀ ਘਰ ਵਾਲੀ ਲੂਸੀ ਫਰਾਇਰ ਦੇ ਖੇਤਾਂ ਵਿਚ ਕੰਮ ਕਰਨ ਲੱਗਾ। ਜੈਸੀ ਨੂੰ ਬੜੇ ਜੁਲਮ ਸਹਿਣੇ ਪਏ। ਮਈ 1916 ਵਿਚ ਜੈਸੀ ਨੂੰ ਉਸ ਸ਼ਹਿਰ ਦੀ ਅਦਾਲਤ ਨੇ ਲੂਸੀ ਫਰਾਇਰ ਦੀ ਹੱਤਿਆ ਦੇ ਜੁਰਮ ਵਿਚ ਦੋਸ਼ੀ ਪਾਇਆ। ਅਦਾਲਤੀ ਕਾਰਵਾਈ ਦੌਰਾਨ ਉਸ ਨੇ ਮਾਫੀ ਮੰਗਦਿਆਂ ਆਪਣਾ ਜੁਰਮ ਕਬੂਲ ਕਰ ਲਿਆ। ਅਦਾਲਤ ਨੇ ਜੈਸੀ ਨੂੰ ਫਾਂਸੀ ਦੀ ਸਜ਼ਾ ਸੁਣਾਈ। ਲੋਕ ਪਹਿਲਾਂ ਹੀ ਉਸ ਤੋਂ ਡਾਢੇ ਖਫਾ ਸਨ। ਦੱਖਣੀ ਅਮਰੀਕਾ ਵਿਚ ਉਨ੍ਹੀਂ ਦਿਨੀਂ ਜੇ ਕੋਈ ਵੀ ਕਾਲਾ ਆਦਮੀ ਕਿਸੇ ਗੋਰੀ ਔਰਤ ਨੂੰ ਕਿਸੇ ਵਜ੍ਹਾ ਨਾਲ ਕੁਝ ਵੀ ਕਹਿੰਦਾ ਤਾਂ ਗੋਰੇ ਉਸ ਦੇ ਵਿਰੋਧ ਵਿਚ ਮਾਰੋ-ਮਾਰ ਕਰਦੇ ਉਠ ਖੜੋਂਦੇ।

ਜਦੋਂ ਜੈਸੀ ਨੂੰ ਸਜ਼ਾ ਸੁਣਾਈ ਗਈ ਤਾਂ ਅਦਾਲਤੀ ਕਾਰਵਾਈ ਦੇਖ ਰਹੇ ਕਈ ਦਰਜਨ ਗੋਰੇ ਭੜਕ ਪਏ ਅਤੇ 5-7 ਮਿੰਟਾਂ ਵਿਚ ਉਨ੍ਹਾਂ ਨੇ ਸੁਰੱਖਿਆ ਮੁਲਾਜ਼ਮਾਂ ਤੋਂ ਡਰੇ ਹੋਏ ਜੈਸੀ ਨੂੰ ਖੋਹ ਲਿਆ। ਇਕ ਦਮ ਬਹੁਤ ਸਾਰੇ ਲੋਕ, ਡਾਂਗਾਂ, ਸੋਟੇ, ਬੇਲਚੇ ਤੇ ਇੱਟਾਂ-ਵੱਟੇ ਲੈ ਕੇ ਉਸ ਨੂੰ ਮਾਰਨ ਪੈ ਗਏ। ਉਸ ਦੇ ਕਪੜੇ ਪਾੜ ਸੁੱਟੇ ਅਤੇ ਉਸ ਨੂੰ ਅਲਫ ਨੰਗਾ ਕਰਕੇ ਘੜੀਸਦਿਆਂ ਸ਼ਹਿਰ ਦੇ ਸਿਟੀ ਹਾਲ ਅੱਗੇ ਖੁਲ੍ਹੇ ਮੈਦਾਨ ਵਿਚ ਲਿਆਂਦਾ ਗਿਆ। ਲੋਕਾਂ ਨੇ ਇਕ ਵੱਡੇ ਰੁੱਖ ਹੇਠਾਂ ਅੱਗ ਬਾਲੀ। ਦੇਖਦਿਆਂ ਦੇਖਦਿਆਂ 15000 ਲੋਕਾਂ ਦਾ ਹਜੂਮ ਇਕੱਠਾ ਹੋ ਗਿਆ। ਭੀੜ ਨੂੰ ਭੜਕਾਉਣ ਲਈ ਸ਼ਹਿਰ ਦਾ ਮੇਅਰ ਅਤੇ ਪੁਲਿਸ ਚੀਫ ਵੀ ਹਾਜ਼ਰ ਸਨ। ਬਾਕੀ ਪੁਲਿਸ ਮੁਲਾਜ਼ਮ ਵੀ ਖੜ੍ਹੇ ਤਮਾਸ਼ਾ ਦੇਖ ਰਹੇ ਸਨ। ਲੋਕਾਂ ਨੇ ਜੈਸੀ ਨੂੰ ਮਿੱਟੀ ਦੇ ਤੇਲ ਵਿਚ ਡੁਬੋ ਦਿੱਤਾ। ਫੇਰ ਉਸ ਨੂੰ ਰੱਸੇ ਨਾਲ ਰੁੱਖ ਤੋਂ ਲਮਕਾ ਕੇ ਹੌਲੀ ਹੌਲੀ, ਬਲਦੀ ਅੱਗ ਵਿਚ ਹੇਠਾਂ ਲਿਆਉਣਾ ਸ਼ੁਰੂ ਕੀਤਾ ਅਤੇ ਅੱਗ ਵਿਚ ਭੁੰਨ ਸੁੱਟਿਆ। ਕੁਝ ਲੋਕਾਂ ਨੇ ਤਾਂ ਜੈਸੀ ਦੀਆਂ ਉਂਗਲਾਂ ਤੇ ਹੋਰ ਸਰੀਰ ਦੇ ਟੁਕੜੇ ਕੱਟੇ ਤੇ ਘਰੋ ਘਰੀ ਤੋਹਫਿਆਂ ਵਜੋਂ ਲੈ ਗਏ। ਅਖੀਰ ਉਹਦੀ ਲਾਸ਼ ਨੂੰ ਟੁਕੜੇ-ਟੁਕੜੇ ਕਰਕੇ ਇਕ ਮੋਟੇ ਟਾਟ ਦੇ ਬੋਰੇ ਵਿਚ ਬੰਦ ਕਰਕੇ ਇਕ ਖੰਭੇ ਤੋਂ ਲਮਕਾ ਦਿੱਤਾ ਗਿਆ। ਭੀੜ ਉਹ ਨਜ਼ਾਰਾ ਦੇਖ ਕੇ ਖੁਸ਼ੀ ਨਾਲ ਚੀਕਾਂ ਮਾਰਦੀ ਰਹੀ।

1916 ਵਿਚ ਹੋਏ ਇਸ ਘਿਨਾਉਣੇ ਹਾਦਸੇ ਨੇ ਦੇਸ਼ ਦਾ ਧਿਆਨ ਇਕ ਵਾਰੀ ਫੇਰ ਖਿੱਚਿਆ। ਅਜਿਹੀਆਂ ਘਿਨਾਉਣੀਆਂ ਘਟਨਾਵਾਂ ਨੂੰ 'ਲਿੰਚਿੰਗ' ਆਖਿਆ ਜਾਂਦਾ ਸੀ। ਇਹ ਘਟਨਾਵਾਂ ਦੱਖਣੀ ਅਮਰੀਕਾ ਵਿਚ ਕਈ ਦਹਾਕਿਆਂ ਤੱਕ ਲਗਾਤਾਰ ਹੁੰਦੀਆਂ ਰਹੀਆਂ। ਲੋਕਾਂ ਵੱਲੋਂ ਅਜਿਹੇ ਜੁਲਮ/ਕਤਲ ਕਾਨੂੰਨ ਦੇ ਰਖਵਾਲਿਆਂ ਦੀ ਪੂਰੀ ਜਾਣਕਾਰੀ, ਸਹਿਯੋਗ ਅਤੇ ਮਿਲੀਭੁਗਤ ਨਾਲ ਕੀਤੇ ਜਾਂਦੇ ਰਹੇ। ਲੋਕ 'ਲਿੰਚਿੰਗ' ਨੂੰ ਮਨ-ਪ੍ਰਚਾਵਾ ਵੀ ਸਮਝਣ ਲੱਗ ਪਏ ਸਨ। ਅਜਿਹੇ ਬਹੁਤੇ ਕਤਲ ਅਕਸਰ ਦੱਖਣੀ ਅਮਰੀਕਾ ਦੇ ਇਲਾਕਿਆਂ ਵਿਚ ਹੁੰਦੇ ਪਰ ਅੰਕੜੇ ਦੱਸਦੇ ਹਨ ਕਿ ਉਤਰੀ ਡਕੋਟਾ ਅਤੇ ਇਲੀਨਾਏ ਵਰਗੇ ਸੂਬਿਆਂ ਵਿਚ ਵੀ ਵਾਰਦਾਤਾਂ ਹੋਈਆਂ। ਕੁਲ 26 ਸੂਬਿਆਂ 'ਚ ਅਜਿਹੇ ਕਤਲ ਲੋਕਾਂ ਦੀਆਂ ਭੀੜਾਂ ਵਲੋਂ ਕੀਤੇ ਜਾਂਦੇ ਰਹੇ।

ਇਹ ਘਿਨਾਉਣੀਆਂ ਘਟਨਾਵਾਂ ਜਦੋਂ ਵਧ ਕੇ ਇਕ ਵੱਡੀ ਸਮੱਸਿਆ ਬਣ ਗਈਆਂ ਤਾਂ ਅਮਰੀਕਾ ਦੇ ਕਈ ਰਾਸ਼ਟਰਪਤੀਆਂ ਨੂੰ ਇਸ ਬਾਰੇ ਬਿਆਨ ਦੇਣੇ ਪਏ ਅਤੇ ਸੁਪਰੀਮ ਕੋਰਟ ਨੂੰ ਵੀ ਕਾਰਵਾਈ ਕਰਨੀ ਪਈ। ਬਜਾਏ ਇਸ ਦੇ ਕਿ ਸੁਪਰੀਮ ਕੋਰਟ ਇਸ ਜੁਲਮ ਦੇ ਹੱਕ ਵਿਚ ਪਹਿਲੋਂ ਬਣੇ ਕਾਨੂੰਨ ਨੂੰ ਰੱਦ ਕਰਦੀ, ਅੱਡ ਅੱਡ ਅਦਾਲਤਾਂ ਵਿਚ ਹੋਏ ਫੈਸਲਿਆਂ ਦਾ ਹਵਾਲਾ ਦੇ ਕੇ ਗੋਰਿਆਂ ਦੀ ਲੱਤ ਉਤੇ ਰੱਖਦਿਆਂ ਮਾਹੌਲ ਹੋਰ ਵੀ ਖਰਾਬ ਕਰ ਦਿੱਤਾ ਗਿਆ, ਜਿਸ ਨੇ ਜੈਸੀ ਵਾਸ਼ਿੰਗਟਨ ਦੇ ਕਤਲ ਵਰਗੇ ਜੁਲਮਾਂ ਨੂੰ ਹੋਰ ਤਿੱਖਾ ਕਰ ਦਿੱਤਾ। ਇਨ੍ਹਾਂ ਲੋਕ ਅਪਰਾਧਾਂ ਦੀ ਜੜ੍ਹ ਸਰਕਾਰੀ ਅਦਾਲਤ ਨਹੀਂ ਸੀ ਤੇ ਨਾ ਹੀ ਉਸ ਨੂੰ ਕੋਈ ਦੋਸ਼ ਹੀ ਦਿੱਤਾ ਜਾ ਸਕਦਾ ਸੀ, ਸਗੋਂ ਬਹੁਤੇ ਅਖਬਾਰਾਂ ਦੀਆਂ ਰਿਪੋਰਟਾਂ ਅਨੁਸਾਰ ਇਹ ਸਰਕਾਰ ਦੀ ਕਮਜ਼ੋਰੀ ਸੀ ਜਿਹੜੀ ਇਨਸਾਫ ਲਾਗੂ ਨਹੀਂ ਸੀ ਹੋਣ ਦਿੰਦੀ।

ਇਸ ਘਿਨਾਉਣੇ ਤੇ ਜ਼ਾਲਮਾਨਾ ਅਪਰਾਧ ਨੇ ਘਰੇਲੂ ਜੰਗ ਦੀ ਲਾਈ ਅੱਗ ਵਿਚੋਂ ਸਿਰ ਚੁੱਕਿਆ ਸੀ ਜਿਸ ਨੇ ਭਰਾ ਨੂੰ ਭਰਾ ਅਤੇ ਪੁੱਤ ਨੂੰ ਪਿਓ ਦਾ ਜਾਨੀ ਦੁਸ਼ਮਣ ਬਣਾ ਦਿੱਤਾ ਸੀ। ਇਸ ਘਰੇਲੂ ਜੰਗ ਨੇ ਖੂਨ ਦੀਆਂ ਅਜਿਹੀਆਂ ਨਦੀਆਂ ਵਹਾਈਆਂ ਜਿਸ ਵਿਚ ਆਉਣ ਵਾਲੀਆਂ ਨਸਲਾਂ ਨੇ ਡੁੱਬ ਮਰਨਾ ਸੀ। ਇਸ ਨੂੰ ਲੋਕਾਂ ਦੇ ਇਨਸਾਫ ਦੇ ਨਾਂ ਨਾਲ ਜਾਣਿਆ ਜਾਣ ਲੱਗਾ ਜਿਸ ਨੇ ਹਜ਼ਾਰਾਂ ਮਰਦ, ਔਰਤਾਂ ਤੇ ਬੱਚਿਆਂ ਦੀਆਂ ਜਾਨਾਂ ਲੈ ਲਈਆਂ, ਜਿਨ੍ਹਾਂ ਵਿਚੋਂ ਬਹੁਤੇ ਕਾਲੇ ਰੰਗ ਦੇ ਲੋਕ ਸਨ।

ਅਮਰੀਕਾ ਵਿਚ ਲਿੰਚਿੰਗ ਅਪਰਾਧ, ਕਤਲ ਜਾਂ ਹਮਲੇ ਤੋਂ ਵੱਖਰੀ ਕਿਸਮ ਦਾ ਸੀ। ਇਹ ਅਜਿਹਾ ਜੁਲਮ ਸੀ ਜਿਹੜਾ ਆਮ ਅਪਰਾਧਾਂ ਦੀਆਂ ਹੱਦਾਂ ਪਾਰ ਕਰ ਜਾਂਦਾ ਸੀ। ਇਹ ਅਪਰਾਧ ਲੋਕਾਂ ਦੇ ਹਜੂਮ ਵਲੋਂ ਕੀਤਾ ਜਾਂਦਾ ਸੀ। ਉਨੀਵੀਂ ਸਦੀ ਦੇ ਅਖੀਰ ਵਿਚ ਤਾਂ ਲੋਕਾਂ ਵੱਲੋਂ ਇਹ ਅਪਰਾਧ ਅਕਸਰ ਕੀਤੇ ਜਾਂਦੇ ਰਹੇ, ਜਿਵੇਂ ਲੋਕਾਂ ਨੇ ਇਸ ਅਪਰਾਧ ਨੂੰ ਅਪਨਾ ਲਿਆ ਹੋਵੇ। ਇਹ ਇਕ ਅਜਿਹਾ ਅਪਰਾਧੀ ਵਰਤਾਰਾ ਸੀ ਜੋ ਲੋਕਾਂ ਵੱਲੋਂ ਇਨਸਾਫ ਦੇ ਨਾਂ ਹੇਠ ਕੀਤਾ ਜਾਂਦਾ ਸੀ। ਇਸ ਵਰਤਾਰੇ ਅਨੁਸਾਰ ਲੋਕਾਂ ਨੂੰ ਉਕਸਾ ਕੇ ਕੀਤੀ ਕਤਲੋ-ਗਾਰਤ, ਇਨਸਾਫ ਤੇ ਇੱਜ਼ਤ ਦੇ ਨਾਂ ਹੇਠ ਸਹੀ ਸਮਝੇ ਜਾਂਦੇ ਰਹੇ।

ਇਸ ਅਪਰਾਧ ਰਾਹੀਂ ਕਾਲੇ ਲੋਕਾਂ ਨੂੰ ਇਕ ਨਾਟਕੀ ਢੰਗ ਨਾਲ ਸਾਵਧਾਨ ਕੀਤਾ ਜਾਂਦਾ ਸੀ ਕਿ ਗੋਰਿਆਂ ਦਾ ਸਵੈ-ਅਭਿਮਾਨ ਲੋਹੇ ਵਾਂਗ ਸਖਤ ਹੈ ਅਤੇ ਇਸ ਨੂੰ ਕਿਸੇ ਵੀ ਤਰੀਕੇ ਚੁਣੌਤੀ ਨਹੀਂ ਦਿੱਤੀ ਜਾ ਸਕਦੀ। ਦੱਖਣੀ ਅਮਰੀਕਾ ਵਿਚ ਲੋਕਾਂ ਦੇ ਇਸ ਘਿਨਾਉਣੇ ਰੋਹ ਦਾ ਸ਼ਿਕਾਰ ਅਕਸਰ ਕਾਲੇ ਲੋਕ ਹੀ ਹੁੰਦੇ ਸਨ। ਪੱਛਮੀ ਅਮਰੀਕਾ ਵਿਚ ਗੋਰਿਆਂ ਨੂੰ ਵੀ ਮਾਰਿਆ ਜਾਂਦਾ ਸੀ।

'ਲਿੰਚਿੰਗ' ਸ਼ਬਦ ਦਾ ਪਿਛੋਕੜ ਬੜਾ ਦਿਲਚਸਪ ਹੈ। 1790 ਵਿਚ ਵਰਜੀਨੀਆ ਸਟੇਟ ਵਿਚ ਇਕ ਕਰਨਲ ਚਾਰਲਸ ਲਿੰਚ ਰਹਿੰਦਾ ਸੀ। ਉਹ ਅਕਸਰ ਸਥਾਨਕ ਲੋਕਾਂ ਨੂੰ ਗੈਰਕਾਨੂੰਨੀ ਸਜ਼ਾਵਾਂ ਆਪਣੇ ਘਰ ਦੇ ਅਗਲੇ ਵਿਹੜੇ ਵਿਚ ਦਿਆ ਕਰਦਾ ਸੀ। ਉਹ ਮਨਮਰਜ਼ੀ ਨਾਲ ਕਿਸੇ ਨੂੰ ਵੀ ਫੜ ਕੇ ਸਜ਼ਾ ਸੁਣਾਉਂਦਾ ਸੀ ਅਤੇ ਫੇਰ ਦੋਸ਼ੀ ਨੂੰ ਕੋੜਿਆਂ ਨਾਲ ਮਾਰਦਾ ਸੀ। ਉਸ ਦੇ ਘਰ ਦੇ ਅਗਲੇ ਵਿਹੜੇ ਵਿਚ ਇਕ ਵੱਡਾ ਦਰਖਤ ਸੀ ਜਿਸ ਨਾਲ ਦੋਸ਼ੀ ਨੂੰ ਬੰਨ੍ਹ ਕੇ ਉਹ ਸ਼ਰ੍ਹੇਆਮ ਛਾਂਟੇ ਮਾਰਦਾ। ਸਮੇਂ ਨਾਲ ਇਸ ਵਰਤਾਰੇ ਨੇ ਪ੍ਰਥਾ ਦਾ ਰੂਪ ਧਾਰ ਲਿਆ ਤੇ ਲੋਕ ਇਸ ਘਿਨਾਉਣੇ ਵਰਤਾਰੇ ਨੂੰ ਕਰਨਲ ਲਿੰਚ ਦੇ ਨਾਂ ਨਾਲ ਜੋੜ ਕੇ 'ਲਿੰਚਿੰਗ' ਆਖਣ ਲੱਗ ਪਏ।

ਉਨੀਵੀਂ ਸਦੀ ਦੇ ਸ਼ੁਰੂ ਵਿਚ ਗੁਲਾਮਾਂ ਨਾਲ ਬਹੁਤ ਬੁਰਾ ਸਲੂਕ ਕੀਤਾ ਜਾਂਦਾ ਸੀ। 'ਲਿੰਚਿੰਗ' ਗੁਲਾਮਾਂ ਨਾਲ ਇਸ ਬੁਰੇ ਸਲੂਕ ਤੋਂ ਵੀ ਕਈ ਗੁਣਾਂ ਵੱਧ ਜ਼ਾਲਮਾਨਾ ਵਰਤਾਰਾ ਸੀ। ਕਹਿਣ ਨੂੰ ਲਿੰਚਿੰਗ ਦਾ ਸਿੱਧਾ ਸਬੰਧ ਸਾਵਧਾਨੀ ਤੇ ਚੌਕਸੀ ਰੱਖਣ ਨਾਲ ਸੀ ਜਿਸ ਵਿਚ ਲੋਕੀ ਇਨਸਾਫ ਦੇ ਨਾਂ ਤੇ ਜੱਜ ਬਣ ਕੇ ਸਜ਼ਾ ਦੇਣ ਦਾ ਕੰਮ ਛੇਤੀ ਹੀ ਕਰ ਲੈਂਦੇ ਸਨ। ਲੋਕਾਂ ਦੀਆਂ ਚੌਕਸੀ ਰੱਖਣ ਵਾਲੀਆਂ ਸਭਾਵਾਂ ਉਨੀਵੀਂ ਸਦੀ ਦੇ ਦੂਜੇ ਅੱਧ ਵਿਚ ਇਸ ਵਿਚਾਰ ਦੀਆਂ ਹਾਮੀ ਸਨ ਕਿ ਉਸ ਵੇਲੇ ਦੇ ਕਾਨੂੰਨ ਅਪਰਾਧ ਰੋਕਣ ਲਈ ਲਾਹੇਵੰਦ ਨਹੀਂ ਸਨ ਜਿਸ ਦਾ ਨਤੀਜਾ ਇਹ ਸੀ ਕਿ ਦੋਸ਼ੀ, ਖਾਸ ਕਰ ਕਾਲੇ ਅਮਰੀਕਨਾਂ ਨੂੰ ਲੋਕ ਭਲਾਈ ਨੂੰ ਪਾਸੇ ਰੱਖ ਕੇ ਬਣਦੀ ਸਜ਼ਾ ਨਹੀਂ ਸੀ ਦਿੱਤੀ ਜਾਂਦੀ।

ਉਨ੍ਹਾਂ ਸਮਿਆਂ ਵਿਚ ਛਪਣ ਵਾਲੇ ਅਖਬਾਰਾਂ ਨੇ ਵੀ ਲੋਕਾਂ ਦੀਆਂ ਭਾਵਨਾਵਾਂ ਨੂੰ ਭੜਕਾਉਂਦਿਆਂ ਬਲਦੀ 'ਤੇ ਤੇਲ ਦਾ ਕੰਮ ਕੀਤਾ, ਜਿਸ ਨਾਲ



'ਲਿੰਚਿੰਗ' ਅਪਰਾਧ ਹੋਰ ਤਿੱਖਾ ਹੋ ਗਿਆ। 1907 ਵਿਚ ਛਪੇ ਇਕ ਅਖਬਾਰ ਦੇ ਐਡੀਟੋਰੀਅਲ ਵਿਚ ਇਹ ਵਿਸਥਾਰ ਸੀ, "ਓਹਾਇਓ ਸੂਬੇ ਦੇ ਲੋਕਾਂ ਨੇ ਕਤਲ ਹੁੰਦੇ ਦੇਖੇ ਸਨ। ਕਾਤਲਾਂ ਤੇ ਮੁਕੱਦਮਾ ਚੱਲਿਆ ਤੇ ਪਹਿਲੇ ਦਰਜੇ ਦੇ ਦੋਸ਼ੀ ਵੀ ਪਾਏ ਗਏ। ਇਹ ਇਕ ਵਾਰੀ ਨਹੀਂ ਕਈ ਵਾਰੀ ਹੋਇਆ ਪਰ ਅਖੀਰ ਉਹ ਛੱਡ ਦਿੱਤੇ ਗਏ। ਜਾਣਕਾਰੀ ਇਹ ਵੀ ਹੈ ਕਿ ਬੜੇ ਖੂੰਖਾਰ ਮੁਜਰਿਮ ਲੰਮੀ ਸਜ਼ਾ ਦੇ ਕੇ ਜੇਲ੍ਹ ਭੇਜੇ ਗਏ ਤੇ ਥੋੜੇ ਸਮੇਂ ਪਿੱਛੋਂ ਛੱਡ ਦਿੱਤੇ ਗਏ। ਇਨਸਾਫ ਦਾ ਇਹ ਸਿਲਸਿਲਾ ਇਕ ਖਰਚਾਲੂ ਤੇ ਹਾਸੋਹੀਣਾ ਨਾਟਕ ਬਣ ਕੇ ਰਹਿ ਗਿਆ ਹੈ। ਇਹੀ ਕਾਰਨ ਹੈ ਕਿ ਕਦੇ-ਕਦਾਈਂ ਲੋਕਾਂ ਦਾ ਗੁੱਸਾ, ਜੋਸ਼ ਤੇ ਨਾਰਾਜ਼ਗੀ ਦੀਆਂ ਸਾਰੀਆਂ ਹੱਦਾਂ ਟੱਪ ਕੇ ਕਿਸੇ ਖਾਸ ਬੁਰੇ ਅਪਰਾਧ ਦਾ ਬਦਲਾ ਲੈਣ 'ਤੇ ਉਤਾਰੂ ਹੋ ਜਾਂਦਾ ਹੈ।"

ਇਕ ਕਾਲੇ ਅਮਰੀਕਨ ਨੂੰ ਬਲਾਤਕਾਰ ਦਾ ਸ਼ੱਕ ਹੋਣ ਤੇ ਸੂਬੇ ਦੀ ਜੇਲ੍ਹ ਵਿਚੋਂ ਜ਼ਬਰਦਸਤੀ ਬਾਹਰ ਕੱਢ ਕੇ ਜਦੋਂ ਨੌ-ਹਜ਼ਾਰ ਲੋਕਾਂ ਦੇ ਇੱਕਠ ਸਾਹਮਣੇ ਲੋਕਾਂ ਨੇ ਮਾਰ ਮੁਕਾਇਆ ਸੀ-ਇਹ ਐਡੀਟੋਰੀਅਲ ਉਸ ਤੋਂ ਪਿੱਛੋਂ ਛਪਿਆ ਸੀ। 'ਲਿੰਚਿੰਗ' ਦਾ ਇਹ ਸਿਲਸਿਲਾ ਅਣਕਿਆਸੀ ਹੱਦ ਤੱਕ ਜ਼ਾਲਮਾਨਾ ਸੀ। 'ਲਿੰਚਿੰਗ' ਦਾ ਮਤਲਬ ਕਿਸੇ ਨੂੰ ਫਾਂਸੀ ਦੇਣਾ ਨਹੀਂ ਸੀ ਸਗੋਂ ਲੋਕ ਇਹੋ ਜਿਹੇ ਮੌਕੇ ਤਸੀਹੇ ਦੇਣ, ਜ਼ਲੀਲ ਕਰਨ, ਸਾੜਨ, ਸਰੀਰ ਦੇ ਅੰਗ ਕੱਟ-ਵੱਢ ਸੁੱਟਣ ਅਤੇ ਅਖੌਤੀ ਦੋਸ਼ੀਆਂ ਨੂੰ ਖੱਸੀ ਕਰਨ ਨੂੰ ਵੀ ਆਮ ਗੱਲ ਸਮਝਦੇ ਸਨ। ਇਸ 'ਲਿੰਚਿੰਗ' ਦਾ ਸ਼ਿਕਾਰ ਹੋਏ ਬੰਦਿਆਂ ਨੂੰ ਲੋਕਾਂ ਦੇ ਭਾਰੀ ਇੱਕਠਾਂ ਸਾਹਮਣੇ ਜਿਸ ਦੀ ਗਿਣਤੀ ਹਜ਼ਾਰਾਂ ਵਿਚ ਹੁੰਦੀ, ਕੋੜਿਆਂ ਦੀ ਮਾਰ ਮਾਰੀ ਜਾਂਦੀ। ਬਦਕਿਸਮਤ ਅਖੌਤੀ ਦੋਸ਼ੀ ਨੂੰ ਅੱਗ ਲਾਉਣ ਤੋਂ ਪਹਿਲਾਂ ਉਹਦੇ ਉਤੇ ਲੁੱਕ ਗਰਮ ਕਰ ਕੇ ਪਾ ਦਿੱਤੀ ਜਾਂਦੀ ਤੇ ਹੋਰ ਕਈ ਤਰ੍ਹਾਂ ਦੇ ਤਸੀਹੇ ਦੇਣ ਪਿੱਛੋਂ ਮਾਰ ਦਿੱਤਾ ਜਾਂਦਾ। ਤਮਾਸ਼ਬੀਨ ਆਪਣੀਆਂ ਰਾਈਫਲਾਂ ਤੇ ਪਿਸਤੌਲਾਂ ਵਿਚੋਂ ਦੋਸ਼ੀ 'ਤੇ ਸੈਂਕੜੇ ਗੋਲੀਆਂ ਚਲਾਉਂਦੇ। ਲੋਕ ਖੁਸ਼ੀ ਵਿਚ ਚੀਕਾਂ ਮਾਰਦੇ ਅਤੇ ਬੱਚੇ ਇਹੋ ਜਿਹੇ ਮੌਕਿਆਂ 'ਤੇ ਆਪਣੀਆਂ ਹੀ ਖੇਡਾਂ ਖੇਡਦੇ। ਲਾਸ਼ ਦੇ ਟੁਕੜੇ ਲੋਕ ਘਰੋ ਘਰੀ ਤੋਹਫਿਆਂ ਵਜੋਂ ਲੈ ਜਾਂਦੇ ਤਾਂ ਕਿ ਉਸ ਘਟਨਾ ਨੂੰ ਯਾਦ ਰੱਖ ਸਕਣ। ਬੱਚਿਆਂ ਦੇ ਮਨਾਂ ਤੇ ਇਹੋ ਜਿਹੀਆਂ ਘਟਨਾਵਾਂ ਕਿਹੋ ਜਿਹਾ ਅਸਰ ਛੱਡਦੀਆਂ ਹੋਣਗੀਆਂ, ਸੋਚ ਤੋਂ ਬਾਹਰ ਦੀ ਗੱਲ ਹੈ।

ਕੁਝ ਅਜਿਹਾ ਹੀ ਹੋਇਆ ਸੀ ਜਦੋਂ ਜੇਮਜ਼ ਇਰਵਿਨ ਨਾਂ ਦੇ ਕਾਲੇ ਅਮਰੀਕਨ ਨੂੰ 31 ਜਨਵਰੀ 1930 ਵਾਲੇ ਦਿਨ ਲੋਕਾਂ ਨੇ ਮਾਰ ਦਿੱਤਾ। ਜਾਰਜੀਆ ਦੇ ਓਸੀਲਾ ਸ਼ਹਿਰ ਵਿਚ ਇਕ ਗੋਰੀ ਕੁੜੀ ਨੂੰ ਮਾਰ ਦੇਣ ਦਾ ਇਲਜ਼ਾਮ ਉਸ ਦੇ ਸਿਰ ਸੀ। ਲੋਕਾਂ ਦੇ ਮੱਛਰੇ ਹੋਏ ਹਜੂਮ ਨੇ ਇਰਵਿਨ ਨੂੰ ਫੜ ਕੇ ਉਹਦੇ ਹੱਥਾਂ ਤੇ ਪੈਰਾਂ ਦੀਆਂ ਉਂਗਲਾਂ ਵੱਢ ਸੁੱਟੀਆਂ। ਜਮੂਰਾਂ ਨਾਲ ਉਹਦੇ ਦੰਦ ਕੱਢ ਦਿੱਤੇ। ਅਖੀਰ ਉਸ ਨੂੰ ਖੱਸੀ ਕਰ ਦਿੱਤਾ ਗਿਆ ਪਰ ਇਹ ਵੀ ਕਾਫੀ ਨਹੀਂ ਸੀ, ਲੋਕਾਂ ਦੇ ਉਸ ਹਜੂਮ ਲਈ। ਫੇਰ ਉਨ੍ਹਾਂ ਨੇ ਇਰਵਿਨ ਨੂੰ ਸੈਂਕੜੇ ਲੋਕਾਂ ਸਾਹਮਣੇ ਜਿਉਂਦਾ ਸਾੜ ਦਿੱਤਾ। ਇਸ ਘਿਨਾਉਣੇ ਅਪਰਾਧ ਲਈ ਕਿਸੇ ਨੂੰ ਵੀ ਸਜ਼ਾ ਨਹੀਂ ਸੀ ਦਿੱਤੀ ਗਈ। ਲੋਕਾਂ ਦੀ ਕਰੋਪੀ ਤੇ ਈਰਖਾ ਦਾ ਸ਼ਿਕਾਰ ਹੋਏ ਕਾਲੇ ਅਮਰੀਕਨਾਂ ਨੂੰ ਕਾਰਾਂ ਦੇ ਪਿੱਛੇ ਬੰਨ੍ਹ ਕੇ ਘੜੀਸਿਆ ਜਾਂਦਾ, ਟੋਟੇ-ਟੋਟੇ ਕਰਕੇ ਮਾਰ ਦਿੱਤਾ ਜਾਂਦਾ। ਹੈਰਾਨੀ ਭਰੀ ਹੱਦ ਤੱਕ ਉਨ੍ਹਾਂ ਤੇ ਜੁਲਮ ਕੀਤੇ ਜਾਂਦੇ ਸਨ। ਪਤਾ ਨਹੀਂ ਲੋਕ ਇਹੋ ਜਿਹੇ ਘਿਨਾਉਣੇ ਅਪਰਾਧ ਕਰਨ ਲਈ ਕਿਵੇਂ ਤੁਰ ਪੈਂਦੇ ਸਨ? ਇਹਦਾ ਜਵਾਬ ਲੋਕਾਂ 'ਚ ਕੀਤੇ ਜਾਂਦੇ ਮਨੋਵਿਗਿਆਨਕ ਫਿਰਕਾਪ੍ਰਸਤੀ ਤੇ ਪ੍ਰਚਾਰ ਨਾਲ ਸਿੱਧਾ ਸਬੰਧਤ ਹੈ।

ਦੱਖਣੀ ਅਮਰੀਕਾ ਵਿਚ ਕਾਲੇ ਅਮਰੀਕਨਾਂ ਨੂੰ ਗੋਰੇ ਅਮਰੀਕਨ ਨਸਲੀ ਅਤੇ ਸਿਆਣਪ ਪੱਖੋਂ ਵੀ ਘਟੀਆ ਸਮਝਦੇ ਸਨ। ਗੋਰਿਆਂ ਲਈ ਇਹ ਵਰਤਾਰਾ ਅਪਨਾਉਣਾ ਇਸ ਕਰਕੇ ਵੀ ਲਾਹੇਵੰਦ ਸੀ ਕਿ ਉਹ ਦੂਜੀਆਂ ਨਸਲਾਂ ਨੂੰ ਆਪਣਾ ਗੁਲਾਮ ਬਣਾ ਕੇ ਰੱਖ ਸਕਣ। ਦੱਖਣੀ ਅਮਰੀਕਾ ਵਿਚ ਜੇ ਕੋਈ ਕਾਲਾ ਆਦਮੀ ਗੋਰੇ ਦੇ ਸਾਹਮਣੇ ਆ ਜਾਂਦਾ ਸੀ ਤਾਂ ਉਹਨੂੰ ਸਤਿਕਾਰ ਵਜੋਂ ਆਪਣਾ ਹੈਟ ਉਤਾਰਨਾ ਪੈਂਦਾ ਸੀ। ਕਾਲੇ ਆਦਮੀ ਨੂੰ ਉਹਦੇ ਪਹਿਲੇ ਨਾਂ ਨਾਲ ਬੁਲਾਇਆ ਜਾਂਦਾ ਸੀ ਜੋ ਕਿ ਇਕ ਹੇਠੀ ਵਾਲੀ ਗੱਲ ਸੀ। ਕਾਲਿਆਂ ਦੇ ਕਾਨੂੰਨੀ ਅਧਿਕਾਰ ਨਾਂਹ ਬਰਾਬਰ ਹੀ ਸਨ। ਮਿਸੀਸਿੱਪੀ ਅਤੇ ਟੈਨੇਸੀ ਵਰਗੇ ਸੂਬਿਆਂ ਵਿਚ ਤਾਂ ਕਾਨੂੰਨ ਵੀ ਅਜਿਹੇ ਘੜੇ ਗਏ ਸਨ ਜਿਹੜੇ ਖਾਸ ਮਕਸਦ ਲਈ ਕਾਲੇ ਅਮਰੀਕਨਾਂ ਨੂੰ ਆਪਣੀ ਹੱਦ ਅਤੇ ਹੱਕਾਂ ਤੋਂ ਬਾਹਰ ਰੱਖਦੇ ਸਨ। ਇਹ ਸਾਰੇ ਹਾਲਾਤਾਂ ਨੇ ਕਾਲਿਆਂ ਤੇ ਉਨ੍ਹਾਂ ਦਾ ਮਨੋਬਲ ਡੇਗਣ ਲਈ ਕਾਫੀ ਅਸਰ ਕੀਤਾ ਸੀ। ਇਸ ਤਰ੍ਹਾਂ ਗੋਰਿਆਂ ਦੇ ਸਮਾਜ ਵਿਚ ਉਹ ਇਕ ਅਣਮਨੁੱਖੀ ਦਰਜਾ ਹਾਸਲ ਕਰਕੇ ਰਹਿ ਰਹੇ ਸਨ। ਸਭ ਤੋਂ ਮਾੜੀ ਗੱਲ ਇਹ ਸੀ ਕਿ ਇਸ ਨੂੰ ਸੂਬੇ ਦੀ ਸਰਕਾਰ ਦੀ ਹਮਾਇਤ ਹਾਸਲ ਸੀ। ਇਸ ਨਫਰਤ ਦੀਆਂ ਜੜ੍ਹਾਂ ਕਿਧਰੇ ਹੋਰ ਵੀ ਲੱਗੀਆਂ ਹੋਈਆਂ ਸਨ, ਉਹ ਸੀ ਗੋਰੇ ਲੋਕਾਂ ਦੀਆਂ ਜ਼ਮੀਨਾਂ ਅਤੇ ਉਨ੍ਹਾਂ ਦਾ ਕਾਲੇ ਅਮਰੀਕਨਾਂ ਦੇ ਖਿਲਾਫ ਪ੍ਰਾਪੇਗੰਡਾ, ਜਿਹੜਾ ਬੜਾ ਤਾਕਤਵਰ ਸੀ, ਉਹ ਇਸ ਲਈ ਕਿ ਕਾਲਿਆਂ ਨੂੰ ਡਰਾ ਧਮਕਾ ਕੇ, ਉਨ੍ਹਾਂ ਕੋਲੋ ਸਸਤੀ ਮਜ਼ਦੂਰੀ ਹਾਸਲ ਕੀਤੀ ਜਾ ਸਕੇ। ਕਾਲਿਆਂ ਨੂੰ ਉਨ੍ਹਾਂ ਦੀ 'ਸਹੀ ਥਾਂ' ਰੱਖਣਾ ਗੋਰਿਆਂ ਦੇ ਹੱਕ ਵਿਚ ਜਾਂਦਾ ਸੀ। ਪਿਛਲੀ ਸਦੀ ਵਿਚ 'ਲਿੰਚਿੰਗ' ਵੇਲੇ ਖਿੱਚੀਆਂ ਹੋਈਆਂ ਤਸਵੀਰਾਂ ਇਸ ਪ੍ਰਵਿਰਤੀ ਦੀਆਂ ਗਵਾਹ ਹਨ ਜਿਨ੍ਹਾਂ ਵਿਚ ਗੋਰੇ ਲੋਕਾਂ ਨੂੰ ਕਾਲਿਆਂ ਦੀਆਂ ਸੜ ਰਹੀਆਂ ਰੁੱਖਾਂ ਨਾਲ ਟੰਗੀਆਂ ਲਾਸ਼ਾਂ ਦੇ ਆਲੇ ਦੁਆਲੇ ਫੋਟੋ ਖਿਚਾਉਣ ਲਈ ਖੜ੍ਹੇ ਗੋਰੇ ਲੋਕ ਕੈਮਰੇ ਵੱਲ ਦੇਖਦਿਆਂ ਮੁਸਕਰਾ ਰਹੇ ਹਨ। ਉਨ੍ਹਾਂ ਨੂੰ ਨਾ ਕਿਸੇ ਸਜ਼ਾ ਦੀ ਕੋਈ ਪਰਵਾਹ ਲਗਦੀ ਹੈ ਤੇ ਨਾ ਹੀ ਕਿਸੇ ਜਵਾਬੀ ਹਮਲੇ ਦਾ ਕੋਈ ਡਰ। 1915 ਤੱਕ ਕਦੇ ਵੀ ਕਿਸੇ ਗੋਰੇ ਨੂੰ ਅਜਿਹੇ ਜ਼ਾਲਮਾਨਾ ਕਾਰਿਆਂ ਲਈ ਕੋਈ ਸਜ਼ਾ ਨਹੀਂ ਸੀ ਸੁਣਾਈ ਗਈ ਜਦੋਂ ਕਿ ਉਦੋਂ ਤੱਕ ਕੇਵਲ ਦੱਖਣੀ ਅਮਰੀਕਾ ਵਿਚ 'ਲਿੰਚਿੰਗ' ਦੀਆਂ ਹਜ਼ਾਰਾਂ ਵਾਰਦਾਤਾਂ ਹੋ ਚੁੱਕੀਆਂ ਸਨ। ਗੋਰੇ ਲੋਕਾਂ ਦੀ ਨਫਰਤ ਦੇ ਹੌਸਲੇ ਏਨੇ ਬੁਲੰਦ ਸਨ ਕਿ ਕਈ ਵਾਰੀ ਤਾਂ 'ਲਿੰਚਿੰਗ' ਬਾਰੇ ਅਖਬਾਰਾਂ ਵਿਚ ਪਹਿਲਾਂ ਤੋਂ ਹੀ ਖਬਰਾਂ ਛਪ ਜਾਇਆ ਕਰਦੀਆਂ ਸਨ।

---

# ਜਰਾ ਬਚ ਕੇ ਮੋੜ ਤੋਂ

ਪੰਜਾਬ ਵਿਚ ਜਿਲ੍ਹਾ ਪ੍ਰੀਸ਼ਦ, ਬਲਾਕ ਸੰਮਤੀਆਂ ਦੀਆਂ ਚੋਣਾਂ ਹੁਣੇ ਹੋ ਕੇ ਹਟੀਆਂ ਹਨ। ਜਦੋਂ ਵੀ ਚੋਣਾਂ ਆਉਂਦੀਆਂ ਹਨ-ਪੰਚਾਇਤ ਚੋਣਾਂ ਹੋਣ, ਵਿਧਾਨ ਸਭਾ ਜਾਂ ਫਿਰ ਲੋਕ ਸਭਾ ਚੋਣਾਂ ਹੋਣ, ਸਿਆਸੀ ਧੰਦਾ ਕਰਨ ਵਾਲੇ ਅਤੇ ਉਨ੍ਹਾਂ ਤੋਂ ਲਾਭ ਉਠਾਉਣ ਵਾਲਿਆਂ ਦੀਆਂ ਵਰਾਛਾਂ ਖਿੜ੍ਹ ਜਾਂਦੀਆਂ ਹਨ। ਕਈ ਚੋਣ ਦੰਗਲ ਵਿਚ ਮੁਕਾਬਲੇ ਲਈ ਡੰਡ ਬੈਠਕਾਂ ਕੱਢਣ ਲਗਦੇ ਹਨ। ਮੁਫਤ ਦੀ ਸ਼ਰਾਬ, ਭੁੱਕੀ, ਅਫੀਮ ਹੋਰ ਨਸ਼ਿਆਂ ਦੀ ਖੁੱਲੀ ਅਤੇ ਮੁਫਤ ਸਪਲਾਈ ਦੀ ਆਸ ਨਾਲ ਕਈਆਂ ਦੇ ਚਿਹਰਿਆਂ 'ਤੇ ਚਮਕ ਲੈ ਆਉਂਦੀ ਹੈ। ਕਈ ਗਰੀਬਾਂ, ਜਿਨ੍ਹਾਂ ਦਾ ਲੋਕਤੰਤਰੀ ਸਿਸਟਮ ਅਤੇ ਸਿਆਸੀ ਆਗੂਆਂ ਤੋਂ ਵਿਸ਼ਵਾਸ ਉਠ ਗਿਆ ਹੈ, ਨੂੰ 'ਜੋ ਵੱਟਿਆ ਸੋ ਖੱਟਿਆ', 'ਨੌਂ ਨਕਦ ਗਿਆਰਾਂ ਉਧਾਰ' ਦੀ ਪਾਲਿਸੀ 'ਤੇ ਚੱਲਦਿਆਂ ਨਕਦ ਨਰੈਣ ਪ੍ਰਾਪਤ ਹੋਣ ਦੀਆਂ ਖੁਸ਼ੀਆਂ ਭਰੀਆਂ ਆਸਾਂ ਬੱਝਦੀਆਂ ਹਨ। ਪਿੰਡਾਂ ਦੇ ਘੜੰਮ ਚੌਧਰੀ, ਰੱਬ ਦੇ ਨਾਂ ਦਾ ਵਪਾਰ ਕਰਨ ਵਾਲੇ ਅਖੌਤੀ ਧਾਰਮਿਕ ਡੇਰਿਆਂ ਦੇ ਬਾਬੇ ਆਪੋ ਆਪਣੀ ਪੁੱਛ ਪ੍ਰਤੀਤ ਵੱਧਣ ਦੀ ਆਸ ਨਾਲ ਖੁਸ਼ੀ ਵਿਚ ਖੀਵੇ ਹੋ ਜਾਂਦੇ ਹਨ। ਸਿਆਸੀ ਆਗੂ ਜੋੜ-ਤੋੜ ਵਿਚ ਰੁੱਝ ਜਾਂਦੇ ਹਨ ਤੇ ਸਰਕਾਰੀ ਤੰਤਰ ਚੋਣਾਂ ਨੂੰ ਕਿਵੇਂ ਨੇਪਰੇ ਚਾੜ੍ਹਨਾ ਹੈ, ਦੀਆਂ ਗੋਂਦਾਂ ਗੁੰਦਣ ਲਗਦਾ ਹੈ। ਇੱਕ ਦੂਜੇ ਨੂੰ ਹੇਠਾਂ ਲਾਉਣਾ ਦੀਆਂ ਚਾਲਾਂ ਚੱਲੀਆਂ ਜਾਂਦੀਆਂ ਹਨ।

ਦੂਜੇ ਪਾਸੇ ਇਸ ਸਿਆਸੀ ਵਰਤਾਰੇ ਤੋਂ ਕੁਝ ਲੋਕ ਬੇਹੱਦ ਪ੍ਰੇਸ਼ਾਨ ਅਤੇ ਦੁਖੀ ਹਨ ਜਿਹੜੇ ਮਾਂ-ਬਾਪ ਦੇ ਪੁੱਤਰ, ਜਿਨ੍ਹਾਂ ਪਤਨੀਆਂ ਦੇ ਪਤੀ, ਜਿਨ੍ਹਾਂ ਭੈਣਾਂ-ਭਰਾਵਾਂ ਦੇ ਭਾਈ ਇਸ ਸਿਆਸੀ ਝੱਖੜ ਦਾ ਸਾਹਮਣਾ ਨਾ ਕਰਦਿਆਂ ਨਸ਼ਿਆਂ ਦੀ ਡੂੰਘੀ ਖੱਡ ਵਿਚ ਜਾ ਡਿਗੇ ਹਨ, ਜਿਥੋਂ ਨਿਕਲਣਾ ਨਾਮੁਮਕਿਨ ਹੈ। ਸਾਰੀ ਉਮਰ ਇਸ ਘਿਨਾਉਣੀ ਸਿਆਸੀ ਖੇਡ ਨੂੰ ਕੋਸਦੇ ਰਹਿਣਗੇ। ਪੰਜਾਬ ਵਿਚ ਜਦੋਂ ਵੀ ਕੋਈ ਚੋਣ ਹੁੰਦੀ ਹੈ, ਭਾਵੇਂ ਉਹ ਧਾਰਮਿਕ ਸੰਸਥਾ ਦੀ ਹੋਵੇ ਜਾਂ ਫਿਰ ਸਰਕਾਰੀ ਤੰਤਰ ਦੀ, ਸਿਆਸੀ ਆਗੂ ਅਜਿਹਾ ਮਾਹੌਲ ਸਿਰਜ ਦਿੰਦੇ ਹਨ ਕਿ ਫਿਰਕੂਪੁਣਾ, ਜਾਤੀਵਾਦ ਤਾਂ ਵੱਧਦਾ ਹੀ ਹੈ, ਨਸ਼ਿਆਂ ਦੇ ਵਪਾਰੀਆਂ, ਤਸਕਰਾਂ ਦਾ ਧੰਦਾ ਵੀ ਪ੍ਰਫੁਲਤ ਹੋ ਜਾਂਦਾ ਹੈ। ਸਮੈਕ, ਕੋਕੀਨ, ਅਫੀਮ, ਭੁੱਕੀ, ਘਟੀਆ ਸ਼ਰਾਬ, ਨਸ਼ਿਆਂ ਦੀਆਂ ਗੋਲੀਆਂ ਦੀ ਸਪਲਾਈ ਪਿੰਡਾਂ-ਸ਼ਹਿਰਾਂ ਵਿਚ ਖੁੱਲ੍ਹੀ ਹੋ ਜਾਂਦੀ ਹੈ। ਕਈ ਨਵੇਂ ਅਣਭੋਲ ਨੌਜਵਾਨ ਇਨ੍ਹਾਂ ਦਾ ਸੇਵਨ ਕਰਕੇ ਸਦਾ ਲਈ ਰੋਗੀ ਬਣ ਜਾਂਦੇ ਹਨ। ਸੂਝਵਾਨ ਸੁਹਿਰਦ ਲੋਕ ਆਪੋ-ਆਪਣੇ ਪਿੰਡਾਂ ਸ਼ਹਿਰਾਂ ਨੂੰ ਇਕਾਈ ਮੰਨ ਕੇ ਇਸ ਸਾਰੇ ਵਰਤਾਰੇ ਨੂੰ ਦੇਖ ਸਕਦੇ ਹਨ। ਚੋਣ ਦੰਗਲ ਦੌਰਾਨ ਹੀ ਸਮਾਜਿਕ ਰਿਸ਼ਤਿਆਂ ਵਿਚ ਐਨੀਆਂ ਤਰੇੜਾਂ ਆ ਜਾਂਦੀਆਂ ਹਨ ਕਿ ਕਈਆਂ ਵਿਚ ਸਿਆਸੀ ਵਿਰੋਧ ਕਾਰਨ ਪੱਕੀਆਂ ਜਾਨੀ ਦੁਸ਼ਮਣੀਆਂ ਪੈਦਾ ਹੋ ਜਾਂਦੀਆਂ ਹਨ।

ਇਹ ਸਭ ਸਮਾਜ ਦਾ ਵੱਡਾ ਹਿੱਸਾ ਚੁਪ ਚਾਪ ਦੇਖਦਾ ਹੀ ਨਹੀਂ ਰਹਿੰਦਾ ਸਗੋਂ ਇਸ ਵਿਚ ਜਾਣੇ ਜਾਂ ਅਣਜਾਣੇ ਭਾਗੀਦਾਰ ਵੀ ਬਣਦਾ ਹੈ। ਸਮਾਜ ਦਾ ਇੱਕ ਛੋਟਾ ਜਿਹਾ ਹਿੱਸਾ ਜਿਸ ਵਿਚ ਬੁੱਧੀਜੀਵੀ, ਲੇਖਕ, ਪੱਤਰਕਾਰ ਅਤੇ ਸੁਹਿਰਦ ਲੋਕ ਇਸ ਵਰਤਾਰੇ ਵਿਰੁਧ ਅਵਾਜ਼ ਤਾਂ ਉਠਾਉਂਦੇ ਹਨ ਪਰ ਉਨ੍ਹਾਂ ਦੀ ਅਵਾਜ਼ ਸਿਆਸੀ ਤੇਜ਼ ਹਨੇਰੀ ਝੱਖੜ ਅੱਗੇ ਬੇਵੱਸ ਹੋ ਜਾਂਦੀ ਹੈ ਜਿਸ ਨਾਲ ਸ਼ਾਤਰ ਲੋਕਾਂ ਦੇ ਹੌਸਲੇ ਹੋਰ ਬੁਲੰਦ ਹੋ ਜਾਂਦੇ ਹਨ। ਪੰਜਾਬ ਦੀ ਤਰੱਕੀ ਵਿਚ ਪਰਵਾਸੀ ਲੋਕਾਂ ਦਾ ਵੱਡਾ ਹੱਥ ਹੈ ਜੇਕਰ ਕਿਸੇ ਪਰਿਵਾਰ ਦਾ ਇੱਕ ਜੀਅ ਵਿਦੇਸ਼ ਆ ਗਿਆ, ਉਸ ਦੀ ਮਿਹਨਤ ਨਾਲ ਕਮਾਏ ਪੈਸਿਆਂ ਨਾਲ ਪਿੱਛੇ ਪਰਿਵਾਰ ਨੇ ਖੇਤੀ ਸੈਕਟਰ ਜਾਂ ਬਿਜਨਸ ਵਿਚ ਨਿਵੇਸ਼ ਕਰਕੇ ਪੰਜਾਬ ਨੂੰ ਤਰੱਕੀ ਦੀ ਲੀਹ 'ਤੇ ਪਾਇਆ। ਇਸੇ ਕਰਕੇ ਪੰਜਾਬ ਦੀ ਹਰ ਸਿਆਸੀ ਪਾਰਟੀ ਪਰਵਾਸੀਆਂ ਵੱਲ ਵੇਖਦੀ ਹੈ। ਮਿਹਨਤੀ ਪਰਵਾਸੀਆਂ ਨੂੰ ਪੰਜਾਬ ਦੀ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਤੋਂ ਬਚਾਉਣ ਅਤੇ ਪੰਜਾਬ ਨੂੰ ਫਿਰਕੂਪੁਣੇ ਜਾਤੀਵਾਦ ਦੀ ਅੱਗ ਵਿਚੋਂ ਕੱਢਣ ਲਈ ਉਨ੍ਹਾਂ ਨੂੰ ਅੱਗੇ ਆਉਣਾ ਪਵੇਗਾ। ਆਪਣੇ ਨਿਜੀ ਹਿੱਤ ਤਿਆਗ ਕੇ ਆਪੋ ਆਪਣੇ ਇਲਾਕਿਆਂ ਵਿਚ ਪੰਜਾਬ ਦੇ ਭਲੇ ਲਈ ਆਪਣੇ ਪਰਿਵਾਰਾਂ, ਰਿਸ਼ਤੇਦਾਰਾਂ ਨੂੰ ਜਾਗਰੂਕ ਕਰਨਾ ਪਵੇਗਾ, 'ਜਰਾ ਬਚ ਕੇ ਮੋੜ ਤੋਂ...ਨਸ਼ਿਆਂ ਦੇ ਵਪਾਰੀ ਆਏ ਨੇ' ਕਹਿਣਾ ਪਵੇਗਾ। ਪਰਵਾਸੀਓ ਦੇਸ਼ ਦੀ ਅਜ਼ਾਦੀ ਲਈ ਗਦਰੀ ਬਾਬਿਆਂ ਨੇ ਵੱਡੀਆਂ ਕੁਰਬਾਨੀਆਂ ਕੀਤੀਆਂ। ਇਸ ਵਰ੍ਹੇ ਅਸੀਂ ਗਦਰ ਲਹਿਰ ਦੀ ਸੌ ਸਾਲਾਂ ਵਰ੍ਹੇਗੰਢ ਮਨਾ ਰਹੇ ਹਾਂ। ਜੇ ਸਾਡੇ ਮਨਾਂ ਵਿਚ ਗਦਰੀ ਬਾਬਿਆਂ ਪ੍ਰਤੀ ਆਦਰ ਦੀ ਭਾਵਨਾ ਹੈ ਤਾਂ ਸਾਨੂੰ ਉਨ੍ਹਾਂ ਦੇ ਸੁਪਨਿਆਂ ਦਾ ਸਮਾਜ ਸਿਰਜਣ ਲਈ ਭ੍ਰਿਸ਼ਟ ਸਿਆਸਤਦਾਨਾਂ ਵਿਰੁਧ ਮੁਹਿੰਮ ਚਲਾਉਣੀ ਪਵੇਗੀ। ਗਦਰੀ ਬਾਬਿਆਂ ਦੀ ਅਜ਼ਾਦੀ ਲਹਿਰ ਵਾਂਗ ਸਮਾਜਿਕ ਚੇਤਨਾ ਦੀ ਲਹਿਰ ਖੜ੍ਹੀ ਕਰਕੇ ਪੰਜਾਬ ਵਿਚ ਘਟੀਆ ਸੋਚ ਵਾਲੀ ਸਿਆਸਤ ਵਿਰੁਧ ਡਟਣਾ ਪਵੇਗਾ।

*-ਰਾਜਿੰਦਰ ਸਿੰਘ ਖਹਿਰਾ*
*ਫੋਨ: 559-267-3634*

# ਕਾਵਿ-ਜਗਤ

## ਕਲਿਜੁਗ ਦੇ ਬੰਦੇ

ਆਪਾਂ ਗੱਲ ਯੁਗਾਂ ਦੀ ਕਰੀਏ।
ਨਵੀਂ ਸਦੀ ਤੇ ਨਵੇਂ ਸਾਲ ਦੀ
ਗੱਲ ਅਧੂਰੀ ਕਦੇ ਨਾ ਪੂਰੀ

ਆਪਾਂ ਗੱਲ ਯੁਗਾਂ ਦੀ ਕਰੀਏ
ਯੁਗ ਵੀ ਬੇਸ਼ਕ ਚਾਰ ਨਹੀਂ ਹਨ
ਛੱਤੀ ਤਕ ਗਿਣਤੀ ਕਰ ਸਕੀਏ
ਗੁਰੂ-ਪੀਰ ਦੀ ਕਿਰਪਾ ਸਦਕਾ
ਅਨੁਭਵ ਦਾ ਸਾਗਰ ਤਰ ਸਕੀਏ
ਆਓ ਫਿਰ ਸਾਗਰ ਨੂੰ ਤਰੀਏ
ਆਪਾਂ ਗੱਲ ਯੁਗਾਂ ਦੀ ਕਰੀਏ

ਜਿਉਂ ਸਾਗਰ ਗਲ ਲਗਣ ਨਦੀਆਂ
ਯੁਗਾਂ ਦੇ ਹਨ ਅੰਗ ਸੰਗ ਸਦੀਆਂ
ਇਕ ਦੋ ਨਹੀਂ ਸਹੰਸਰ ਸਦੀਆਂ
ਪਲ ਪਲ ਖਿਨ ਖਿਨ ਨੇਕੀਆਂ ਬਦੀਆਂ
ਕਦਮ ਕਦਮ ਤੇ ਯੁਧ ਲੜਾਈਆਂ
ਥਾਂ ਥਾਂ ਹਾਹਾਕਾਰ ਦੁਹਾਈਆਂ
ਹਾਲ-ਦੁਹਾਈ ਤੋਂ ਕਿਉਂ ਡਰੀਏ
ਆਪਾਂ ਗੱਲ ਯੁਗਾਂ ਦੀ ਕਰੀਏ

ਬੇਸ਼ਕ ਜੰਗ ਵਿਚ ਹੈਣ ਸਿਆਣੇ
ਆਦਿ-ਕਾਲ ਨੂੰ ਕੋਈ ਨਾ ਜਾਣੇ
'ਬਾਬਾ' ਆਖੇ ਸੀ ਅੰਧਿਆਰਾ
ਅਰਬਦ ਨਰਬਦ ਧੁੰਧੂਕਾਰਾ
ਆਦਿ-ਕਾਲ ਵਿਚ ਮਹਾਂਸੁੰਨ ਸੀ
ਯੁਗਾਂ ਦਾ ਸੰਕਲਪ ਗੁੰਮ ਸੀ
ਚਾਨਚਕ ਕੁਝ ਹਰਕਤ ਹੋਈ
ਸੁੰਨ-ਗੁਫਾ'ਚੋਂ ਜਾਗਿਆ ਕੋਈ
ਓਅੰ ਦੀ ਆਵਾਜ਼ ਸੀ ਆਈ
ਜਿਸ 'ਚੋਂ ਉਪਜੀ ਕੁਲ ਲੋਕਾਈ
ਧਰਤੀ ਅੰਬਰ ਮਹਾਂ-ਅਡੰਬਰ
ਜੋ ਕੁਝ ਵੀ ਹੈ ਬਾਹਰ ਅੰਦਰ
ਲਖਾਂ ਸੂਰਜ ਲਖ ਸਿਤਾਰੇ
ਖਿਨ ਵਿਚ ਉਪਜੇ ਸੀ ਗ੍ਰਹਿ ਸਾਰੇ

ਜੰਗਲ ਪਰਬਤ ਨਦੀਆਂ ਨਾਲੇ
ਸਾਗਰ ਫੈਲੇ ਧਰਤ ਦੁਆਲੇ
ਓਅੰ ਜਗ ਦਾ ਆਦਿ ਸ਼ਬਦ ਹੈ
ਏਸ ਸ਼ਬਦ 'ਚੋਂ ਜਨਮ ਲਿਆ ਹੈ
ਏਸ ਸ਼ਬਦ 'ਚ ਲੈਅ ਹੋਣਾ ਹੈ
ਜੀਵਨ ਹੈ ਭਵ-ਸਾਗਰ ਡੂੰਘਾ
ਇਸ ਨੂੰ ਤਰਨਾ ਬਹੁਤ ਕਠਿਨ ਹੈ
ਆਦਿ-ਸ਼ਬਦ ਅਲੌਕਿਕ ਤੁਲਹਾ
ਆਦਿ-ਸ਼ਬਦ ਅਲੌਕਿਕ ਬੇੜੀ
ਸ਼ਬਦ-ਰੂਪ ਤੁਲਹੇ ਤੇ ਚੜ੍ਹੀਏ
ਆਪਾਂ ਗੱਲ ਯੁਗਾਂ ਦੀ ਕਰੀਏ

ਸਤਿਜੁਗ ਦੀ ਸਭ ਮਹਿਮਾ ਗਾਂਦੇ
ਤ੍ਰੇਤਾ, ਦੁਆਪਰ ਵੀ ਵਡਿਆਂਦੇ
ਪਰ ਕਲਿਜੁਗ ਨੂੰ ਸਮਝ ਭਿਅੰਕਰ
ਇਸ ਦੇ ਨਾਂ ਤੋਂ ਵੀ ਘਬਰਾਂਦੇ
ਆਪਾਂ ਹਾਂ ਕਲਿਜੁਗ ਦੇ ਬੰਦੇ
ਬੇਸ਼ਕ ਚੰਗੇ ਬੇਸ਼ਕ ਮੰਦੇ
ਆਪਾਂ ਨਾ ਵਿਸਥਾਰ 'ਚ ਜਾਣਾ
ਕਲਿਜੁਗ ਦਾ ਹੈ ਮਾਨ ਵਧਾਣਾ
ਇਸ 'ਤੇ ਲਗੇ ਜਿਤਨੇ ਧਬੇ
ਹਰ ਧਬੇ ਨੂੰ ਤੁਰਤ ਮਿਟਾਣਾ
ਧਬਿਆਂ ਲਈ ਕਾਲਿਖ ਨੂੰ ਜਰੀਏ
ਆਪਾਂ ਗੱਲ ਯੁਗਾਂ ਦੀ ਕਰੀਏ

ਪਹਿਲੀ ਗੱਲ ਕਿ ਯੁਧ ਲੜਾਈਆਂ
ਕਲਿਜੁਗ ਵਿਚ ਕਿਉਂ ਨਜ਼ਰੀਂ ਆਈਆਂ
ਮੈਂ ਪੁਛਾਂ, ਕੀ ਤ੍ਰੇਤਾ ਦੁਆਪਰ
ਯੁਧ-ਪੀੜਾ ਤੋਂ ਨਹੀਂ ਸਨ ਆਤੁਰ?
ਦੇਵਾਂ ਤੇ ਦੈਂਤਾਂ ਦੀਆਂ ਜੰਗਾਂ
ਨਾ ਸਿਰ ਲਭਣ ਨਾ ਹੀ ਟੰਗਾਂ
ਨਾਲ ਧੜਾਂ ਦੇ ਧੜ ਟਕਰਾਂਦੇ
ਮਹਾਂ-ਭਿਆਨਕ ਦ੍ਰਿਸ਼ ਦਰਸਾਂਦੇ
ਹਉਮੈ ਦੀ ਅਗਨੀ ਵਿਚ ਸੜਦੇ
ਦੇਵ ਦੈਂਤ ਰਹਿੰਦੇ ਸੀ ਲੜਦੇ
ਦੇਵਾਂ ਦੀ ਉਧਾਰ ਦੀ ਖਾਤਿਰ
ਦੈਂਤਾਂ ਦੇ ਸੰਘਾਰ ਦੀ ਖਾਤਿਰ
ਭਗਤ ਜਦੋਂ ਆਵਾਹਨ ਕਰਦੇ
'ਵਿਸ਼ਨੂੰ' ਸੀ ਅਵਤਾਰ ਧਾਰਦਾ
'ਹਰਨਾਖਸ਼' ਤੇ 'ਕੰਸ' ਜਿਹਾਂ ਨੂੰ
ਆਪਣੇ ਹਥੀਂ ਆਪ ਮਾਰਦਾ
ਪਰ ਕਲਿਜੁਗ ਦੇ ਰਾਜੇ ਰਾਣੇ
ਹਮਲਾਵਰ ਜ਼ਾਲਮ ਜਰਵਾਣੇ
ਜਦ ਵੀ ਕਤਲੇਆਮ ਨੇ ਕਰਦੇ
ਜਾਂ ਫਿਰ ਕਰਦੇ ਜੋਰ ਧਿੰਙਾਣੇ

ਰੋ ਰੋ ਪਿਟ ਪਿਟ ਜਗਤ ਹਾਰਦਾ
'ਵਿਸ਼ਨੂੰ' ਨਹੀਂ ਅਵਤਾਰ ਧਾਰਦਾ
ਕਾਸ਼ ਕੋਈ ਜਗ ਨੂੰ ਸਮਝਾਵੇ
ਬੰਦੇ ਦੇ ਕੰਮ ਬੰਦਾ ਆਵੇ
ਇਸ ਗੱਲ ਦੀ ਜੇ ਹਾਮੀ ਭਰੀਏ
ਆਪਾਂ ਗੱਲ ਯੁਗਾਂ ਦੀ ਕਰੀਏ

'ਬੁਧ' ਨੇ ਹਥ ਵਿਚ ਕਾਸਾ ਫੜਿਆ
'ਈਸਾ' ਜਗ ਲਈ ਸੂਲੀ ਚੜਿਆ
ਦੋਹਾਂ ਦਾ ਸੀ ਇਕੋ ਨਾਅਰਾ
ਅਮਨ ਅਹਿੰਸਾ ਜਗਤ ਉਧਾਰਾ
ਫੇਰ 'ਮੁਹੰਮਦ' ਕਲਮਾ ਪੜ੍ਹਿਆ
ਮੋਮਨ ਅਰਸ਼ ਕੁਰਸ਼ ਤੇ ਚੜ੍ਹਿਆ
'ਨਾਨਕ' ਨਾਮ ਖੁਦਾ ਵਿਚ ਰੰਗਿਆ
ਸਦਾ ਭਲਾ ਹੀ ਜਗ ਦਾ ਮੰਗਿਆ
ਮਾਨਵਤਾ ਦੇ ਮਹਾਂ-ਪੈਗੰਬਰ
ਜਿਨ੍ਹਾਂ ਜਗਾਏ ਧਰਤੀ ਅੰਬਰ
ਉਨ੍ਹਾਂ ਦੇ ਨਾਵਾਂ 'ਤੇ ਚਲੋ
ਵਖ ਵਖ ਸੰਮਤ ਉਪਰ ਥਲੇ
ਸੰਮਤ ਈਸਾ ਬਹੁਤਾ ਗੂੰਜੇ
ਬਾਕੀ ਸੰਮਤ ਲਗੇ ਖੂੰਜੇ
ਪਰ ਵਾਦਾਂ ਵਲ ਕੰਨ ਨਾ ਧਰੀਏ
ਆਪਾਂ ਗੱਲ ਯੁਗਾਂ ਦੀ ਕਰੀਏ

ਦਹਿਸਦੀ ਈਸਾ ਦੀ ਤੀਜੀ
ਕਿਸ 'ਤੇ ਤੁਠੀ ਕਿਸ 'ਤੇ ਰੀਝੀ
ਨਵੇਂ ਸਾਲ ਵਿਚ ਕੀ ਕੁਝ ਹੋਣੈਂ
ਕਿਸ ਨੇ ਹਸਣੈਂ ਕਿਸ ਨੇ ਰੋਣੈਂ
ਇਹ ਗੱਲ ਨਾ ਵਿਗਿਆਨੀ ਜਾਣੇ
ਨਾ ਇਹ ਖਰੜ ਗਿਆਨੀ ਜਾਣੇ
ਜੇ ਜਾਣੇ ਤਾਂ ਜਾਣੇ ਸ਼ਾਇਰ
ਜਾਂ ਫਿਰ ਅੰਤਰ-ਧਿਆਨੀ ਜਾਣੇ
ਨਵੇਂ ਸਾਲ ਦਾ ਜਸ਼ਨ ਮਨਾਂਦੇ
ਮੁੰਡੇ ਕੁੜੀਆਂ ਜਫੀਆਂ ਪਾਂਦੇ

ਕਾਸ਼ ਕਦੇ ਦੇਵਣ ਸੰਦੇਸ਼ਾ
ਜੰਗ ਯੁਧ ਦਾ ਨਹੀਂ ਅੰਦੇਸ਼ਾ
ਅਮਨ ਅਹਿੰਸਾ ਸਾਡਾ ਨਾਅਰਾ
ਬੇਸ਼ਕ ਆਪਣਾ ਦੇਸ਼ ਪਿਆਰਾ
ਨਾਲ ਗੈਰ ਦੇ ਵੈਰ ਨਾ ਰਖੀਏ
ਸਰਬ-ਸਾਂਝ ਦਾ ਅੰਮ੍ਰਿਤ ਚਖੀਏ
ਨਾਲ ਮੁਹਬਤ ਝੋਲੀਆਂ ਭਰੀਏ
ਆਪਾਂ ਗੱਲ ਯੁਗਾਂ ਦੀ ਕਰੀਏ।

***-ਡਾ. ਬਲਬੀਰ ਸਿੰਘ ਦਿਲ (ਸਵਰਗੀ)***

---

## ਚੇਤਨਾ ਦਾ ਬੰਨ੍ਹ

ਅਰਸ਼ਾਂ ਦੀ ਕੋਈ ਹੂਰ ਸੀ ਕਹਿੰਦੇ,
ਚੰਨ-ਚਾਨਣੀ ਨੂਰ ਸੀ ਕਹਿੰਦੇ।
ਗੁੰਦਵਾਂ ਜਿਸਮ ਤੇ ਗੋਰੀ-ਗੋਰੀ,
ਕੁਝ ਕਹਿੰਦੇ ਗੰਨੇ ਦੀ ਪੋਰੀ।
ਪਿੰਡ ਵਿਚ ਲੱਗਦੀ ਚਾਚੀ ਰੁੱਪੀ,
ਜਾਪੇ ਹੁਣ ਲੱਕੜੀ ਵਾਂਗ ਸੁਕੀ।
ਇਕ ਦਿਨ ਉਸ ਨੂੰ ਫੋਨ ਲਗਾਇਆ,
ਘਰ ਜਾ ਉਸ ਦੇ ਮਿਲਣਾ ਚਾਹਿਆ।
ਸੁਣ ਕੇ ਚਾਚੀ ਆਪ ਹੀ ਆਈ,
ਘੁੱਟ ਕੇ ਉਸ ਗਲਵਕੜੀ ਪਾਈ।
ਚਾਚੀ ਜੀ! ਥੋਨੂੰ ਕੀ ਹੋਇਆ,
ਪੁੱਛਦੇ ਹੀ ਮੇਰਾ ਦਿਲ ਰੋਇਆ।
ਸ਼ਰਮ ਨਾਲ ਉਸ ਨੀਵੀਂ ਪਾਈ,
ਕਹਿੰਦੀ ਜਾਵਾਂ ਵਕਤ ਲੰਘਾਈ।
ਇਸ ਉਮਰੇ ਕੀ ਝੱਲ ਕਰਾਂ ਮੈਂ,
ਦੱਸ ਕਿਵੇਂ ਇਹ ਗੱਲ ਕਰ ਕਰਾਂ ਮੈਂ।
ਤੜਕੇ ਉਠ ਇਸ਼ਨਾਨ ਹਾਂ ਕਰਦੀ,
ਰੱਬ ਦੇ ਵੱਲ ਧਿਆਨ ਹਾਂ ਧਰਦੀ।
ਸਾਰਾ ਦਿਨ ਘੜੀਸ ਮੈਂ ਹੋਵਾਂ,
ਫਿਕਰ ਦੀ ਚੱਕੀ ਪੀਸ ਮੈਂ ਹੋਵਾਂ।
ਜਿਉਂ-ਜਿਉਂ ਸੂਰਜ ਢਲਦਾ ਜਾਵੇ,
ਮਨ ਵਿਚ ਸਹਿਮ ਇਹ ਪਲਦਾ ਜਾਵੇ।
ਤਾਂ ਵੀ ਆਸ ਦਾ ਦੀਪ ਜਗਾਵਾਂ,
ਇੰਤਜ਼ਾਰ ਬਣ ਜਾਣ ਨਿਗਾਹਾਂ।
ਘਰ ਵਲ ਮੋੜੇ ਕਦੋਂ ਮੁਹਾਰਾਂ,
ਬੂਹੇ ਵਿਚ ਖੜ੍ਹ ਰਾਹ ਨਿਹਾਰਾਂ,
ਨਿੱਤ ਉਹ ਬਾਹਰੋਂ ਪੀ ਕੇ ਆਵੇ,
ਗਾਲ੍ਹਾਂ ਕੱਢੇ, ਹੱਥ ਉਠਾਵੇ।
ਬਸ ਫਿਰ ਛੱਤਣੀ ਭੌਂ ਜਾਂਦਾ ਹੈ,
ਮਾਰ ਘੁਰਾੜੇ ਸੌਂ ਜਾਂਦਾ ਹੈ।
ਰੋਟੀ ਧਰੀ-ਧਰਾਈ ਰਹਿ ਜਾਏ,
ਚਾਚੀ ਤੇਰੀ ਭੁੱਖੀ ਪੈ ਜਾਏ।
ਫਿਰ ਚੁੰਨੀ ਨਾਲ ਪੂੰਝੀਆਂ ਅੱਖਾਂ,
ਕਹਿੰਦੀ ਉਸ ਨੂੰ ਰੱਬ ਦੀਆਂ ਰੱਖਾਂ।
ਬਣ ਗਈ ਭੈੜੀ ਆਦਤ ਉਸ ਦੀ,
ਪਰ ਮੈਂ ਕਰਾਂ ਇਬਾਦਤ ਉਸ ਦੀ।
ਸੁਣ ਕੇ ਮੈਨੂੰ ਰੋਹ ਸੀ ਆਇਆ,
ਹਉਕੇ ਭਰਦੀ ਤਾਈਂ ਸੁਣਾਇਆ।
ਇਹ ਨਾ ਚੰਗੀ ਆਦਤ ਚਾਚੀ,
ਕਾਹਤੋਂ ਕਰੇਂ ਇਬਾਦਤ ਚਾਚੀ।
ਹੱਦਾਂ ਬੰਨੇ ਸਭ ਤੋੜ ਰਿਹਾ ਹੈ,
ਜੀਵਨ ਆਪਣਾ ਰੋੜ੍ਹ ਰਿਹਾ ਹੈ।
ਨਸ਼ਿਆਂ ਦਾ ਛੇਵਾਂ ਦਰਿਆ,
ਹੋਰ ਨਾ ਲਾਵੇ ਹੁਣ ਇਹ ਢਾਹ।
ਆਵੋ ਰਲ ਕੇ ਕਦਮ ਉਠਾਈਏ,
ਚੇਤਨਾ ਦਾ ਕੋਈ ਬੰਨ੍ਹ ਲਗਾਈਏ।

***-ਨੀਲਮ ਸੈਣੀ***
***ਫੋਨ: 510-502-0551***

---

## ਈਰਖਾ

ਆਪਣੇ ਨੂੰ ਆਪਣਾ ਬਣਾ ਨਹੀਂ ਸਕਦੀ,
ਈਰਖਾ ਸ਼ਰੀਕਾਂ ਵਿਚੋਂ ਜਾ ਨਹੀਂ ਸਕਦੀ।

ਹੋਰ ਤਾਂ ਕੀ, ਭਾਈ ਨੂੰ ਹੀ ਭਾਈ ਨਾ ਜਰੇ,
ਵੇਖ ਕੇ ਭਤੀਜਾ, ਸਕੀ ਤਾਈ ਨਾ ਜਰੇ।
ਪੁੱਤਾਂ ਵਾਂਗੂੰ ਸੀਨੇ ਉਹ ਲਗਾ ਨਹੀਂ ਸਕਦੀ।
ਈਰਖਾ ਸ਼ਰੀਕਾਂ ਵਿਚੋਂ ਜਾ ਨਹੀਂ ਸਕਦਾ।

ਇਕ ਦੂਜੇ ਉਤੋਂ ਵਿਸ਼ਵਾਸ ਉਠ ਗਿਆ,
ਚਾਲੀ ਸਾਲ ਪਹਿਲਾਂ ਵਾਲਾ ਪਿਆਰ ਮੁੱਕ ਗਿਆ।
ਲੰਘ ਗਈ ਉਹ ਹਵਾ, ਮੁੜ ਆ ਨਹੀਂ ਸਕਦੀ।
ਈਰਖਾ ਸ਼ਰੀਕਾਂ ਵਿਚੋਂ ਜਾ ਨਹੀਂ ਸਕਦੀ।

ਜਦੋਂ ਇੱਕ ਹੀ ਚੁੱਲ੍ਹੇ 'ਤੇ ਪੀਣ-ਖਾਣ ਹੁੰਦਾ ਸੀ,
ਚਾਚਿਆਂ, ਤਾਇਆਂ 'ਤੇ ਬੜਾ ਮਾਣ ਹੁੰਦਾ ਸੀ।
ਹੱਸ ਕੇ ਖਵਾਉਂਦੇ ਤੋਂ ਵੀ, ਖਾ ਨਹੀਂ ਸਕਦੀ।
ਈਰਖਾ ਸ਼ਰੀਕਾਂ ਵਿਚੋਂ ਜਾ ਨਹੀਂ ਸਕਦੀ।

ਆਵਦੇ ਹੀ ਲੱਗ ਗਏ ਖਾਣ ਨੋਚ ਨੋਚ ਕੇ,
'ਰਾਜ' ਲਿਖੇ ਗੱਲਾਂ ਇਹੀ ਸੋਚ ਸੋਚ ਕੇ।
ਪਿੰਡ ਚੀਮਨੇ ਵੀ ਰੋਗ ਇਹ ਹਟਾ ਨਹੀਂ ਸਕਦੀ।
ਈਰਖਾ ਸ਼ਰੀਕਾਂ ਵਿਚੋਂ ਜਾ ਨਹੀਂ ਸਕਦੀ।

***-ਰਾਜ ਧਾਲੀਵਾਲ***

---

## ਟਿੱਲੇ ਦਾ ਜੋਗੀ

ਜੰਗ ਲੱਗੇ ਜਦ ਵੀ
ਕਿਤੇ ਦੁਨੀਆਂ ਵਿਚ
ਸਭ ਤੋਂ ਪਹਿਲਾਂ
ਔਰਤ ਦਰਦ ਹੰਢਾਉਂਦੀ
ਲੁੱਟੀਂਦੀ, ਵਿਕਦੀ
ਉਧਾਲੀ ਜਾਂਦੀ
ਕਿਉਂ?
ਮੈਂ ਟਿਲਿਓਂ ਜੋਗੀ ਬੋਲਦਾ।

ਰਾਂਝਿਆ ਤੇਰੇ ਕੰਨੀਂ ਮੁੰਦਰਾਂ
ਮੈਂ ਨ੍ਹੀਂ ਪਾਉਣੀਆਂ
ਹੀਰ ਲੱਭਣ ਵਾਸਤੇ
ਅੱਜ ਚੂਚਕ ਦੀਆਂ ਧੀਆਂ
ਲੁੱਟੀਂਦੀਆਂ ਨਿੱਤ ਇਥੇ
ਜੇ ਕੰਨ ਪੜਵਾਉਣੇ ਤੈਂ
ਤਾਂ ਸੱਚ ਦੀ ਭਾਲ ਕਰੀਂ।
ਮੈਂ ਟਿਲਿਓਂ ਜੋਗੀ ਬੋਲਦਾ।

ਪਹਿਲਾਂ ਸੀ ਡਾਕੂ ਜੰਗਲੀਂ ਰਹਿੰਦੇ
ਹੁਣ ਦੇਸ਼ ਦੀ ਰਾਜਧਾਨੀ ਬਹਿੰਦੇ
ਪਹਿਲਾਂ ਡਾਕੂ ਨੂੰ ਡਾਕੂ ਸੀ ਕਹਿੰਦੇ
ਅੱਜ ਡਾਕੂ ਨੂੰ ਨੇਤਾ ਨੇ ਕਹਿੰਦੇ
ਇਹ ਕਿੱਡੀ ਵੱਡੀ ਘੋਲ-ਗੰਢ।
ਮੈਂ ਟਿਲਿਓਂ ਜੋਗੀ ਬੋਲਦਾ।

ਅਮੀਰ ਸਰਕਾਰਾਂ ਦੇ
ਸਰਕਾਰਾਂ ਅਮੀਰਾਂ ਦੀਆਂ
ਦੋਨੋਂ ਹੱਥੀਂ ਲੁੱਟਣ ਪੌਂ-ਬਾਰਾਂ ਨੇ
ਮਣਾਂ ਮੂੰਹੀਂ ਪੈਸੇ ਸਿਆਸਤ ਵਿਚੋਂ ਕਿਰਦੇ
ਦੇਸ਼ ਮਹਾਨ
ਤਾਹੀਂ ਸਾਰੇ ਲੀਡਰ ਬਣਨ ਨੂੰ ਫਿਰਦੇ
ਇਹ ਵੀ ਵੱਡੀ ਘੋਲ-ਗੰਢ।
ਮੈਂ ਟਿਲਿਓਂ ਜੋਗੀ ਬੋਲਦਾ।

ਸੋਨੇ ਦੇ ਆਲ੍ਹਣੇ ਜੰਮਿਆ
ਚਾਂਦੀ ਦੇ ਰੁੱਖਾਂ 'ਤੇ ਪਲਿਆ ਬਾਜ
ਉਹੋ ਜਿਹੇ ਸ਼ਿਕਾਰ ਨ੍ਹੀਂ ਮਾਰ ਸਕਦਾ
ਜਿਹੋ ਜਿਹੇ
ਕੱਖਾਂ ਕਾਨਿਆਂ ਦੇ ਆਲ੍ਹਣੇ ਜੰਮਿਆ
ਕਿੱਕਰਾਂ ਦੇ ਰੁੱਖਾਂ 'ਤੇ ਪਲਿਆ
ਬਾਜ ਮਾਰ ਸਕਦੈ।
ਮੈਂ ਟਿਲਿਓਂ ਜੋਗੀ ਬੋਲਦਾ।

ਕਦੇ ਸੋਚ ਉਏ ਬੰਦੇ
ਮਨੁੱਖ ਨੂੰ ਮਨੁੱਖ ਕਿਉਂ ਖਾਵੇ
ਆਸਤਿਕ ਬਣ ਭਾਵੇਂ ਨਾਸਤਿਕ
ਨਾ ਬਣ ਦਰਿੰਦਾ ਨਾ ਰਾਖਸ਼
ਤੇਰੇ ਕੋਲ ਜੇ ਤਾਕਤ ਆ ਗਈ
ਡਾਕੂ ਗੁੰਡਾ ਨਾ ਬਣ
ਮਾੜੇ ਪਾਸੇ ਜਾਂਦੀ ਢਲਕ ਬੋਚ ਉਏ ਬੰਦੇ
ਨਹੀਂ ਤਾਂ ਮਜ਼ਲੂਮ ਲੋਕ ਕੱਠੇ ਹੋ
ਲਾਵਣਗੇ ਚੋਟਾਂ ਨਗਾਰੇ 'ਤੇ।
ਮੈਂ ਟਿਲਿਓਂ ਜੋਗੀ ਬੋਲਦਾ।

***-ਗੁਰਮੇਲ ਬੀਰੋਕੇ***
***ਫੋਨ:604-825-8053***

---

## ਭਗਤ ਸਿੰਘ ਇਹ ਕਹਿੰਦਾ ਹੈ

ਆਓ ਕਰੀਏ ਸੋਚ ਵਿਚਾਰ,
ਰਲ ਮਿਲ ਲਈਏ ਸੱਚ ਨਿਤਾਰ।
ਭਗਤ ਸਿੰਘ ਕੀ ਕਹਿੰਦਾ ਹੈ,
ਕਿਉਂ ਸਭ ਦੇ ਦਿਲ ਵਿਚ ਰਹਿੰਦਾ ਹੈ।

ਮਨੁੱਖਤਾ ਤਾਈਂ ਕਰੋ ਪਿਆਰ,
ਸੇਵਾ ਦੇ ਲਈ ਰਹੋ ਤਿਆਰ।
ਦੇਵੋ ਉਸ ਲਈ ਆਪਾ ਵਾਰ,
ਜੀਵਨ ਦਾ ਬੱਸ ਏਹੋ ਸਾਰ।
ਭਗਤ ਸਿੰਘ ਇਹ ਕਹਿੰਦਾ ਹੈ ,
ਤੇ ਸਭ ਦੇ ਦਿਲ ਵਿਚ ਰਹਿੰਦਾ ਹੈ।

ਜਾਤ ਪਾਤ ਦਾ ਫਸਤਾ ਵੱਢੋ,
ਧਰਮਾਂ ਦਾ ਵੀ ਖਹਿੜਾ ਛੱਡੋ।
ਵਹਿਮ ਭਰਮ ਨੂੰ ਦਿਲ 'ਚੋਂ ਕੱਢੋ,
ਕਿਸੇ ਦੇ ਅੱਗੇ ਹੱਥ ਨਾ ਅੱਡੋ।

ਲਿਖ ਕੇ ਉਤੋਂ ਕੁੱਝ ਨੀ ਆਇਆ,
ਲੋਟੂ ਨੇ ਹੈ ਢੋਂਗ ਰਚਾਇਆ।
ਚੁਰਾਸੀ ਵਾਲਾ ਚੱਕਰ ਚਲਾਇਆ,
ਸਾਨੂੰ ਗਧੀ ਗੇੜ ਵਿਚ ਪਾਇਆ।

ਮਨੁੱਖ ਦੀ ਮਿਹਨਤ ਰੰਗ ਲਿਆਈ,
ਜਿੰਦੜੀ ਉਸ ਨੇ ਘੋਲ ਘੁਮਾਈ।
ਧਰਤੀ ਉਪਰ ਰੌਣਕ ਲਾਈ,
ਸੌਖੀ ਕੀਤੀ ਕੁੱਲ ਲੋਕਾਈ।

ਊਚ ਨੀਚ ਦਾ ਭੇਦ ਮਿਟਾਓ,
ਸਭ ਦੀ ਇੱਕ ਜਮਾਤ ਬਣਾਓ।
ਫਿਕਰ ਤੇ ਚਿੰਤਾ ਦੂਰ ਭਜਾਓ,
ਮਿਹਨਤ ਕਰੋ ਤੇ ਰੱਜ ਕੇ ਖਾਓ।

ਕੋਈ ਕਾਣੀ ਵੰਡ ਨਾ ਹੋਵੇ,
ਹੱਕ ਕਿਸੇ ਦਾ ਕੋਈ ਨਾ ਖੋਹਵੇ।
ਭੁੱਖਾ ਪਿਆਸਾ ਕੋਈ ਨਾ ਰੋਵੇ,
ਕੋਈ ਕਿਸੇ ਦਾ ਗੰਦ ਨਾ ਧੋਵੇ।

ਕਿਸੇ 'ਤੇ ਕੋਈ ਨਾ ਧੌਂਸ ਜਮਾਵੇ,
ਹਰ ਕੋਈ ਆਪਣੇ ਹੱਕ ਦਾ ਖਾਵੇ।
ਵਿਹਲੜ ਨੂੰ ਕੋਈ ਮੂੰਹ ਨਾ ਲਾਵੇ,
ਕਾਮਾ ਰੱਜ ਕੇ ਭੁੱਖ ਮਿਟਾਵੇ।

ਨਰ ਤੇ ਨਾਰੀ ਇੱਕ ਸਮਾਨ,
ਬਰਾਬਰ ਦਾ ਦੇਵੋ ਸਨਮਾਨ।
ਜਨਨੀ ਤਾਂ ਹੈ ਬਹੁਤ ਮਹਾਨ,
ਗੁਰੂਆਂ ਦਾ ਮੰਨੋ ਫ਼ੁਰਮਾਨ।

ਇਤਿਹਾਸ ਦੇ ਕੋਲੋਂ ਲੜਨਾ ਸਿੱਖੋ,
ਲੋਕਾਂ ਲਈ ਕੁੱਝ ਕਰਨਾ ਸਿੱਖੋ।
ਹੱਕਾਂ ਦੇ ਲਈ ਮਰਨਾ ਸਿੱਖੋ,
ਡੁਬਣਾ ਛੱਡ ਕੇ ਤਰਨਾ ਸਿੱਖੋ।

ਲੋਟੂ ਬੜਾ ਚਲਾਕ ਸਾਥੀਓ,
ਦਿਲ ਉਸ ਦਾ ਨਾਪਾਕ ਸਾਥੀਓ।
ਰੱਖੋ ਨਾ ਉਸ 'ਤੇ ਝਾਕ ਸਾਥੀਓ,
ਨੀਤ ਨਾ ਉਸ ਦੀ ਸਾਫ਼ ਸਾਥੀਓ।

ਰਾਤ ਦਿਨੇ ਜੋ ਮਿਹਨਤ ਕਰਦੇ ,
ਫਿਰ ਕਿਉਂ ਉਹ ਨੇ ਭੁੱਖੇ ਮਰਦੇ।
ਜੀਵਨ ਜਿਉਂਦੇ ਡਰਦੇ ਡਰਦੇ,
ਵਿਹਲੜ ਕਿਉਂ ਨੇ ਐਸ਼ਾਂ ਕਰਦੇ।

ਨੌਜਵਾਨੋ ਅੱਗੇ ਆਓ,
ਕਿਰਤ ਨੂੰ ਜਥੇਬੰਦ ਬਣਾਓ।
ਇਨਕਲਾਬ ਦਾ ਨਾਹਰਾ ਲਾਓ,
ਇਤਿਹਾਸ ਦਾ ਪਹੀਆ ਫਿਰ ਘੁਮਾਓ।

ਐਸੀ ਇੱਕ ਤਰਕੀਬ ਬਣਾਓ,
ਪੜ੍ਹੋ ਲਿਖੋ ਤੇ ਗਿਆਨ ਵਧਾਓ।
ਲੋਕਾਂ ਨੂੰ ਵੀ ਰਸਤੇ ਪਾਓ,
ਹੇਠਲੀ ਉਪਰ ਕਰ ਵਿਖਾਓ।

ਜਦ ਦੱਬੇ ਕੁਚਲੇ ਉਠਣਗੇ,
ਉਹ ਜੜ੍ਹ ਜਾਲਮ ਦੀ ਪੁੱਟਣਗੇ।
ਕੁੱਲੀਆਂ 'ਚੋਂ ਚਾਨਣ ਫੁੱਟਣਗੇ,
ਮਹਿਲਾਂ ਦੇ ਕਿੰਗਰੇ ਟੁੱਟਣਗੇ।

ਕਿਰਤ ਦਾ ਆਪਣਾ ਰਾਜ ਹੋਏਗਾ,
ਕਾਮੇ ਦੇ ਸਿਰ ਤਾਜ ਹੋਏਗਾ ।
ਸਾਰਾ ਫੇਰ ਹਿਸਾਬ ਹੋਏਗਾ,
ਪੂਰਾ ਇੰਜ ਖੁਆਬ ਹੋਏਗਾ।
ਭਗਤ ਸਿੰਘ ਇਹ ਕਹਿੰਦਾ ਹੈ,
ਤਾਹੀਉਂ ਸਭ ਦੇ ਦਿਲ ਵਿਚ ਰਹਿੰਦਾ ਹੈ।

***-ਜਗਮੀਤ ਸਿੰਘ ਪੰਧੇਰ***
***ਫੋਨ: 91-98783-37222***

---

## ਕੱਲਯੁਗ

ਦੁਨੀਆਂ ਦੇ ਇਸ ਦੌਰ 'ਚੋਂ ਗੁਜ਼ਰ ਰਿਹਾ ਹਾਂ ਮੈਂ
ਜਿੱਥੇ ਹਰ ਪਾਸੇ ਹੈ ਖਲਬਲੀ ਮਚੀ।
ਹਰ ਇਕ ਨੂੰ ਆਪਣੀ ਆਪਣੀ ਪਈ
ਹਰ ਪਾਸੇ ਹੈ ਤਰਥਲੀ ਮਚੀ।

ਇਨਸਾਨ, ਇਨਸਾਨ ਦਾ ਵੈਰੀ ਹੈ ਅੱਜ
ਹੈ ਇਹ ਕੱਲਯੁਗ ਘੋਰ ਹੈ।
ਰਿਸ਼ਤੇ ਨਾਤੇ ਵਿਸ਼ਵਾਸ ਤੋਂ ਖੋਖਲੇ ਹੋਏ
ਆਤਮ ਵਿਸ਼ਵਾਸ ਤੋਂ ਸੱਖਣਾ ਇਹ ਦੌਰ ਹੈ।

ਸੱਚ ਨੂੰ ਫਾਂਸੀ ਲੱਗ ਰਹੀ ਹਰ ਥਾਂ,
ਝੂਠ ਦੇ ਪੈਰਾਂ 'ਚ ਫੁੱਲ ਚੜ੍ਹਾ ਹੋ ਰਹੇ।
ਕੌਣ ਹੈ ਜੋ ਉਲ੍ਹ ਸਿੱਧਾ ਕਰ ਰਿਹਾ ਪਛਾਣੋ
ਭਾਈ ਨਾਲ ਭਾਈ ਲੜਾ ਹੋ ਰਹੇ।

ਧੀਆਂ ਦੇ ਘਰ ਉਜਾੜਨ ਹੱਥੀਂ
ਇਹ ਕਿਹੋ ਜਿਹੇ ਨੇ ਮਾਪੇ ਨਵੇਂ ਯੁੱਗ ਦੇ।
ਆਪਣੀ ਨੂੰਹ ਜੇ ਪੁੱਤ ਅੱਗੇ ਬੋਲੇ
ਇਨ੍ਹਾਂ ਮਾਪਿਆਂ ਨੂੰ ਇਹ ਬੋਲ ਨਹੀਂ ਪੁੱਗਦੇ।

ਇਹ ਕਿਹੋ ਜਿਹਾ ਵੇਲਾ ਹੈ ਦੋਸਤੋ
ਜਿਥੇ ਯਾਰ ਨੂੰ ਯਾਰ ਤੋਂ ਖਤਰਾ ਹੈ।
ਇਹ ਕਿਹੋ ਜਿਹਾ ਕੁਵੇਲਾ ਹੈ ਦੋਸਤੋ,
ਜਿਥੇ ਪਾਣੀ ਬਣ ਗਿਆ ਖੂਨ ਦਾ ਹਰ ਕਤਰਾ ਹੈ।

ਦੇਖਣ ਸੁਣਨ ਨੂੰ ਲੋਕਤੰਤਰ ਹੈ
ਪਰ ਹੈ ਅਸਿੱਧੇ ਰੂਪ ਵਿਚ ਤਾਨਾਸ਼ਾਹੀ।
ਜ਼ੋਰ ਜ਼ਬਰਦਸਤੀ ਧੀ ਕਿਸੇ ਦੀ ਘਰੋਂ ਚੁੱਕਣੀ,
ਲੋਕਤੰਤਰ ਵਿਚ ਹੀ ਹੈ ਨਹੀਂ ਇਸ ਦੀ ਮਨਾਹੀ।

ਕਿਤੇ ਨੰਨ੍ਹੀ ਛਾਂ ਦੇ ਭੂਤ ਕੱਢਦੇ ਮਾਰ ਦੇਵਣ
ਇਨਸਾਨ ਨਹੀਂ ਖੁਦ ਹੀ ਭੂਤ ਨੇ।
ਪਾਣੀ ਦੇ ਘੁੱਟ ਨੂੰ ਤਰਸਦੀ ਨੰਨ੍ਹੀ ਛਾਂ
ਕੌਣ ਪਿਲਾਵੇ ਪਾਣੀ, ਇਹ ਖੂਨ ਪੀਣੇ ਦੂਤ ਨੇ।

ਰਾਖੇ ਇੱਜ਼ਤਾਂ ਦੇ ਲੁੱਟ ਰਹੇ ਨੇ ਇੱਜ਼ਤਾਂ
ਇਨਸਾਨਾਂ ਤੋਂ ਪਸ਼ੂ ਹੋ ਗਏ ਨੇ ਮਨੁੱਖ।
ਭਾਰਤ ਬਣ ਗਿਆ ਬਲਾਤਕਾਰੀਆਂ ਦਾ ਦੇਸ਼
ਸੁੱਕ ਗਏ ਨੇ ਸਭ ਹਰੇ ਹੋਏ ਸੀ ਕਦੇ ਜੋ ਰੁੱਖ।

ਜਿਸ ਦਲਦਲ 'ਚੋਂ ਕੱਢਿਆ ਗੁਰੂਆਂ ਪੀਰਾਂ
ਉਸੇ ਦਲਦਲ ਵਿਚ ਡੁੱਬ ਗਏ ਹਾਂ ਅਸੀਂ।
ਬੁੱਤ ਬਣਦੇ ਜਾ ਰਹੇ ਹਾਂ ਬੁੱਤਾਂ ਨੂੰ ਪੂਜਣ ਲੱਗੇ
ਮਨ 'ਚ (ਸ਼ਬਦ) ਵਸਾਇਆ ਸੀ ਮਸੀਂ।

ਇਨਸਾਨ ਜਿਉਂਦਾ ਹੈ ਸਿਰਫ ਸਾਹ ਲੈਣ ਲਈ,
ਉਂਜ ਤੇ ਕਦੋਂ ਦਾ ਖਤਮ ਹੈ ਅੰਦਰੋਂ।
ਨਹੀਂ ਦਿਸਦਾ ਇਕ ਵਾਰ ਖੁਦ ਨੂੰ ਸ਼ੀਸ਼ੇ 'ਚ ਵੇਖੋ,
ਖੁਦ ਨਾਲ ਗੱਲਾਂ ਕਰੋ ਕੁਝ ਸੁਣੋ ਮਨ ਦੇ ਮੰਦਰੋਂ।


***-ਸੁਖਵਿੰਦਰ ਬੋਦਲਾਂਵਾਲਾ***
***ਫੋਨ: 360-281-2624***

# ਲਾਵਾਰਸ ਲਾਸ਼ਾਂ ਦਾ ਵਾਰਸ ਅਬਦੁੱਲ ਸੱਤਾਰ ਈਦੀ

ਮੈਂ ਲਾਸ਼ਾਂ ਦੇ ਯੁੱਗ ਦੀ ਉਪਜ ਹਾਂ। ਦੂਜੇ ਵਿਸ਼ਵ ਯੁੱਧ, ਸੰਤਾਲੀ ਦੀ ਦੇਸ਼ ਵੰਡ, ਪੰਜਾਬ ਦੇ ਕਾਲੇ ਦਿਨਾਂ ਤੇ ਦਿੱਲੀ ਦੰਗਿਆਂ ਦਾ ਚਸ਼ਮਦੀਦ ਗਵਾਹ। ਅਗਸਤ 1947 ਦੇ ਅੰਤਲੇ ਦਿਨਾਂ ਵਿਚ ਆਪਣੇ ਜੱਦੀ ਪਿੰਡ ਸੂਨੀ (ਹੁਸ਼ਿਆਰਪੁਰ) ਵਿਚ ਮੈਂ ਦੋ ਦਰਜਨ ਮੁਸਲਮਾਨਾਂ ਦੀਆਂ ਸਜਰੀਆਂ ਲਾਸ਼ਾਂ ਅਤੇ ਚਾਰ ਮਹੀਨੇ ਪਿਛੋਂ ਫਤਿਹਗੜ੍ਹ ਸਾਹਿਬ ਦੇ ਜੋੜ ਮੇਲੇ ਨੂੰ ਜਾਂਦਿਆਂ ਅਬਦੁੱਲਾਪੁਰ ਦੇ ਉਜੜੇ ਹੋਏ ਮੁਸਲਿਮ ਪਿੰਡ ਵਿਚ ਸਲਵਾਰ-ਕਮੀਜ਼ਾਂ ਤੇ ਝੋਖਿਆਂ ਵਿਚ ਲਿਪਟੀਆਂ ਲਾਸ਼ਾਂ ਦੇ ਪਿੰਜਰਾਂ ਨੂੰ ਚੇਤੇ ਕਰਕੇ ਮੈਨੂੰ ਅੱਜ ਵੀ ਧੁੜਧੁੜੀ ਆ ਜਾਂਦੀ ਹੈ। ਮੇਰੇ ਪਿੰਡ ਦੀਆਂ ਮੁਸਲਮਾਨ ਲਾਸ਼ਾਂ ਨੂੰ ਉਨ੍ਹਾਂ ਦੇ ਘਰਾਂ ਦੇ ਸ਼ਤੀਰੀਆਂ ਤੇ ਬਾਲੇ ਲਾਹ ਕੇ ਉਨ੍ਹਾਂ ਦਾ ਸਸਕਾਰ ਕਰਨ ਵਾਲੇ ਤਾਂ ਅਸੀਂ ਆਪ ਹੀ ਸਾਂ। ਉਨ੍ਹਾਂ ਦੇ ਕਤਲ ਤੋਂ ਚਾਰ ਕੁ ਦਿਨ ਪਹਿਲਾਂ ਉਹ ਅੰਮ੍ਰਿਤ ਛੱਕ ਕੇ ਮੁਸਲਮਾਨਾਂ ਤੋਂ ਸਿੱਖ ਹੋ ਚੁੱਕੇ ਸਨ। ਸਿੱਖੀ ਮਰਿਆਦਾ ਅਨੁਸਾਰ ਉਨ੍ਹਾਂ ਦਾ ਸਸਕਾਰ ਕਰਨਾ ਸਾਡੇ ਲਈ ਸੌਖਾ ਵੀ ਸੀ। ਪਰ ਅਬਦੁੱਲਾਪੁਰ ਵਾਲਿਆਂ ਨੂੰ ਦਫਨਾਉਣ ਵਾਲਾ ਕੋਈ ਵੀ ਨਹੀਂ ਸੀ ਰਿਹਾ। ਕਾਤਲ ਤੇ ਲੁਟੇਰੇ ਜਾ ਚੁੱਕੇ ਸਨ ਤੇ ਮੁਰਦਿਆਂ ਦੇ ਵਾਰਿਸ ਲੱਭਣ ਦਾ ਸਵਾਲ ਹੀ ਨਹੀਂ ਸੀ। ਸੰਨ ਚੁਰਾਸੀ ਦੇ ਦਿੱਲੀ ਦੰਗਿਆਂ ਵਾਲੀਆਂ ਲਾਸ਼ਾਂ ਦਾ ਕੀ ਬਣਿਆ, ਸੱਜਣ ਕੁਮਾਰ ਦਾ ਕੇਸ ਪੜ੍ਹਨ ਤੇ ਜਾਨਣ ਵਾਲੇ ਜਾਣ ਚੁੱਕੇ ਹਨ।

ਲਾਵਾਰਸ ਲਾਸ਼ਾਂ ਦੀ ਇਹ ਗਾਥਾ ਮੈਨੂੰ ਪਾਕਿਸਤਾਨ ਦੇ ਅਨਿਨ ਸਮਾਜ ਸੇਵੀ ਅਬਦੁੱਲ ਸੱਤਾਰ ਈਦੀ ਦੀ ਆਤਮ ਕਥਾ ਨੇ ਚੇਤੇ ਕਰਵਾ ਦਿੱਤੀ ਹੈ। ਇਸ ਦੀ ਲੇਖਿਕਾ 18 ਜ਼ੁਬਾਨਾਂ ਵਿਚ ਛਪਣ ਵਾਲੀ ਸਵੈ-ਜੀਵਨੀ 'ਮਾਈ ਫਿਊਡਲ ਲਾਰਡ' ਲਿਖਣ ਵਾਲੀ ਤਹਿਮੀਨਾ ਦੁਰਾਨੀ ਹੈ। ਇਸ ਨੂੰ ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੋਸਾਇਟੀ ਵਾਲਿਆਂ ਨੇ ਡਾ. ਛੀਨਾ ਤੋਂ ਅਨੁਵਾਦ ਕਰਵਾਇਆ ਹੈ। ਇਹ ਆਤਮ ਕਥਾ ਮੇਰੇ ਵਰਗੇ ਉਨ੍ਹਾਂ ਸਭ ਬੰਦਿਆਂ ਦੀਆਂ ਅੱਖਾਂ ਖੋਲ੍ਹਦੀ ਹੈ ਜਿਨ੍ਹਾਂ ਨੇ ਜ਼ਿੰਦਗੀ ਦੇ ਕਿਸੇ ਪੜਾਅ ਉਤੇ ਕਿਸੇ ਲਾਵਾਰਸ ਲਾਸ਼ ਦੀ ਦੁਰਦਸ਼ਾ ਤੱਕੀ ਹੋਵੇ। ਬਚਪਨ ਵਿਚ ਫੇਰੀ ਲਾ ਕੇ ਪੈਂਸਲਾਂ ਤੇ ਤੀਲਾਂ ਦੀਆਂ ਡੱਬੀਆਂ ਵੇਚਣ ਵਾਲੇ ਅਬਦੁਲ ਸੱਤਾਰ ਨੇ 1951 ਵਿਚ ਮਿਠਾਦਾਰ ਦੇ ਸਥਾਨ 'ਤੇ ਇੱਕ ਛੋਟੀ ਜਿਹੀ ਡਿਸਪੈਂਸਰੀ ਬਣਾਈ ਅਤੇ ਸਮੁੰਦਰ ਵਿਚੋਂ ਅਜਿਹੀਆਂ ਲਾਸ਼ਾਂ ਕੱਢੀਆਂ ਜੋ ਡੁੱਬ ਕੇ ਫੁੱਲ ਚੁੱਕੀਆਂ ਸਨ। ਏਨੀਆਂ ਖਰਾਬ ਕਿ ਇਨ੍ਹਾਂ ਦਾ ਮਾਸ ਹੱਥ ਲਾਉਂਦੇ ਸਾਰ ਖਿਲਰ ਜਾਂਦਾ ਸੀ। ਇਸ ਤੋਂ ਪਿਛੋਂ ਉਸ ਨੂੰ ਲਾਸ਼ਾਂ ਤੋਂ ਬੂ ਆਉਣੋਂ ਹਟ ਗਈ। ਉਸ ਨੇ 1957 ਵਿਚ ਮਲੀਰ ਵਿਚ ਹਾਂਗ ਕਾਂਗ ਫਲੂ ਦੇ ਸ਼ਿਕਾਰ ਮਰੀਜ਼ਾਂ ਲਈ 13 ਕੈਂਪ ਲਾਏ ਤੇ ਮੁਰਦਿਆਂ ਦੀਆਂ ਲਾਸ਼ਾਂ ਸਾਂਭੀਆਂ। 1972 ਵਿਚ ਬੀਸ਼ਮ (ਸਰਹੱਦੀ ਸੂਬਾ) ਭੁਚਾਲ ਦਾ ਸ਼ਿਕਾਰ ਹੋਇਆ ਤਾਂ ਆਪਣੀ ਟੀਮ ਲੈ ਕੇ ਉਥੇ ਵੀ ਪਹੁੰਚਿਆ। ਇਸ ਤੋਂ ਪਹਿਲਾਂ ਉਹ 1965 ਤੇ 1971 ਦੀ ਭਾਰਤ-ਪਾਕਿਸਤਾਨ ਲੜਾਈ ਦੇ ਉਜਾੜੇ ਲੋਕਾਂ ਦੀ ਸੇਵਾ ਕਰ ਚੁੱਕਿਆ ਹੈ। ਮੁਰਦਾ ਦੇਹਾਂ ਨੂੰ ਸੜਕਾਂ ਦੇ ਕੰਢਿਆਂ ਤੋਂ ਚੁੱਕਣਾ, ਨਦੀ, ਨਾਲਿਆਂ ਤੇ ਖੂਹਾਂ ਵਿਚੋਂ ਕੱਢਣਾ ਤੇ ਮੇਨ-ਹੋਲਾਂ ਤੇ ਗਟਰਾਂ ਵਿਚੋਂ ਧਰੂ ਕੇ ਸਪੁਰਦ-ਏ-ਖਾਕ ਕਰਨਾ ਉਸ ਦਾ ਸੁਭਾਅ ਬਣ ਗਿਆ।

ਮੀਠਾਦਾਰ ਦੀ ਡਿਸਪੈਂਸਰੀ ਤੋਂ ਫਾਊਂਡੇਸ਼ਨ ਦਾ ਰੂਪ ਧਾਰਨ ਵਾਲੀ ਇਸ ਸੰਸਥਾ ਨੇ 2005 ਤੱਕ ਪਾਕਿਸਤਾਨ ਵਿਚ 250 ਹਸਪਤਾਲਾਂ ਦੇ ਦੌਰੇ ਕੀਤੇ ਜਿਹੜੇ ਹਰ 25ਵੇਂ ਕਿਲੋਮੀਟਰ ਉਤੇ ਦੇਖੇ ਜਾ ਸਕਦੇ ਹਨ। ਸਾਢੇ ਸੱਤ ਸੌ ਐਂਬੂਲੈਂਸਾਂ ਤੇ ਸੱਤ ਹਵਾਈ ਐਂਬੂਲੈਂਸਾਂ ਹਰ ਵੇਲੇ ਹਾਦਸਾਗ੍ਰਸਤ ਲੋਕਾਂ ਦੀ ਸਾਂਭ-ਸੰਭਾਲ ਲਈ ਤਿਆਰ ਬਰ ਤਿਆਰ ਰਹਿੰਦੀਆਂ ਹਨ। ਲੱਖਾਂ ਲਾਸ਼ਾਂ ਨੂੰ ਸਪੁਰਦ-ਏ-ਖਾਕ ਕਰਨ ਤੋਂ ਬਿਨਾ ਚਾਲੀ ਹਜ਼ਾਰ ਵਿਧਵਾ ਔਰਤਾਂ ਤੇ ਮੁੜ ਵਸੇਬੇ, 1500 ਲਾਵਾਰਸ ਬਚਿਆਂ ਦੇ ਪਾਲਣ-ਪੋਸਣ ਤੇ ਰੋਜ਼ਗਾਰ ਦਾ ਪ੍ਰਬੰਧ ਕਰਨਾ ਅਤੇ ਹਜ਼ਾਰਾਂ ਦਿਮਾਗੀ ਮਰੀਜ਼ਾਂ ਨੂੰ ਸਾਂਭਣਾ ਇਸ ਫਾਊਂਡੇਸ਼ਨ ਦੀ ਕਾਰਗੁਜ਼ਾਰੀ ਵਿਚ ਸ਼ਾਮਲ ਹੈ। ਇਸ ਫਾਊਂਡੇਸ਼ਨ ਦੇ ਵੱਡੇ ਕੰਮਾਂ ਤੋਂ ਪ੍ਰਭਾਵਤ ਹੋ ਕੇ ਪਾਕਿਸਤਾਨ ਦੀ ਜਨਰਲ ਜ਼ਿਆ



ਅਬਦੁੱਲ ਸੱਤਾਰ ਈਦੀ

ਉਲ ਹੱਕ ਸਰਕਾਰ ਨੇ ਜਦੋਂ ਈਦੀ ਨੂੰ ਮਜ਼ਲੂਮ-ਏ-ਸ਼ੂਰਾਂ ਦਾ ਮੈਂਬਰ ਨਾਮਜ਼ਦ ਕੀਤਾ ਤਾਂ ਉਸ ਨੇ ਇਕ ਮਹੀਨੇ ਪਿਛੋਂ ਹੀ ਅਸਤੀਫਾ ਦੇ ਦਿੱਤਾ। ਉਹ ਸਨਮਾਨ ਲੈਣ ਤੋਂ ਏਨਾ ਕਤਰਾਂਦਾ ਹੈ ਕਿ ਜਦੋਂ ਉਸ ਨੂੰ ਫਿਲੀਪਾਈਨ ਸਰਕਾਰ ਨੇ ਮੈਗਾਸਾਸੇ ਐਵਾਰਡ ਲਈ ਚੁਣਿਆ ਤਾਂ ਉਥੇ ਜਾਣ ਲਈ ਮਨਾਉਣ ਵਾਸਤੇ ਉਸ ਦੀ ਪਤਨੀ ਬਿਲਕਿਆਸ ਨੂੰ ਅੰਤਾਂ ਦਾ ਜ਼ੋਰ ਲਾਉਣਾ ਪਿਆ ਸੀ।

ਪਾਕਿਸਤਾਨ ਵਰਗੇ ਆਰਥਕ ਤੌਰ 'ਤੇ ਪਛੜੇ ਤੇ ਵਿਕਾਸ ਕਰ ਰਹੇ ਦੇਸ਼ ਵਿਚ ਈਦੀ ਫਾਊਂਡੇਸ਼ਨ ਇੱਕ ਚਾਨਣ ਮੁਨਾਰਾ ਹੈ। ਈਦੀ ਦੀ ਆਤਮ ਕਥਾ ਇਸ ਦੀ ਸਥਾਪਤੀ ਦਾ ਸੋਮਾ ਤੇ ਆਧਾਰ ਬਣਨ ਵਿਚ ਉਸ ਦੇ ਪਿਤਾ ਦੀ ਪਹੁੰਚ ਅਤੇ ਮਾਂ ਦੀ ਮਮਤਾ ਉਤੇ ਵੀ ਚਾਨਣਾ ਪਾਉਂਦੀ ਹੈ। ਈਦੀ ਦੇ ਪਿਤਾ ਨੇ ਉਸ ਨੂੰ ਨਤੀਜਿਆਂ ਦੀ ਚਿੰਤਾ ਕੀਤੇ ਬਿਨਾਂ ਤਨ ਤੇ ਮਨ ਦੀ ਕਿਰਤ ਕਰਨ ਲਈ ਏਨਾ ਪ੍ਰੇਰਿਆ ਸੀ ਕਿ ਉਸ ਨੇ ਕਦੀ ਪਿੱਛੇ ਪਰਤ ਕੇ ਨਹੀਂ ਦੇਖਿਆ। ਕਟੱੜਤਾ ਤੋਂ ਮੁਕਤ ਉਸ ਦੀ ਉਦਾਰ ਬਿਰਤੀ ਨੇ ਉਸ ਉਤੇ ਕਮਿਊਨਿਸਟ ਹੋਣ ਦਾ ਦੋਸ਼ ਹੀ ਨਹੀਂ ਲਵਾਇਆ, ਪਾਕਿਸਤਾਨ ਦੀ ਬਹੁਗਿਣਤੀ ਵਸੋਂ ਨੂੰ ਉਸ ਦੀ ਸੇਵਾ ਦਾ ਵਿਰੋਧ ਕਰਨ ਲਈ ਵੀ ਉਕਸਾਇਆ। ਬਾਬਰੀ ਮਸਜਿਦ ਦੇ ਢਾਹੇ ਜਾਣ ਤੋਂ ਪਿੱਛੋਂ ਜਦੋਂ ਉਨ੍ਹਾਂ ਨੇ ਪਾਕਿਸਤਾਨ ਵਿਚ ਹਿੰਦੂ ਤੇ ਸਿੱਖ ਧਾਰਮਿਕ ਅਸਥਾਨਾਂ ਨੂੰ ਨੁਕਸਾਨ ਪਹੁੰਚਾਇਆ ਤਾਂ ਉਸ ਵੇਲੇ ਈਦੀ ਦੀ ਟਿੱਪਣੀ ਕਮਾਲ ਦੀ ਸੀ,

"ਮੁਸਲਮਾਨਾਂ ਨੇ ਭਾਰਤ ਉਤੇ 1200 ਸਾਲ ਰਾਜ ਕੀਤਾ ਹੈ ਅਤੇ ਉਸ ਦੇਸ਼ ਵਿਚ ਰਹਿਣ ਵਾਲੇ ਮੁਸਲਮਾਨਾਂ ਦੀ ਗਿਣਤੀ ਹਾਲੇ ਵੀ 20 ਕਰੋੜ ਹੈ। ਜੇ ਉਥੋਂ ਦੇ ਮੁਸਲਮਾਨਾਂ ਨੇ ਇਸਲਾਮ ਨੂੰ ਸੱਚੇ ਤੇ ਸੁੱਚੇ ਢੰਗ ਨਾਲ ਅਪਨਾਇਆ ਹੁੰਦਾ ਤਾਂ ਉਥੋਂ ਦੇ 75 ਪ੍ਰਤੀਸ਼ਤ ਹਿੰਦੂਆਂ ਨੇ ਮੁਸਲਮਾਨਾਂ ਦੇ ਉਸ ਵਿਸ਼ਵਾਸ ਨੂੰ ਸਹਿਜੇ ਹੀ ਅਪਨਾ ਲੈਣਾ ਸੀ ਜਿਹੜਾ ਉਨ੍ਹਾਂ ਦੀ ਜ਼ਾਤੀ ਵੰਡ ਵਾਲੀ ਪ੍ਰਣਾਲੀ ਦੇ ਟਾਕਰੇ ਉਤੇ ਬਰਾਬਰੀ ਵਾਲਾ ਸੀ। ਬਾਬਰੀ ਮਸਜਿਦ ਵਾਲੀ ਘਟਨਾ ਇਸਲਾਮ ਦੇ ਉਲਟੇ ਅਮਲ ਦੇ ਸਤਿਕਾਰ ਦੀ ਕਮੀ ਕਾਰਨ ਵਾਪਰੀ। ਸਪਸ਼ਟ ਹੈ ਕਿ ਭਾਰਤ ਵਿਚ ਇਸਲਾਮ ਦਾ ਵਿਕਾਸ ਸਹੀ ਢੰਗ ਨਾਲ ਨਹੀਂ ਹੋਇਆ।"

ਇਹ ਉਸ ਅਬਦੁਲ ਸੱਤਾਰ ਈਦੀ ਦੀ ਟਿਪਣੀ ਹੈ ਜੋ ਕੁਰਾਨ ਮਜੀਦ ਦੇ ਇੱਕ ਇੱਕ ਅੱਖਰ ਦੀ ਪੈਰਵੀ ਕਰਦਾ ਹੋਵੇ ਜਾਂ ਨਾ, ਇਨਸਾਨੀਅਤ ਨੂੰ ਅੰਦਰਲੇ ਮਨੋ ਪਿਆਰ ਕਰਦਾ ਹੈ। ਇਥੋਂ ਤੱਕ ਕਿ ਉਸ ਨੇ ਆਪਣੀ ਆਤਮ ਕਥਾ ਵਿਚ ਆਦਮੀ ਦੀ ਇੱਕ ਤੋਂ ਵਧ ਔਰਤਾਂ ਨਾਲ ਵਿਆਹ ਕਰਨ ਦੀ ਪ੍ਰਥਾ ਨੂੰ ਇਸਤਰੀ ਜਾਤੀ ਦੇ ਵਿਕਾਸ ਦਾ ਠੁਮਣਾ ਤੇ ਭਰੂਣ ਹੱਤਿਆ ਨੂੰ ਠੱਲ ਪਾਉਣ ਦਾ ਸੋਮਾ ਗਰਦਾਨਿਆ ਹੈ।

ਈਦੀ ਦੀ ਆਤਮ ਕਥਾ ਪੜ੍ਹਨ, ਮਾਨਣ ਤੇ ਵਿਚਾਰਨ ਵਾਲੀ ਹੈ। ਪਿੰਗਲਵਾੜੇ ਦੀ ਡਾ. ਇੰਦਰਜੀਤ ਕੌਰ ਵਲੋਂ ਇਸ ਨੂੰ ਡਾ. ਐਸ ਐਸ ਛੀਨਾ ਤੋਂ ਅਨੁਵਾਦ ਕਰਵਾ ਕੇ ਹਜ਼ਾਰਾਂ ਦੀ ਗਿਣਤੀ ਵਿਚ ਮੁਫਤ ਵੰਡਣਾ ਇਸ ਦੀ ਪੁਸ਼ਟੀ ਕਰੇਗਾ। ਜੇ ਹੋਰ ਪੁਸ਼ਟੀ ਦੀ ਲੋੜ ਹੋਵੇ ਤਾਂ ਤਹਿਮੀਨਾ ਦੁਰਾਨੀ ਦੀ ਆਪਣੀ ਆਤਮ ਕਥਾ 'ਮਾਈ ਫਿਊਡਲ ਲਾਰਡ' ਦੇ ਕਿਸੇ ਪਾਠਕ ਤੋਂ ਪੁੱਛ ਵੇਖੋ। ਈਦੀ ਦੀ ਆਤਮ ਕਥਾ ਨੂੰ ਤਹਿਮੀਨਾ ਦੁਰਾਨੀ ਵਰਗੀ ਸੁਲਝੀ ਹੋਈ ਔਰਤ ਵਲੋਂ ਆਪਣੇ ਹੱਥ ਲੈਣਾ ਹੀ ਇਸ ਦੇ ਮਹੱਤਵ ਉਤੇ ਮੋਹਰ ਲਾਉਂਦਾ ਹੈ।

**ਅੰਤਿਕਾ:**

(ਮੌਲਾਨਾ ਅਲਤਾਫ ਹੁਸੈਨ ਹਾਲੀ)

ਫਰਿਸ਼ਤੇ ਸੇ ਬਿਹਤਰ ਹੈ ਇਨਸਾਨ ਬਨਨਾ
ਮਗਰ ਇਸ ਮੇਂ ਪੜਤੀ ਹੈ
ਮਿਹਨਤ ਜ਼ਿਆਦਾ।

## ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

# ਪਰਵਾਸੀ ਹੋਣ ਦਾ ਦਰਦ

ਸੱਤ ਸਮੁੰਦਰੋਂ ਪਾਰ, ਪਰਦੇਸਾਂ ਵਿਚ ਸੁੱਖੀਂ ਵਸਦੇ ਪੰਜਾਬੀ ਭਰਾਉ, ਮੈਂ ਕੋਈ ਲੇਖਕ ਜਾਂ ਕਹਾਣੀਕਾਰ ਨਹੀਂ ਹਾਂ-ਮੈਂ ਤਾਂ ਇਕ ਸਿਰੜੀ ਤੇ ਮਿਹਨਤੀ ਮਜ਼ਦੂਰ ਹਾਂ ਜੋ ਹੋਰ ਲੋਕਾਂ ਵਾਂਗ ਰੋਜ਼ੀ-ਰੋਟੀ ਦੀ ਖਾਤਰ ਇੰਗਲੈਂਡ ਆਇਆ ਸਾਂ। ਪਰਮਾਤਮਾ ਦੀ ਬਖਸ਼ਿਸ਼ ਅਤੇ ਸਖਤ ਮਿਹਨਤ ਸਦਕਾ ਆਪਣਾ ਕਾਰੋਬਾਰ ਕਰ ਰਿਹਾ ਹਾਂ। ਹਥਲੀ ਲਿਖਤ ਵਿਚ ਹੁਣ ਤੱਕ ਪਿੰਡੇ 'ਤੇ ਹੰਢਾਇਆ ਨੰਗਾ-ਚਿੱਟਾ ਸੱਚ ਸਿੱਧ-ਪਧਰੇ ਸ਼ਬਦਾਂ ਵਿਚ ਬਿਆਨ ਕਰ ਰਿਹਾ ਹਾਂ। ਕਹਾਵਤ ਹੈ ਕਿ ਮੱਛੀ ਪੱਥਰ ਚੱਟ ਕੇ ਹੀ ਮੁੜਦੀ ਹੈ...ਪਰ ਜੇ ਪੱਥਰ ਚੱਟ ਕੇ ਮੁੜੀ ਜਾਂਦੀ ਮੱਛੀ ਰੌਲਾ ਪਾਉਂਦੀ ਜਾਵੇ

ਹਰਦਿਆਲ ਸਿੰਘ ਧਮੜੈਤ
ਡਰਬੀ, ਯੂ ਕੇ

ਕਿ 'ਉਹ' ਕੋਈ ਖਾਣ ਵਾਲੀ ਵਸਤੂ ਨਹੀਂ ਸਗੋਂ 'ਪੱਥਰ' ਹੈ ਤਾਂ ਉਸ ਦੀ ਗੱਲ ਜ਼ਰੂਰ ਗਹੁ ਨਾਲ ਸੁਣ ਲੈਣੀ ਚਾਹੀਦੀ ਹੈ, ਬਜਾਇ ਇਸ ਦੇ ਕਿ ਖ਼ੁਦ ਪੱਥਰ ਚੱਟ ਕੇ ਪਛਤਾਉਂਦੇ ਹੋਏ ਮੁੜਨਾ ਪਵੇ।

ਕਈ ਤਰ੍ਹਾਂ ਦੇ ਵਿੰਗੇ-ਟੇਢੇ ਓਹੜ-ਪੋਹੜ ਕਰਨ ਤੋਂ ਬਾਅਦ ਜਦ ਕੋਈ ਸੱਜਣ 'ਬਾਹਰ ਜਾਣ' ਲਈ ਹਵਾਈ ਅੱਡੇ ਵੱਲ ਤੁਰਦਾ ਹੈ ਤਾਂ ਉਸ ਦੇ ਦਿਲ ਵਿਚ ਭੈਣਾਂ-ਭਰਾਵਾਂ, ਅੰਗਾਂ-ਸਾਕਾਂ, ਆਪਣੀ ਮਾਤ ਭੂਮੀ ਅਤੇ ਭਾਈਚਾਰਾ ਛੱਡਣ ਦੇ 'ਹਉਕੇ' ਉਠਦੇ ਹਨ। ਉਹ ਬਚਪਨ ਦੇ ਯਾਰ ਬੇਲੀ, ਸਕੂਲ/ਕਾਲਜ ਵੇਲੇ ਦੇ ਦੋਸਤ, ਸਭ ਕੁਝ ਛੱਡ ਕੇ ਇਕ ਨਵੀਂ ਦੁਨੀਆਂ ਵਸਾਉਣ ਜਾ ਰਿਹਾ ਹੁੰਦਾ ਹੈ। ਦੁਚਿੱਤੀ ਵਿਚ ਪਏ ਤੁਰੇ ਜਾਂਦੇ ਨੂੰ ਜਦੋਂ ਉਸ ਨੂੰ ਆਪਣੇ ਪਰਿਵਾਰ ਦੀ ਆਰਥਿਕ ਮੰਦਹਾਲੀ ਯਾਦ ਆਉਂਦੀ ਹੈ ਤਾਂ ਉਹ ਚਾਹੁੰਦਾ ਹੈ ਕਿ ਕਿਹੜੀ ਘੜੀ ਡਾਲਰ-ਪੌਂਡ ਕਮਾਉਣੇ ਸ਼ੁਰੂ ਕਰ ਦੇਵੇ। ਪਰਦੇਸ ਜਾ ਕੇ ਉਹ ਜੀਅ-ਜਾਨ ਨਾਲ ਸਖ਼ਤ ਮਿਹਨਤ ਕਰਦਾ ਖੂਨ-ਪਸੀਨਾ ਇਕ ਕਰਦਾ ਹੈ। ਪੰਜਾਬ ਵਿਚ 'ਸਰਦਾਰੀਆਂ' ਮਾਨਣ ਵਾਲਿਆਂ ਨੂੰ ਪਰਦੇਸਾਂ ਵਿਚ ਆ ਕੇ ਹਰ ਕੰਮ ਹੱਥੀਂ ਕਰਨਾ ਪੈਂਦਾ ਹੈ। ਪੰਜਾਬ ਵਿਚ ਜਿਹੜੇ ਕੰਮ ਪਛੜੀਆਂ ਸ਼੍ਰੇਣੀਆਂ ਜਾਂ 'ਭਈਆਂ' ਲਈ 'ਰਾਖਵੇਂ' ਹੁੰਦੇ ਹਨ, ਉਹ ਸਾਰੇ ਕੰਮ ਇਧਰ ਆ ਕੇ ਕਰਨੇ ਪੈਂਦੇ ਹਨ। ਸੁਰਜੀਤ ਪਾਤਰ ਦੇ ਕਹਿਣ ਵਾਂਗ, ਪਿੰਡ ਜਿਨ੍ਹਾਂ ਦੇ ਗੱਡੇ ਚੱਲਣ, ਹੁਕਮ ਅਤੇ ਸਰਦਾਰੀ। ਸ਼ਹਿਰ 'ਚ ਆ ਕੇ ਬਣ ਜਾਂਦੀ ਏ, ਬੱਸ ਦੀ ਇਕ ਸਵਾਰੀ, ਵਾਲੀ ਗੱਲ ਹੋ ਜਾਂਦੀ ਹੈ।

ਹਾਲੇ ਬੰਦਾ ਪਰਦੇਸ ਆ ਕੇ ਪੱਕੇ ਪੈਰੀਂ ਹੋਇਆ ਵੀ ਨਹੀਂ ਹੁੰਦਾ ਕਿ ਪਿੰਡੋਂ ਫੋਨ ਆਉਣੇ ਸ਼ੁਰੂ ਹੋ ਜਾਂਦੇ ਹਨ, ਨਵਾਂ ਟਰੈਕਟਰ ਲੈਣਾ ਹੈ, ਖਾਦ ਲੈਣੀ ਹੈ, ਮਕਾਨਾਂ ਨੂੰ ਰੰਗ ਕਰਵਾਉਣਾ ਹੈ, ਘਰ ਵਿਚ ਖੁਸ਼ੀ/ਗ਼ਮੀ ਦਾ ਭੋਗ ਪੁਆਉਣਾ ਹੈ, ਮੁੰਡੇ ਦੇ ਵਿਆਹ 'ਤੇ ਗਾਉਣ ਵਾਲੀ ਸੱਦਣੀ ਹੈ... ਅਸੀਂ ਇੰਗਲੈਂਡੀਏ ਜਾਂ ਕੈਨੇਡੀਅਨ ਹਾਂ, ਰਾਈਫਲ ਜਾਂ ਰਿਵਾਲਵਰ, ਟੌਹਰ ਬਣਾਉਣ ਲਈ ਲੈਣਾ ਹੈ, ਨਾਲ ਲਗਦਾ ਖੱਤਾ ਲੈਣਾ ਹੈ, ਕੋਈ ਇਲੈਕਸ਼ਨ ਲੜਨੀ ਹੈ, ਐਨੇ ਪੈਸੇ ਜਲਦੀ ਭੇਜ ਨਹੀਂ ਤਾਂ ਸਾਡਾ 'ਨੱਕ' ਨਹੀਂ ਰਹਿਣਾ। ਪਿੰਡ ਬੈਠਿਆਂ ਦੇ ਨੱਕ ਦੀ 'ਸਲਾਮਤੀ' ਲਈ ਪਰਦੇਸ 'ਚ ਭੰਬੀਰੀ ਵਾਂਗ ਕੰਮ ਕਰਦਾ ਸੱਜਣ ਬਰਾਬਰ ਕਮਾਈ ਕਰਦੀ ਆਪਣੀ ਜੀਵਨ ਸਾਥਣ ਦੀ ਸਹਿਮਤੀ ਨਾਲ ਜਾਂ 'ਚੋਰੀ ਛੁਪੇ' ਅਜਿਹਾ ਨਹੀਂ ਕਰ ਪਾਉਂਦਾ ਤਾਂ ਉਸ ਨੂੰ 'ਰੰਨ ਮੁਰੀਦ', 'ਸਹੁਰਿਆਂ ਦਾ ਨੌਕਰ' ਵਰਗੇ ਵਿਸ਼ੇਸ਼ਣਾਂ ਨਾਲ ਨਿਵਾਜਿਆ ਜਾਂਦਾ ਹੈ। 'ਗੱਡਾ ਖੜ੍ਹਾ ਸੀ, ਇਹਦੇ ਬਾਹਰ ਜਾਣ ਤੋਂ? ਇੱਦੂੰ ਚੰਗਾ ਸੀ, ਪਿੰਡ ਹੀ ਰਹਿੰਦਾ, ਇਕ ਭਈਆ ਤਾਂ ਘੱਟ ਰੱਖ ਲੈਂਦੇ' ਜਿਹੀਆਂ ਗੱਲਾਂ ਸੁਣਨ ਨੂੰ ਮਿਲਦੀਆਂ ਹਨ। ਸਾਲ ਕੁ ਦੇ ਅੰਦਰ-ਅੰਦਰ ਹੀ ਘਰ ਦੇ ਮੈਂਬਰਾਂ ਵੱਲੋਂ 'ਸੈਰ' ਦੇ ਨਾਂ ਥੱਲੇ 'ਬਾਹਰ ਮੰਗਵਾਉਣ' ਦੀ ਮੰਗ ਸ਼ੁਰੂ ਹੋ ਜਾਂਦੀ ਹੈ। ਕਈ ਤਾਂ ਬਿਨਾਂ ਪੁੱਛਿਆ ਹੀ 'ਪਾਸਪੋਰਟ' ਦੀ ਕਾਪੀ ਭੇਜ ਦਿੰਦੇ ਹਨ। ਔਖੇ-ਸੌਖੇ ਹੋ ਕੇ ਉਨ੍ਹਾਂ ਦੀ ਇਹ ਖਾਹਿਸ਼ ਵੀ ਪੂਰੀ ਕਰ ਦਿੱਤੀ ਜਾਂਦੀ ਹੈ। ਪਰ ਪੰਜਾਬ ਤੋਂ ਪ੍ਰਦੇਸ ਆਏ ਇਹ 'ਦੇਸੀ ਸੱਜਣ' ਇਥੇ ਆ ਕੇ ਕਰਦੇ ਕੀ ਹਨ? ਘਰ ਦੀ ਪੂਰੀ ਘੋਖ ਰੱਖਣਗੇ ਕਿ ਕਿੰਨੀ ਕਮਾਈ ਹੁੰਦੀ ਹੈ, ਕਿੰਨਾ ਕੁ ਖਰਚਾ ਹੁੰਦਾ ਹੈ, ਰੋਜ਼ਾਨਾ ਤਿੰਨ ਟਾਈਮ ਰੋਟੀ ਖਾਣੀ ਆਪਣੀ ਆਦਤ ਦੱਸਣਗੇ (ਜਦ ਕਿ ਸਾਨੂੰ ਇਥੇ ਇਕ ਡੰਗ ਵੀ ਚੱਜ ਨਾਲ ਰੋਟੀ ਖਾਣੀ ਨਸੀਬ ਨਹੀਂ ਹੁੰਦੀ), ਆਪ ਵੀ ਚੋਰੀ-ਛਿਪੇ ਕੰਮ ਕਰਨਾ ਸ਼ੁਰੂ ਕਰ ਦਿੰਦੇ ਹਨ, ਆਪਣਾ ਕਮਾਇਆ ਇਕ-ਇਕ ਪੈਸਾ 60 ਜਾਂ 70 ਨਾਲ ਗੁਣਾ ਕਰਕੇ, ਆਪਣੀ ਡਾਇਰੀ 'ਚ ਲਿਖੀ ਜਾਣਗੇ, ਘਰਾਂ ਵਿਚ ਲੱਗਾ ਟੈਲੀਫੋਨ 'ਸਰਕਾਰੀ' ਸਮਝ ਕੇ ਮਨ ਮਰਜ਼ੀ ਨਾਲ ਕੈਨੇਡਾ, ਇੰਡੀਆ, ਅਮਰੀਕਾ ਖੜਕਾਉਣਗੇ, ਜੇਕਰ ਬਿੱਲ ਕਦੀ ਜ਼ਿਆਦਾ ਆ ਜਾਣ ਦੀ ਸੂਰਤ ਵਿਚ ਫੋਨ ਕੁਨੈਕਸ਼ਨ ਕੱਟ ਹੋ ਜਾਵੇ ਤਾਂ ਆਂਢੀਆਂ-ਗੁਆਂਢੀਆਂ ਨਾਲ ਮੂੰਹ ਜੋੜ-ਜੋੜ ਗੱਲਾਂ ਕਰਨਗੇ, 'ਯਾਰ ਪਤਾ ਨਹੀਂ, ਸਾਡੇ ਠੇਕੇਦਾਰ ਦੀ ਮਾਲੀ ਹਾਲਤ ਇੰਨੀ ਪਤਲੀ ਹੈ, ਫੂਨ ਵੀ ਕੱਟਿਆ ਪਿਐ।' ਇਨ੍ਹਾਂ ਭਲੇਮਾਣਸਾਂ ਨੂੰ ਕੋਈ ਪੁੱਛੇ ਕਿ ਪਤੰਦਰੋ, ਸਾਰਾ ਟੱਬਰ ਤਾਂ ਤੁਹਾਡੀ 'ਦੇਖਭਾਲ' ਜਾਂ ਤੁਹਾਡੇ ਮਿੱਤਰਾਂ-ਦੋਸਤਾਂ ਦੀ 'ਟਹਿਲ ਪਾਣੀ' ਵਿਚ ਰੁੱਝਾ ਰਹਿੰਦਾ ਹੈ, ਮਾਲੀ ਹਾਲਤ ਦਾ ਬੇੜਾ ਬਿਠਾਉਣ ਲਈ ਤਾਂ ਤੁਸੀਂ ਜ਼ਿੰਮੇਵਾਰ ਹੋ? ਜੇ ਕਦੀ ਰੱਬ-ਸਬੱਬੀਂ, ਸੈਰ-ਸਪਾਟੇ ਨੂੰ ਆਏ ਇਹ ਸੱਜਣ, ਦੁੱਧ ਦਹੀਂ ਜਾਂ ਕੋਈ ਖਾਣ-ਪੀਣ ਵਾਲੀ ਚੀਜ਼ ਖੁਦ ਮੁੱਲ ਲੈ ਆਉਣ, ਤਾਂ ਫੌਰਨ ਬਾਣੀਏ ਵਾਂਗ ਡਾਇਰੀ ਵਿਚ ਦਰਜ ਕਰ ਲੈਣਗੇ। ਪੰਜਾਬ ਵਾਪਸ ਤਸ਼ਰੀਫ ਲੈ ਜਾਣ ਵੇਲੇ ਮੰਡੀ ਦੇ ਅੜ੍ਹਤੀਏ ਵਾਂਗ 'ਵਹੀ ਖਾਤਾ' ਫੋਲ ਕੇ ਫਰਮਾਣਗੇ, "ਠੇਕੇਦਾਰਾ, ਤੇਰੇ ਵੱਲ ਮੇਰੇ



ਇੰਨੇ ਪੌਂਡ ਨਿਕਲਦੇ ਹਨ।" (ਸਾਡੇ ਕੋਲ ਡਾਇਰੀ ਪੈਨ ਚੁੱਕਣ ਦਾ ਸਮਾਂ ਹੀ ਨਹੀਂ ਹੁੰਦਾ!)

ਤੌਬਾ ਰੱਬ ਦੀ, ਪੱਲਿਓਂ ਟਿਕਟ ਭੇਜ ਕੇ ਕੋਲ ਮੰਗਾਏ ਇਹ 'ਮਹਿਮਾਨ' ਜਾਣ ਲੱਗਿਆਂ ਕਰਜ਼ਾਈ ਕਰਕੇ ਤੁਰਦੇ ਬਣਦੇ ਹਨ। ਕਈ ਘਰਾਂ ਵਿਚ ਤਾਂ 'ਸੈਰ-ਸਪਾਟੇ' 'ਤੇ ਆਏ ਇਨ੍ਹਾਂ 'ਭੱਦਰ ਪੁਰਸ਼ਾਂ' ਨੇ ਐਸਾ 'ਭਦਰੋਲ' ਪਾਇਆ ਹੁੰਦਾ ਹੈ ਕਿ ਗੱਲ 'ਤਲਾਕ' ਤੱਕ ਪਹੁੰਚ ਜਾਂਦੀ ਹੈ (ਸੱਚੇ ਪਾਤਸ਼ਾਹ ਦੀ ਕ੍ਰਿਪਾ ਨਾਲ, ਮੈਂ ਇਸ ਗੱਲੋਂ ਖੁਸ਼ਕਿਸਮਤ ਹਾਂ ਕਿ ਧੰਨੇ ਭਗਤ ਦੇ ਆਖਣ ਅਨੁਸਾਰ, ਮੈਨੂੰ 'ਘਰ ਕੀ ਗਹਿਨ ਚੰਗੀ' ਦਾ ਸਾਥ ਮਿਲਿਆ ਹੋਇਆ ਹੈ।) ਪੰਜੇ ਉਂਗਲਾਂ ਭਾਵੇਂ ਬਰਾਬਰ ਨਹੀਂ ਹੁੰਦੀਆਂ, ਪਰ ਮੈਂ ਨਿੱਜੀ ਤਜਰਬੇ ਦੇ ਆਧਾਰ 'ਤੇ ਕਹਿੰਦਾ ਹਾਂ ਕਿ ਪਿਛਲੇ 16 ਸਾਲਾਂ ਦੇ ਅਰਸੇ ਵਿਚੋਂ 13 ਸਾਲ ਘਰ ਦਾ ਇਕ-ਇਕ ਮੈਂਬਰ ਸੈਰ ਦੇ ਨਾਂ 'ਤੇ ਕੋਲ ਬੁਲਾਇਆ, ਪਰ ਮੈਨੂੰ ਜਿਹੜੀ 'ਨੇਕ ਨਾਮੀ' ਮਿਲੀ, ਉਹ ਮੈਂ ਹੀ ਜਾਣਦਾ ਹਾਂ ਜਾਂ ਮੇਰੀ ਘਰ ਵਾਲੀ। ਇਸੇ ਲਈ ਦੁਖੀ ਹੋ ਕੇ ਇਹ ਖੁੱਲ੍ਹਾ ਖ਼ਤ ਲਿਖਣ ਲਈ ਮਜਬੂਰ ਹੋਇਆ ਹਾਂ ਤਾਂ ਕਿ ਮੇਰੇ ਵਾਂਗ ਕੋਈ ਹੋਰ ਪਰਵਾਸੀ ਭਰਾ ਇਸ 'ਝੰਜਟ' ਵਿਚ ਨਾ ਫਸੇ।

ਇੰਨਾ ਕੁਝ ਕਰਨ ਦੇ ਬਾਵਜੂਦ ਵੀ ਪਰਵਾਸੀ ਭਰਾਵੋ, ਜੇ ਤੁਸੀਂ ਪਿੰਡ ਵਾਲਿਆਂ ਨਾਲ 'ਮਿਲਣਾ ਵਰਤਣਾ' ਹੈ ਤਾਂ ਇਨ੍ਹਾਂ ਪਾਸੋਂ ਹਿੱਸੇ ਆਉਂਦੀ ਜ਼ਮੀਨ, ਆਪਣਾ ਮਕਾਨ, ਕਿਸੇ ਦੁਕਾਨ ਦਾ ਕਿਰਾਇਆ, ਜ਼ਮੀਨ ਦਾ ਠੇਕਾ ਅਤੇ ਭੇਜੇ ਗਏ ਪੈਸਿਆਂ ਦਾ 'ਹਿਸਾਬ-ਕਿਤਾਬ' ਭੁੱਲ ਕੇ ਵੀ ਨਾ ਪੁੱਛਿਓ, ਜੇ ਪੁੱਛਣ ਦੀ ਗੁਸਤਾਖੀ ਕਰੋਗੇ ਤਾਂ ਆਪਣੀ ਪੱਗ ਲੁਹਾ ਬੈਠੋਗੇ? ਪੰਜਾਬ ਦੀਆਂ ਅਖ਼ਬਾਰਾਂ ਤਾਂ ਦੱਸਦੀਆਂ ਹਨ ਕਿ ਇਸੇ ਤਰ੍ਹਾਂ ਦੇ ਹਿਸਾਬ-ਕਿਤਾਬ ਪੁੱਛਣ ਵਾਲਿਆਂ ਨੂੰ 'ਅਗਲਿਆਂ' ਨੇ ਜਾਨੋਂ ਹੀ ਖ਼ਤਮ ਕਰ, ਜਾਂ 'ਕਰਵਾ' ਦਿੱਤਾ ਜਾਂ ਝੂਠੇ ਕੇਸਾਂ ਵਿਚ ਉਲਝਾ ਦਿੱਤਾ। ਇਹੋ ਜਿਹੇ ਕਲਯੁਗੀ ਕਾਰਨਾਮਿਆਂ ਦੇ ਸਬੂਤ ਮੇਰੇ ਕੋਲ ਬਹੁਤ ਪਏ ਹਨ। ਅਜਿਹੇ 'ਕਿੱਸੇ' ਤੁਸੀਂ ਵੀ ਜ਼ਰੂਰ ਪੜ੍ਹੇ-ਸੁਣੇ ਹੋਣਗੇ।

ਸੋ ਪਰਵਾਸੀ ਭਰਾਓ, ਕਹਾਵਤ ਹੈ ਕਿ ਜੇ ਸਵੇਰ ਦਾ ਭੁੱਲਿਆ ਸ਼ਾਮ ਨੂੰ ਘਰ ਆ ਜਾਵੇ ਤਾਂ ਉਸ ਨੂੰ 'ਭੁੱਲਿਆ' ਨਹੀਂ ਕਹੀਦਾ। ਤੁਹਾਡੀ ਲਹੂ-ਪਸੀਨੇ ਦੀ ਕਮਾਈ ਅਸਲ ਦਸਾਂ ਨਹੁੰਆਂ ਦੀ ਕਿਰਤ ਹੈ। ਇਸ ਨੂੰ 'ਆਪਣਿਆਂ ਦਾ ਗੁੱਗਾ ਪੂਜ ਪੂਜ' ਕੇ ਭੰਗ ਦੇ ਭਾੜੇ ਨਾ ਗਵਾਓ। ਤੁਹਾਨੂੰ ਵਡਿਆਈ ਕਦੀ ਨਹੀਂ ਮਿਲਣੀ। ਝੁੱਗਾ ਚੌੜ ਨਾ ਕਰਵਾਓ!

## ਦੁਖਦੀ ਰਗ

ਇਥੇ ਇਕ ਗੱਲ ਹੋਰ ਨੋਟ ਕਰਵਾਉਣੀ ਜ਼ਰੂਰੀ ਸਮਝਦਾ ਹਾਂ ਕਿ ਪੰਜਾਬ ਵਿਚ ਅੱਜਕੱਲ੍ਹ ਅਖੌਤੀ ਸਾਧਾਂ ਸੰਤਾਂ ਦੇ 'ਵੱਗ' ਤੁਰੇ ਫਿਰਦੇ ਨੇ। ਇਨ੍ਹਾਂ ਵਿਹਲੜ ਬਾਬਿਆਂ ਨੂੰ ਫੁੱਟੀ ਕੌਡੀ ਵੀ ਨਾ ਦਿਉ। ਸਾਧਾਂ ਦੇ ਡੇਰਿਆਂ ਵਿਚ ਨਿੱਤ ਹੁੰਦੀਆਂ ਕਰਤੂਤਾਂ ਦੇ ਕੱਚੇ ਚਿੱਠੇ, ਰੋਜ਼ ਅਖਬਾਰਾਂ 'ਚ ਛੱਪਦੇ ਹਨ। ਇਨ੍ਹਾਂ ਬਾਬਿਆਂ ਦੀਆਂ ਦੁਕਾਨਾਂ ਭਾਵੇਂ ਖੂਬ ਚੱਲ ਰਹੀਆਂ ਹਨ, ਪਰ ਇਨ੍ਹਾਂ ਤੋਂ ਖ਼ਬਰਦਾਰ ਹੀ ਰਹਿਣਾ ਚਾਹੀਦਾ ਹੈ।

ਅਖੀਰ ਵਿਚ ਇਕ ਚਿਤਾਵਨੀ ਹੋਰ ਦੇਣੀ ਚਾਹੁੰਦਾ ਹਾਂ ਕਿ ਜੇਕਰ ਤੁਸੀਂ ਘਰ ਦੀ ਜ਼ਮੀਨ ਜਾਇਦਾਦ ਦੀ ਵੰਡ ਕਰਨੀ ਹੈ ਤਾਂ ਆਪਣੇ ਮਾਂ-ਬਾਪ ਦੇ ਜਿਉਂਦੇ-ਜੀਅ ਕਰੋ, ਉਹ ਵੀ ਪੱਕੀ ਲਿਖਤ ਵਿਚ, ਕਿਉਂਕਿ ਬਜ਼ੁਰਗਾਂ ਦੇ ਚੜ੍ਹਾਈ ਕਰ ਜਾਣ ਤੋਂ ਬਾਅਦ ਸਾਡੇ ਭਰਾਵਾਂ ਨੂੰ ਬਜ਼ੁਰਗਾਂ ਦੀਆਂ 'ਨਸੀਹਤਾਂ' ਅਕਸਰ 'ਭੁੱਲ' ਜਾਇਆ ਕਰਦੀਆਂ ਹਨ। ਬਾਅਦ ਵਿਚ ਜਾਇਦਾਦ ਦੀ ਵੰਡ ਦੇ ਝਗੜਿਆਂ ਵਗੈਰਾ ਵਿਚ ਸਬੰਧਤ ਪਿੰਡ ਦੀ ਪੰਚਾਇਤ ਪਿੰਡ ਵਾਸੀਆਂ ਦਾ ਹੀ ਪੱਖ ਪੂਰਦੀ ਹੈ ਕਿਉਂਕਿ ਪੰਚਾਂ-ਸਰਪੰਚਾਂ ਨੂੰ ਇਨ੍ਹਾਂ ਪੇਂਡੂਆਂ ਦੀਆਂ ਵੋਟਾਂ ਦੀ ਸਖ਼ਤ ਲੋੜ ਰਹਿੰਦੀ ਹੈ। ਸਾਡੇ ਵਰਗੇ 'ਫਸਲੀ ਬਟੇਰਿਆਂ' ਤੋਂ ਇਨ੍ਹਾਂ ਨੇ ਕੀ ਲੈਣਾ ਹੁੰਦਾ ਹੈ?

ਪਰਵਾਸੀ ਵੀਰੋ, ਮੈਂ ਆਪਣੇ ਦਿਲ 'ਤੇ ਹੱਥ ਰੱਖ ਕੇ ਕਹਿੰਦਾ ਹਾਂ ਕਿ ਮੇਰੇ ਨਾਲ ਇੰਜ ਬੀਤਿਆ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਝੂਠ ਬੋਲਿਆ ਗਿਆ, 'ਆਹ ਗੱਲ ਇੰਜ ਨਹੀਂ ਸੀ ਹੋਈ...ਫਲਾਣੀ ਗੱਲ ਐਉਂ ਹੋਈ ਸੀ।' ਹਾਜ਼ਰ-ਨਾਜ਼ਰ ਸਤਿਗੁਰੂ ਦੀ ਹਜ਼ੂਰੀ ਵਿਚ ਝੂਠ ਬੋਲਣ ਵਾਲੇ ਇਹ ਭਰਾ, ਸ਼ਾਇਦ ਬਾਅਦ ਵਿਚ 'ਗੁਪਤ ਅਰਦਾਸ' ਕਰਕੇ ਜਾਂ ਅਖੰਡ ਪਾਠ ਰਖਵਾ ਕੇ, ਪਤਵੰਤੇ ਸੱਜਣ ਬੁਲਾ ਕੇ, ਅਰਦਾਸ ਕਰਕੇ ਭੁੱਲਾਂ ਬਖਸ਼ ਲੈਂਦੇ ਹੋਣਗੇ? ਇਹ ਸਾਰੀਆਂ ਅਰਜੋਈਆਂ ਮੇਰੇ 'ਮਨ ਅੰਤਰ' ਕੀ ਪੀੜ ਵਿਚੋਂ ਨਿਕਲੀਆਂ ਹਨ। ਆਪ ਸਭ ਨੂੰ ਇਸ ਖੁੱਲ੍ਹੇ ਖ਼ਤ ਰਾਹੀਂ ਸੰਬੋਧਿਤ ਹੋਇਆ ਹਾਂ ਤਾਂ ਕਿ ਆਪ ਵੀ ਮੇਰੇ ਵਾਂਗ ਧੋਖਾ ਖਾ ਕੇ 'ਪੱਟੇ' ਨਾ ਜਾਇਓ। ਹੁਣੇ ਹੀ ਕੋਈ ਬਾਨਣੂੰ ਬੰਨ੍ਹ ਲਿਓ।

ਘਰਾਂ ਦੀ ਵਧੀਆ ਡੀਲ ਅਤੇ ਘਟ ਤੋਂ ਘਟ ਵਿਆਜ ਦਰਾਂ ਉਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

# Golden State Realty

Real Estate and Loans Under One Roof

ਪਿਛਲੇ 25 ਸਾਲਾਂ ਤੋਂ ਬਿਜਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

## Reo/Short Sale Specialist

**We can sell your house in short sale at no cost to you.**

If your house is in foreclosure due to not making payments and you have received trustee sale date, even than we can sell your house in short sale. Selling house in short sale damages your credit less than if you let it go to foreclosure. We can also sell your house in short sale even if you are making mortgage payments on time with difficulty and your house value is a lot less than the loan.

**WE CAN SELL HUD HOMES ANY WHERE IN CALIFORNIA**

**ਫੋਰਕਲੋਜ਼ਰ ਨਾਲੋਂ ਸ਼ਾਰਟਸੇਲ ਘੱਟ ਘਾਤਕ**

ਜੇ ਤੁਹਾਡਾ ਘਰ ਕਰਜੇ ਦੀਆਂ ਕਿਸ਼ਤਾਂ ਨਾ ਦੇਣ ਕਰਕੇ ਫ਼ੋਰਕਲੋਜ਼ਰ ਵਿਚ ਆਇਆ ਹੋਇਆ ਹੈ ਅਤੇ ਤੁਹਾਨੂੰ ਟਰਸਟੀ ਸੇਲ ਦੀ ਤਾਰੀਖ ਵੀ ਮਿਲ ਗਈ ਹੈ, ਤਦ ਵੀ ਅਸੀਂ ਤੁਹਾਡਾ ਘਰ ਸ਼ਾਰਟਸੇਲ ਵਿਚ ਵੇਚ ਸਕਦੇ ਹਾਂ। ਸ਼ਾਰਟਸੇਲ ਵਿਚ ਘਰ ਵੇਚਣ ਨਾਲ ਤੁਹਾਡੇ ਕਰੈਡਿਟ ਦਾ ਉਨਾ ਨੁਕਸਾਨ ਨਹੀਂ ਹੁੰਦਾ ਜਿੰਨਾ ਕਿ ਫੋਰਕਲੋਜ਼ਰ ਵਿਚ ਜਾਣ ਨਾਲ ਹੁੰਦਾ ਹੈ। ਅਸੀਂ ਤੁਹਾਡਾ ਘਰ ਤਦ ਵੀ ਸ਼ਾਰਟਸੇਲ ਵਿਚ ਵੇਚ ਸਕਦੇ ਹਾਂ ਜੇ ਤੁਸੀਂ ਸਮੇਂ ਸਿਰ ਮਾਰਟਗੇਜ ਦੀਆਂ ਕਿਸ਼ਤਾਂ ਮੁਸ਼ਕਲ ਨਾਲ ਅਦਾ ਕਰੀ ਜਾ ਰਹੇ ਹੋ ਅਤੇ ਤੁਹਾਡੇ ਘਰ ਦੀ ਕੀਮਤ ਕਰਜੇ ਤੋਂ ਵੀ ਘਟ ਗਈ ਹੈ।

Selling new and old Homes from San Jose to Sacramento

Fremont Office:
86 Pilgrim Loop
Fremont CA 94539
Tel:510-440-9292, Fax:510-656-8941

Cell: 510-304-9292
Cell:408-666-8279



Jaswinder Gill M.Sc (PAU)
CA DRE# 00966763
Broker/Owner/Notary

*2004 to 2006 Award Winner
Top 1% Listing Realtor in Bay Area

Sacramento Office:
9912 Kapalua Ln.,
Elk Grove, CA 95624
Tel:916-612-5773, Fax:916-393-2586

E-mail: jassi@jassigill.com or
Visit us @ www.jassigill.com
for hot listings

**Selling Homes from Gilroy to Sacramento, CA**

**Refinance Now**

15 & 30 Yr Fixed Rates Are Still Better!!!
5/1, 7/1 ARM are also attractive
Refinance Now At Zero Cost

Call Sukhi Gill
@ 510-207-9067
CA DRE Lic.#01180969,
NMLS# 352095

**JUST SOLD**

1. 4421 Corto Monterey, Union City, CA 94587
2. 2804 Pelican Dr., Union City, CA 94587
3. 1555 Bolton Ln., Manteca, CA 95337
4. 3386 San Gabriel Ave., Clovis, CA 93619
5. 1336 Mokelumne Dr., Antioch, CA 94531
6. 647 Colusa Way, Livermore, CA 94551
7. 36378 Matiz Cmn, Fremont, CA 94536
8. 2477 Ascot Way, Union City, CA 94587
9. 4915 Calistoga Dr., Union City, CA 94587
10. 2118 Calle Vista Verde, Milpitas, CA95035
11. 8211 Mulberry Ct., Dublin, CA 94568
12. 4205 Lunar Way Union City, CA 94587
13. 2320 Picasso Way, Stockton, CA 95206
14. 8308 Medeiros Way, Sacramento CA 95829
15. 3167 San Bernardino Way Union City, CA 94587
16. 34782 Klondike Dr. Union City, CA 94587
17. 32467 Woodland Dr., Union City, CA 94587
18. 1969 Catalpa Way Hayward, CA 94545
19. 2952 Remington Way San Jose, CA 95148

Market is getting hot. Do not wait any more to buy home of your dreams. There are multiple offer situations on all under market homes. Act now before it is too late. Master of winners in multiple offer situation is waiting for your call.

# ਗਦਰ ਮੈਮੋਰੀਅਲ ਫਾਊਂਡੇਸ਼ਨ ਆਫ ਅਮਰੀਕਾ



## ਗਦਰ ਸ਼ਤਾਬਦੀ ਸਮਾਗਮ





ਬਾਬਾ ਸੋਹਨ ਸਿੰਘ ਭਕਨਾ



ਕਰਤਾਰ ਸਿੰਘ ਸਰਾਭਾ



ਲਾਲਾ ਹਰਦਿਆਲ



ਮੁਹੰਮਦ ਬਰਕਤ-ਉੱਲਾ

## ਕਾਨਫਰੰਸ ਅਤੇ ਸੈਮੀਨਾਰ

### 13 ਜੁਲਾਈ 2013

ਸਨਿਚਰਵਾਰ, ਦੁਪਹਿਰ 12 ਤੋਂ ਸ਼ਾਮ 4 ਵਜੇ ਤੱਕ

**ਸਥਾਨ: ਗਦਰ ਮੈਮੋਰੀਅਲ ਹਾਲ**

5 ਵੁੱਡ ਸਟਰੀਟ, ਸੈਨ ਫਰਾਂਸਿਸਕੋ, ਕੈਲੀਫੋਰਨੀਆ 94116

ਉਦਘਾਟਨ: ਡਾ. ਗੁਰੂਮੇਲ ਸਿੰਘ ਸਿੱਧੂ
ਕੈਲੀਫੋਰਨੀਆ ਸਟੇਟ ਯੂਨੀਵਰਸਿਟੀ ਫਰਿਜ਼ਨੋ

**ਡਾ. ਹਰੀਸ਼ ਪੁਰੀ** *(ਰਿਟਾਇਰਡ ਪ੍ਰੋਫੈਸਰ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ)*
*ਗਦਰ ਲਹਿਰ: ਨਵੇਂ ਸਿਆਸੀ ਸਮਾਜ ਦੀ ਸਿਰਜਣਾ ਉਤੇ ਪੇਪਰ ਪੜ੍ਹਨਗੇ*

ਦੇਸ਼ ਭਗਤੀ ਦੀਆਂ ਕਵਿਤਾਵਾਂ ਅਤੇ ਸਕੂਲੀ ਵਿਦਿਆਰਥੀਆਂ ਦੇ ਭਾਸ਼ਣ ਮੁਕਾਬਲੇ

### ਬਹਿਸ ਵਿਚ ਭਾਗ ਲੈਣਗੇ

ਸ੍ਰੀ ਸੀਤਾ ਰਾਮ, ਐਮ.ਪੀ.
ਡਾ. ਜਸਪਾਲ ਸਿੰਘ, ਵੀ.ਸੀ. ਪੰਜਾਬੀ ਯੂਨੀਵਰਸਿਟੀ, ਪਟਿਆਲਾ
ਡਾ. ਜਸਵਿੰਦਰ ਸਿੰਘ, ਪ੍ਰੋਫੈਸਰ ਪੰਜਾਬੀ ਯੂਨੀਵਰਸਿਟੀ, ਪਟਿਆਲਾ
ਡਾ. ਧਨਵੰਤ ਕੌਰ, ਪ੍ਰੋਫੈਸਰ ਪੰਜਾਬੀ ਯੂਨੀਵਰਸਿਟੀ ਪਟਿਆਲਾ

ਡਾ. ਮਹਿੰਦਰ ਸਿੰਘ, ਮੈਂਬਰ ਘੱਟਗਿਣਤੀ ਕਮਿਸ਼ਨ ਨਵੀਂ ਦਿੱਲੀ
ਡਾ. ਗੁਰਦੇਵ ਸਿੰਘ ਖੁਸ਼, ਪ੍ਰੋਫੈਸਰ ਪਲਾਂਟ ਸਾਇੰਸਿਜ਼
ਨਿਰੁਪਮਾ ਰਾਓ, ਰਾਜਦੂਤ
ਐਨ ਪਾਰਥਾਸਾਰਥੀ, ਕੌਂਸਲ ਜਨਰਲ

ਪ੍ਰਿੰ. ਵੀਰ ਸਿੰਘ ਰੰਧਾਵਾ, ਪ੍ਰੋ. ਸੰਪੂਰਨ ਸਿੰਘ ਟੈਕਸਸ, ਗੁਰਦਿਆਲ ਸਿੰਘ ਬੱਲ, ਦਲਵਿੰਦਰ ਸਿੰਘ ਧੂਤ, ਡਾ. ਸਤਨਾਮ ਸਿੰਘ ਉਪਲ, ਜਸਵੀਰ ਸਮਰ (ਪੰਜਾਬੀ ਟ੍ਰਿਬਿਊਨ)

## ਸਭਿਆਚਾਰਕ ਮੇਲਾ : 14 ਜੁਲਾਈ 2013 ਐਤਵਾਰ 12 ਵਜੇ ਤੋਂ 6 ਵਜੇ ਤੱਕ

**ਸਥਾਨ : ਪਰਫਾਰਮਿੰਗ ਆਰਟ ਸੈਂਟਰ ਸੈਲਡਨ ਹਾਈ ਸਕੂਲ**
8333 ਕਿੰਗਜ਼ ਬ੍ਰਿਜ ਡਰਾਈਵ, ਸੈਕਰਾਮੈਂਟੋ, ਕੈਲੀਫੋਰਨੀਆ 95829

**ਉਦਘਾਟਨ: ਡਾ. ਗੁਰਦੇਵ ਸਿੰਘ ਖੁਸ਼**
ਐਫ.ਆਰ.ਐਸ., ਐਨ.ਏ.ਐਸ. ਪ੍ਰੋ. ਪਲਾਂਟ ਸਾਇੰਸਜ਼

ਦੇਸ਼ ਭਗਤੀ ਦੇ ਗੀਤ: ਅਨੂਪ ਸਿੰਘ ਚੀਮਾ, ਤਰਲੋਕ ਸਿੰਘ, ਮੱਖਣ ਲੁਹਾਰ, ਪੰਮੀ ਮਾਨ
ਸੰਗੀਤ: ਨਰਿੰਦਰ ਬੱਗਾ

ਲੰਗਰ: ਸੰਤੋਖ ਸਿੰਘ ਜੱਜ ਸੰਸਾਰ ਰੈਸਟੋਰੈਂਟ ਟਰੇਸੀ ਅਤੇ ਲਿਵਰਮੋਰ।
ਫਰੂਟ ਦੀ ਸੇਵਾ: ਕੁਲਦੀਪ ਸਿੰਘ ਅਟਵਾਲ, ਸੁਰਜੀਤ ਸਿੰਘ ਅਟਵਾਲ, ਸਰਬਜੀਤ ਸਿੰਘ ਅਟਵਾਲ।

ਵਿਸ਼ੇਸ਼ ਲੋਕ ਗਾਇਕ ਗੀਤ ਪੇਸ਼ ਕਰਨਗੇ

### ਸਮੂਹ ਪੰਜਾਬੀ ਤੇ ਭਾਰਤੀ ਭਾਈਚਾਰੇ ਨੂੰ ਇਸ ਪ੍ਰੋਗਰਾਮ ਵਿਚ ਸ਼ਾਮਿਲ ਹੋਣ ਲਈ

*Free Entry, Free Parking* **ਨਿੱਘਾ ਸੱਦਾ** *Free Food and Tea*

**ਦਾਨਿਸ਼ਵਰ ਸਹਿਯੋਗੀ:** ਬਹਾਦਰ ਸਿੰਘ, ਅਟਾਰਨੀ ਜਸਪ੍ਰੀਤ ਸਿੰਘ, ਦਿਲਜੀਤ ਸਿੰਘ, ਬਲਰਾਜ ਸਿੰਘ ਪੰਨੂੰ, ਨਿਰਮਲ ਸਿੰਘ ਵਿਰਕ, ਹਰਜਿੰਦਰ ਸਿੰਘ ਓਰੇਗਾਨ, ਡਾ. ਹਰਦਮ ਸਿੰਘ ਆਜ਼ਾਦ, ਹੀਰਾ ਲਾਲ ਸਿੰਘ, ਮਨੋਹਰ ਸਿੰਘ ਮਾਨ, ਰਾਣਾ, ਅਮਨ ਸਿੰਘ ਸਿੱਧੂ, ਤੀਰਥ ਸਿੰਘ ਖਹਿਰਾ, ਕਸ਼ਮੀਰ ਸਿੰਘ, ਮੱਖਣ ਸਿੰਘ ਸਿੱਧੂ ਟੈਕਸਸ, ਬੰਤ ਸਿੰਘ ਕਾਂਗਣਾ, ਗੁਲਜ਼ਾਰ ਸਿੰਘ, ਸਰਪੰਚ ਰਤਨ ਸਿੰਘ, ਦਿਲਬਾਗ ਸਿੰਘ, ਨਰੰਜਣ ਸਿੰਘ ਸਿਆਟਲ, ਮੁਖਤਾਰ ਸਿੰਘ ਐਲ.ਏ., ਲਖਵਿੰਦਰ ਸਿੰਘ ਯੱਕਾਵੈਲੀ, ਬਲਵਿੰਦਰ ਸਿੰਘ ਸ਼ੈਫਟਰ, ਕੁਲਦੀਪ ਸਿੰਘ ਖਿੰਡਾ, ਗੁਰਮੀਤ ਸਿੰਘ ਖਿੰਡਾ, ਸੋਨੂੰ ਖਿੰਡਾ ਰੈਡ ਬਲੱਫ, ਨਿਰਮਲ ਸਿੰਘ ਚੰਦੀ, ਕਰਨੈਲ ਸਿੰਘ, ਅਮਰੀਕ ਸਿੰਘ, ਕੁਲਦੀਪ ਸਿੰਘ ਜੱਜ ਟਰਲਕ, ਜਗਮੋਹਨ ਸਿੰਘ, ਬਲਬੀਰ ਸਿੰਘ, ਜਸਬੀਰ ਸਿੰਘ ਟੁਲੈਰੀ, ਸੁੱਚਾ ਸਿੰਘ ਮਹਿਰੋਕ, ਪ੍ਰਿਥੀਪਾਲ ਸਿੰਘ ਵਾਇਸੇਲੀਆ, ਤਰਲੋਚਨ ਸਿੰਘ, ਨਿਰਮਲ ਸਿੰਘ, ਜਸਬੀਰ ਸਿੰਘ, ਗੁਰਦੀਪ ਸਿੰਘ ਨਿੱਝਰ ਫਰਿਜ਼ਨੋ, ਜਰਨੈਲ ਸਿੰਘ, ਹਰੀ ਸਿੰਘ, ਸੁੱਚਾ ਸਿੰਘ ਮਨਟੀਕਾ, ਸੰਤੋਖ ਸਿੰਘ ਜੱਜ, ਸੁਰਜੀਤ ਸਿੰਘ ਜੱਜ, ਹਰਜਿੰਦਰ ਸਿੰਘ ਜੱਜ, ਦਵਿੰਦਰ ਸਿੰਘ, ਮੋਹਣ ਸਿੰਘ, ਗੁਰਮੀਤ ਸਿੰਘ, ਬਲਬੀਰ ਸਿੰਘ, ਮੱਖਣ ਸਿੰਘ ਜੱਜ, ਕਸ਼ਮੀਰ ਸਿੰਘ, ਮੁਖਤਿਆਰ ਸਿੰਘ ਟਰੇਸੀ, ਅਵਤਾਰ ਸਿੰਘ ਡੋਡ, ਤਰਲੋਚਨ ਸਿੰਘ ਨਾਗਰਾ, ਕੁਲਵਿੰਦਰ ਸਿੰਘ ਸੰਨੀ, ਬੋਲੀਨਾ ਬ੍ਰਦਰਜ਼, ਪਰਮਜੀਤ ਭੁੱਟਾ ਕੇ.ਟੀ.ਐਕਸ., ਪਾਲ ਘੁਮਣ ਆਰ.ਜੀ. ਕੰਸਲਟਿੰਗ ਗਰੁਪ, ਭਜਨ ਸਿੰਘ, ਮੁਲਖ ਰਾਜ, ਹਰਪ੍ਰੀਤ ਸਿੰਘ ਦਾਹੀਆ, ਹਰਵੰਤ ਸਿੰਘ, ਰਤਨਪਾਲ, ਰੋਮੀ ਸਿੰਘ, ਬਲਕਾਰ ਸਿੰਘ, ਜਥੇਦਾਰ ਬਲਬੀਰ ਸਿੰਘ, ਰਵਿੰਦਰ ਰਵੀ, ਪਾਲ ਸਿੰਘ ਸਰਹੱਦੀ, ਹਰਪਾਲ ਮਾਨ, ਸਤਬੀਰ ਬਾਜਵਾ, ਯਾਦਵਿੰਦਰ ਹੈਪੀ, ਮਸਤਾਨ ਸਿੰਘ, ਵਿਰਸਾ ਸਿੰਘ ਗਿੱਲ, ਜਗਜੀਤ ਸਿੰਘ ਗਿੱਲ।

**ਕਮੇਟੀ ਮੈਂਬਰ:** ਪ੍ਰਧਾਨ-ਚਰਨ ਸਿੰਘ ਜੱਜ
ਮੀਤ ਪ੍ਰਧਾਨ-ਸੁਰਜੀਤ ਸਿੰਘ ਅਟਵਾਲ, ਜਥੇਦਾਰ ਬਲਬੀਰ ਸਿੰਘ, ਸੰਤੋਖ ਸਿੰਘ ਜੱਜ, ਜਰਨੈਲ ਸਿੰਘ ਲੈਥਰੋਪ, ਨਿਰਮਲ ਸਿੰਘ ਚੰਦੀ।
ਚੇਅਰਮੈਨ-ਕੁਲਦੀਪ ਸਿੰਘ ਅਟਵਾਲ
ਵਾਈਸ ਚੇਅਰਮੈਨ-ਤੇਜਪਾਲ ਸਿੰਘ, ਸੁੱਚਾ ਸਿੰਘ ਕੰਬੋਜ, ਸੁਲਵਿੰਦਰ ਸਿੰਘ ਗਿੱਲ।
ਸਕੱਤਰ-ਕੰਵਰ ਕਸ਼ਮੀਰ ਸਿੰਘ, ਯਾਦਵਿੰਦਰ ਸਿੰਘ ਹੈਪੀ, ਜਗਜੀਤ ਸਿੰਘ ਕੰਦੋਲਾ
ਖਜ਼ਾਨਚੀ-ਸਤਬੀਰ ਸਿੰਘ ਬਾਜਵਾ, ਹਰਪਾਲ ਸਿੰਘ ਮਾਨ
ਡਾਇਰੈਕਟਰ-ਜਨਕ ਰਾਜ ਸਿਧਰਾ, ਸਰਪੰਚ ਕੁਲਦੀਪ ਸਿੰਘ, ਸਤਿੰਦਰਪਾਲ ਸਿੰਘ ਸਰਹੱਦੀ, ਮਸਤਾਨ ਸਿੰਘ, ਰਵਿੰਦਰ ਰਵੀ ਮਾਨ, ਜਸਵਿੰਦਰ ਸਿੰਘ ਜੱਸੋਵਾਲ, ਜਰਨੈਲ ਸਿੰਘ ਮੰਡੇਰ

**ਹੋਰ ਜਾਣਕਾਰੀ ਲਈ: 925-435-7329, 916-616-7200, 916-256-7497**